Book Online
123GoAir
WWW.123GOAIR.COM
Cheap Airline tickets to India and Worldwide.
Fares to India starting at $625*
Call: 1-844-234-6247
Email: info@123goair.com
*RT Fare Incl. Taxes Conditions Apply
95-81 114 street, Richmond Hill, NY 11419

Real Estate Services
BUY, SELL or RENT
Queens, Long Island & Manhattan
Sunny Singh
Ph: 917-679-0029
E-mail: sunny.singhre@gmail.com

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
ਬੌਬੀ ਸਿੰਘ
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
120-20 101 Avenue S. Richmond Hill, NY 11419

Nineteenth Year of Publication | ਨਿਊ ਯਾਰਕ ਐਡੀਸ਼ਨ | Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 19, Issue 34, August 25, 2018 | 20451 N. Plum Grove Rd., Palatine, IL 60074 | Ph:847-359-0746, Fax:847-705-9388

# ਬੇਅਦਬੀ ਕੇਸ ਫਿਰ ਲੀਹੋਂ ਲਹਿਣ ਲੱਗਾ

## ਅਹਿਮ ਗਵਾਹ ਦੀ ਪਲਟੀ 'ਤੇ ਉਠੇ ਸਵਾਲ

**ਚੰਡੀਗੜ੍ਹ:** ਸ੍ਰੀ ਗੁਰੂ ਗ੍ਰੰਥ ਸਾਹਿਬ ਬੇਅਦਬੀ ਮਾਮਲਿਆਂ ਦੀ ਜਾਂਚ ਕਰ ਰਹੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਰਿਪੋਰਟ ਦਾ ਅਹਿਮ ਗਵਾਹ ਅਤੇ ਅਕਾਲ ਤਖਤ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਗੁਰਮੁਖ ਸਿੰਘ ਦਾ ਭਰਾ ਹਿੰਮਤ ਸਿੰਘ ਕਮਿਸ਼ਨ ਨੂੰ ਦਿੱਤੇ ਬਿਆਨਾਂ ਤੋਂ ਅਚਾਨਕ ਪਲਟ ਗਿਆ। ਹਿੰਮਤ ਸਿੰਘ ਨੇ ਇਹ ਪਲਟੀ ਬੇਅਦਬੀ ਕਾਂਡ ਨਾਲ ਸਬੰਧਤ ਰਿਪੋਰਟ ਨੂੰ ਪੰਜਾਬ ਵਿਧਾਨ ਸਭਾ 'ਚ ਪੇਸ਼ ਕੀਤੇ ਜਾਣ ਤੋਂ ਐਨ ਪਹਿਲਾਂ ਮਾਰੀ ਹੈ। ਉਸ ਨੇ ਜਸਟਿਸ (ਸੇਵਾ ਮੁਕਤ) ਰਣਜੀਤ ਸਿੰਘ ਅਤੇ ਪੰਜਾਬ ਦੇ ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ 'ਤੇ ਜ਼ਬਰਦਸਤੀ ਦਸਤਖਤ ਕਰਵਾਉਣ ਦੇ ਦੋਸ਼ ਲਾਉਂਦਿਆਂ ਬਿਆਨ ਪਲਟ ਲਏ।

ਦੱਸ ਦਈਏ ਕਿ ਹਿੰਮਤ ਸਿੰਘ ਦੀ ਗਵਾਹੀ ਨਾਲ ਬਾਦਲ ਪਰਿਵਾਰ ਨੂੰ ਘੇਰਾ ਪੈਣਾ ਤੈਅ ਸੀ। ਹੁਣ ਹਿੰਮਤ ਸਿੰਘ ਦੀ ਪਲਟੀ ਉਤੇ ਵੱਡੇ ਸਵਾਲ ਉਠ ਰਹੇ ਹਨ। ਹਿੰਮਤ ਸਿੰਘ ਦਾ ਦਾਅਵਾ ਹੈ ਕਿ ਜਸਟਿਸ ਰਣਜੀਤ ਸਿੰਘ ਅਤੇ ਰੰਧਾਵਾ ਨੇ ਉਨ੍ਹਾਂ ਤੋਂ ਇਸ ਗੱਲ ਲਈ ਜ਼ਬਰਦਸਤੀ ਦਸਤਖਤ ਕਰਵਾਏ ਜਿਸ 'ਚ ਲਿਖਿਆ ਹੋਇਆ ਸੀ ਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਅਕਾਲੀ ਦਲ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋਂ ਉਸ ਦੇ ਭਰਾ ਗਿਆਨੀ ਗੁਰਮੁਖ ਸਿੰਘ ਅਤੇ ਹੋਰ ਜਥੇਦਾਰਾਂ 'ਤੇ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਮੁਆਫ ਕਰਨ ਦਾ ਦਬਾਅ ਪਾਇਆ ਗਿਆ ਸੀ।

ਰਿਪੋਰਟ 'ਚ ਆਖਿਆ ਗਿਆ ਹੈ ਕਿ ਉਹ ਸਤੰਬਰ 2015 'ਚ ਬਾਦਲਾਂ ਵੱਲੋਂ ਮੁੱਖ ਮੰਤਰੀ ਦੀ ਰਿਹਾਇਸ਼ ਉਤੇ ਤਲਬ ਕੀਤੇ ਗਏ ਸਿੰਘ ਸਾਹਿਬਾਨ ਨਾਲ ਮੌਜੂਦ ਸੀ ਪਰ ਉਸ ਤਰੀਕ ਨੂੰ ਨਾ ਤਾਂ ਉਹ ਬਾਦਲਾਂ ਨੂੰ ਮਿਲਣ ਗਿਆ ਤੇ ਨਾ ਹੀ ਸ਼੍ਰੋਮਣੀ ਕਮੇਟੀ ਦੇ ਦਫਤਰ 'ਚ ਗਿਆ। ਜ਼ਿਕਰਯੋਗ ਹੈ ਕਿ ਹਿੰਮਤ ਸਿੰਘ ਦੇ ਭਰਾ ਗਿਆਨੀ ਗੁਰਮੁਖ ਸਿੰਘ ਵੱਲੋਂ ਸੁਖਬੀਰ ਸਿੰਘ ਬਾਦਲ 'ਤੇ ਡੇਰਾ ਮੁਖੀ ਨੂੰ ਮੁਆਫੀ ਦਿਵਾਉਣ 'ਚ ਭੂਮਿਕਾ ਦੇ ਦੋਸ਼ ਲਾਏ ਜਾਣ ਤੋਂ ਬਾਅਦ ਉਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਨੇ ਪਿਛਲੇ ਸਾਲ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਦੇ ਅਹੁਦੇ ਤੋਂ ਹਟਾ ਕੇ ਜੀਂਦ ਦੇ ਗੁਰਦੁਆਰੇ 'ਚ ਤਬਦੀਲ ਕਰ ਦਿੱਤਾ ਸੀ। ਹੁਣ 3 ਅਗਸਤ ਨੂੰ ਗਿਆਨੀ ਗੁਰਮੁਖ ਸਿੰਘ ਨੂੰ ਅਕਾਲ ਤਖਤ ਸਾਹਿਬ ਦਾ ਹੈੱਡ ਗ੍ਰੰਥੀ ਨਿਯੁਕਤ ਕਰ ਦਿੱਤਾ ਗਿਆ। ਗਿਆਨੀ ਗੁਰਮੁਖ ਸਿੰਘ ਦੀ ਨਿਯੁਕਤੀ ਤੋਂ ਇਕ ਹਫਤਾ ਬਾਅਦ ਹਿੰਮਤ ਸਿੰਘ ਦਾ ਬਿਆਨ ਤੋਂ ਪਲਟ ਜਾਣਾ ਵੱਡੇ ਸਵਾਲ ਖੜ੍ਹੇ ਕਰਦਾ ਹੈ। ਸੋਸ਼ਲ ਮੀਡੀਆ ਉਤੇ ਇਸ ਨੂੰ 'ਸੌਦੇਬਾਜ਼ੀ' ਵਜੋਂ ਪ੍ਰਚਾਰਿਆ ਜਾ ਰਿਹਾ ਹੈ। ਇਸ ਗੱਲ ਦੀ ਵੱਡੇ ਪੱਧਰ ਉਤੇ ਚਰਚਾ ਹੋ ਰਹੀ ਹੈ ਕਿ ਹਿੰਮਤ ਸਿੰਘ ਨੂੰ ਕੋਈ ਵੱਡਾ ਲਾਲਚ ਦੇ ਕੇ



ਬਿਆਨਾਂ ਤੋਂ ਪਿਛੇ ਹਟਣ ਲਈ ਮਨਾਇਆ ਗਿਆ ਹੈ।

ਦੱਸ ਦਈਏ ਕਿ ਡੇਰਾ ਸਿਰਸਾ ਮੁਖੀ ਰਾਮ ਰਹੀਮ ਨੂੰ ਅਕਾਲ ਤਖਤ ਵੱਲੋਂ ਮੁਆਫੀ ਦੇਣ ਪਿਛੋਂ ਗਿਆਨੀ ਗੁਰਮੁਖ ਸਿੰਘ ਅਤੇ ਹਿੰਮਤ ਸਿੰਘ ਬਾਦਲਾਂ ਖਿਲਾਫ ਖੁੱਲ੍ਹ ਕੇ ਨਿੱਤਰੇ ਸਨ। ਦੋਵਾਂ ਭਰਾਵਾਂ ਨੇ ਪੂਰੇ ਤਰਕ ਨਾਲ ਦਾਅਵਾ ਕੀਤਾ ਸੀ ਕਿ ਡੇਰਾ ਮੁਖੀ ਨੂੰ ਮੁਆਫੀ ਸੁਖਬੀਰ ਸਿੰਘ ਬਾਦਲ ਦੇ ਕਹਿਣ ਉਤੇ ਹੀ ਦਿੱਤੀ ਗਈ ਹੈ। ਇਸ ਤੋਂ ਬਾਅਦ ਗੁਰਮੁਖ ਸਿੰਘ ਦੀ ਤਖਤ ਦੇ ਜਥੇਦਾਰ ਵਜੋਂ ਛੁੱਟੀ ਕਰ ਦਿੱਤੀ ਗਈ ਅਤੇ ਸਰਕਾਰ ਵੱਲੋਂ ਉਨ੍ਹਾਂ ਦੀ ਸੁਰੱਖਿਆ ਵਾਪਸ ਲੈ ਲਈ ਗਈ। ਉਨ੍ਹਾਂ ਦੇ ਭਰਾ ਹਿੰਮਤ ਸਿੰਘ ਦੀ ਗ੍ਰੰਥੀ ਵਜੋਂ ਬਦਲੀ ਕਰ ਦਿੱਤੀ ਗਈ। ਹੁਣ ਸ਼੍ਰੋਮਣੀ ਕਮੇਟੀ ਵੱਲੋਂ ਅਚਾਨਕ ਗੁਰਮੁਖ ਸਿੰਘ ਦੀ ਅਕਾਲ ਤਖਤ ਵਿਚ ਗ੍ਰੰਥੀ ਵਜੋਂ ਵਾਪਸੀ ਅਤੇ ਹਫਤੇ ਪਿਛੋਂ ਹਿੰਮਤ ਸਿੰਘ ਦਾ ਬਿਆਨਾਂ ਤੋਂ ਪਲਟ ਜਾਣਾ ਵੱਡੇ ਸਵਾਲ ਖੜ੍ਹੇ ਕਰਦਾ ਹੈ। ਹਿੰਮਤ ਸਿੰਘ ਆਖ ਰਿਹਾ ਹੈ ਕਿ ਉਸ ਤੋਂ ਜਿਨ੍ਹਾਂ ਕਾਗਜ਼ਾਂ ਉਤੇ ਦਸਤਖਤ ਕਰਵਾਏ ਗਏ, ਉਹ ਅੰਗਰੇਜ਼ੀ ਵਿਚ ਲਿਖੇ ਸਨ ਤੇ ਉਹ ਇਨ੍ਹਾਂ ਨੂੰ ਪੜ੍ਹ ਨਹੀਂ ਸਕਿਆ। ਹਾਲਾਂਕਿ ਜਸਟਿਸ ਰਣਜੀਤ ਸਿੰਘ ਦਾ ਦਾਅਵਾ ਹੈ ਕਿ ਹਿੰਮਤ ਸਿੰਘ ਆਪ ਮੁਹਾਰੇ ਹੀ ਕਮਿਸ਼ਨ ਕੋਲ ਆਇਆ ਸੀ ਅਤੇ ਸੱਤ ਪੰਨਿਆਂ ਦਾ ਦਸਤਖਤਾਂ ਵਾਲਾ ਬਿਆਨ ਦਿੱਤਾ ਸੀ ਜੋ ਰਿਪੋਰਟ ਨਾਲ ਨੱਥੀ ਹੈ। ਉਸ ਦੇ ਦਸਤਖਤਾਂ ਵਾਲਾ ਰਿਕਾਰਡ ਕੀਤਾ ਬਿਆਨ ਪੰਜਾਬੀ ਵਿਚ ਵੀ ਮੌਜੂਦ ਹੈ। ਉਨ੍ਹਾਂ ਖਦਸ਼ਾ ਜਤਾਇਆ ਕਿ ਹਿੰਮਤ ਸਿੰਘ ਦੇ ਭਰਾ ਗਿਆਨੀ ਗੁਰਮੁਖ ਸਿੰਘ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਮੁੜ

(ਬਾਕੀ ਸਫਾ 6 ਉਤੇ)

# 'ਆਪ' ਦੇ ਬਾਗੀਆਂ ਨੇ ਤੀਜੇ ਬਦਲ ਵੱਲ ਵਧਾਏ ਕਦਮ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਵਿਚ ਧੜੇਬੰਦੀ ਹੁਣ ਜੱਗ ਜ਼ਾਹਿਰ ਹੁੰਦੀ ਜਾ ਰਹੀ ਹੈ। 'ਆਪ' ਦੇ ਬਾਗੀ ਧੜੇ ਦੇ ਆਗੂਆਂ ਨੇ ਸੁਖਪਾਲ ਸਿੰਘ ਖਹਿਰਾ ਨੂੰ ਪਾਰਟੀ ਦੀ ਪੰਜਾਬ ਇਕਾਈ ਦਾ ਕਾਰਜਕਾਰੀ ਪ੍ਰਧਾਨ ਐਲਾਨ ਦਿੱਤਾ ਹੈ। ਬਾਗੀ ਧੜੇ ਨੇ ਇਹ ਫੈਸਲਾ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਦੇ ਪੰਜਾਬ ਦੌਰੇ ਦੇ ਦੂਜੇ ਦਿਨ ਲੈ ਕੇ ਵੱਡੇ ਸੰਕੇਤ ਦੇ ਦਿੱਤੇ ਹਨ।

ਇਹ ਫੈਸਲਾ ਉਸ ਸਮੇਂ ਕੀਤਾ ਗਿਆ ਜਦੋਂ ਕੇਜਰੀਵਾਲ ਦਾਅਵਾ ਕਰ ਰਹੇ ਸਨ ਕਿ ਇਹ ਪਰਿਵਾਰਕ ਨਰਾਜ਼ਗੀ ਹੈ ਤੇ ਇਸ ਦਾ ਛੇਤੀ ਹੀ ਹੱਲ ਕੱਢ ਲਿਆ ਜਾਵੇਗਾ। ਦੂਜੇ ਪਾਸੇ ਪਾਰਟੀ ਦੇ ਵਿਰੋਧੀ ਧਿਰ ਦੇ ਆਗੂ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਬਾਗੀ ਧੜੇ ਨੂੰ ਝਟਕਾ ਦਿੰਦਿਆਂ ਸ੍ਰੀ ਖਹਿਰਾ ਨਾਲ ਖੜ੍ਹੇ ਵਿਧਾਇਕ ਨਾਜ਼ਰ ਸਿੰਘ ਮਾਨਸ਼ਾਹੀਆ ਦੀ ਥਾਂ ਵਿਧਾਇਕ ਕੁਲਤਾਰ ਸਿੰਘ ਸੰਧਵਾਂ ਨੂੰ ਚੀਫ ਵ੍ਹਿਪ ਨਿਯੁਕਤ ਕਰ ਦਿੱਤਾ ਹੈ। ਇਸੇ ਤਰ੍ਹਾਂ ਬਾਗੀ ਧਿਰ ਨਾਲ ਜੁੜੇ ਵਿਧਾਇਕ ਪਿਰਮਲ ਸਿੰਘ ਦੀ ਥਾਂ ਵਿਧਾਇਕ ਅਮਰਜੀਤ ਸਿੰਘ ਸੰਦੋਆ ਨੂੰ ਵ੍ਹਿਪ ਨਿਯੁਕਤ ਕੀਤਾ ਹੈ। ਪਾਰਟੀ ਨਾਲ ਖੜ੍ਹੀ ਵਿਧਾਇਕ ਰੁਪਿੰਦਰ ਕੌਰ ਰੂਬੀ ਕੋਲ ਪਹਿਲਾਂ ਵਾਂਗ ਵ੍ਹਿਪ ਦਾ ਅਹੁਦਾ ਬਰਕਰਾਰ ਰਹੇਗਾ। 'ਆਪ' ਨੇ ਵਿਧਾਇਕ ਪ੍ਰੋ. ਬਲਜਿੰਦਰ ਕੌਰ ਤੇ ਗੁਰਮੀਤ ਸਿੰਘ (ਮੀਤ ਹੇਅਰ) ਨੂੰ ਪਾਰਟੀ ਦਾ ਸੂਬਾਈ ਬੁਲਾਰੇ ਨਿਯੁਕਤ ਕਰ ਦਿੱਤਾ ਹੈ। ਪ੍ਰੋ. ਬਲਜਿੰਦਰ ਕੌਰ ਤਲਵੰਡੀ ਸਾਬੋ ਤੋਂ ਵਿਧਾਇਕ ਅਤੇ ਮਹਿਲਾ ਵਿੰਗ ਪੰਜਾਬ ਦੇ ਵੀ ਆਬਜ਼ਰਵਰ ਹਨ, ਜਦੋਂਕਿ ਮੀਤ ਹੇਅਰ ਬਰਨਾਲਾ ਤੋਂ ਵਿਧਾਇਕ ਅਤੇ ਯੂਥ ਵਿੰਗ ਪੰਜਾਬ ਦੇ ਇੰਚਾਰਜ ਹਨ।


ਇਹ ਫੈਸਲਾ ਪਾਰਟੀ ਦੇ ਸੀਨੀਅਰ ਆਗੂ ਤੇ ਸੰਸਦ ਮੈਂਬਰ ਭਗਵੰਤ ਮਾਨ, ਪ੍ਰੋ. ਸਾਧੂ ਸਿੰਘ, ਸੂਬਾ ਸਹਿ ਪ੍ਰਧਾਨ ਡਾ. ਬਲਬੀਰ ਸਿੰਘ ਤੇ ਹੋਰ ਅਹੁਦੇਦਾਰਾਂ ਨਾਲ ਸਲਾਹ ਮਗਰੋਂ ਕੀਤਾ ਗਿਆ ਹੈ। ਉਧਰ, ਖਹਿਰਾ ਦੇ ਬਾਗੀ ਧੜੇ ਨੇ ਛੇਤੀ ਹੀ ਆਪਣੀ ਸੂਬਾ ਕਾਰਜਕਾਰਨੀ ਕਮੇਟੀ ਬਣਾਉਣ ਸਮੇਤ ਜ਼ਿਲ੍ਹਿਆਂ ਦੇ ਪ੍ਰਧਾਨ ਨਿਯੁਕਤ ਕਰਨ ਦਾ ਐਲਾਨ ਵੀ ਕਰ ਦਿੱਤਾ ਹੈ। ਬਾਗੀ ਧੜੇ ਦੀ ਪੀ.ਏ.ਸੀ. ਦੀ ਮੀਟਿੰਗ ਤੋਂ ਬਾਅਦ ਵਿਧਾਇਕ ਕੰਵਰ ਸੰਧੂ ਨੇ ਸੁਖਪਾਲ ਖਹਿਰਾ ਨੂੰ ਆਰਜ਼ੀ

(ਬਾਕੀ ਸਫਾ 6 ਉਤੇ)

Gas Station, Truck Stop and Convenience Stores For Sale or Lease
In Indianapolis, Indiana
Ph: (317) 308-1050
adhoyee@gmail.com
ਇੰਡੀਆਨਾ ਵਿਚ ਗੈਸ ਸਟੇਸ਼ਨ, ਟੱਕ ਸਟਾਪ ਤੇ ਕਨਵੀਨੀਐਂਸ ਸਟੋਰ ਲੈਣ ਲਈ ਸੰਪਰਕ ਕਰੋ
ਫੋਨ: 317-308-1050

Special Sale 2018
ਅੰਮ੍ਰਿਤਸਰ $975
ਦਿੱਲੀ $855
ਟੈਕਸ ਸਮੇਤ
Harpreet Singh
WorldWide Travel
www.fly2world.com
866 66 INDIA 46342
734 838 9998
24 ਘੰਟੇ ਐਮਰਜੈਂਸੀ ਸੇਵਾ
Fares shown are from Detroit for departure between Sep 5th and Dec 8th. Fare may change without notice, please call for more details. Other conditions

Singh Accounting & Tax Services
Niagara Falls Grand Island, NY
All kinds of accounting work.
*Book keeping *Payroll *Sales Tax
*New business set up *E-file tax return
Go to App store to load our free App
Sarbjit Singh Khakh (Sabhi)
Accountant
Ph: 716-425-7126
Fax: 716-284-0025
Email: singhtaxservice@yahoo.com
Website: singhtaxservice.com



# ਇੰਡੋ-ਅਮੈਰੀਕਨ ਹੈਰੀਟੇਜ ਫਾਊਂਡੇਸ਼ਨ (ਨਿਊ ਯਾਰਕ)

ਵਲੋਂ

## ਹਿੰਦੂ-ਜਰਮਨ-ਸੈਨ ਫਰਾਂਸਿਸਕੋ ਸਾਜ਼ਿਸ਼ ਕੇਸ ਦੀ ਸੌਵੀਂ ਵਰ੍ਹੇਗੰਢ ਨੂੰ ਸਮਰਪਿਤ

## 'ਗਦਰੀ ਬਾਬਿਆਂ' ਦੀ ਯਾਦ 'ਚ

ਸਮਾਗਮ ਕਰਵਾਇਆ ਜਾ ਰਿਹਾ ਹੈ। ਗਦਰੀ ਬਾਬਿਆਂ ਦੀ ਚਾਨਣ-ਮੁਨਾਰੇ ਵਰਗੀ ਸੋਚ ਦੀ ਰੌਸ਼ਨੀ 'ਚ ਦਰਪੇਸ਼ ਸਮੱਸਿਆਵਾਂ ਦੇ ਹਲ ਲਈ ਵਿਚਾਰ-ਵਟਾਂਦਰਾ ਹੋਵੇਗਾ।

### ਵਿਸ਼ੇਸ਼

*ਚੰਗੇ ਨੰਬਰਾਂ ਨਾਲ ਪਾਸ ਹੋਏ ਕਮਿਉਨਿਟੀ ਦੇ ਬੱਚਿਆਂ ਨੂੰ ਸਨਮਾਨ-ਪੱਤਰ ਦਿੱਤੇ ਜਾਣਗੇ। ਸ਼ਬਦ ਪੜ੍ਹਿਆ ਜਾਵੇਗਾ ਅਤੇ ਕਵਿਤਾ ਪਾਠ ਹੋਏਗਾ

*ਡਾ. ਸੰਦੀਪ ਸਿੰਘ ਦਾ ਪੀਐਚ. ਡੀ. ਦਾ ਥੀਸਿਸ 'ਬਲਵੰਤ ਗਾਰਗੀ ਦੇ ਨਾਟਕਾਂ ਦਾ ਰੰਗਮੰਚੀ ਪਰਿਪੇਖ' ਅਤੇ ਕੁਝ ਕਿਤਾਬਾਂ ਰਿਲੀਜ਼ ਕੀਤੀਆਂ ਜਾਣਗੀਆਂ

### ਵਿਸ਼ੇਸ਼

*ਗਦਰੀ ਬਾਬਿਆਂ ਦੀ ਵਿਚਾਰਧਾਰਾ, ਉਦੇਸ਼ ਤੇ ਦ੍ਰਿਸ਼ਟੀ ਦੀ ਪਿੱਠ-ਭੂਮੀ 'ਤੇ ਉਂਕਾਰਪ੍ਰੀਤ ਦਾ ਰਚਿਆ ਇਕ ਪਾਤਰੀ ਨਾਟਕ 'ਰੋਟੀ ਵਾਇਆ ਲੰਡਨ' ਜਸਪਾਲ ਢਿੱਲੋਂ ਪੇਸ਼ ਕਰਨਗੇ।



### ਬੁਲਾਰੇ

ਪ੍ਰੋ. ਵਰਿਆਮ ਸਿੰਘ ਸੰਧੂ, ਜਸਵਿੰਦਰ ਪਾਲ ਸਿੰਘ, ਮੈਡਮ ਅਨੁਰਾਧਾ ਕੁਮਾਰ, ਦੇਵ ਰਾਜ ਨਈਅਰ (ਦੇਸ਼ ਭਗਤ ਯਾਦਗਾਰ ਹਾਲ, ਜਲੰਧਰ) ਅਤੇ ਅਮਰਜੀਤ ਸਿੰਘ ਸਰਕਾਰੀਆ

## 1 September 2018 (Saturday)

**Time: 12 PM to 6 PM**

**Place**

**Vaishnav Community Hall**

100 Lakeville Road, New Hyde Park NY 11040
(Between: Hillside Ave. & Jericho Tpke. Close to Jericho Tpke)

### ਪ੍ਰਬੰਧਕੀ ਤੇ ਸਲਾਹਕਾਰ ਕਮੇਟੀ

ਜਗਦੇਵ ਸਿੰਘ ਢਿੱਲੋਂ, ਭੁਪਿੰਦਰ ਸਿੰਘ ਅਟਵਾਲ, ਧਰਮ ਪਾਲ ਸਿੰਘ, ਤਰਲੋਕਬੀਰ, ਭਾਗ ਸਿੰਘ ਮੰਡਾਹੜ, ਹਰਜਿੰਦਰ ਸਿੰਘ ਮੰਡਾਹੜ, ਸਤਨਾਮ ਸਿੰਘ ਵੰਡਾਲਾ, ਬੰਟੀ ਸਿੰਘ, ਅਮਰਜੀਤ ਸਿੰਘ ਪੁਆਰ, ਮਲਕੀਤ ਸਿੰਘ ਮਾਣਾ, ਪਰਮਜੀਤ ਜੌਹਲ, ਦਵਿੰਦਰ ਝਾਵਰ, ਡਾ. ਸੰਦੀਪ ਸਿੰਘ, ਸੁੱਖਾ ਕੰਦੋਲਾ, ਸਰਮੁੱਖ ਸਿੰਘ ਨਾਮਧਾਰੀ, ਰਮਨ ਮੰਡ, ਉਂਕਾਰ ਸਿੰਘ ਡੁਮੇਲੀ, ਸੁਰਿੰਦਰ ਕੌਰ ਪੱਖੋਕੇ, ਪ੍ਰੋ. ਪਰਮਜੀਤ ਕੌਰ, ਚਰਨਜੀਤ ਸਮਰਾ, ਸੰਤੋਖ ਸਿੰਘ (ਚੇਅਰਮੈਨ), ਰਜਿੰਦਰ ਸਿੰਘ (ਬਿੱਟੂ), ਮਾਸਟਰ ਸਰਬਜੀਤ ਸਿੰਘ, ਹਰਜਿੰਦਰ ਸਿੰਘ (ਹਰਿਆਣਵੀ)।

For more Informaiton:
(347) 753-5940 (Manmohan Pooni) (917) 224-3645 (Swaran Singh)

**Indo-American Heritage Foundation New York**

# ਮਨਜੀਤ ਸਿੰਘ ਜੀ. ਕੇ. 'ਤੇ ਚੱਪਲਾਂ ਵਰ੍ਹਾਈਆਂ

**ਨਿਊ ਯਾਰਕ:** ਅਮਰੀਕਾ ਦੌਰੇ 'ਤੇ ਆਏ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ. ਕੇ ਨਾਲ ਨਿਊ ਯਾਰਕ 'ਚ ਵਿਚ ਖਿੱਚ-ਧੂਹ ਕੀਤੀ ਗਈ। ਕੁਝ ਨੌਜਵਾਨਾਂ ਨੇ ਸ. ਜੀ. ਕੇ. 'ਤੇ ਚੱਪਲਾਂ ਵੀ ਵਰ੍ਹਾਈਆਂ। ਪਤਾ ਲੱਗਾ ਹੈ ਕਿ ਇਕ ਗੁਰਦੁਆਰੇ ਵਿਚ ਆਮਦ ਵੇਲੇ ਸ. ਜੀ. ਕੇ. ਨੂੰ ਪੰਜਾਬ 'ਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਬਰਗਾੜੀ ਕਾਂਡ ਲਈ ਲੋਕਾਂ ਦਾ ਵਿਰੋਧ ਸਹਿਣਾ ਪਿਆ। ਇਸ ਸਾਰੇ ਘਟਨਾਕ੍ਰਮ ਦੀ ਵੀਡੀਓ ਸੋਸ਼ਲ ਮੀਡੀਆ ਉਤੇ ਵਾਇਰਲ ਹੋ ਗਈ। ਵੀਡੀਓ ਵਿਚ ਕੁਝ ਸਿੱਖ ਨੌਜਵਾਨ ਬੇਅਦਬੀ ਕਾਂਡ ਲਈ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੂੰ ਜ਼ਿੰਮੇਵਾਰ ਮੰਨਦਿਆਂ ਸ. ਜੀ. ਕੇ. ਨੂੰ ਕੋਸ ਰਹੇ ਹਨ।


ਮਨਜੀਤ ਸਿੰਘ ਜੀ. ਕੇ.

ਇਹ ਵਿਰੋਧ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ (ਯੂ.ਐਸ.ਏ.) ਦੇ ਝੰਡੇ ਹੇਠ ਕੀਤਾ ਗਿਆ। ਸਿੱਖ ਕੋਆਰਡੀਨੇਸ਼ਨ ਕਮੇਟੀ ਦੇ ਕੋਆਰਡੀਨੇਟਰ ਹਿੰਮਤ ਸਿੰਘ ਨੇ ਦੱਸਿਆ ਕਿ ਵਿਦੇਸ਼ ਵਿਚ ਬੈਠੇ ਸਿੱਖਾਂ ਵੱਲੋਂ ਪੰਜਾਬ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਵਾਪਰੀਆਂ ਘਟਨਾਵਾਂ ਅਤੇ ਬਰਗਾੜੀ ਕਾਂਡ ਲਈ ਸ਼੍ਰੋਮਣੀ ਅਕਾਲੀ ਦਲ ਨੂੰ ਮੁੱਖ ਜ਼ਿੰਮੇਵਾਰ ਮੰਨਿਆ ਜਾ ਰਿਹਾ ਹੈ। ਇਸ ਕਾਰਨ ਸਿੱਖ ਜਥੇਬੰਦੀਆਂ ਨੇ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਆਗੂਆਂ ਦਾ ਅਮਰੀਕਾ ਆਉਣ 'ਤੇ ਵਿਰੋਧ ਕਰਨ ਦਾ ਫੈਸਲਾ ਕੀਤਾ ਹੈ। ਉਨ੍ਹਾਂ ਦੱਸਿਆ ਕਿ ਹੁਣ ਜਦੋਂ ਦਿੱਲੀ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ. ਕੇ. ਨਿਊ ਯਾਰਕ ਦੇ ਗੁਰਦੁਆਰਾ ਮੱਖਣ ਸ਼ਾਹ ਲੁਬਾਣਾ ਪੁੱਜੇ ਤਾਂ ਸਿੱਖ ਸੰਗਤ ਵੱਲੋਂ ਉਨ੍ਹਾਂ ਦਾ ਵਿਰੋਧ ਕੀਤਾ ਗਿਆ। ਵਿਰੋਧ ਦੌਰਾਨ ਪ੍ਰਬੰਧਕਾਂ ਨੂੰ ਪੁਲਿਸ ਨੂੰ ਵੀ ਸੱਦਣਾ ਪਿਆ। ਉਨ੍ਹਾਂ ਕਿਹਾ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਤੋਂ ਇਸ ਬਾਰੇ ਸਭ ਕੁਝ ਸਾਹਮਣੇ ਆ ਗਿਆ ਹੈ। ਹੁਣ ਜਦੋਂ ਵੀ ਬਾਦਲ ਦਲ ਨਾਲ ਸਬੰਧਤ ਆਗੂ ਇਥੇ ਆਉਣਗੇ ਤਾਂ ਉਨ੍ਹਾਂ ਨੂੰ ਸੰਗਤ ਦਾ ਵਿਰੋਧ ਸਹਿਣਾ ਪਵੇਗਾ।

ਇਸੇ ਦੌਰਾਨ ਰਾਸ਼ਟਰੀ ਸਿੱਖ ਸੰਗਤ ਨੇ ਪੰਜ ਸਿੰਘ ਸਾਹਿਬਾਨ ਨੂੰ ਅਪੀਲ ਕੀਤੀ ਹੈ ਕਿ ਵਿਦੇਸ਼ ਦੌਰੇ ਦੌਰਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ. ਕੇ. ਉਤੇ ਹਮਲਾ ਕਰਨ ਵਾਲੇ ਵਿਅਕਤੀਆਂ ਦੀ ਸ਼ਨਾਖਤ ਕਰਕੇ ਉਨ੍ਹਾਂ ਖਿਲਾਫ ਪੰਥਕ ਮਰਿਆਦਾ ਅਨੁਸਾਰ ਸਖਤ ਕਾਰਵਾਈ ਕੀਤੀ ਜਾਵੇ।


## ਤੰਦੂਰੀਏ ਦੀ ਲੋੜ ਹੈ

ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਅਨੁਭਵੀ ਤੰਦੂਰੀਏ ਦੀ ਲੋੜ ਹੈ ਜੋ ਤੰਦੂਰ ਦਾ ਸਾਰਾ ਕੰਮ ਜਾਣਦਾ ਹੋਵੇ। ਚੰਗੀ ਤਨਖਾਹ; ਖਾਣਾ ਤੇ ਰਿਹਾਇਸ਼ ਮੁਫਤ

ਪਤੀ-ਪਤਨੀ ਨੂੰ ਪਹਿਲ

*ਸੰਪਰਕ ਕਰੋ: ਮਿ. ਸਿੰਘ*

**ਫੋਨ: 515-291-1961**

34-35



## Khalsa USA Inc.

**We are hiring owner operators and (CDL) Drivers**

**All 48 States *We Pay Weekly*

ਓਨਰ ਆਪਰੇਟਰਾਂ ਅਤੇ (CDL) ਡਰਾਈਵਰਾਂ ਦੀ ਲੋੜ ਹੈ



**Please Call: 708-690-6498**

**847-477-9988**

Fax: 888-443-6990

email: khalsausa55@gmail.com

32-35


## ਹਿਸਾਰ 'ਚ ਛੇੜਛਾੜ ਕਰਨ ਤੋਂ ਰੋਕਣ 'ਤੇ ਸਿੱਖ ਪਰਿਵਾਰ ਦੀ ਕੁੱਟਮਾਰ

**ਹਿਸਾਰ:** ਹਰਿਆਣਾ ਵਿਚ ਸਿੱਖਾਂ ਨਾਲ ਕੁੱਟਮਾਰ ਦਾ ਇਕ ਹੋਰ ਮਾਮਲਾ ਸਾਹਮਣੇ ਆਇਆ ਹੈ। ਹੱਦ ਤਾਂ ਉਸ ਸਮੇਂ ਹੋ ਗਈ, ਜਦ ਪੁਲਿਸ ਨੇ ਪੀੜਤ ਪਰਿਵਾਰ ਖਿਲਾਫ਼ ਹੀ ਧਾਰਾ 307, 323, 324 ਅਤੇ 34 ਤਹਿਤ ਮਾਮਲਾ ਦਰਜ ਕਰ ਲਿਆ।



ਸ਼ਹਿਰ ਦੇ ਸੈਕਟਰ 16-17 ਨਿਵਾਸੀ ਸਨਪ੍ਰੀਤ ਨੇ ਦੱਸਿਆ ਕਿ ਉਹ ਆਪਣੇ ਪਿਤਾ ਜੋਗਿੰਦਰ ਸਿੰਘ, ਸਿਮਰਨ ਕੌਰ, ਕੰਵਲਜੀਤ ਅਤੇ ਬੱਚਿਆਂ ਦੇ ਨਾਲ ਨਿੱਜੀ ਹੋਟਲ 'ਚ ਖਾਣਾ ਖਾਣ ਗਏ ਸਨ, ਜਦ ਉਹ ਲਿਫਟ ਤੋਂ ਹੇਠਲੀ ਮੰਜ਼ਿਲ 'ਤੇ ਉਤਰੇ ਤਾਂ ਨਾਲ ਹੀ ਦੂਜੀ ਲਿਫਟ 'ਚ ਕੁਝ ਨੌਜਵਾਨ ਵੀ ਉਤਰੇ, ਜੋ ਨਸ਼ੇ ਵਿਚ ਸਨ।

ਇਨ੍ਹਾਂ ਨੌਜਵਾਨਾਂ ਨੇ ਪਰਿਵਾਰ ਦੀਆਂ ਔਰਤਾਂ ਨਾਲ ਛੇੜਛਾੜ ਕਰਨੀ ਸ਼ੁਰੂ ਕਰ ਦਿੱਤੀ, ਜਦ ਪਰਿਵਾਰ ਨੇ ਇਸ 'ਤੇ ਇਤਰਾਜ਼ ਕੀਤਾ ਤਾਂ ਇਨ੍ਹਾਂ ਲੜਕਿਆਂ ਨੇ ਉਨ੍ਹਾਂ ਉਤੇ ਹਮਲਾ ਕਰਦੇ ਹੋਏ ਦਸਤਾਰ ਤੇ ਕੇਸਾਂ ਦੀ ਬੇਅਦਬੀ ਕੀਤੀ।

ਹਮਲਾਵਰਾਂ ਨੇ ਗਰਭਵਤੀ ਔਰਤ ਨੂੰ ਵੀ ਨਹੀਂ ਬਖਸ਼ਿਆ ਅਤੇ ਉਸ ਨਾਲ ਵੀ ਕੁੱਟਮਾਰ ਕੀਤੀ, ਜਦ ਪਰਿਵਾਰ ਦੀ ਇਕ ਔਰਤ ਨੇ ਹਮਲਾਵਰਾਂ ਦੀ ਮੋਬਾਈਲ 'ਚ ਫੋਟੋ ਲਈ ਤਾਂ ਉਹ ਉਨ੍ਹਾਂ ਨੂੰ ਜਾਨ ਤੋਂ ਮਾਰਨ ਦੀ ਧਮਕੀ ਦਿੰਦੇ ਫਰਾਰ ਹੋ ਗਏ। ਰਾਹਗੀਰਾਂ ਨੇ ਜ਼ਖਮੀ ਹੋਏ ਪਰਿਵਾਰ ਨੂੰ ਹਸਪਤਾਲ ਪਹੁੰਚਾਇਆ। ਵੱਖ-ਵੱਖ ਜਥੇਬੰਦੀਆਂ ਨੇ ਪੀੜਤ ਪਰਿਵਾਰ ਖਿਲਾਫ਼ ਕੇਸ ਦਰਜ ਕਰਨ ਵਾਲੇ ਪੁਲਿਸ ਅਧਿਕਾਰੀ ਨੂੰ ਮੁਅੱਤਲ ਕਰਨ ਦੀ ਮੰਗ ਕੀਤੀ ਹੈ।


# Matrimonials

## ਵਰ ਦੀ ਲੋੜ ਹੈ

Wanted suitable match for Saini Sikh girl, 28, 5'-6", computer science graduate, working in Chandigarh, with 10 year multipurpose USA visa. The boy should be professionally qualified, well settled with good family values. Girl's elder sister married and settled in California. Contact, Ph: +91-98154-47677 (India) or 408-621-7329 (USA) 34-37

Seeking professionally qualified, well educated, clean shaven match for 29, 5'7'' beautiful, slim, Jatt Sikh doctor (MBBS, MD) Indian citizen girl, current pursuing Fellowship (Endocrinology) in USA. Caste no bar. Equal educated match preferred. Send picture and bio-data to atwal@ymail.com or contact, Ph: 914-434-4208 32-35

Jat Sikh brother invites alliance for 38 years old widow sister living in India. No kid's no other issue. Homely, respectfull, well mannered religious Girl. Trained boutique designer. The match should be US green card holder, Citizen preferred in California, between 38-45, non smoker, social drinking ok. Please contact: lavi.singh47@gmail.com with bio-data & photo. 31-34

Parents seek suitable medico match for their dentist doctor daughter, US citizen, 34 yrs, 5'-4", attractive, never married, family oriented. Cast no bar. Pl. call or text, Ph: 916-254-6378 or E-mail: psmiles1212@gmail.com 27-34

Jatt Sikh parents seek suitable match in USA for their dentist doctor daughter. 24yrs 5'-6" attractive, family oriented contact: dayalramnit@gmail.com or Ph: 91-90563-10788 (India/WhatsApp) 34-35

## ਲੜਕੀ ਦੀ ਲੋੜ ਹੈ

Saini Sikh clean shave boy, 28, 6', M.B.A. Bio Technology doing BDS in Chandigarh, seeks suitable well educated Saini/Jatt Sikh girl. Family well settled in USA. Cont. Mohan Saini Ph: 516-503-9541 or email: mohan1w34@gmail.com 34-41

27 ਸਾਲਾ, ਅੰਮ੍ਰਿਤਧਾਰੀ, ਗਰੇਵਾਲ, ਅਮਰੀਕਨ ਸਿਟੀਜ਼ਨ ਲੜਕੇ, ਮਾਸਟਰ ਡਿਗਰੀ ਪ੍ਰਾਪਤ ਇੰਜੀਨੀਅਰ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ ਕਰੋ: grewalsj408@gmail.com 34-37

Looking for a suitable beautiful educated US citizen/ green card holder girl, at least 5'-6" or more, for Sikh clean shaven handsome boy 40 yrs, 6', US born MBA. Owns family established business. Cast no bar. Contact: 513-546-7246 33-36

Educated, well settled in California, Jat Sikh parents seek match for their USA born son age 27, 6'-4", university graduate, handsome, athletic & employed in state government. Seeking Jat Sikh girl, university grad, USA raised, strong family values/ morals, age 22-26 & min ht 5'-6". Please respond with pictures and bio data at AP1522538@gmail.com 32-35

Looking for a suitable girl for Ramgarhia Sikh boy 32 yrs, 5'-10", working at a very reputed IT company in Bay area, California. Please contact: Ph: 512-806-4053 or email:psingh03850@gmail.com 30-

*To Advertise with Punjab Times*

***Call: 847-359-0746***

***punjabtimes1@gmail.com***


## ਵਿਗਿਆਨੀਆਂ ਨੇ ਚੰਦ 'ਤੇ ਲੱਭੀ ਬਰਫ

**ਵਾਸ਼ਿੰਗਟਨ:** ਵਿਗਿਆਨੀਆਂ ਨੇ ਚੰਦ ਉਤੇ ਬਰਫ ਦੀ ਹੋਂਦ ਦਾ ਪਤਾ ਲਾਇਆ ਹੈ। ਭਾਰਤ ਵੱਲੋਂ ਦਸ ਸਾਲ ਪਹਿਲਾਂ ਦਾਗੇ ਪੁਲਾੜ ਵਾਹਨ ਚੰਦਰਯਾਨ-1 ਤੋਂ ਪ੍ਰਾਪਤ ਅੰਕੜਿਆਂ ਨੇ ਚੰਦ ਦੇ ਇਕ ਸਿਰੇ ਉਤੇ ਜਿਥੇ ਕਾਲੇ ਅਤੇ ਅਤਿ ਠੰਢੇ ਬੱਦਲ ਛਾਏ ਹੋਏ ਹਨ, ਜੰਮੇ ਹੋਏ ਪਾਣੀ ਦਾ ਪਤਾ ਲਾਇਆ ਹੈ ਜੋ ਬਰਫ ਦੇ ਰੂਪ ਵਿਚ ਹੈ। ਇਹ ਜਾਣਕਾਰੀ ਨਾਸਾ ਨੇ ਦਿੱਤੀ ਹੈ।


## ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

**ਫੋਨ (408) 687-1899**

**Gurdip Singh Sandhu**

Homeopathic Practitioner/Consultant Since 1973

DHMS-Gold Medalist, BAMS, MDEh.- India

**Well Experienced as:**

Director, Principal, Professor and Chief Medical Officer in Medical Colleges and Hospitals of Punjab (India)

Practice Under State of California Act SB 577

**EX Member:** The California Homeopathic Society

National Center For Homeopathy- USA


*Gurdip Singh Sandhu*

***Live on Jas TV***

**Saturday 9:30AM and Sunday 4PM (Pacific Time)**

**7021 Village Park Way, Dublin, CA 94568**

Email: Homeomedicine@yahoo.com



## Michigan Truck Driving School

**6405 Middlebelt Road, Romulus, MI 48174**

ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!

ਹੁਣ 48 ਸਟੇਟਾਂ ਵਿਚ ਮਨਜ਼ੂਰਸ਼ੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇੰਸੈਂਸ ਲਓ

*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਈਵਰ ਬਣੋ

**Raj Jamarai Cell:734-644-1010 Office:734-747-4298**

# ਇਮਰਾਨ ਖਾਨ ਲਈ ਵੱਡੀ ਚੁਣੌਤੀ ਵਾਲਾ ਹੋਵੇਗਾ ਪ੍ਰਧਾਨ ਮੰਤਰੀ ਵਜੋਂ ਸਫਰ

**ਇਸਲਾਮਾਬਾਦ:** ਕ੍ਰਿਕਟਰ ਤੋਂ ਸਿਆਸਤਦਾਨ ਬਣੇ ਇਮਰਾਨ ਖਾਨ ਨੇ ਪਾਕਿਸਤਾਨ ਦੇ 22ਵੇਂ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕ ਲਈ ਹੈ। ਬੀਤੇ ਦਿਨੀਂ ਕੌਮੀ ਅਸੈਂਬਲੀ ਵਿਚ ਉਨ੍ਹਾਂ ਨੂੰ ਬਹੁਮਤ ਹਾਸਲ ਹੋ ਗਿਆ ਸੀ। ਪ੍ਰਧਾਨ ਮੰਤਰੀ ਵਜੋਂ ਉਨ੍ਹਾਂ ਨੂੰ 176 ਵੋਟ ਪ੍ਰਾਪਤ ਹੋਏ,



ਜਦੋਂ ਕਿ ਉਨ੍ਹਾਂ ਦੇ ਵਿਰੋਧੀ ਅਤੇ ਮੁਸਲਿਮ ਲੀਗ (ਨਵਾਜ਼) ਦੇ ਆਗੂ ਸ਼ਾਹਬਾਜ਼ ਸ਼ਰੀਫ ਨੂੰ 96 ਵੋਟਾਂ ਪ੍ਰਾਪਤ ਹੋਈਆਂ।

ਦਿਲਚਸਪ ਗੱਲ ਇਹ ਹੈ ਕਿ ਵੋਟਾਂ ਪੈਣ ਸਮੇਂ ਪਾਕਿਸਤਾਨ ਪੀਪਲਜ਼ ਪਾਰਟੀ, ਜਿਸ ਕੋਲ 54 ਸੰਸਦ ਮੈਂਬਰ ਹਨ, ਗੈਰ ਹਾਜ਼ਰ ਰਹੇ। ਭਾਵੇਂ ਕਿ ਕੁਝ ਦਿਨ ਪਹਿਲਾਂ ਪਾਕਿਸਤਾਨ ਮੁਸਲਿਮ ਲੀਗ (ਨਵਾਜ਼), ਪੀਪਲਜ਼ ਪਾਰਟੀ ਅਤੇ ਮੁਤਾਹਿਦਾ-ਮਜਲਿਸ-ਏ-ਅਮਲ ਆਦਿ ਵਿਰੋਧੀ ਪਾਰਟੀਆਂ ਨੇ ਇਕੱਠੇ ਹੋ ਕੇ ਸੰਸਦ ਵਿਚ ਹਰ ਅਹੁਦੇ ਲਈ ਇਮਰਾਨ ਖਾਨ ਅਤੇ ਤਹਿਰੀਕ-ਏ-ਇਨਸਾਫ ਪਾਰਟੀ ਦੇ ਹੋਰ ਉਮੀਦਵਾਰਾਂ ਦਾ ਮਿਲ ਕੇ ਵਿਰੋਧ ਕਰਨ ਦਾ ਫੈਸਲਾ ਕੀਤਾ ਸੀ। ਪਰ ਕੌਮੀ ਅਸੈਂਬਲੀ ਵਿਚ ਵਿਰੋਧੀ ਪਾਰਟੀਆਂ ਦਾ ਏਕਾ ਨਜ਼ਰ ਨਹੀਂ ਆਇਆ। ਇਥੇ ਇਹ ਵੀ ਵਰਨਣਯੋਗ ਹੈ ਕਿ ਕੌਮੀ ਅਸੈਂਬਲੀ ਦੀਆਂ ਚੋਣਾਂ ਵਿਚ 116 ਸੀਟਾਂ ਦੇ ਬਹੁਮਤ ਨਾਲ ਵੱਡੀ ਪਾਰਟੀ ਦੇ ਆਗੂ ਵਜੋਂ ਉਭਰ ਕੇ ਆਏ ਇਮਰਾਨ ਖਾਨ ਨੇ ਜਿਹੜਾ ਜੇਤੂ ਭਾਸ਼ਣ ਕੀਤਾ ਸੀ, ਉਸ ਵਿਚ ਉਨ੍ਹਾਂ ਨੇ ਵਿਰੋਧੀ ਪਾਰਟੀਆਂ ਪ੍ਰਤੀ ਬੜਾ ਉਦਾਰ ਰੁਖ ਅਖਤਿਆਰ ਕੀਤਾ ਸੀ। ਉਨ੍ਹਾਂ ਨੇ ਸਪੱਸ਼ਟ ਰੂਪ ਵਿਚ ਇਹ ਕਿਹਾ ਸੀ ਕਿ ਉਹ ਬਦਲਾ ਲਊ ਸਿਆਸਤ ਨਹੀਂ ਚਲਾਉਣਗੇ। ਆਪਣੇ ਇਸ ਭਾਸ਼ਣ ਵਿਚ ਭਾਰਤ ਸਮੇਤ ਸਾਰੇ ਗੁਆਂਢੀ ਦੇਸ਼ਾਂ ਨਾਲ ਬਿਹਤਰ ਰਿਸ਼ਤੇ ਬਣਾਉਣ ਅਤੇ ਪਾਕਿਸਤਾਨ ਨੂੰ ਆਰਥਿਕ ਮੁਸ਼ਕਲਾਂ 'ਚੋਂ ਉਭਾਰਨ 'ਤੇ ਜ਼ੋਰ ਦਿੱਤਾ ਸੀ।

ਵਿਰੋਧੀ ਪਾਰਟੀਆਂ ਨੇ ਪਹਿਲਾਂ ਹੀ ਚੋਣਾਂ ਵਿਚ ਗੜਬੜੀਆਂ ਹੋਣ ਦੇ ਗੰਭੀਰ ਦੋਸ਼ ਲਾਏ ਹਨ ਅਤੇ ਮੁਸਲਿਮ ਲੀਗ (ਨਵਾਜ਼) ਅਤੇ ਪੀਪਲਜ਼ ਪਾਰਟੀ ਦੇ ਸੀਨੀਅਰ ਆਗੂਆਂ ਨੇ ਇਹ ਵੀ ਕਿਹਾ ਹੈ ਕਿ ਫੌਜੀ ਸਥਾਪਤੀ ਅਤੇ ਨਿਆਂਪਾਲਿਕਾ ਵੱਲੋਂ ਚੋਣਾਂ ਵਿਚ ਇਮਰਾਨ ਖਾਨ ਦੀ ਪਾਰਟੀ ਤਹਿਰੀਕ-ਏ-ਇਨਸਾਫ ਦੀ ਅਸਿੱਧੇ ਢੰਗ ਨਾਲ ਮਦਦ ਕੀਤੀ ਗਈ ਹੈ। ਪ੍ਰਧਾਨ ਮੰਤਰੀ ਵਜੋਂ ਇਸ ਸਮੇਂ ਇਮਰਾਨ ਖਾਨ ਦੇ ਸਾਹਮਣੇ ਵੱਡੀਆਂ ਚੁਣੌਤੀਆਂ ਹਨ। ਸਭ ਤੋਂ ਵੱਡੀ ਚੁਣੌਤੀ ਆਰਥਿਕ ਪੱਧਰ ਉਤੇ ਹੈ। ਇਸ ਸਮੇਂ ਪਾਕਿਸਤਾਨ ਸਿਰ 70.2 ਬਿਲੀਅਨ ਡਾਲਰ ਦਾ ਕਰਜ਼ਾ ਹੈ, ਜੋ ਕਿ ਕੁੱਲ ਘਰੇਲੂ ਉਤਪਾਦਨ ਦਾ 26.6 ਫੀਸਦੀ ਬਣਦਾ ਹੈ। ਦੇਸ਼ ਦੇ ਵਿਦੇਸ਼ੀ ਕਰੰਸੀ ਦੇ ਭੰਡਾਰ 10.1 ਬਿਲੀਅਨ ਡਾਲਰ ਤੱਕ ਹੇਠਾਂ ਜਾ ਚੁੱਕੇ ਹਨ। ਇਕ ਅੰਦਾਜ਼ੇ ਅਨੁਸਾਰ ਇਸ ਨਾਲ ਪਾਕਿਸਤਾਨ ਆਪਣੀਆਂ ਦੇਣਦਾਰੀਆਂ ਦੀ ਸਿਰਫ ਇਕ ਮਹੀਨੇ ਤੱਕ ਹੀ ਪੂਰਤੀ ਕਰ ਸਕਦਾ ਹੈ। ਇਸ ਸਮੇਂ ਪਾਕਿਸਤਾਨ ਨੂੰ 12 ਬਿਲੀਅਨ ਡਾਲਰ ਦੇ ਤੁਰਤ ਕਰਜ਼ੇ ਦੀ ਲੋੜ ਹੈ। ਸਮਝਿਆ ਜਾ ਰਿਹਾ ਹੈ, ਸਰਕਾਰ ਇਸ ਮਕਸਦ ਲਈ ਕੌਮਾਂਤਰੀ ਮੁਦਰਾ ਫੰਡ ਤੱਕ ਪਹੁੰਚ ਕਰੇਗੀ ਪਰ ਇਸ ਦੇ ਰਾਹ ਵਿਚ ਅਮਰੀਕਾ ਵੱਲੋਂ ਵੱਡੀਆਂ ਮੁਸ਼ਕਲਾਂ ਖੜ੍ਹੀਆਂ ਕੀਤੀਆਂ ਜਾ ਰਹੀਆਂ ਹਨ।

ਅਮਰੀਕਾ ਦਾ ਇਹ ਦੋਸ਼ ਹੈ ਕਿ ਪਾਕਿਸਤਾਨ ਕੌਮਾਂਤਰੀ ਮੁਦਰਾ ਫੰਡ ਤੋਂ ਕਰਜ਼ਾ ਲੈ ਕੇ ਚੀਨ-ਪਾਕਿਸਤਾਨ ਆਰਥਿਕ ਗਲਿਆਰੇ ਦੀਆਂ ਅਦਾਇਗੀਆਂ ਕਰਨਾ ਚਾਹੁੰਦਾ ਹੈ, ਜੋ ਕਿ ਮਨਜ਼ੂਰ ਨਹੀਂ ਹੈ। ਜੇਕਰ ਪਾਕਿਸਤਾਨ ਨੂੰ ਇਹ ਕਰਜ਼ਾ ਮਿਲ ਵੀ ਜਾਂਦਾ ਹੈ ਤਾਂ ਵੀ ਇਸ ਦੀਆਂ ਸ਼ਰਤਾਂ ਏਨੀਆਂ ਸਖਤ ਹੋਣਗੀਆਂ ਕਿ ਉਸ ਨਾਲ ਇਮਰਾਨ ਖਾਨ ਵਲੋਂ ਲੋਕਾਂ ਨਾਲ ਜੋ ਵੱਡੇ-ਵੱਡੇ ਵਾਅਦੇ ਕੀਤੇ ਗਏ ਹਨ, ਉਨ੍ਹਾਂ ਦੀ ਪੂਰਤੀ ਕਰਨੀ ਮੁਸ਼ਕਲ ਹੋ ਜਾਏਗੀ ਤੇ ਲੋਕਾਂ ਵਿਚ ਉਨ੍ਹਾਂ ਦੇ ਵਿਰੁੱਧ ਬੇਚੈਨੀ ਵਧਣ ਲੱਗ ਪਵੇਗੀ। ਆਰਥਿਕ ਪੱਧਰ ਤੋਂ ਇਲਾਵਾ ਉਨ੍ਹਾਂ ਦੇ ਸਾਹਮਣੇ ਦੂਜੀ ਵੱਡੀ ਸਮੱਸਿਆ ਅਤਿਵਾਦ ਦੀ ਹੈ। ਫੌਜ ਅਤੇ ਪਾਕਿਸਤਾਨ ਦੀਆਂ ਪਿਛਲੀਆਂ ਸਰਕਾਰਾਂ ਦੀਆਂ ਭੰਬਲਭੂਸੇ ਵਾਲੀਆਂ ਨੀਤੀਆਂ ਕਾਰਨ ਤਾਲਿਬਾਨ ਅਤੇ ਹੋਰ ਅਤਿਵਾਦੀ ਜਥੇਬੰਦੀਆਂ ਪਾਕਿਸਤਾਨ ਵਿਚ ਬਹੁਤ ਮਜ਼ਬੂਤ ਹੋ ਚੁੱਕੀਆਂ ਹਨ। ਤਾਜ਼ਾ ਚੋਣਾਂ ਦੌਰਾਨ ਹੀ ਵੱਖ-ਵੱਖ ਪਾਰਟੀਆਂ ਦੇ ਕਈ ਮਹੱਤਵਪੂਰਨ ਉਮੀਦਵਾਰ ਅਤੇ ਸੈਂਕੜੇ ਹੋਰ ਲੋਕ ਅਤਿਵਾਦੀਆਂ ਦੇ ਹਮਲਿਆਂ ਦਾ ਸ਼ਿਕਾਰ ਹੋਏ ਹਨ।

ਇਮਰਾਨ ਖਾਨ ਨੂੰ ਪ੍ਰਧਾਨ ਮੰਤਰੀ ਵਜੋਂ ਅਜੋਕੇ ਸਮੇਂ ਵਿਚ ਪਾਕਿਸਤਾਨ ਨੂੰ ਉਪਰੋਕਤ ਚੁਣੌਤੀਆਂ ਤੋਂ ਉਭਾਰਨਾ ਪਵੇਗਾ ਅਤੇ ਨਾਲ ਹੀ ਪਾਕਿਸਤਾਨ ਦੇ ਲੋਕਾਂ ਤੇ ਖਾਸ ਕਰ ਕੇ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦੇ ਅਤੇ ਭ੍ਰਿਸ਼ਟਾਚਾਰ ਖਤਮ ਕਰਨ ਦੇ ਜੋ ਉਨ੍ਹਾਂ ਨੇ ਵੱਡੇ-ਵੱਡੇ ਵਾਅਦੇ ਕੀਤੇ ਹਨ, ਉਨ੍ਹਾਂ ਦੀ ਪੂਰਤੀ ਵੀ ਕਰਨੀ ਪਵੇਗੀ। ਇਕ ਤਰ੍ਹਾਂ ਨਾਲ 22 ਸਾਲਾਂ ਤੱਕ ਲੰਮਾ ਸਿਆਸੀ ਸੰਘਰਸ਼ ਕਰਕੇ ਪ੍ਰਧਾਨ ਮੰਤਰੀ ਦੀ ਕੁਰਸੀ ਤੱਕ ਪਹੁੰਚੇ ਇਮਰਾਨ ਖਾਨ ਲਈ ਇਹ ਇਮਤਿਹਾਨ ਦੀ ਘੜੀ ਹੈ।

## ਲਹਿੰਦੇ ਪੰਜਾਬ ਦੇ ਪਹਿਲੇ ਸਿੱਖ ਵਿਧਾਇਕ ਤੋਂ ਵੱਡੀਆਂ ਉਮੀਦਾਂ

**ਲਾਹੌਰ:** ਇਮਰਾਨ ਖਾਨ ਦੀ ਅਗਵਾਈ ਵਾਲੀ ਪਾਕਿਸਤਾਨ ਤਹਿਰੀਕ-ਏ-ਇਨਸਾਫ (ਪੀ.ਟੀ.ਆਈ.) ਦੇ ਲਹਿੰਦੇ ਪੰਜਾਬ ਦੀ ਅਸੈਂਬਲੀ ਵਿਚ ਮੁਲਤਾਨ ਹਲਕੇ ਤੋਂ ਪਹਿਲਾ ਸਿੱਖ ਮੈਂਬਰ ਵੀ ਪਹੁੰਚ ਚੁੱਕਾ ਹੈ। ਨਵੇਂ ਬਣੇ ਐਮ.ਪੀ.ਏ. ਮਹਿੰਦਰ ਪਾਲ ਸਿੰਘ ਨੇ ਸਹੁੰ ਵੀ ਚੁੱਕ ਲਈ ਹੈ। ਆਪਣੇ ਸਹੁੰ ਚੁੱਕ ਸਮਾਗਮ ਮੌਕੇ ਹਰੇ ਰੰਗ ਦੀ ਦਸਤਾਰ ਸਜਾਈ ਮਹਿੰਦਰ ਪਾਲ ਨੇ ਪਹਿਲਾਂ ਗੁਰੂ ਨਾਨਕ ਦੇਵ ਜੀ ਦੇ ਗੁਰਦੁਆਰੇ ਜਾ ਮੱਥਾ ਟੇਕਿਆ ਤੇ ਆਪਣੇ ਸਿਆਸੀ ਸਫਰ ਦੀ ਸ਼ੁਰੂਆਤ ਕੀਤੀ।

ਪਾਕਿਸਤਾਨੀ ਅਖਬਾਰ ਦ ਐਕਸਪ੍ਰੈਸ ਟ੍ਰਿਬਿਊਨ ਨਾਲ ਗੱਲਬਾਤ ਦੌਰਾਨ ਮਹਿੰਦਰ ਪਾਲ ਨੇ ਦੱਸਿਆ ਕਿ ਉਹ ਆਪਣੇ ਦੇਸ਼ ਦੇ ਘੱਟ ਗਿਣਤੀ ਭਾਈਚਾਰੇ ਦਾ ਜੀਵਨ ਪੱਧਰ ਉਚਾ ਚੁੱਕਣ ਲਈ ਕੰਮ ਕਰੇਗਾ। ਉਸ ਨੇ ਕਿਹਾ ਕਿ ਗੁਆਂਢੀ ਮੁਲਕ (ਭਾਰਤ) ਵਿਚ ਕਾਫੀ ਧਾਰਮਿਕ ਸਥਾਨ ਹਨ, ਸਾਨੂੰ ਉਨ੍ਹਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਮਹਿੰਦਰ ਪਾਲ ਨੇ ਕਿਹਾ ਕਿ ਉਹ ਜਲਦ ਹੀ ਆਪਣੇ ਪਰਿਵਾਰ ਨਾਲ ਹਰਿਮੰਦਰ ਸਾਹਿਬ ਨਤਮਸਤਕ ਹੋਣ ਜਾਵੇਗਾ। ਮਹਿੰਦਰ ਪਾਲ ਸਿੰਘ ਮੁਲਤਾਨ ਸ਼ਹਿਰ ਵਿਚ ਰਹਿੰਦਾ ਹੈ ਤੇ ਕੱਪੜੇ ਦਾ ਕਾਰੋਬਾਰ ਕਰਦਾ ਹੈ।

# ਹਿੰਦ-ਪਾਕਿ ਰਿਸ਼ਤਿਆਂ ਨੂੰ ਨਿੱਘ ਦੇਵੇਗੀ ਸਿੱਧੂ ਤੇ ਇਮਰਾਨ ਦੀ ਯਾਰੀ

**ਚੰਡੀਗੜ੍ਹ:** ਪੰਜਾਬ ਦੇ ਕੈਬਨਿਟ ਮੰਤਰੀ ਅਤੇ ਸਾਬਕਾ ਕ੍ਰਿਕਟ ਖਿਡਾਰੀ ਦਾ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਸਹੁੰ ਚੁੱਕ ਸਮਾਗਮ 'ਚ ਜਾਣਾ ਭਾਵੇਂ ਨਵਜੋਤ ਸਿੰਘ ਸਿੱਧੂ ਦੀ ਆਪਣੀ ਪਾਰਟੀ ਸਮੇਤ ਭਾਜਪਾ ਨੂੰ ਵੀ ਹਜ਼ਮ ਨਹੀਂ ਹੋ ਰਿਹਾ ਪਰ ਸਿੱਧੂ ਤੇ ਇਮਰਾਨ ਦੀ ਦੋਸਤੀ ਭਾਰਤ-ਪਾਕਿ ਰਿਸ਼ਤੇ ਸੁਧਾਰਨ 'ਚ ਅਹਿਮ ਭੂਮਿਕਾ ਨਿਭਾਅ ਸਕਦੀ ਹੈ।

ਸਿੱਧੂ ਦੇ ਪਾਕਿਸਤਾਨ ਜਾਣ ਨੂੰ ਲੈ ਕੇ ਸਿਆਸੀ ਪਾਰਟੀਆਂ ਤੋਂ ਲੈ ਕੇ ਸੋਸ਼ਲ ਮੀਡੀਆ ਤੱਕ ਬਹਿਸ ਛਿੜੀ ਹੋਈ ਹੈ ਪਰ ਜੇਕਰ ਸਿਆਸੀ ਆਗੂਆਂ ਦੀ ਬਿਆਨਬਾਜ਼ੀ ਨੂੰ ਛੱਡ ਦਿੱਤਾ ਜਾਵੇ ਤਾਂ ਇਸ ਇਸ ਬਹਿਸ 'ਚ ਜ਼ਿਆਦਾਤਰ ਆਮ ਲੋਕਾਂ ਨੇ ਇਹੀ ਵਿਚਾਰ ਰੱਖੇ ਹਨ ਕਿ ਜਿਸ ਤਰ੍ਹਾਂ ਸਿਆਸਤ ਤੋਂ ਉਪਰ ਉਠ ਕੇ ਸਿੱਧੂ ਨੇ ਪਾਕਿਸਤਾਨ ਦੀ ਧਰਤੀ ਤੇ 'ਦੋਵੇਂ ਪੰਜਾਬ' ਦੇ ਬਾਰਡਰ ਖੋਲ ਕੇ ਦੋਵੇਂ ਦੇਸ਼ਾਂ ਦੀ ਤਰੱਕੀ ਦੀ ਗੱਲ ਕੀਤੀ ਹੈ, ਉਸ ਨਾਲ ਇਸ ਗੱਲ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਦੋਵਾਂ ਆਗੂਆਂ ਦੀ ਦੋਸਤੀ ਭਾਰਤ-ਪਾਕਿ ਰਿਸ਼ਤਿਆਂ 'ਚ ਕੁੜੱਤਣ ਘਟਾਉਣ 'ਚ ਚੰਗਾ ਰੋਲ ਅਦਾ ਕਰ ਸਕਦੀ ਹੈ, ਹਾਲਾਂਕਿ ਪੰਜਾਬ ਦੇ ਕਾਂਗਰਸੀ ਆਗੂ ਖੁੱਲ੍ਹ ਕੇ ਸਿੱਧੂ ਖਿਲਾਫ਼ ਕੁਝ ਨਹੀਂ ਬੋਲ ਰਹੇ ਪਰ ਕਾਂਗਰਸ ਕੇਂਦਰੀ ਬੁਲਾਰੇ ਰਾਸ਼ਿਦ ਅਲਵੀ ਨੇ ਇਕ ਚੈਨਲ 'ਤੇ ਗੱਲਬਾਤ ਕਰਦਿਆਂ ਆਖ ਦਿੱਤਾ ਕਿ ਜੇਕਰ ਸਿੱਧੂ ਉਸ ਤੋਂ ਸਲਾਹ ਲੈਂਦੇ, ਤਾਂ ਉਹ ਸਿੱਧੂ ਨੂੰ ਪਾਕਿਸਤਾਨ ਜਾਣ ਤੋਂ ਰੋਕ ਦਿੰਦੇ। ਹਾਲਾਂਕਿ ਬੁਲਾਰੇ ਨੇ ਇਹ ਵੀ ਕਿਹਾ ਕਿ ਸਿੱਧੂ ਦੋਸਤੀ ਦੇ ਨਾਤੇ ਪਾਕਿਸਤਾਨ ਗਏ ਹਨ ਪਰ ਦੋਸਤੀ ਦੇਸ਼ ਤੋਂ ਵੱਡੀ ਨਹੀਂ ਹੁੰਦੀ।

ਉਨ੍ਹਾਂ ਕਿਹਾ ਕਿ ਬਾਰਡਰ ਤੇ ਸਾਡੇ ਜਵਾਨ ਮਾਰੇ ਜਾ ਰਹੇ ਹੈ ਅਤੇ ਅਜਿਹੇ ਵਿਚ ਪਾਕਿਸਤਾਨ ਫੌਜ ਦੇ ਚੀਫ ਨੂੰ ਸਿੱਧੂ ਦਾ ਗਲੇ ਲਗਾਉਣਾ ਗਲਤ ਸੁਨੇਹਾ ਦਿੰਦਾ ਹੈ। ਉਧਰ ਜੰਮੂ-ਕਸ਼ਮੀਰ ਕਾਂਗਰਸ ਦੇ ਪ੍ਰਦੇਸ਼ ਪ੍ਰਧਾਨ ਗੁਲਾਮ ਅਹਿਮਦ ਮੀਰ ਨੇ ਵੀ ਕਿਹਾ ਕਿ ਸਿੱਧੂ ਇਕ ਜ਼ਿੰਮੇਵਾਰ ਵਿਅਕਤੀ ਅਤੇ ਮੰਤਰੀ ਹਨ ਅਤੇ ਪਾਕਿਸਤਾਨ ਜਾਣ ਨਾਲ ਜੁੜੇ ਸਾਰੇ ਸਵਾਲਾਂ ਦਾ ਜਵਾਬ ਉਹ ਖੁਦ ਹੀ ਦੇ ਸਕਦੇ ਹਨ ਪਰ ਉਨ੍ਹਾਂ ਦੀ ਨਿੱਜੀ ਰਾਏ ਹੈ ਕਿ ਸਿੱਧੂ ਨੂੰ ਪਾਕਿਸਤਾਨ ਜਾਣ ਤੋਂ ਬਚਣਾ ਚਾਹੀਦਾ ਸੀ। ਜ਼ਿਕਰਯੋਗ ਹੈ ਕਿ ਪਾਕਿਸਤਾਨ ਜਾਣ ਨੂੰ ਲੈ ਕੇ ਅਕਾਲੀ ਦਲ ਅਤੇ ਭਾਜਪਾ ਦੋਵਾਂ ਹੀ ਪਾਰਟੀਆਂ ਵਲੋਂ ਸਿੱਧੂ ਨੂੰ ਨਿਸ਼ਾਨੇ ਉਤੇ ਲਿਆ ਗਿਆ ਹੈ। ਅਕਾਲੀ ਦਲ ਦਾ ਕਹਿਣਾ ਹੈ ਕਿ ਸਿੱਧੂ ਨੇ ਪਾਕਿਸਤਾਨ ਜਾ ਕੇ ਆਪਣੇ ਦੇਸ਼ ਅਤੇ ਦੇਸ਼ ਵਾਸੀਆਂ ਨੂੰ ਨਿਰਾਸ਼ ਕੀਤਾ ਹੈ ਅਤੇ ਹੁਣ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੂੰ ਜੁਆਬ ਦੇਣਾ ਬਣਦਾ ਹੈ।

## ਸਿੱਧੂ ਨੂੰ ਕਰਤਾਰਪੁਰ ਲਾਂਘਾ ਖੋਲ੍ਹਣ ਦੀ ਆਸ

**ਅੰਮ੍ਰਿਤਸਰ:** ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਦੇ ਅਗਲੇ ਵਰ੍ਹੇ ਮਨਾਏ ਜਾ ਰਹੇ 550 ਸਾਲਾ ਗੁਰ ਪੁਰਬ ਮੌਕੇ ਪਾਕਿਸਤਾਨੀ ਫੌਜ ਦੇ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਨੇ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹੇ ਜਾਣ ਦੀ ਸੰਭਾਵਨਾ ਜਤਾਈ ਹੈ। ਇਹ ਦਾਅਵਾ ਪਾਕਿਸਤਾਨ ਦੇ ਨਵੇਂ ਚੁਣੇ ਗਏ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਸਹੁੰ ਚੁੱਕ ਸਮਾਰੋਹ 'ਚ ਪਹੁੰਚੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਕੀਤਾ ਹੈ। ਸਿੱਧੂ ਨੇ ਦੱਸਿਆ ਕਿ ਸਹੁੰ ਚੁੱਕ ਸਮਾਰੋਹ ਵਿਚ ਪਾਕਿਸਤਾਨ ਫੌਜ ਦੇ ਮੁਖੀ ਜਨਰਲ ਬਾਜਵਾ ਨੇ ਉਨ੍ਹਾਂ ਨਾਲ ਗਲੇ ਮਿਲਦਿਆਂ ਦੱਸਿਆ ਕਿ ਉਹ 550 ਸਾਲਾ ਗੁਰ ਪੁਰਬ ਮੌਕੇ ਕਰਤਾਰ ਸਾਹਿਬ ਦਾ ਲਾਂਘਾ ਖੋਲ੍ਹੇ ਜਾਣ 'ਤੇ ਵਿਚਾਰ ਕਰ ਰਹੇ ਹਨ।



ਸਿੱਧੂ ਅਨੁਸਾਰ ਉਨ੍ਹਾਂ ਨੂੰ ਜਨਰਲ ਬਾਜਵਾ ਨੇ ਇਹ ਵੀ ਕਿਹਾ ਕਿ ਉਹ ਭਾਰਤ ਨਾਲ ਸ਼ਾਂਤੀ ਅਤੇ ਅਮਨ ਦਾ ਮਾਹੌਲ ਕਾਇਮ ਕਰਨ ਦੇ ਹੱਕ 'ਚ ਹਨ। ਉਧਰ, ਪਾਕਿਸਤਾਨ ਦੇ ਨਵ-ਨਿਯੁਕਤ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਵੀ ਉਨ੍ਹਾਂ ਨਾਲ ਗੱਲਬਾਤ ਕਰਦਿਆਂ ਸਪੱਸ਼ਟ ਤੌਰ 'ਤੇ ਕਿਹਾ ਕਿ ਜੇਕਰ ਭਾਰਤ ਪਾਕਿਸਤਾਨ ਨਾਲ ਨਵੇਂ ਤੇ ਨਿੱਘੇ ਰਿਸ਼ਤੇ ਕਾਇਮ ਕਰਨ ਲਈ ਇਕ ਕਦਮ ਅੱਗੇ ਵਧਾਏਗਾ ਤਾਂ ਪਾਕਿਸਤਾਨ ਇਸ ਦਾ ਸਵਾਗਤ ਕਰਦਿਆਂ ਦੋ ਕਦਮ ਅੱਗੇ ਵਧਾਉਣ ਦਾ ਵਾਅਦਾ ਕਰਦਾ ਹੈ। ਸਿੱਧੂ ਨੇ ਕਿਹਾ ਕਿ ਉਹ ਪਾਕਿਸਤਾਨ ਭਾਰਤੀ ਰਾਜਨੀਤਕ ਦੇ ਤੌਰ 'ਤੇ ਨਹੀਂ ਸਗੋਂ ਦੋਸਤੀ ਤੇ ਮੁਹੱਬਤ ਦਾ ਸੁਨੇਹਾ ਲੈ ਕੇ ਆਏ ਸਨ। ਜਿੰਨੀ ਮੁਹੱਬਤ ਉਹ ਲੈ ਕੇ ਆਏ ਸਨ, ਉਸ ਨਾਲੋਂ 100 ਫੀਸਦੀ ਜ਼ਿਆਦਾ ਵਾਪਸ ਲੈ ਕੇ ਵਾਪਸ ਜਾਣਗੇ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਇਮਰਾਨ ਖਾਨ ਦੇ ਪ੍ਰਧਾਨ ਮੰਤਰੀ ਬਣਨ ਨਾਲ ਜਲਦੀ ਭਾਰਤ ਪਾਕਿਸਤਾਨ ਦੇ ਸਬੰਧ ਬਿਹਤਰ ਬਣਨਗੇ ਅਤੇ ਦੋਵੇਂ ਪਾਸੇ ਵਪਾਰ ਅਤੇ ਰਿਸ਼ਤਿਆਂ ਵਿਚਲੀ ਮਿਠਾਸ 'ਚ ਵੱਡਾ ਵਾਧਾ ਹੋਵੇਗਾ।

# ਤਾਜ਼ਾ ਸਰਵੇਖਣ ਨੇ ਉਡਾਈ ਭਾਜਪਾ ਦੀ ਨੀਂਦ

**ਨਵੀਂ ਦਿੱਲੀ:** ਸਾਲ 2019 ਦੀਆਂ ਲੋਕ ਸਭਾ ਚੋਣਾਂ ਦੀ ਤਿਆਰੀ ਵਿਚ ਸਾਰੀਆਂ ਸਿਆਸੀ ਪਾਰਟੀਆਂ ਜੁਟ ਗਈਆਂ ਹਨ। ਹੁਣ ਇਕ ਅਜਿਹੀ ਖਬਰ ਆਈ ਹੈ, ਜਿਸ ਨਾਲ ਸੱਤਾ ਧਿਰ ਭਾਜਪਾ ਦੀ ਨੀਂਦ ਉਡ ਜਾਵੇਗੀ। ਕਾਰਵੀ ਇਨਸਾਈਟਸ ਤੇ ਇੰਡੀਆ ਟੂਡੇ ਦੇ ਸਰਵੇਖਣ ਮੁਤਾਬਕ ਜੇਕਰ ਹੁਣੇ ਲੋਕ ਸਭਾ ਚੋਣਾਂ ਕਰਵਾਈਆਂ ਜਾਣ ਤਾਂ ਐਨ.ਡੀ.ਏ. ਦੀ ਵਾਪਸੀ ਤਾਂ ਦਿਸਦੀ ਹੈ ਪਰ ਭਾਜਪਾ ਨੂੰ ਆਪਣੇ ਦਮ 'ਤੇ ਬਹੁਮਤ ਨਹੀਂ ਮਿਲੇਗਾ। ਸਰਵੇਖਣ ਮੁਤਾਬਕ ਲੋਕ ਸਭਾ ਦੀਆਂ ਕੁੱਲ 543 ਸੀਟਾਂ ਵਿਚੋਂ ਐਨ.ਡੀ.ਏ. ਹਿੱਸੇ 281 ਸੀਟਾਂ ਆ ਸਕਦੀਆਂ ਹਨ, ਜਿਨ੍ਹਾਂ ਵਿਚ ਭਾਜਪਾ ਦੀ 245 ਸੀਟਾਂ ਦੀ ਹਿੱਸੇਦਾਰੀ ਹੋਵੇਗੀ। ਇਸ ਤੋਂ ਇਲਾਵਾ ਯੂ.ਪੀ.ਏ. 122 ਸੀਟਾਂ ਜਿੱਤ ਸਕਦੀ ਹੈ, ਜਿਸ ਵਿਚ 83 ਕਾਂਗਰਸ ਦੀਆਂ ਸ਼ਾਮਲ ਹਨ। ਬਾਕੀ 140 ਸੀਟਾਂ ਹੋਰ ਪਾਰਟੀਆਂ ਤੇ ਆਜ਼ਾਦ ਦੇ ਹਿੱਸੇ ਆਉਣ ਦੀ ਸੰਭਾਵਨਾ ਹੈ।

ਜ਼ਿਕਰਯੋਗ ਹੈ ਕਿ ਕੁਝ ਸਮਾਂ ਪਹਿਲਾਂ 'ਏ.ਬੀ.ਪੀ. ਨਿਊਜ਼' ਨੇ ਵੀ ਸਰਵੇਖਣ ਕੀਤਾ ਸੀ, ਜਿਸ ਵਿਚ ਵੀ ਇਹੋ ਸਾਹਮਣੇ ਆਇਆ ਸੀ ਕਿ ਐਨ.ਡੀ.ਏ. ਦੀ ਸਰਕਾਰ ਤਾਂ ਬਣ ਸਕਦੀ ਹੈ ਪਰ ਬੀ.ਜੇ.ਪੀ. ਨੂੰ ਸਪੱਸ਼ਟ ਬਹੁਮਤ ਨਹੀਂ ਮਿਲੇਗਾ। ਸਾਲ 2014 ਦੀਆਂ ਲੋਕ ਸਭਾ ਚੋਣਾਂ ਦੇ ਮੁਕਾਬਲੇ ਐਨ.ਡੀ.ਏ. ਨੂੰ 55 ਸੀਟਾਂ ਦਾ ਨੁਕਸਾਨ ਹੋ ਸਕਦਾ ਹੈ। ਜੇਕਰ ਉਤਰ ਪ੍ਰਦੇਸ਼ ਵਿਚ ਮਹਾਂਗਠਬੰਧਨ ਬਣ ਗਿਆ ਤੇ ਬੰਗਾਲ ਵਿਚ ਮਮਤਾ ਬੈਨਰਜੀ ਦਾ ਕਾਂਗਰਸ ਨਾਲ ਗੱਠਜੋੜ ਹੋ ਜਾਂਦਾ ਹੈ ਤਾਂ ਸਿਆਸੀ ਸਮੀਕਰਨ ਐਨ.ਡੀ.ਏ. ਦੀ ਖੇਡ ਵਿਗਾੜ ਸਕਦੇ ਹਨ। ਅਜਿਹਾ ਹੋਣ 'ਤੇ ਕਾਰਵੀ ਇਨਸਾਈਟਸ ਤੇ ਇੰਡੀਆ ਟੂਡੇ ਦੇ ਸਰਵੇਖਣ ਮੁਤਾਬਕ ਐਨ.ਡੀ.ਏ. ਨੂੰ 228, ਯੂ.ਪੀ.ਏ. ਨੂੰ 224 ਤੇ ਹੋਰਾਂ ਨੂੰ 91 ਸੀਟਾਂ ਮਿਲ ਸਕਦੀਆਂ ਹਨ। ਅਜਿਹੇ ਵਿਚ ਤ੍ਰਿਸ਼ੰਕੂ ਲੋਕ ਸਭਾ ਦੇ ਆਸਾਰ ਬਣ ਜਾਣਗੇ ਤੇ ਸੱਤਾ ਦੀ ਕੁੰਜੀ ਹੋਰਾਂ ਕੋਲ ਆ ਜਾਵੇਗੀ। ਕੋਈ ਵੀ ਗੱਠਜੋੜ ਸਰਕਾਰ ਬਣਾ ਸਕਦਾ ਹੈ, ਪਰ ਇਕੱਲੀ ਭਾਜਪਾ ਨੂੰ 80 ਸੀਟਾਂ ਦਾ ਨੁਕਸਾਨ ਹੋਵੇਗਾ।

ਇਹ ਸਰਵੇਖਣ 97 ਸੰਸਦੀ ਖੇਤਰਾਂ ਦੇ ਵੋਟਰਾਂ ਤੋਂ 18 ਤੋਂ ਲੈ ਕੇ 29 ਜੁਲਾਈ ਦਰਮਿਆਨ ਇਕੱਠੀ ਕੀਤੀ ਜਾਣਕਾਰੀ 'ਤੇ ਅਧਾਰਤ ਹੈ। ਸਰਵੇਖਣ ਮੁਤਾਬਕ ਪ੍ਰਧਾਨ ਮੰਤਰੀ ਮੋਦੀ 49 ਫੀਸਦੀ ਲੋਕਾਂ ਦੀ ਪਹਿਲੀ ਪਸੰਦ ਹਨ ਤੇ 27 ਫੀਸਦ ਲੋਕ ਰਾਹੁਲ ਗਾਂਧੀ ਨੂੰ ਪ੍ਰਧਾਨ ਮੰਤਰੀ ਵਜੋਂ ਦੇਖਣਾ ਚਾਹੁੰਦੇ ਹਨ।

# ਉਸਮਾਨ ਬਜ਼ਦਾਰ ਬਣੇ ਲਹਿੰਦੇ ਪੰਜਾਬ ਦੇ ਮੁੱਖ ਮੰਤਰੀ

**ਲਾਹੌਰ:** ਪਾਕਿਸਤਾਨ ਤਹਿਰੀਕ-ਏ-ਇਨਸਾਫ (ਪੀ.ਟੀ.ਆਈ.) ਦੇ ਉਮੀਦਵਾਰ ਸਰਦਾਰ ਉਸਮਾਨ ਬਜ਼ਦਾਰ (49) ਨੂੰ ਪੰਜਾਬ ਸੂਬੇ ਦਾ ਮੁੱਖ ਮੰਤਰੀ ਚੁਣ ਲਿਆ ਗਿਆ ਹੈ। ਬਜ਼ਦਾਰ ਦੀ ਇਸ ਚੋਣ ਨਾਲ ਮੁਲਕ ਦੇ ਸਭ ਤੋਂ ਮਕਬੂਲ ਸੂਬੇ ਵਿਚੋਂ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ ਦੀ ਅਗਵਾਈ ਵਾਲੀ ਸ਼ਾਹਬਾਜ਼ ਸ਼ਰੀਫ ਸਰਕਾਰ ਦੇ ਦਸ ਸਾਲ ਦੇ ਕਾਰਜਕਾਲ ਦਾ ਭੋਗ ਪੈ ਗਿਆ। ਪੰਜਾਬ ਅਸੈਂਬਲੀ ਵਿਚ ਹੋਈ ਵੋਟਿੰਗ ਦੌਰਾਨ ਜਨਾਬ ਬਜ਼ਦਾਰ ਨੂੰ 186 ਵੋਟਾਂ ਮਿਲੀਆਂ ਜਦੋਂਕਿ ਉਨ੍ਹਾਂ ਦੇ ਰਵਾਇਤੀ ਵਿਰੋਧੀ ਤੇ ਪੀ.ਐਮ.ਐਲ.-ਐਨ ਦੇ ਉਮੀਦਵਾਰ ਹਮਜ਼ਾ ਸ਼ਾਹਬਾਜ਼ 159 ਵੋਟਾਂ ਹੀ ਹਾਸਲ ਕਰ ਸਕੇ।

ਅਸੈਂਬਲੀ ਦੇ ਸਪੀਕਰ ਪਰਵੇਜ਼ ਇਲਾਹੀ ਨੇ ਨਤੀਜਿਆਂ ਦਾ ਐਲਾਨ ਕੀਤਾ। ਹਮਜ਼ਾ ਪੀ.ਐਮ.ਐਲ-ਐਨ ਮੁਖੀ ਸ਼ਾਹਬਾਜ਼ ਸ਼ਰੀਫ ਦਾ ਪੁੱਤ ਹੈ, ਜੋ ਸਾਲ 2008 ਤੋਂ ਹੁਣ ਤੱਕ ਪੰਜਾਬ ਦੇ ਮੁੱਖ ਮੰਤਰੀ ਰਹਿ ਚੁੱਕੇ ਹਨ। ਮੁੱਖ ਮੰਤਰੀ ਵਜੋਂ ਮਨੋਨੀਤ ਬਜ਼ਦਾਰ ਇਸ ਤੋਂ ਪਹਿਲਾਂ ਸ਼ਰੀਫ ਦੀ ਟੀਮ ਦੇ ਮੈਂਬਰ ਸਨ। ਪੰਜਾਬ ਅਸੈਂਬਲੀ ਵਿਚ 179 ਸੀਟਾਂ ਨਾਲ ਪੀ.ਟੀ.ਆਈ. ਸਭ ਤੋਂ ਵੱਡੀ ਪਾਰਟੀ ਹੈ ਜਦੋਂਕਿ ਪੀ.ਐਮ.ਐਲ-ਐਨ ਦੀਆਂ ਸੀਟਾਂ ਦੀ ਗਿਣਤੀ 164 ਹੈ। 371 ਮੈਂਬਰੀ ਸੂਬਾਈ ਅਸੈਂਬਲੀ ਵਿਚ ਨਵੀਂ ਸਰਕਾਰ ਦੇ ਗਠਨ ਲਈ ਕਿਸੇ ਪਾਰਟੀ ਨੂੰ 186 ਮੈਂਬਰਾਂ ਦੀ ਹਮਾਇਤ ਦੀ ਦਰਕਾਰ ਸੀ। ਪਾਕਿਸਤਾਨ ਪੀਪਲਜ਼ ਪਾਰਟੀ ਦੇ ਸੱਤ ਮੈਂਬਰਾਂ ਨੇ ਅਸੈਂਬਲੀ ਵਿਚ ਮੌਜੂਦ ਹੋਣ ਦੇ ਬਾਵਜੂਦ ਵੋਟਿੰਗ ਵਿਚ ਹਿੱਸਾ ਨਹੀਂ ਲਿਆ।

# ਮੁੱਖ ਮੰਤਰੀ ਵੱਲੋਂ 17 ਸ਼ਖਸੀਅਤਾਂ ਦਾ ਸਟੇਟ ਐਵਾਰਡ ਨਾਲ ਸਨਮਾਨ

**ਲੁਧਿਆਣਾ:** ਸਨਅਤੀ ਸ਼ਹਿਰ ਵਿਚ ਆਜ਼ਾਦੀ ਦਿਹਾੜੇ ਦੇ ਸਮਾਗਮ ਦੌਰਾਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੱਖ-ਵੱਖ ਖੇਤਰਾਂ ਵਿਚ ਅਹਿਮ ਯੋਗਦਾਨ ਪਾਉਣ ਵਾਲੀਆਂ 17 ਸ਼ਖ਼ਸੀਅਤਾਂ ਨੂੰ ਸਟੇਟ ਐਵਾਰਡ ਨਾਲ ਸਨਮਾਨਿਆ। ਮੁੱਖ ਮੰਤਰੀ ਨੇ ਪਟਿਆਲਾ ਦੇ ਸਾਹਿਲ ਚੋਪੜਾ ਨੂੰ ਸਰਟੀਫਿਕੇਟ ਅਤੇ ਨਗਦ ਇਨਾਮ ਦਿੱਤਾ, ਜਿਸ ਨੇ ਤੈਰਾਕੀ ਵਿਚ ਕੌਮਾਂਤਰੀ ਪੱਧਰ 'ਤੇ 8 ਅਤੇ ਕੌਮੀ ਪੱਧਰ ਉਤੇ 13 ਤਗਮੇ ਜਿੱਤੇ। ਇਸੇ ਤਰ੍ਹਾਂ ਬਠਿੰਡੇ ਦੇ ਵਿਸ਼ੇਸ਼ ਬੱਚੇ ਯਸ਼ਵੀਰ ਗੋਇਲ ਦਾ ਸਨਮਾਨ ਕੀਤਾ, ਜਿਸ ਨੇ ਬੈਡਮਿੰਟਨ ਅਤੇ ਚੈੱਸ ਵਿਚ ਸੂਬਾਈ ਅਤੇ ਕੌਮੀ ਪੱਧਰ ਉਤੇ ਤਗਮੇ ਹਾਸਲ ਕਰ ਕੇ ਸੂਬੇ ਦਾ ਨਾਂ ਰੌਸ਼ਨ ਕੀਤਾ ਹੈ। 'ਬੇਟੀ ਬਚਾਓ ਬੇਟੀ ਪੜ੍ਹਾਓ' ਮੁਹਿੰਮ ਤਹਿਤ ਸ਼ਾਨਦਾਰ ਸੇਵਾਵਾਂ ਨਿਭਾਉਣ ਬਦਲੇ ਤਰਨ ਤਾਰਨ ਦੀ ਜ਼ਿਲ੍ਹਾ ਪ੍ਰੋਗਰਾਮ ਅਫਸਰ ਹਰਦੀਪ ਕੌਰ ਦਾ ਵੀ ਸਨਮਾਨ ਕੀਤਾ।

ਕੈਪਟਨ ਅਮਰਿੰਦਰ ਸਿੰਘ ਨੇ ਏਮਜ਼ ਦੀ ਕੌਮੀ ਪ੍ਰੀਖਿਆ ਵਿਚ ਪਹਿਲਾ ਸਥਾਨ ਹਾਸਲ ਕਰਨ ਵਾਲੀ ਸੰਗਰੂਰ ਜ਼ਿਲ੍ਹੇ ਦੀ ਲਹਿਰਾਗਾਗਾ ਦੀ ਅਲੀਜ਼ਾ ਬਾਂਸਲ ਦਾ ਵੀ ਸਨਮਾਨ ਕੀਤਾ। ਉਸ ਵੱਲੋਂ ਪ੍ਰਿੰਸੀਪਲ ਪ੍ਰਵੀਨ ਕੁਮਾਰ ਨੇ ਪੁਰਸਕਾਰ ਹਾਸਲ ਕੀਤਾ। ਮੁੱਖ ਮੰਤਰੀ ਨੇ ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਫਸਰ ਦਵਿੰਦਰ ਸਿੰਘ ਨੂੰ ਵੀ ਸ਼ਾਨਦਾਰ ਸੇਵਾਵਾਂ ਬਦਲੇ ਸਨਮਾਨਿਆ।



ਉਦਯੋਗਿਕ ਖੇਤਰ ਵਿਚ ਉਦਯੋਗਪਤੀ ਅਨਿਲ ਭਾਰਤੀ, ਜੋ ਸਵਾਮੀ ਵਿਵੇਕਾਨੰਦ ਸਵਰਾਜ ਆਸ਼ਰਮ ਟਰੱਸਟ ਲੁਧਿਆਣਾ ਦੇ ਮੁਖੀ ਹਨ, ਨੂੰ ਸਨਮਾਨਤ ਕੀਤਾ ਗਿਆ। ਇਸੇ ਤਰ੍ਹਾਂ ਪਾਇਲ ਸਬ-ਡਿਵੀਜ਼ਨ ਦੀ ਸ਼ਲਮਾ ਸੱਲ ਨੂੰ ਸਫ਼ਲਤਾ ਨਾਲ ਗਊਸ਼ਾਲਾ ਚਲਾਉਣ ਅਤੇ ਦੁੱਧ ਨਾ ਦੇਣ ਵਾਲੀਆਂ 33 ਗਾਵਾਂ ਦੀ ਸਾਂਭ-ਸੰਭਾਲ ਕਰਨ ਬਦਲੇ ਸਨਮਾਨਿਆ ਗਿਆ। ਇਸੇ ਤਰ੍ਹਾਂ ਪਾਵਰ ਹਾਊਸ ਯੂਥ ਕਲੱਬ, ਪਟਿਆਲਾ ਦੀ ਮੁਖੀ ਰੁਪਿੰਦਰ ਕੌਰ ਨੂੰ ਸਮਾਜ ਸੇਵੀ ਕਾਰਜਾਂ ਲਈ ਸਨਮਾਨਿਤ ਕੀਤਾ ਗਿਆ।

ਮੁੱਖ ਮੰਤਰੀ ਨੇ ਸਨਅਤਕਾਰ ਸੰਜੀਵ ਅਰੋੜਾ ਦਾ ਵੀ ਸਨਮਾਨ ਕੀਤਾ, ਜਿਨ੍ਹਾਂ ਵੱਲੋਂ ਕੈਂਸਰ ਦੇ ਮਰੀਜ਼ਾਂ ਦੀ ਸੇਵਾ ਕਰਨ ਦੇ ਨਾਲ-ਨਾਲ 2005 ਤੋਂ ਗਰੀਬ ਪਰਿਵਾਰਾਂ ਨਾਲ ਸਬੰਧਤ 100 ਤੋਂ ਵੱਧ ਕੈਂਸਰ ਦੇ ਮਰੀਜ਼ਾਂ ਦਾ ਮੁਫਤ ਇਲਾਜ ਕਰਾਇਆ ਜਾ ਰਿਹਾ ਹੈ। ਮੁੱਖ ਮੰਤਰੀ ਨੇ ਨਗਰ ਕੌਂਸਲ ਫਿਰੋਜ਼ਪੁਰ ਦੇ ਸੈਨੇਟਰੀ ਇੰਸਪੈਕਟਰ ਸੁਖਪਾਲ ਸਿੰਘ ਦਾ ਵੀ ਸਨਮਾਨ ਕੀਤਾ, ਜਿਸ ਵੱਲੋਂ ਸਵੱਛ ਭਾਰਤ ਮਿਸ਼ਨ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਦੇ ਨਾਲ-ਨਾਲ 1270 ਘਰਾਂ ਵਿਚ ਪਖਾਨਿਆਂ ਦੀ ਉਸਾਰੀ ਕਰਵਾਈ ਜਾ ਰਹੀ ਹੈ। ਇਸੇ ਦੌਰਾਨ ਗੋਬਿੰਦਰ ਸੋਹਲ ਨੂੰ ਧਾਰਮਿਕ ਤੇ ਇਤਿਹਾਸਕ ਮਹੱਤਤਾ ਨਾਲ ਸਬੰਧਤ ਵਿਲੱਖਣ ਚਿੱਤਰ ਬਣਾਉਣ ਬਦਲੇ ਸਨਮਾਨਿਆ ਗਿਆ।

ਇਸ ਤੋਂ ਇਲਾਵਾ ਇੰਟਰਨੈਸ਼ਨਲ ਸਬ-ਜੂਨੀਅਰ ਏਸ਼ੀਅਨ ਪਾਵਰ ਲਿਫਟਿੰਗ ਚੈਂਪਿਅਨਸ਼ਿਪ-2018 ਵਿਚ ਸੋਨ ਤਗਮਾ ਜਿੱਤਣ ਵਾਲੀ ਬਠਿੰਡਾ ਦੀ ਜਸਮੀਨ ਕੌਰ ਅਤੇ ਇਸੇ ਸਾਲ ਜੁਲਾਈ ਵਿਚ ਇੰਗਲੈਂਡ ਵਿੱਚ ਹੋਏ ਤਲਵਾਰਬਾਜ਼ੀ ਮੁਕਾਬਲੇ ਵਿਚ ਚਾਂਦੀ ਅਤੇ ਸੋਨ ਤਗਮੇ ਜਿੱਤਣ ਵਾਲੀ ਫਤਿਹਗੜ੍ਹ ਸਾਹਿਬ ਵਿਚ ਪਿੰਡ ਚੜ੍ਹੀ ਦੀ ਹੁਸਨਪ੍ਰੀਤ ਕੌਰ ਦਾ ਵੀ ਸਨਮਾਨ ਕੀਤਾ ਗਿਆ। ਇਸੇ ਤਰ੍ਹਾਂ ਮੁੱਖ ਮੰਤਰੀ ਨੇ ਇੰਗਲੈਂਡ ਵਿੱਚ ਹੋਈ ਤਲਵਾਰਬਾਜ਼ੀ ਚੈਂਪੀਅਨਸ਼ਿਪ ਵਿਚ ਕਾਂਸੇ ਦਾ ਤਗਮਾ ਜਿੱਤਣ ਵਾਲੀ ਮੁਮਤਾਜ਼ ਦਾ ਵੀ ਸਨਮਾਨ ਕੀਤਾ। ਮੁੱਖ ਮੰਤਰੀ ਨੇ ਹੁਸ਼ਿਆਰਪੁਰ ਦੇ ਪਿੰਡ ਬੁੱਲੋਵਾਲ ਦੇ ਬਹਾਦਰ ਸਿੰਘ ਦਾ ਵੀ ਸਨਮਾਨ ਕੀਤਾ, ਜਿਨ੍ਹਾਂ ਨੇ 44 ਵਾਰ ਖ਼ੂਨਦਾਨ ਕੀਤਾ। ਇਸੇ ਤਰ੍ਹਾਂ ਪਟਿਆਲਾ ਜ਼ਿਲ੍ਹੇ ਵਿਚ ਮੈਡੀਕਲ ਖੇਤਰ ਵਿਚ ਚੰਗੀਆਂ ਸੇਵਾਵਾਂ ਨਿਭਾਉਣ ਬਦਲੇ ਡਾਕਟਰ ਰਜਨੀਸ਼ ਕਪੂਰ ਤੇ ਸਾਈਬਰ ਕਰਾਈਮ ਨਾਲ ਨਜਿੱਠਣ ਵਾਲੇ ਡੀ.ਐਸ.ਪੀ. ਗੁਰਜੋਤ ਸਿੰਘ ਕਲੇਰ ਦਾ ਸਨਮਾਨ ਵੀ ਕੀਤਾ ਗਿਆ।

# ਪੰਜਾਬ ਦੇ ਸੰਸਦ ਮੈਂਬਰਾਂ ਨੇ ਗੋਦ ਲਏ ਪਿੰਡ ਵਿਸਾਰੇ

**ਚੰਡੀਗੜ੍ਹ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਸੰਸਦ ਮੈਂਬਰਾਂ ਨੂੰ ਇਕ-ਇਕ ਪਿੰਡ ਗੋਦ ਲੈਣ ਲਈ ਕਹਿ ਜਾਣ ਤੋਂ ਬਾਅਦ ਫੰਡ ਦੇ ਨਾਂ ਉਤੇ ਕੁਝ ਨਹੀਂ ਦਿੱਤਾ ਗਿਆ। ਇਸ ਨਾਲ ਲੋਕ ਪ੍ਰਧਾਨ ਮੰਤਰੀ ਤੋਂ ਤਾਂ ਖਫਾ ਹੋਏ ਹੀ, ਪਰ ਉਸ ਸੰਸਦ ਮੈਂਬਰ ਤੋਂ ਵੀ ਨਾਰਾਜ਼ ਹਨ, ਜਿਸ ਨੇ ਪਿੰਡ ਗੋਦ ਲੈਣ ਪਿੱਛੋਂ ਉਸ ਦੀ ਕੋਈ ਸਾਰ ਨਹੀਂ ਲਈ।

ਲੁਧਿਆਣਾ ਦੇ ਕਾਂਗਰਸੀ ਐਮ.ਪੀ. ਰਵਨੀਤ ਬਿੱਟੂ ਨੇ ਆਪਣੇ ਖੇਤਰ ਦਾ ਪਿੰਡ ਈਸੇਵਾਲ ਗੋਦ ਲਿਆ। ਪਿੰਡ ਦੇ ਹਾਲਾਤ ਬਹੁਤ ਮਾੜੇ ਹਨ। ਨਾ ਇਸ ਲਈ ਕੋਈ ਗ੍ਰਾਂਟ ਆਈ ਤੇ ਨਾ ਵਿਕਾਸ ਸਬੰਧੀ ਕੋਈ ਕੰਮ ਹੋਇਆ। ਲੋਕ ਆਗਾਮੀ ਚੋਣਾਂ ਵਿਚ ਇਸ ਦਾ ਬਦਲਾ ਲੈਣ ਦੀ ਗੱਲ ਕਹਿ ਰਹੇ ਹਨ। ਲੁਧਿਆਣਾ ਤੋਂ 12 ਤੇ ਮੁੱਲਾਂਪੁਰ ਤੋਂ 8 ਕਿਲੋਮੀਟਰ ਦੂਰ ਸ਼ਹੀਦਾਂ ਦੇ ਪਿੰਡ ਈਸੇਵਾਲ ਵਿਚ ਕਰੀਬ 1400 ਵੋਟਰ ਹਨ ਪਰ ਇਸ 'ਤੇ ਮੋਦੀ ਦੀ ਸਕੀਮ ਦਾ ਕੋਈ ਅਸਰ ਨਹੀਂ ਹੋਇਆ। ਪਿੰਡ ਵਿਚੋਂ ਕੋਈ ਬੱਸ ਨਹੀਂ ਲੰਘਦੀ। ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਐਮ.ਪੀ. ਬਿੱਟੂ ਨੇ ਕਿਹਾ ਸੀ ਕਿ 20 ਲੱਖ ਰੁਪਏ ਗ੍ਰਾਂਟ ਦੇਣਗੇ ਪਰ ਦਿੱਤੀ ਨਹੀਂ। ਅਕਾਲੀ ਦਲ ਦੀ ਸਰਕਾਰ ਵੇਲੇ ਬਣੀਆਂ ਸੜਕਾਂ ਠੀਕ ਹਨ ਪਰ ਹੁਣ ਉਨ੍ਹਾਂ ਦੀ ਵੀ ਮੁਰੰਮਤ ਨਹੀਂ ਹੁੰਦੀ। ਇਸ ਪਿੰਡ 'ਚ 1800 ਤੋਂ ਵੱਧ ਲੋਕ ਵੱਸਦੇ ਹਨ। ਹਰ ਘਰ ਵਿਚ ਐਨ.ਆਰ.ਆਈ. ਹੈ ਪਰ ਪਿੰਡ ਨੂੰ ਜਾਣ ਲਈ ਕੋਈ ਟਰਾਂਸਪੋਰਟ ਨਹੀਂ। ਪਿਛਲੇ ਅਕਾਲੀ ਵਿਧਾਇਕ ਮਨਪ੍ਰੀਤ ਇਆਲੀ ਨੇ ਕਿਹਾ ਸੀ ਕਿ 70 ਲੱਖ ਖਰਚ ਚੁੱਕਿਆ ਹੈ, ਪਰ ਪਿੰਡ ਦੀ ਹਾਲਤ ਉਵੇਂ ਦੀ ਉਵੇਂ ਹੀ ਹੈ। ਪਿੰਡ ਦੇ ਬਹੁਤ ਸਾਰੇ ਲੋਕ ਬੱਸਾਂ ਦੀ ਪਰੇਸ਼ਾਨੀ 'ਤੇ ਜ਼ੋਰ ਦਿੰਦੇ ਹਨ। ਜੇ ਪਿੰਡ ਤੋਂ ਬਾਹਰ ਜਾਣਾ ਹੋਵੇ ਤਾਂ ਗਰੀਬਾਂ ਨੂੰ ਲੋਕਾਂ ਤੋਂ ਬਾਇਕ ਮੰਗਣੀ ਪੈਂਦੀ ਹੈ। ਬੱਸ ਸੇਵਾ ਨਾ ਹੋਣ ਕਰਕੇ ਪਿੰਡੋਂ ਬਾਹਰ ਜਾਂਦੀਆਂ ਕੁੜੀਆਂ ਨੂੰ ਵੀ ਬਹੁਤ ਪਰੇਸ਼ਾਨੀ ਹੁੰਦੀ ਹੈ।

ਪਿੰਡ ਵਾਸੀ ਨੇ ਦੱਸਿਆ ਕਿ ਕਮਲਜੀਤ ਸਿੰਘ ਨੇ ਆਪਣੀ ਗ੍ਰਾਂਟ ਵਿਚੋਂ 15 ਲੱਖ ਰੁਪਏ ਦਿੱਤੇ ਜਿਸ ਵਿਚੋਂ 10 ਲੱਖ ਰੁਪਏ ਸੀਵਰੇਜ ਉਤੇ ਲੱਗੇ ਤੇ 5 ਲੱਖ ਨਾਲ ਮਿਡਲ ਸਕੂਲ ਦੀ ਛੱਤ ਪਾਈ ਗਈ ਪਰ ਮੋਦੀ ਸਰਕਾਰ ਨੇ ਕੋਈ ਗ੍ਰਾਂਟ ਨਹੀਂ ਦਿੱਤੀ। ਪਿੰਡ ਦੇ ਸਕੂਲ ਵਿਚ ਅਧਿਆਪਕਾਂ ਦੀ ਗਿਣਤੀ ਘੱਟ ਹੈ। ਲੋਕਾਂ ਨੇ ਨਿੱਜੀ ਤੌਰ ਉਤੇ ਅਧਿਆਪਕ ਰੱਖੇ ਹਨ। ਪਾਣੀ ਘਰਾਂ ਅੰਦਰ ਚਲਾ ਜਾਂਦਾ ਹੈ ਪਰ ਕੋਈ ਵੇਖਣ ਵਾਲਾ ਨਹੀਂ। ਲੋਕਾਂ ਵਿਚ ਪਿੰਡ ਗੋਦ ਲੈਣ ਵਾਲੇ ਐਮ.ਪੀ. ਰਵਨੀਤ ਬਿੱਟੂ ਲਈ ਰੋਸ ਹੈ ਤੇ ਬਿੱਟੂ ਪ੍ਰਧਾਨ ਮੰਤਰੀ ਮੋਦੀ ਉਤੇ ਰੋਸ ਜਤਾ ਰਹੇ ਹਨ।

# ਬਾਦਲਾਂ ਦੀ ਹੁਣ ਹਰਿਆਣੇ 'ਤੇ ਅੱਖ, ਇਕੱਲਿਆਂ ਮੈਦਾਨ 'ਚ ਨਿੱਤਰਨ ਦਾ ਐਲਾਨ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਕੁਰੂਕਸ਼ੇਤਰ ਵਿਚ ਆਪਣੀ ਪਿਪਲੀ ਰੈਲੀ ਦੌਰਾਨ ਹਰਿਆਣਾ 'ਚ ਇਕੱਲਿਆਂ ਹੀ ਚੋਣਾਂ ਲੜਨ ਦਾ




ਐਲਾਨ ਕੀਤਾ ਹੈ। ਪਾਰਟੀ ਇੰਡੀਅਨ ਨੈਸ਼ਨਲ ਲੋਕ ਦਲ ਤੋਂ ਪਹਿਲਾਂ ਹੀ ਵੱਖ ਹੋ ਚੁੱਕੀ ਹੈ। ਹਰਿਆਣਾ 'ਚ ਅਕਾਲੀ ਦਲ ਦੀ ਭਾਈਵਾਲ ਭਾਜਪਾ ਦੀ ਸਰਕਾਰ ਹੈ। ਪਿਪਲੀ ਵਿਚ ਸ਼੍ਰੋਮਣੀ ਅਕਾਲੀ ਦਲ ਨੇ ਆਪਣੀ ਪਹਿਲੀ ਰੈਲੀ ਦੌਰਾਨ ਜਨਤਕ ਤੌਰ ਉਤੇ ਇਹ ਫੈਸਲਾ ਸੁਣਾਇਆ ਕਿ ਆਉਣ ਵਾਲੀਆਂ ਲੋਕ ਸਭਾ ਤੇ ਵਿਧਾਨ ਸਭਾ ਚੋਣਾਂ ਵਿਚ ਅਕਾਲੀ ਦਲ ਸਾਰੀਆਂ ਸੀਟਾਂ ਉਤੇ ਵੱਖ ਹੋ ਕੇ ਚੋਣ ਲੜੇਗਾ।

ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਹਰਿਆਣਾ ਨਾਲ ਅਕਾਲੀ ਦਲ ਦਾ ਗੂੜ੍ਹਾ ਰਿਸ਼ਤਾ ਹੈ। ਅਕਾਲੀ ਦਲ ਪਾਰਟੀ ਪਿੰਡਾਂ ਦੇ ਦਰਦ ਨੂੰ ਚੰਗੀ ਤਰ੍ਹਾਂ ਸਮਝਦੀ ਹੈ। ਉਨ੍ਹਾਂ ਵਾਅਦਾ ਕੀਤਾ ਕਿ ਉਨ੍ਹਾਂ ਦੀ ਸਰਕਾਰ ਬਣਨ ਉਤੇ ਕਿਸਾਨਾਂ ਦੀਆਂ ਮੋਟਰਾਂ ਉਤੇ ਮੁਫਤ ਬਿਜਲੀ ਦਿੱਤੀ ਜਾਵੇਗੀ। ਪੰਜਾਬ ਵਿਚ ਭਾਵੇਂ ਅਕਾਲੀ ਦਲ ਦਾ ਭਾਜਪਾ ਨਾਲ ਗਠਜੋੜ ਹੈ ਪਰ ਹਰਿਆਣਾ ਵਿਚ ਅਕਾਲੀ ਦਲ ਨੇ ਹੁਣ ਤੱਕ ਕਿਸੇ ਨਾਲ ਗੱਠਜੋੜ ਦੀ ਗੱਲ ਨਹੀਂ ਕੀਤੀ। ਚੌਟਾਲਿਆਂ ਨਾਲ ਪਾਣੀਆਂ ਦੇ ਮੁੱਦੇ ਉਤੇ ਅਕਾਲੀ ਦਲ ਦਾ ਵੱਖਰਾ ਰਾਗ ਸੀ। ਐਸ.ਵਾਈ.ਐਲ. ਦੇ ਮੁੱਦੇ ਤੋਂ ਬਾਅਦ ਇੰਡੀਅਨ ਨੈਸ਼ਨਲ ਲੋਕ ਦਲ ਨੇ ਅਕਾਲੀ ਦਲ ਨਾਲ ਆਪਣਾ ਗੱਠਜੋੜ ਤੋੜ ਦਿੱਤਾ ਸੀ। ਅਕਾਲੀ ਦਲ ਹਰਿਆਣਾ ਦੇ ਇੰਚਾਰਜ ਬਲਵਿੰਦਰ ਸਿੰਘ ਭੂੰਦੜ ਨੇ ਕਿਹਾ ਕਿ ਅਕਾਲੀ ਦਲ ਹਰਿਆਣਾ ਵਿਚ ਆਪਣੀ ਸਰਕਾਰ ਬਣਾਉਣ ਵਿਚ ਜ਼ਰੂਰ ਕਾਮਯਾਬ ਹੋਵੇਗਾ। ਸੁਖਬੀਰ ਬਾਦਲ ਨੇ ਰੈਲੀ ਦੇ ਇਕੱਠ ਨੂੰ ਦੇਖਦਿਆਂ ਕਿਹਾ ਕਿ ਜੇ ਪਹਿਲੀ ਰੈਲੀ ਉਤੇ ਇੰਨੇ ਲੋਕ ਅਕਾਲੀ ਦਲ ਦਾ ਸਮਰਥਨ ਕਰਨ ਪਹੁੰਚੇ ਨੇ ਤਾਂ ਹਰਿਆਣਾ ਵਿਚ ਅਕਾਲੀ ਦਲ ਦੀ ਜ਼ਰੂਰ ਜਿੱਤ ਹੋਏਗੀ।

# ਬੇਅਦਬੀ ਮਾਮਲਾ: ਡੇਰਾ ਸਿਰਸਾ ਦੀ ਸ਼ਮੂਲੀਅਤ ਸਾਹਮਣੇ ਆਈ

**ਚੰਡੀਗੜ੍ਹ:** ਪੰਜਾਬ ਵਿਚ ਵੱਖ-ਵੱਖ ਥਾਈਂ ਹੋਈਆਂ ਬੇਅਦਬੀ ਦੀਆਂ ਘਟਨਾਵਾਂ ਪਿੱਛੇ ਡੇਰਾ ਸਿਰਸਾ ਦੀ ਸ਼ਮੂਲੀਅਤ ਸਾਹਮਣੇ ਆਈ ਹੈ। ਇਸ ਗੱਲ ਦਾ ਖੁਲਾਸਾ ਪਹਿਲਾਂ ਬੇਅਦਬੀ ਮਾਮਲਿਆਂ ਦੀ ਪੜਤਾਲ ਲਈ ਬਣੀ ਵਿਸ਼ੇਸ਼ ਜਾਂਚ ਟੀਮ ਨੇ ਕੀਤਾ ਤੇ ਬਾਅਦ ਵਿਚ ਜਸਟਿਸ (ਸੇਵਾ ਮੁਕਤ) ਰਣਜੀਤ ਸਿੰਘ ਕਮਿਸ਼ਨ ਨੇ ਵੀ ਇਸ ਦੀ ਪੁਸ਼ਟੀ ਕਰ ਦਿੱਤੀ। ਇਸ ਗੱਲ ਨੂੰ ਸਾਹਮਣੇ ਆਉਣ ਵਿਚ ਇੰਨਾ ਸਮਾਂ ਲੱਗ ਗਿਆ, ਇਸ ਪਿੱਛੇ ਸਿਆਸਤ ਦੀ ਸ਼ਮੂਲੀਅਤ ਸਾਹਮਣੇ ਆਈ ਹੈ।

ਬਾਦਲ ਸਰਕਾਰ ਸਮੇਂ ਹੋਈਆਂ ਬੇਅਦਬੀ ਦੀਆਂ ਘਟਨਾਵਾਂ ਦੀ ਪੜਤਾਲ ਕਰਨ ਲਈ ਵਿਸ਼ੇਸ਼ ਜਾਂਚ ਟੀਮ ਬਣਾਈ ਗਈ, ਜਿਸ ਦੀ ਅਗਵਾਈ ਪੰਜਾਬ ਪੁਲਿਸ ਦੇ ਡਿਪਟੀ ਇੰਸਪੈਕਟਰ ਜਨਰਲ ਰਣਬੀਰ ਸਿੰਘ ਖਟੜਾ ਕਰ ਰਹੇ ਹਨ। ਖਟੜਾ ਨੇ ਕੇਸ ਦੀ ਪੈੜ ਨੱਪਦਿਆਂ ਡੇਰਾ ਪ੍ਰੇਮੀ ਮਹਿੰਦਰ ਪਾਲ ਸਿੰਘ ਬਿੱਟੂ ਤੇ ਡੇਰਾ ਮੁਖੀ ਦਾ ਨਿੱਜੀ ਸਹਾਇਕ ਰਾਕੇਸ਼ ਦਿੜ੍ਹਬਾ ਨੂੰ ਗ੍ਰਿਫਤਾਰ ਕੀਤਾ।

ਖਟੜਾ ਵੱਲੋਂ ਤਿਆਰ ਕੀਤੀ ਰਿਪੋਰਟ ਮੁਤਾਬਕ ਤਤਕਾਲੀ ਅਕਾਲੀ-ਭਾਜਪਾ ਸਰਕਾਰ ਵੱਲੋਂ ਆਪਣੇ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਦੀ ਫਿਲਮ 'ਐਮਐਸਜੀ-2' ਨੂੰ ਰਿਲੀਜ਼ ਨਾ ਹੋਣ ਦੇਣ ਕਾਰਨ ਡੇਰਾ ਪ੍ਰੇਮੀ ਭੜਕੇ ਹੋਏ ਸਨ। ਰਿਪੋਰਟ ਮੁਤਾਬਕ ਡੇਰੇ ਦੀ 45 ਮੈਂਬਰੀ ਕਮੇਟੀ ਦਾ ਹਿੱਸਾ, ਬਿੱਟੂ ਇਨ੍ਹਾਂ ਬੇਅਦਬੀ ਦੀਆਂ ਘਟਨਾਵਾਂ ਪਿੱਛੇ ਮੁੱਖ ਸਾਜ਼ਿਸ਼ਘਾੜਾ ਸੀ। ਇਸ ਦੇ ਨਾਲ ਹੀ ਇਹ ਵੀ ਤੱਥ ਸਾਹਮਣੇ ਆਏ ਕਿ ਡੇਰੇ ਦੇ ਤਿੰਨ ਸਿਖਰਲੇ ਅਹੁਦੇਦਾਰਾਂ ਨੇ ਡੇਰਾ ਮੁਖੀ ਦੀਆਂ ਪੰਜਾਬ ਵਿਚ ਗਤੀਵਿਧੀਆਂ ਦਾ ਵਿਰੋਧ ਕਰਨ ਬਦਲੇ ਸਿੱਖ ਲੀਡਰ ਤੇ ਮੁਤਵਾਜ਼ੀ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੂੰ ਕਤਲ ਕਰਨ ਦੀ ਯੋਜਨਾ ਵੀ ਬਣਾਈ ਸੀ। ਬਾਅਦ ਵਿਚ ਇਹ ਯੋਜਨਾ ਰੱਦ ਕਰ ਦਿੱਤੀ ਗਈ।

ਐਸ.ਆਈ.ਟੀ. ਮੁਖੀ ਖਟੜਾ ਨੇ ਦੱਸਿਆ ਕਿ ਫਰੀਦਕੋਟ ਦੇ ਪਿੰਡ ਬੁਰਜ ਢਿੱਲਵਾਂ, ਬਰਗਾੜੀ, ਬਠਿੰਡਾ ਦੇ ਪਿੰਡ ਗੁਰੂਸਰ ਤੇ ਮੋਗਾ ਦੇ ਪਿੰਡ ਮੱਲ੍ਹਕੇ ਵਿਚ ਵਾਪਰੀਆਂ ਬੇਅਦਬੀ ਦੀਆਂ ਘਟਨਾਵਾਂ ਨੂੰ ਜੋੜ ਕੇ ਵੇਖਿਆ ਤਾਂ ਸੁਰਾਗ ਮਿਲਦੇ ਗਏ ਤੇ ਉਹ ਡੇਰੇ ਦੀ ਇਸ ਸਾਜਿਸ਼ ਤੱਕ ਪਹੁੰਚ ਗਈ। ਜੇਕਰ ਦੇਖਿਆ ਜਾਵੇ ਤਾਂ ਸਰਕਾਰ ਬਦਲਣ ਤੋਂ ਬਾਅਦ ਜਾਂਚ ਵਿਚ ਕਾਫੀ ਤੇਜ਼ੀ ਆਈ। ਦਰਅਸਲ, ਡੀ.ਆਈ.ਜੀ. ਰਣਬੀਰ ਸਿੰਘ ਖਟੜਾ ਦੇ ਪੁੱਤਰ ਸਤਬੀਰ ਸਿੰਘ ਖਟੜਾ ਨੇ 2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਅਕਾਲੀ ਦਲ ਦੀ ਟਿਕਟ ਤੋਂ ਪਟਿਆਲਾ ਦਿਹਾਤੀ ਸੀਟ ਤੋਂ ਕਾਂਗਰਸ ਦੇ ਉਮੀਦਵਾਰ ਬ੍ਰਹਮ ਮਹਿੰਦਰਾ ਵਿਰੁੱਧ ਚੋਣ ਲਈ ਸੀ, ਪਰ ਹਾਰ ਗਿਆ ਸੀ। ਇਸ ਬਾਰੇ ਖਟੜਾ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਪੁੱਤਰ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਇਸੇ ਸੀਟ ਤੋਂ ਬਤੌਰ ਆਜ਼ਾਦ ਉਮੀਦਵਾਰ ਚੋਣ ਲੜ ਚੁੱਕਾ ਹੈ। ਉਨ੍ਹਾਂ ਕਿਹਾ ਕਿ ਉਹ ਐਨ.ਜੀ.ਓ. ਚਲਾਉਂਦਾ ਹੈ ਤੇ 37 ਸਾਲ ਦਾ ਹੋ ਚੁੱਕਾ ਹੈ ਤੇ ਦੋ ਬੱਚਿਆਂ ਦਾ ਬਾਪ ਹੈ। ਉਹ ਆਪਣੇ ਫੈਸਲੇ ਆਪ ਲੈਂਦਾ ਹੈ।

ਇਸ ਟਿਕਟ ਵਿਵਾਦ 'ਤੇ ਆਮ ਆਦਮੀ ਪਾਰਟੀ ਦੇ ਲੀਡਰ ਸੁਖਪਾਲ ਸਿੰਘ ਖਹਿਰਾ ਨੇ ਵੀ ਕਿਹਾ ਕਿ ਬੇਸ਼ੱਕ ਖਟੜਾ ਦੇ ਪੁੱਤਰ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ ਮਿਲੀ ਹੋਵੇ, ਪਰ ਬਤੌਰ ਐਸ.ਆਈ.ਟੀ. ਮੁਖੀ ਖਟੜਾ ਨੇ ਕੇਸ ਦੀ ਜਾਂਚ ਕਰ ਤੱਥ ਸਭ ਦੇ ਸਾਹਮਣੇ ਲਿਆਂਦੇ ਹਨ। ਐਸ.ਆਈ.ਟੀ. ਨੇ ਆਪਣੀ ਜਾਂਚ ਕਰਕੇ ਰਿਪੋਰਟ ਰਣਜੀਤ ਸਿੰਘ ਕਮਿਸ਼ਨ ਤੇ ਸੀ.ਬੀ.ਆਈ. ਨੂੰ ਸੌਂਪ ਦਿੱਤੀ ਹੈ। ਡੇਰਾ ਪ੍ਰੇਮੀ ਫਿਲਹਾਲ ਪੁਲਿਸ ਦੀ ਹਿਰਾਸਤ ਵਿਚ ਹਨ ਪਰ ਮਾਮਲੇ ਦੀ ਜਾਂਚ ਹੁਣ ਤੀਜੀ ਥਾਂ ਯਾਨੀ ਸੀ.ਬੀ.ਆਈ. ਹਵਾਲੇ ਕੀਤੇ ਜਾਣ ਦੀ ਤਿਆਰੀ ਹੋ ਚੁੱਕੀ ਹੈ ਤੇ ਨਿਆਂ ਮਿਲਣ ਵਿਚ ਹਾਲੇ ਸਮਾਂ ਲੱਗਣ ਵਾਲਾ ਹੈ।

## ਹੁਣ ਫੈਸਲਾ ਕੈਪਟਨ ਦੇ ਹੱਥ

**ਚੰਡੀਗੜ੍ਹ:** ਪੰਜਾਬ ਵਿਚ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਦੀ ਜਾਂਚ ਕਰ ਰਹੇ ਜਸਟਿਸ (ਸੇਵਾ ਮੁਕਤ) ਰਣਜੀਤ ਸਿੰਘ ਨੇ ਆਪਣੀ ਸੰਪੂਰਨ ਜਾਂਚ ਰਿਪੋਰਟ ਕੈਪਟਨ ਅਮਰਿੰਦਰ ਸਿੰਘ ਨੂੰ ਸੌਂਪ ਦਿੱਤੀ ਹੈ। ਮੁੱਖ ਮੰਤਰੀ ਨੇ ਰਿਪੋਰਟ ਆਪਣੇ ਅਧੀਨ ਹੀ ਆਉਂਦੇ ਗ੍ਰਹਿ ਵਿਭਾਗ ਨੂੰ ਅਗਲੇਰੀ ਕਾਰਵਾਈ ਲਈ ਭੇਜ ਦਿੱਤੀ ਹੈ। ਜਸਟਿਸ ਰਣਜੀਤ ਸਿੰਘ ਕਮਿਸ਼ਨ ਨੇ 30 ਅਗਸਤ, 2018 ਨੂੰ ਮਿਆਦ ਪੂਰੀ ਹੋਣ ਤੋਂ ਪਹਿਲਾਂ ਤੈਅ ਸਮੇਂ ਚਾਰ ਭਾਗਾਂ ਵਿਚ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਤੇ ਗੋਲੀਕਾਂਡਾਂ ਸਬੰਧੀ ਜਾਂਚ ਰਿਪੋਰਟ ਤਿਆਰ ਕਰ ਮੁੱਖ ਮੰਤਰੀ ਨੂੰ ਸੌਂਪ ਦਿੱਤੀ ਹੈ। ਰਣਜੀਤ ਸਿੰਘ ਨੇ ਬੀਤੀ 30 ਜੂਨ ਨੂੰ ਆਪਣੀ ਜਾਂਚ ਦਾ ਪਹਿਲਾ ਹਿੱਸਾ ਮੁੱਖ ਮੰਤਰੀ ਨੂੰ ਸੌਂਪ ਦਿੱਤਾ ਸੀ, ਜਿਸ ਤੋਂ ਬਾਅਦ ਮੁੱਖ ਮੰਤਰੀ ਨੇ ਬੇਅਦਬੀ ਮਾਮਲਿਆਂ ਦੀ ਜਾਂਚ ਸੀ.ਬੀ.ਆਈ. ਨੂੰ ਸੌਂਪਣ ਦੀ ਸਿਫਾਰਸ਼ ਕੀਤੀ ਸੀ।



**Punjab Times**

**Established in 2000**
**19th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**


# ਧਾਰਮਿਕ ਬੇਅਦਬੀ ਲਈ ਉਮਰ ਕੈਦ ਦੀ ਸਜ਼ਾ

**ਚੰਡੀਗੜ੍ਹ:** ਪੰਜਾਬ ਵਜ਼ਾਰਤ ਨੇ ਸਾਰੇ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਦੇ ਮਾਮਲਿਆਂ ਵਿਚ ਉਮਰ ਕੈਦ ਦੀ ਸਜ਼ਾ ਦੇਣ ਲਈ ਸੀ.ਆਰ.ਪੀ.ਸੀ. ਅਤੇ ਆਈ.ਪੀ.ਸੀ ਵਿਚ ਸੋਧਾਂ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਹ ਫੈਸਲਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਵਜ਼ਾਰਤ ਦੀ ਮੀਟਿੰਗ ਵਿਚ ਲਿਆ ਗਿਆ ਜਿਸ ਨੇ ਆਈ.ਪੀ.ਸੀ. ਵਿਚ ਧਾਰਾ 295-ਏ.ਏ. ਨੂੰ ਸ਼ਾਮਲ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ। ਹੁਣ ਜੇ ਕੋਈ ਸ੍ਰੀ ਗੁਰੂ ਗ੍ਰੰਥ ਸਾਹਿਬ, ਸ੍ਰੀਮਦ ਭਗਵਦ ਗੀਤਾ, ਕੁਰਾਨ ਅਤੇ ਬਾਈਬਲ ਦੀ ਬੇਅਦਬੀ ਜਾਂ ਨੁਕਸਾਨ ਕਰੇਗਾ, ਉਸ ਨੂੰ ਉਮਰ ਕੈਦ ਦੀ ਸਜ਼ਾ ਹੋਵੇਗੀ।

ਵਰਨਣਯੋਗ ਹੈ ਕਿ ਪਿਛਲੀ ਅਕਾਲੀ-ਭਾਜਪਾ ਸਰਕਾਰ ਨੇ ਸ੍ਰੀ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲਿਆਂ ਖਿਲਾਫ਼ ਬਿੱਲ ਪ੍ਰਵਾਨਗੀ ਲਈ ਕੇਂਦਰ ਸਰਕਾਰ ਨੂੰ ਭੇਜਿਆ ਸੀ ਪਰ ਕੇਂਦਰ ਸਰਕਾਰ ਨੇ ਸਿਰਫ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲਿਆਂ ਵਿਚ ਸਜ਼ਾ ਦੀ ਵਿਵਸਥਾ ਕੀਤੇ ਜਾਣ ਕਰ ਕੇ ਬਿੱਲ ਵਾਪਸ ਭੇਜ ਦਿੱਤਾ ਸੀ। ਵਜ਼ਾਰਤ ਨੇ ਐਸ.ਸੀ. ਮੁਲਾਜ਼ਮਾਂ ਨੂੰ ਤਰੱਕੀ ਵਿੱਚ ਗਰੁੱਪ-ਏ ਤੇ ਬੀ ਲਈ 14 ਫੀਸਦੀ ਅਤੇ ਗਰੁੱਪ-ਸੀ ਤੇ ਡੀ ਲਈ 20 ਫੀਸਦੀ ਰਾਖਵਾਂਕਰਨ ਬਹਾਲ ਕਰਨ ਵਾਸਤੇ ਬਿੱਲ ਵਿਧਾਨ ਸਭਾ ਵਿਚ ਪੇਸ਼ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਸ ਬਿੱਲ ਦੇ ਪਾਸ ਹੋਣ ਨਾਲ ਤਰੱਕੀਆਂ ਵਿੱਚ ਰਾਖਵਾਂਕਰਨ ਦਾ ਲਾਭ 20 ਫਰਵਰੀ, 2018 ਤੋਂ ਅਮਲ ਵਿਚ ਲਿਆਉਣ ਲਈ ਰਾਹ ਪੱਧਰਾ ਹੋ ਜਾਵੇਗਾ।

# ਨਹੀਂ ਰਹੇ ਅਟਲ ਬਿਹਾਰੀ ਵਾਜਪਾਈ

**ਨਵੀਂ ਦਿੱਲੀ:** ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨਹੀਂ ਰਹੇ। 93 ਵਰ੍ਹਿਆਂ ਦੀ ਉਮਰ ਵਿਚ ਉਹ ਦੇਸ਼ ਨੂੰ ਸਦਾ ਲਈ ਅਲਵਿਦਾ ਕਹਿ ਗਏ। ਉਨ੍ਹਾਂ ਦੀ ਸਿਹਤ ਅਚਾਨਕ ਕਾਫੀ ਢਿੱਲੀ ਹੋ ਗਈ ਸੀ ਤੇ ਉਨ੍ਹਾਂ



ਨੂੰ ਦਿੱਲੀ ਦੇ ਏਮਜ਼ ਵਿਚ ਦਾਖਲ ਕਰਵਾਇਆ ਗਿਆ ਸੀ ਜਿਥੇ ਉਨ੍ਹਾਂ ਆਖਰੀ ਸਾਹ ਲਿਆ।

ਸ੍ਰੀ ਵਾਜਪਾਈ ਨੂੰ ਦੇਸ਼ ਦੀ ਹਕੂਮਤੀ ਵਾਗਡੋਰ 1998 ਵਿਚ ਪ੍ਰਾਪਤ ਹੋਈ। 2004-05 ਵਿਚ ਖਰਾਬ ਸਿਹਤ ਕਾਰਨ ਜਨਤਕ ਜੀਵਨ ਤੋਂ ਪਾਸੇ ਹੋ ਜਾਣ ਤੱਕ ਉਹ ਦੇਸ਼ ਦੇ ਸਭ ਤੋਂ ਕੱਦਾਵਰ ਨੇਤਾ ਰਹੇ। ਪੰਜਾਹ ਵਰ੍ਹਿਆਂ ਦੇ ਰਾਜਸੀ ਜੀਵਨ ਦੌਰਾਨ ਉਨ੍ਹਾਂ ਉਪਰ ਭ੍ਰਿਸ਼ਟਾਚਾਰ, ਕੁਨਬਾਪਰਵਰੀ ਜਾਂ ਮੌਕਾਪ੍ਰਸਤੀ ਵਰਗਾ ਦੋਸ਼ ਕਦੇ ਵੀ ਨਹੀਂ ਲੱਗਿਆ। ਉਨ੍ਹਾਂ ਦੇ ਰਾਜਕਾਲ ਸਮੇਂ ਭਾਜਪਾ ਹੁਣ ਵਰਗੀ ਤਾਕਤਵਰ ਪਾਰਟੀ ਨਹੀਂ ਸੀ, ਪਰ ਵਾਜਪਾਈ ਨੇ ਕੌਮੀ ਜਮਹੂਰੀ ਗੱਠਜੋੜ (ਐਨ.ਡੀ.ਏ.) ਨੂੰ ਸਹੀ ਮਾਅਨਿਆਂ ਵਿਚ ਗੱਠਜੋੜ ਦਾ ਰੂਪ ਦੇ ਕੇ ਸ਼ਾਨ ਨਾਲ ਰਾਜ ਕੀਤਾ।

ਵਾਜਪਾਈ ਛੋਟੀ ਉਮਰ ਵਿਚ ਸੰਸਦ ਮੈਂਬਰ ਬਣ ਗਏ ਅਤੇ ਉਨ੍ਹਾਂ ਦਾ ਸੰਸਦ ਮੈਂਬਰ ਵਜੋਂ ਕਾਰਜਕਾਲ ਵੀ ਬਹੁਤ ਲੰਮਾ ਰਿਹਾ। ਉਨ੍ਹਾਂ ਦੀ ਭਾਸ਼ਨ ਕਲਾ ਨੇ ਪੰਡਿਤ ਜਵਾਹਰ ਲਾਲ ਨਹਿਰੂ ਨੂੰ ਖੂਬ ਪ੍ਰਭਾਵਿਤ ਕੀਤਾ। ਨਹਿਰੂ ਨੇ ਉਦੋਂ ਹੀ ਆਪਣੇ ਸਾਥੀਆਂ ਨੂੰ ਕਹਿ ਦਿੱਤਾ ਕਿ ਇਹ ਬੰਦਾ ਕਾਂਗਰਸ ਲਈ ਖਤਰਾ ਖੜ੍ਹਾ ਕਰ ਸਕਦਾ ਹੈ। ਇਸੇ ਲਈ 1962 ਦੀਆਂ ਲੋਕ ਸਭਾ ਚੋਣਾਂ ਵਿਚ ਵਾਜਪਾਈ ਨੂੰ ਹਰਾਉਣ ਲਈ ਕਾਂਗਰਸ ਦੇ ਇਕ ਧਨੰਤਰ ਨੇਤਾ ਨੂੰ ਉਨ੍ਹਾਂ ਦੇ ਮੁਕਾਬਲੇ ਲਈ ਉਤਾਰਿਆ। ਕਾਂਗਰਸ ਨੇ ਇਹੀ ਖੇਡ 1984 ਵਿਚ ਗਵਾਲੀਅਰ ਹਲਕੇ ਤੋਂ ਵਾਜਪਾਈ ਨੂੰ ਹਰਾਉਣ ਲਈ ਖੇਡੀ। ਵਾਜਪਾਈ ਚੋਣ ਹਾਰ ਗਏ ਪਰ ਇਕ ਕਾਬਲ ਨੇਤਾ ਵਜੋਂ ਉਨ੍ਹਾਂ ਦੀ ਆਭਾ ਵਿਚ ਕੋਈ ਚਿੱਬ ਨਹੀਂ ਪਿਆ।

# 18ਵੀਆਂ ਏਸ਼ੀਅਨ ਖੇਡਾਂ ਵਿਚ ਭਾਰਤ ਦੀ ਚੰਗੀ ਸ਼ੁਰੂਆਤ

**ਚੰਡੀਗੜ੍ਹ:** ਇੰਡੋਨੇਸ਼ੀਆ ਵਿਚ ਖੇਡੀਆਂ ਜਾ ਰਹੀਆਂ 18ਵੀਆਂ ਏਸ਼ੀਅਨ ਖੇਡਾਂ 'ਚ ਭਾਰਤ ਦੀ ਸ਼ੁਰੂਆਤ ਚੰਗੀ ਹੋਈ। ਭਾਰਤੀ ਮਹਿਲਾ ਰੈਸਲਰ ਵਿਨੇਸ਼ ਫੋਗਾਟ ਨੇ ਇਤਿਹਾਸ ਰਚਦਿਆਂ 50 ਕਿਲੋਗ੍ਰਾਮ ਫਰੀ ਸਟਾਇਲ 'ਚ ਸੋਨ ਤਮਗਾ ਆਪਣੇ ਨਾਂ ਕੀਤਾ। ਇਸ ਦੇ ਨਾਲ ਹੀ ਵਿਨੇਸ਼ ਏਸ਼ੀਅਨ ਖੇਡਾਂ ਵਿਚ ਰੈਸਲਿੰਗ 'ਚ ਸੋਨ ਤਮਗਾ ਜਿੱਤਣ ਵਾਲੀ ਪਹਿਲੀ ਮਹਿਲਾ ਖਿਡਾਰਨ ਬਣ ਗਈ ਹੈ। ਵਿਨੇਸ਼ ਨੇ 50 ਕਿਲੋਗ੍ਰਾਮ ਫਰੀ ਸਟਾਇਲ ਮੁਕਾਬਲੇ ਵਿਚ ਜਾਪਾਨ ਦੀ ਯੂਕੀ ਇਰੀ ਨੂੰ 6-2 ਨਾਲ ਮਾਤ ਦਿੱਤੀ। ਉਧਰ, 16 ਸਾਲਾਂ ਦੇ ਸੌਰਭ ਚੌਧਰੀ ਨੇ 10 ਮੀਟਰ ਏਅਰ ਪਿਸਟਲ ਮੁਕਾਬਲੇ ਵਿਚ ਸੋਨ ਤਮਗਾ ਹਾਸਲ ਕਰ ਲਿਆ ਅਤੇ ਅਭਿਸ਼ੇਕ ਵਰਮਾ ਨੂੰ ਇਸ ਈਵੈਂਟ ਵਿਚ ਕਾਂਸੀ ਦਾ ਤਮਗਾ ਮਿਲਿਆ। ਇਸੇ ਤਰ੍ਹਾਂ ਸੰਜੀਵ ਰਾਜਪੂਤ ਨੇ 50 ਮੀਟਰ ਰਾਈਫਲ ਮੁਕਾਬਲੇ ਵਿਚ ਚਾਂਦੀ ਦਾ ਤਮਗਾ ਫੁੰਡ ਲਿਆ। ਭਾਰਤੀ ਰੈਸਲਰ ਦਿਵਿਆ ਕਕਰਾਨ ਨੇ 68 ਕਿਲੋ ਭਾਰ ਵਰਗ ਵਿਚ ਕਾਂਸੀ ਦਾ ਤਮਗਾ ਹਾਸਲ ਕੀਤਾ।

ਪਿਛਲੀਆਂ ਏਸ਼ੀਅਨ ਖੇਡਾਂ 'ਚ ਕਾਂਸੀ ਦਾ ਤਮਗਾ ਜਿੱਤਣ ਵਾਲੀ ਵਿਨੇਸ਼ ਨੇ ਇਸ ਵਾਰ ਆਪਣੇ ਤਮਗੇ ਦਾ ਰੰਗ ਬਦਲ ਲਿਆ ਹੈ। ਭਾਰਤ ਦੀ ਵਿਨੇਸ਼ ਨੇ ਪਹਿਲੇ ਗੇੜ 'ਚ ਹੀ ਚਾਰ ਅੰਕ ਆਪਣੇ ਨਾਂ ਕੀਤੇ ਤੇ ਜਾਪਾਨੀ ਖਿਡਾਰਨ 'ਤੇ ਦਬਾਅ ਬਣਾ ਲਿਆ। ਵਿਨੇਸ਼ ਨੇ ਪਹਿਲੇ ਰਾਊਂਡ 'ਚ 4-0 ਦੀ ਬੜ੍ਹਤ ਹਾਸਲ ਕੀਤੀ। ਦੂਜੇ ਗੇੜ 'ਚ ਵਿਨੇਸ਼ ਨੇ ਸ਼ਾਨਦਾਰ ਡਿਫੈਂਸ ਨਾਲ ਆਪਣੀ ਬੜ੍ਹਤ ਨੂੰ ਕਾਇਮ ਰੱਖ ਕੇ ਸੋਨ ਤਮਗਾ ਆਪਣੇ ਨਾਂ ਕੀਤਾ। ਵਿਨੇਸ਼ ਦੇ ਗੋਲਡ ਨਾਲ ਏਸ਼ੀਅਨ ਖੇਡਾਂ 'ਚ ਮੰਗਲਵਾਰ ਤੱਕ ਭਾਰਤ ਦੇ ਤਮਗਿਆਂ ਦੀ ਗਿਣਤੀ 10 ਹੋ ਗਈ ਹੈ। ਇਨ੍ਹਾਂ 'ਚ ਤਿੰਨ ਗੋਲਡ, ਤਿੰਨ ਸਿਲਵਰ ਤੇ ਚਾਰ ਬ੍ਰਾਊਂਜ਼ ਤਮਗੇ ਸ਼ਾਮਲ ਹਨ।

# ਸਹੁਰਿਆਂ ਨੇ ਕੁੱਟ-ਕੁੱਟ ਜਵਾਈ ਮਾਰਿਆ

**ਫਾਜ਼ਿਲਕਾ:** ਪਿੰਡ ਜੋੜਕੀ ਕੰਕਰ ਵਾਲੀ ਪਿੰਡ ਵਿਚ ਸਹੁਰੇ ਪਰਿਵਾਰ ਨੇ ਕੁੱਟ-ਕੁੱਟ ਕੇ ਆਪਣੇ ਜਵਾਈ ਦੀ ਹੱਤਿਆ ਕਰ ਦਿੱਤੀ। ਮ੍ਰਿਤਕ ਦਿਲਬਾਗ ਸਿੰਘ ਪੱਟੀ ਦਾ ਰਹਿਣ ਵਾਲਾ ਸੀ ਤੇ ਪਿਛਲੇ 10 ਸਾਲ ਤੋਂ ਵਿਆਹਿਆ ਹੋਇਆ ਸੀ।

ਪਿਛਲੇ ਛੇ ਸਾਲ ਤੋਂ ਉਸ ਦੀ ਪਤਨੀ ਆਪਣੇ ਪੇਕੇ ਘਰ ਰਹਿ ਰਹੀ ਸੀ ਜਿਸ ਨੂੰ ਉਹ ਕਦੇ-ਕਦੇ ਮਿਲਣ ਲਈ ਆਉਂਦਾ ਸੀ। ਉਹ ਆਪਣੀ ਪਤਨੀ ਨੂੰ ਮਿਲਣ ਆਇਆ ਸੀ ਜਿਸ ਦੌਰਾਨ ਕਿਸੇ ਗੱਲ ਤੋਂ ਉਸ ਦੀ ਆਪਣੇ ਸਹੁਰੇ ਪਰਿਵਾਰ ਨਾਲ ਤਕਰਾਰ ਹੋ ਗਈ। ਗੱਲ ਵਧਣ 'ਤੇ ਲੜਾਈ-ਝਗੜੇ 'ਚ ਉਸ ਦੇ ਸਿਰ ਉਤੇ ਸੱਟ ਲੱਗਣ ਨਾਲ ਦਿਲਬਾਗ ਸਿੰਘ ਦੀ ਮੌਤ ਹੋ ਗਈ।

# ਬੇਅਦਬੀ ਕੇਸ ਫਿਰ ਲੀਹੋਂ ਲਹਿਣ ਲੱਗਾ

*(ਸਫਾ ਇਕ ਦੀ ਬਾਕੀ)*

ਬਹਾਲ ਕੀਤੇ ਜਾਣ ਕਰ ਕੇ ਹੋ ਸਕਦਾ ਹੈ ਕਿ ਹਿੰਮਤ ਸਿੰਘ ਨੇ ਬਿਆਨ ਬਦਲ ਲਿਆ।

ਦੱਸ ਦਈਏ ਕਿ ਇਸੇ ਬਿਆਨ ਵਿਚ ਹਿੰਮਤ ਸਿੰਘ ਨੇ ਕਮਿਸ਼ਨ ਸਾਹਮਣੇ ਇਹ ਖੁਲਾਸੇ ਕੀਤੇ ਸਨ ਕਿ ਸਿਰਸਾ ਡੇਰੇ ਦੇ ਮੁਖੀ ਦੀ ਤਨਖਾਹ ਮੁਆਫ ਕਰਵਾਉਣ ਲਈ ਸਿਆਸੀ ਦਬਾਅ ਹੇਠ ਫੈਸਲਾ ਕੀਤਾ ਗਿਆ ਅਤੇ ਗਿਆਨੀ ਗੁਰਬਚਨ ਸਿੰਘ ਤੇ ਉਸ ਦੇ ਭਰਾ ਗੁਰਮੁਖ ਸਿੰਘ ਨੂੰ ਚੰਡੀਗੜ੍ਹ ਮੁੱਖ ਮੰਤਰੀ ਨਿਵਾਸ 'ਤੇ ਸੱਦ ਕੇ ਦਬਾਅ ਪਾਇਆ ਗਿਆ। ਇਸੇ ਬਿਆਨ ਵਿਚ ਉਸ ਨੇ ਡੇਰਾ ਮੁਖੀ ਦੀ ਫਿਲਮ ਸਬੰਧੀ ਵੀ ਇਤਰਾਜ਼ ਖਤਮ ਕਰਾਉਣ ਲਈ ਫਿਲਮ ਅਦਾਕਾਰ ਅਕਸ਼ੈ ਕੁਮਾਰ ਦੇ ਮੁੰਬਈ ਸਥਿਤ ਨਿਵਾਸ ਅਸਥਾਨ 'ਤੇ ਮੀਟਿੰਗ ਦਾ ਜ਼ਿਕਰ ਕੀਤਾ ਸੀ। ਹੁਣ ਹਿੰਮਤ ਸਿੰਘ ਆਖ ਰਿਹਾ ਹੈ ਕਿ ਸਿੰਘ ਸਾਹਿਬਾਨ ਦੀ ਮੀਟਿੰਗ ਵਿਚ ਪੰਜ ਸਿੰਘ ਸਾਹਿਬਾਨ ਤੋਂ ਇਲਾਵਾ ਅੰਦਰ ਹੋਰ ਕੋਈ ਜਾ ਹੀ ਨਹੀਂ ਸਕਦਾ, ਇਸ ਲਈ ਉਸ ਨੂੰ ਮੀਟਿੰਗ ਸਬੰਧੀ ਕਿਸੇ ਤਰ੍ਹਾਂ ਦੀ ਜਾਣਕਾਰੀ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਉਸ ਨੇ ਕਮਿਸ਼ਨ ਸਾਹਮਣੇ ਜੋ ਵੀ ਬਿਆਨ ਦਿੱਤਾ, ਉਹ ਦਬਾਅ ਹੇਠ ਦਿੱਤਾ ਅਤੇ ਉਸ ਨੂੰ ਉਕਤ ਬਿਆਨ ਪੜ੍ਹਨ ਦਾ ਵੀ ਮੌਕਾ ਤੱਕ ਨਹੀਂ ਦਿੱਤਾ ਗਿਆ, ਪਰ ਦਿਲਚਸਪ ਗੱਲ ਇਹ ਹੈ ਕਿ ਆਪਣੇ ਬਿਆਨ ਵਿਚ ਜੋ ਗੱਲਾਂ ਹਿੰਮਤ ਸਿੰਘ ਵੱਲੋਂ ਕੀਤੀਆਂ ਗਈਆਂ ਸਨ, ਤਕਰੀਬਨ ਉਹ ਗੱਲਾਂ ਤੇ ਦੂਸ਼ਣਬਾਜ਼ੀ ਉਸ ਦੇ ਵੱਡੇ ਭਰਾ ਗਿਆਨੀ ਗੁਰਮੁਖ ਸਿੰਘ ਵੱਲੋਂ ਵੀ ਟੀ.ਵੀ. ਚੈਨਲਾਂ ਕੋਲ ਕੁਝ ਸਮਾਂ ਪਹਿਲਾਂ ਕੀਤੀਆਂ ਗਈਆਂ ਸਨ ਜੋ ਰਿਕਾਰਡ ਦਾ ਹਿੱਸਾ ਹਨ। ਹਿੰਮਤ ਸਿੰਘ ਸ੍ਰੀ ਦਰਬਾਰ ਸਾਹਿਬ ਵਿਚ ਗ੍ਰੰਥੀ ਵਜੋਂ ਕੰਮ ਕਰਦੀ ਸੀ ਪਰ 2 ਅਕਤੂਬਰ 2017 ਨੂੰ ਉਸ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ।

# 'ਆਪ' ਦੇ ਬਾਗੀਆਂ ਨੇ ਤੀਜੇ ਬਦਲ ਵੱਲ ਵਧਾਏ ਕਦਮ

*(ਸਫਾ ਇਕ ਦੀ ਬਾਕੀ)*

ਪ੍ਰਧਾਨ ਬਣਾਉਣ ਦਾ ਐਲਾਨ ਕੀਤਾ। ਇਸ ਮੌਕੇ ਖਹਿਰਾ ਨੇ ਕਿਹਾ ਕਿ ਉਹ ਜ਼ਿਲ੍ਹਿਆਂ ਦੀਆਂ ਕਨਵੈਨਸ਼ਨਾਂ ਵਿਚੋਂ ਪ੍ਰਵਾਨਗੀ ਲੈ ਕੇ ਇਹ ਅਹੁਦਾ ਸਾਂਭਣਗੇ। ਦੱਸਣਯੋਗ ਹੈ ਕਿ ਇਸ ਤੋਂ ਇਕ ਦਿਨ ਪਹਿਲਾਂ ਪੰਜਾਬ ਆਏ ਅਰਵਿੰਦ ਕੇਜਰੀਵਾਲ ਨੇ ਬਾਗੀ ਧਿਰ ਨਾਲ ਗੱਲਬਾਤ ਕਰਨ ਲਈ ਕੁਝ ਵਿਧਾਇਕਾਂ ਦੀ ਜ਼ਿੰਮੇਵਾਰੀ ਲਾਈ ਸੀ ਅਤੇ ਲੋੜ ਪੈਣ 'ਤੇ ਖੁਦ ਵੀ ਸ੍ਰੀ ਖਹਿਰਾ ਨੂੰ ਮਿਲਣ ਦੀ ਹਾਮੀ ਭਰੀ ਸੀ।

ਸ੍ਰੀ ਕੇਜਰੀਵਾਲ ਦੀ ਇਸ ਪਹਿਲਕਦਮੀ ਦਾ ਹੁੰਗਾਰਾ ਭਰਨ ਦੀ ਥਾਂ ਬਾਗੀ ਧੜੇ ਵੱਲੋਂ ਆਪਣਾ ਵੱਖਰਾ ਪ੍ਰਧਾਨ ਨਿਯੁਕਤ ਕਰਨ ਤੋਂ ਸੰਕੇਤ ਮਿਲੇ ਹਨ ਕਿ ਖਹਿਰਾ ਧੜਾ ਹੁਣ ਪਾਰਟੀ ਨਾਲ ਸਮਝੌਤਾ ਕਰਨ ਦੇ ਰੌਂਅ ਵਿਚ ਨਹੀਂ ਹੈ ਅਤੇ ਵੱਖਰੇ ਤੀਜੇ ਸਿਆਸੀ ਬਦਲ ਲਈ ਢਾਂਚਾ ਤਿਆਰ ਕਰਨ ਦੀ ਤਾਕ ਵਿਚ ਹੈ। ਖਹਿਰਾ ਦਾ ਵੀ ਕਹਿਣਾ ਹੈ ਕਿ ਪੰਜਾਬ ਦੇ ਲੋਕ ਤੀਜੇ ਬਦਲ ਦੀ ਭਾਲ ਵਿਚ ਹਨ ਅਤੇ ਉਹ ਜਲਦ ਹੀ ਤੀਸਰੀ ਧਿਰ ਉਸਾਰ ਕੇ ਲੋਕਾਂ ਨੂੰ ਕਾਂਗਰਸ ਤੇ ਅਕਾਲੀ ਦਲ ਤੋਂ ਨਿਜਾਤ ਦਿਵਾਉਣਗੇ। ਖਹਿਰਾ ਧੜਾ ਐਡਵੋਕੇਟ ਹਰਪਾਲ ਸਿੰਘ ਚੀਮਾ ਨੂੰ ਵਿਰੋਧੀ ਧਿਰ ਦਾ ਆਗੂ ਨਿਯੁਕਤ ਕਰਨ ਦੇ ਫੈਸਲੇ ਨੂੰ ਰੱਦ ਕਰ ਚੁਕਾ ਹੈ।

# ਮਨਮੋਹਨ ਸਰਕਾਰ ਵੇਲੇ ਅਰਥ ਵਿਵਸਥਾ ਨੇ ਫੜ੍ਹੀ ਸੀ ਰਫਤਾਰ

**ਨਵੀਂ ਦਿੱਲੀ:** ਸਰਕਾਰੀ ਡਾਟੇ ਮੁਤਾਬਕ 2006-07 ਦੌਰਾਨ ਤਤਕਾਲੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਅਗਵਾਈ ਹੇਠ ਭਾਰਤੀ ਅਰਥਵਿਵਸਥਾ 'ਚ 10.08 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ ਸੀ, ਜੋ ਕਿ 1991 ਵਿਚ ਅਰਥਚਾਰੇ ਦੇ ਉਦਾਰੀਕਰਨ ਤੋਂ ਬਾਅਦ ਸਭ ਤੋਂ ਵੱਧ ਸੀ।

ਆਜ਼ਾਦੀ ਤੋਂ ਬਾਅਦ ਸਭ ਤੋਂ ਜ਼ਿਆਦਾ ਵਾਧਾ 1988-89 'ਚ 10.2 ਫੀਸਦੀ ਦਰਜ ਕੀਤੀ ਗਈ ਜਦੋਂ ਰਾਜੀਵ ਗਾਂਧੀ ਪ੍ਰਧਾਨ ਮੰਤਰੀ ਸਨ। ਰਾਸ਼ਟਰੀ ਅੰਕੜੇ ਕਮਿਸ਼ਨ ਵੱਲੋਂ ਰੀਅਲ ਸੈਕਟਰ ਅੰਕੜਿਆਂ 'ਤੇ ਗਠਿਤ ਕੀਤੀ ਕਮੇਟੀ ਵੱਲੋਂ ਜੀ.ਡੀ.ਪੀ. ਦਾ ਪੁਰਾਣਾ ਡਾਟਾ ਤਿਆਰ ਕੀਤਾ ਗਿਆ ਹੈ। ਇਹ ਰਿਪੋਰਟ ਵੈੱਬਸਾਈਟ ਸਬੰਧਤ ਮੰਤਰਾਲੇ 'ਤੇ ਜਾਰੀ ਕੀਤੀ ਗਈ ਹੈ। ਰਿਪੋਰਟ 'ਚ 2004-05 ਅਤੇ 2011-12 ਦੇ ਵਾਧੇ ਦੀ ਤੁਲਨਾ ਵੀ ਕੀਤੀ ਗਈ ਹੈ।

# ਮੀਡੀਆ ਨੇ ਦਿਖਾਈ ਟਰੰਪ ਨੂੰ ਤਾਕਤ

**ਨਿਊ ਯਾਰਕ:** ਅਮਰੀਕੀ ਅਖ਼ਬਾਰਾਂ ਨੇ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਉਨ੍ਹਾਂ ਦੀਆਂ ਖ਼ਬਰਾਂ ਨੂੰ ਫਰਜ਼ੀ ਤੇ ਪੱਤਰਕਾਰਾਂ ਨੂੰ ਜਨਤਾ ਦਾ ਦੁਸ਼ਮਣ ਦੱਸੇ ਜਾਣ ਖਿਲਾਫ ਸੰਪਾਦਕੀ ਲਿਖਣ ਦਾ ਫੈਸਲਾ ਕੀਤਾ ਹੈ।

ਬੋਸਟਨ ਗਲੋਬ ਨੇ ਦੇਸ਼ ਦੀਆਂ ਅਖ਼ਬਾਰਾਂ ਨੂੰ ਪ੍ਰੈਸ ਲਈ ਖੜ੍ਹਾ ਹੋਣ ਤੇ ਇਸ ਸਬੰਧੀ ਸੰਪਾਦਕੀ ਪ੍ਰਕਾਸ਼ਿਤ ਕਰਨ ਲਈ ਕਿਹਾ ਸੀ। ਇਸ ਤੋਂ ਬਾਅਦ ਨਿਊ ਯਾਰਕ ਟਾਈਮਜ਼ ਤੇ ਕੁਝ ਛੋਟੇ ਅਖ਼ਬਾਰ ਵੀ ਅੱਗੇ ਆਏ। ਇਨ੍ਹਾਂ 'ਚ ਕਈ ਸੰਪਾਦਕੀ ਆਨਲਾਈਨ ਦਿਸਣੇ ਸ਼ੁਰੂ ਹੋ ਗਏ ਸਨ।

ਗਲੋਬ ਨੇ ਓਪੇਡ ਸੰਪਾਦਕ ਮਾਜੋਰੀ ਪ੍ਰਿਚਰਡ ਮੁਤਾਬਕ ਕਰੀਬ 350 ਅਖ਼ਬਾਰ ਸੰਗਠਨਾਂ ਨੇ ਇਸ 'ਚ ਸ਼ਾਮਲ ਹੋਣ ਦੀ ਗੱਲ ਕਹੀ ਹੈ। ਸ਼ਿਕਾਗੋ ਸਨ ਟਾਈਮਜ਼ ਨੇ ਦੱਸਿਆ ਕਿ ਇਹ ਮੰਨਿਆ ਜਾ ਰਿਹਾ ਹੈ ਕਿ ਜ਼ਿਆਦਾਤਰ ਅਮਰੀਕੀ ਜਾਣਦੇ ਹਨ ਕਿ ਟਰੰਪ ਬੇਤੁਕੀ ਗੱਲ ਕਰ ਰਹੇ ਹਨ। ਕੁਝ ਅਖ਼ਬਾਰਾਂ ਨੇ ਆਪਣੇ ਮਾਮਲੇ ਨੂੰ ਦੱਸਣ ਲਈ ਇਤਿਹਾਸ ਤੋਂ ਮਿਲੇ ਸਬਕ ਦੀ ਵਰਤੋਂ ਕੀਤੀ ਹੈ। ਅਜਿਹੇ ਅਖ਼ਬਾਰਾਂ 'ਚ ਐਲਿਜ਼ਾਬੇਥ ਟਾਊਨ ਪੈਨ ਤੋਂ ਪ੍ਰਕਾਸ਼ਿਤ ਹੋਣ ਵਾਲਾ ਐਲਿਜ਼ਾਬੇਥ ਐਡਵੋਕੇਟ ਸ਼ਾਮਲ ਹੈ। ਨਿਊ ਯਾਰਕ ਟਾਈਮਜ਼ ਨੇ ਵੀ ਇਸ 'ਤੇ ਟਿੱਪਣੀ ਕੀਤੀ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ

# ਕੇਰਲਾ ਹੜ੍ਹ: ਲੋਕਾਂ ਵੱਲੋਂ ਜ਼ਿੰਦਾ ਰਹਿਣ ਲਈ ਜੱਦੋਜਹਿਦ

**ਤਿਰੁਵਨੰਤਪੁਰਮ:** ਕੇਰਲਾ ਵਿਚ ਹੜ੍ਹ ਮਾਰੇ ਖੇਤਰਾਂ ਵਿਚ ਘਿਰੇ ਲੋਕ ਜ਼ਿੰਦਾ ਰਹਿਣ ਲਈ ਜੱਦੋ ਜਹਿਦ ਕਰ ਰਹੇ ਹਨ। ਰਾਜ ਵਿਚ ਮੀਂਹ ਤੇ ਹੜ੍ਹਾਂ ਦੀ ਤਬਾਹੀ ਕਾਰਨ ਹੁਣ ਤੱਕ ਮਰਨ ਵਾਲਿਆਂ ਦੀ ਗਿਣਤੀ ਵਧ ਕੇ 410 ਹੋ ਗਈ ਹੈ। ਮਾਨਸੂਨ ਦੇ ਦੂਜੇ ਗੇੜ ਤਹਿਤ ਪਿਛਲੇ ਦਸ ਦਿਨਾਂ ਦੌਰਾਨ ਮੌਤਾਂ ਦੀ ਗਿਣਤੀ ਵਧ ਕੇ 200 ਹੋ ਗਈ ਹੈ। ਅਲਾਪੁਜ਼ਾ, ਤ੍ਰਿਸੁਰ ਅਤੇ ਅਰਨਾਕੁਲਮ ਜ਼ਿਲ੍ਹਿਆਂ ਵਿਚ ਬਹੁਤ ਸਾਰੀਆਂ ਥਾਵਾਂ ਉਤੇ ਹੜ੍ਹ ਦਾ ਪਾਣੀ ਫੈਲਿਆ ਹੋਇਆ ਹੈ ਤੇ ਲੋਕ ਆਪੋ ਆਪਣੇ ਘਰਾਂ ਵਿਚ ਘਿਰੇ ਹੋਏ ਹਨ। ਸਭ ਤੋਂ ਵੱਧ ਮੌਤਾਂ ਇਡੁਕੀ ਜ਼ਿਲ੍ਹੇ ਵਿਚ ਹੋਈਆਂ ਹਨ ਜਿਥੇ ਸਰਕਾਰੀ ਅੰਕੜਿਆਂ ਅਨੁਸਾਰ ਹੁਣ ਤੱਕ 43 ਮੌਤਾਂ ਹੋ ਚੁੱਕੀਆਂ ਹਨ।

ਮਾਲਾਪੁਰਮ ਵਿਚ 28 ਤੇ ਤ੍ਰਿਸੁਰ ਵਿਚ 27 ਮੌਤਾਂ ਹੋਈਆਂ ਹਨ। ਮਾਲੀਆ ਅਫਸਰਾਂ ਮੁਤਾਬਕ ਅਲਾਪੁੜਾ ਜ਼ਿਲ੍ਹੇ ਦੇ ਚੇਂਗਨੂਰ ਵਿਚ ਕਰੀਬ ਪੰਜ ਹਜ਼ਾਰ ਲੋਕ ਪਾਣੀ ਵਿਚ ਘਿਰੇ ਹੋਏ ਹਨ। ਰਾਜ ਭਰ ਵਿਚ ਛੇ ਲੱਖ ਤੋਂ ਜ਼ਿਆਦਾ ਲੋਕ ਰਾਹਤ ਕੈਂਪਾਂ ਵਿਚ ਰਹਿ ਰਹੇ ਹਨ। ਪਤਨਾਮਟਿੱਟਾ ਜ਼ਿਲ੍ਹੇ ਵਿਚ ਰਾਣੀ ਵਿਚਲੇ ਰਾਹਤ ਕੈਂਪ ਵਿਚ ਰਹਿ ਰਹੀ ਇਕ ਔਰਤ ਨੇ ਦੱਸਿਆ "ਇਹ ਸਾਡਾ ਦੂਜਾ ਜਨਮ ਹੋਇਆ ਹੈ। ਸਾਨੂੰ ਚਾਰ ਦਿਨ ਖਾਣ ਲਈ ਕੁਝ ਨਹੀਂ ਮਿਲਿਆ ਤੇ ਸਾਡੇ ਚਾਰੇ ਪਾਸੇ ਠੋਡੀ ਤੱਕ ਪਾਣੀ ਹੀ ਪਾਣੀ ਸੀ।" ਥਲ ਸੈਨਾ, ਨੇਵੀ, ਹਵਾਈ ਸੈਨਾ, ਕੋਸਟ ਗਾਰਡ ਅਤੇ ਐਨ.ਡੀ.ਆਰ.ਐਫ. ਦੇ ਕਰਮੀ ਤੇ ਸੈਂਕੜੇ ਮਛੇਰੇ ਤੇ ਮੁਕਾਮੀ ਲੋਕ ਬਚਾਅ ਤੇ ਰਾਹਤ ਕਾਰਜਾਂ ਵਿਚ ਲੱਗੇ ਹੋਏ ਹਨ।

ਦੱਸ ਦੇਈਏ ਕਿ ਬੀਤੀ 29 ਮਈ ਨੂੰ ਕੇਰਲ 'ਚ ਹੜ੍ਹਾਂ ਦੀ ਸ਼ੁਰੂਆਤ ਹੋਈ ਸੀ। ਦੱਸਿਆ ਜਾ ਰਿਹਾ ਹੈ ਕਿ ਕੇਰਲ 'ਚ ਹੁਣ ਤੱਕ ਹੜ੍ਹਾਂ ਕਾਰਨ 19,500 ਕਰੋੜ ਰੁਪਏ ਦਾ ਨੁਕਸਾਨ ਹੋਣ ਦਾ ਅੰਦਾਜ਼ਾ ਹੈ। ਅਜਿਹੇ 'ਚ ਕੇਂਦਰ ਸਰਕਾਰ ਵੱਲੋਂ ਦਿੱਤੀ ਗਈ 500 ਕਰੋੜ ਰੁਪਏ ਦੀ ਰਕਮ ਬਹੁਤ ਘੱਟ ਦੱਸੀ ਜਾ ਰਹੀ ਹੈ। ਲੋਕਾਂ ਨੂੰ ਜ਼ਰੂਰਤਾਂ ਦਾ ਸਾਮਾਨ ਨਹੀਂ ਮਿਲ ਰਿਹਾ ਹਾਲਾਂਕਿ ਸਰਕਾਰ ਲਗਾਤਾਰ ਪਹੁੰਚਾਉਣ ਦੀ ਕੋਸ਼ਿਸ਼ 'ਚ ਹੈ। ਰਾਸ਼ਟਰੀ ਸੰਕਟ ਪ੍ਰਬੰਧਨ ਸਮਿਤੀ ਨੇ ਆਪਣੀ ਸਮੀਖਿਆ ਬੈਠਕ 'ਚ ਨਿਰਦੇਸ਼ ਦਿੱਤੇ ਕਿ ਹੁਣ ਹੜ੍ਹਾਂ ਦਾ ਪਾਣੀ ਘਟ ਹੋ ਰਿਹਾ ਹੈ ਤੇ ਅਜਿਹੇ 'ਚ ਖਾਧ ਪਦਾਰਥਾਂ, ਪਾਣੀ, ਦਵਾਈਆਂ ਦੀ ਪੂਰਤੀ 'ਤੇ ਖਾਸ ਧਿਆਨ ਹੋਣਾ ਚਾਹੀਦਾ ਹੈ। ਇਸ ਤੋਂ ਇਲਾਵਾ ਬਿਜਲੀ, ਈਧਨ, ਦੂਰਸੰਚਾਰ ਤੇ ਆਵਾਜਾਈ ਦੀ ਬਹਾਲੀ ਦੇ ਯਤਨ ਕਰਨੇ ਚਾਹੀਦੇ ਹਨ।

ਲੋਕਾਂ ਨੂੰ ਸੁਰੱਖਿਅਤ ਕੱਢਣ ਲਈ ਮਛੇਰੇ ਵੱਡੀ ਭੂਮਿਕਾ ਨਿਭਾਅ ਰਹੇ ਹਨ। ਲਗਭਗ 600 ਮਛੇਰੇ ਕਿਸ਼ਤੀਆਂ ਜ਼ਰੀਏ ਲੋਕਾਂ ਨੂੰ ਬਚਾਉਣ ਦਾ ਕੰਮ ਕਰ ਰਹੇ ਹਨ। ਅਲਾਪੁੱਜ਼ਾ 'ਚ ਬਚਾਅ ਕਾਰਜ 'ਚ ਮਦਦ ਲਈ ਆਏ ਮਛੇਰਿਆਂ ਦੇ ਇਕ ਸਮੂਹ ਦਾ ਕਹਿਣਾ ਹੈ ਕਿ ਅਸੀਂ ਕਈ ਲੋਕਾਂ ਨੂੰ ਬਚਾਇਆ ਪਰ ਹੁਣ ਜਿੱਥੋਂ ਅਸੀਂ ਆਪਣੀ ਕਿਸ਼ਤੀ 'ਤੇ ਆਏ ਸੀ ਉਥੇ ਪਹੁੰਚਾਉਣ ਵਿਚ ਸਾਡੀ ਮਦਦ ਕਰਨ ਵਾਲਾ ਕੋਈ ਵੀ ਨਹੀਂ। ਉਨ੍ਹਾਂ ਕਿਹਾ ਕਿ ਅਸੀਂ ਬਚਾਅ ਕਾਰਜ ਲਈ ਆਪਣੀ ਜ਼ਿੰਦਗੀ ਖਤਰੇ 'ਚ ਪਾ ਦਿੱਤੀ ਪਰ ਸਾਡੀ ਮਦਦ ਲਈ ਕੋਈ ਨਹੀਂ ਹੈ।



## 7 ਲੱਖ ਤੋਂ ਵੱਧ ਲੋਕ ਹੋਏ ਬੇਘਰ

ਹੜ੍ਹਾਂ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਕੇਰਲਾ ਸੂਬੇ ਵਿਚ 7 ਲੱਖ ਤੋਂ ਵੱਧ ਲੋਕ ਬੇਘਰ ਹੋ ਗਏ ਹਨ। ਹੁਣ ਤੱਕ 400 ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ। ਲੋਕਾਂ ਨੂੰ 5,645 ਰਾਹਤ ਕੈਂਪਾਂ 'ਚ ਰੱਖਿਆ ਗਿਆ ਹੈ।

ਰਾਹਤ ਬਲ ਵੱਲੋਂ ਹੁਣ ਤੱਕ ਕੇਰਲ 'ਚ ਹੜ੍ਹਾਂ ਤੇ ਭਾਰੀ ਮੀਂਹ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਇਲਾਕਿਆਂ 'ਚੋਂ 15,000 ਤੋਂ ਵੱਧ ਲੋਕਾਂ ਨੂੰ ਬਚਾਇਆ ਜਾ ਚੁੱਕਾ ਹੈ। ਐਨ.ਡੀ.ਆਰ.ਐਫ. ਦੇ ਬੁਲਾਰੇ ਨੇ ਦੱਸਿਆ ਕਿ ਸਦੀ ਦੇ ਸਭ ਤੋਂ ਭਿਆਨਕ ਹੜ੍ਹਾਂ ਦਾ ਸਾਹਮਣਾ ਕਰ ਰਹੇ ਸੂਬੇ 'ਚ ਉਨ੍ਹਾਂ ਦੀਆਂ 58 ਟੀਮਾਂ ਸਰਗਰਮ ਹਨ ਤੇ 3,197 ਲੋਕਾਂ ਨੂੰ ਮੈਡੀਕਲ ਮਦਦ ਮੁਹੱਈਆ ਕਰਵਾਈ ਗਈ ਹੈ।

## ਕੁਦਰਤੀ ਕਹਿਰ ਤੋਂ ਬਚ ਜਾਂਦਾ ਕੇਰਲਾ...

ਕੇਰਲ 'ਚ ਆਏ ਹੜ੍ਹਾਂ ਦੀ ਭਵਿੱਖਬਾਣੀ ਪਿਛਲੇ ਸਾਲ ਜਾਰੀ ਕੈਗ ਰਿਪੋਰਟ 'ਚ ਕੀਤੀ ਗਈ ਸੀ। ਜੇਕਰ ਇਸ ਰਿਪੋਰਟ ਨੂੰ ਗੰਭੀਰਤਾ ਨਾਲ ਲਿਆ ਗਿਆ ਹੁੰਦਾ ਤਾਂ ਹੜ੍ਹਾਂ ਨਾਲ ਹੋਏ ਨੁਕਸਾਨ ਨੂੰ ਕਾਫੀ ਹੱਦ ਤੱਕ ਘਟਾਇਆ ਜਾ ਸਕਦਾ ਸੀ। ਵਾਤਾਵਰਣ ਮਾਹਿਰ ਵਿਕਰਾਂਤ ਤੋਂਗੜ ਦਾ ਕਹਿਣਾ ਹੈ ਕਿ ਦੇਸ਼ 'ਚ ਹੜ੍ਹ ਪ੍ਰਬੰਧਨ ਦਾ ਬੁਰਾ ਹਾਲ ਹੈ। ਹੜ੍ਹਾਂ ਨਾਲ ਜ਼ਿਆਦਾ ਨੁਕਸਾਨ ਹੋਵੇਗਾ ਤਾਂ ਸੁਭਾਵਕ ਹੈ ਰਾਹਤ ਤੇ ਪੁਨਰਵਾਸ ਲਈ ਜ਼ਿਆਦਾ ਮੁਆਵਜ਼ਾ ਵੰਡਿਆ ਜਾਵੇਗਾ। ਉਨ੍ਹਾਂ ਕਿਹਾ ਕਿ ਰਾਹਤ ਤੇ ਪੁਨਰਵਾਸ ਮੁਆਵਜ਼ੇ ਨੂੰ ਲੈ ਕੇ ਅਧਿਕਾਰੀਆਂ ਦੀਆਂ ਧਾਂਦਲੀਆਂ ਅਜਿਹੇ ਹਾਲਾਤ ਨੂੰ ਜਿਉਂ ਦਾ ਤਿਉਂ ਬਣਾਈ ਰੱਖਣ 'ਚ ਲੱਗੀਆਂ ਰਹਿੰਦੀਆਂ ਹਨ। ਹੜ੍ਹਾਂ ਲਈ ਕੋਈ ਇਕ ਕਾਰਨ ਜ਼ਿੰਮੇਵਾਰ ਨਹੀਂ। ਉਨ੍ਹਾਂ ਕਿਹਾ ਕਿ ਹੜ੍ਹਾਂ 'ਚ ਜਲਵਾਯੂ ਪਰਿਵਰਤਨ ਵੱਡਾ ਕਾਰਨ ਹੈ। ਹੜ੍ਹਾਂ ਨੂੰ ਰੋਕਿਆ ਤਾਂ ਭਾਵੇਂ ਨਹੀਂ ਜਾ ਸਕਦਾ ਪਰ ਇਸ ਤੋਂ ਹੋਣ ਵਾਲੇ ਨੁਕਸਾਨ ਨੂੰ ਬਹੁਤ ਹੱਦ ਤੱਕ ਘਟਾਇਆ ਜਾ ਸਕਦਾ ਹੈ। ਉਨ੍ਹਾਂ ਇਸ ਲਈ ਸਰਕਾਰੀ ਨੀਤੀਆਂ ਨੂੰ ਜ਼ਿੰਮੇਵਾਰ ਠਹਿਰਾਇਆ।

## ਸਿੱਖਾਂ ਨੇ ਫੜ੍ਹੀ ਬਿਪਤਾ ਮਾਰਿਆਂ ਦੀ ਬਾਂਹ

**ਅੰਮ੍ਰਿਤਸਰ:** ਕੇਰਲਾ ਵਿਚ ਹੜ੍ਹ ਪੀੜਤਾਂ ਦੀ ਮਦਦ ਲਈ ਸ਼੍ਰੋਮਣੀ ਕਮੇਟੀ ਤੇ ਖਾਲਸਾ ਏਡ ਨਾਂ ਦੀ ਜਥੇਬੰਦੀ ਅੱਗੇ ਆਈ ਹੈ। ਜਥੇਬੰਦੀ ਵੱਲੋਂ ਬਿਪਤਾ ਮਾਰੇ ਲੋਕਾਂ ਦੀ ਮਦਦ ਲਈ ਲੰਗਰ ਲਾਏ ਜਾ ਰਹੇ ਹਨ। ਸ਼੍ਰੋਮਣੀ ਕਮੇਟੀ ਵੱਲੋਂ ਲੰਗਰ ਸਮੇਤ ਹੋਰ ਰਾਹਤ ਸਮੱਗਰੀ ਦਾ ਟਰੱਕ ਵੀ



ਭੇਜਿਆ ਗਿਆ ਹੈ। ਸ਼੍ਰੋਮਣੀ ਕਮੇਟੀ ਵੱਲੋਂ ਕੇਰਲਾ ਵਿਚ ਹੜ੍ਹ ਪੀੜਤਾਂ ਲਈ ਵੱਖ ਵੱਖ ਥਾਵਾਂ 'ਤੇ ਰਾਹਤ ਕੈਂਪ ਲਾਏ ਜਾਣਗੇ ਅਤੇ ਪੀੜਤਾਂ ਲਈ ਲੰਗਰ, ਕੱਪੜੇ, ਮੁੱਢਲੀਆਂ ਸਹੂਲਤਾਂ ਅਤੇ ਦਵਾਈਆਂ ਆਦਿ ਦਾ ਪ੍ਰਬੰਧ ਕੀਤਾ ਜਾਵੇਗਾ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਆਖਿਆ ਕਿ ਕੇਰਲਾ ਵਿਚ ਹੜ੍ਹ ਪੀੜਤਾਂ ਤੇ ਪ੍ਰਭਾਵਿਤ ਲੋਕਾਂ ਦੀ ਮਦਦ ਉਸ ਵੇਲੇ ਤੱਕ ਜਾਰੀ ਰੱਖੀ ਜਾਵੇਗੀ ਜਦੋਂ ਤੱਕ ਇਸ ਦੀ ਲੋੜ ਹੋਵੇਗੀ।

# ਪ੍ਰਿਅੰਕਾ ਤੇ ਨਿਕ ਜੋਨਸ ਨੇ ਕਰਵਾਈ ਮੰਗਣੀ

**ਮੁੰਬਈ:** ਅਦਾਕਾਰਾ ਪ੍ਰਿਅੰਕਾ ਚੋਪੜਾ ਅਤੇ ਅਮਰੀਕੀ ਗਾਇਕ ਨਿਕ ਜੋਨਸ ਮੰਗਣੀ ਕਰਕੇ



ਰਿਸ਼ਤੇ 'ਚ ਬੱਝ ਗਏ ਹਨ। ਜਾਣਕਾਰੀ ਅਨੁਸਾਰ ਦੋਵਾਂ ਨੇ ਖੁਦ ਆਪਣੀ ਮੰਗਣੀ ਦਾ ਅਧਿਕਾਰਕ ਤੌਰ 'ਤੇ ਇੰਸਟਾਗ੍ਰਾਮ ਉਤੇ ਐਲਾਨ ਕੀਤਾ। ਉਨ੍ਹਾਂ ਦੀ ਮੰਗਣੀ ਪ੍ਰਿਅੰਕਾ ਚੋਪੜਾ ਦੇ ਇਥੇ ਜੁਹੂ ਸਥਿਤ ਘਰ ਵਿਚ ਕੀਤੀ ਗਈ। ਪ੍ਰਿਅੰਕਾ ਚੋਪੜਾ ਵੱਲੋਂ ਸੋਸ਼ਲ ਮੀਡੀਆ 'ਤੇ ਇਕ ਤਸਵੀਰ ਵੀ ਸਾਂਝੀ ਕੀਤੀ ਗਈ ਹੈ ਜਿਸ ਵਿਚ ਨਿਕ ਵੀ ਉਸ ਦੇ ਨਾਲ ਹੈ।

ਇਹੀ ਤਸਵੀਰ ਨਿਕ ਵੱਲੋਂ ਵੀ ਆਪਣੇ ਇੰਸਟਾਗ੍ਰਾਮ ਉਤੇ ਸਾਂਝੀ ਕੀਤੀ ਗਈ ਹੈ। ਉਨ੍ਹਾਂ ਦੀ ਮੰਗਣੀ ਕੁਝ ਪਰਿਵਾਰਕ ਮੈਂਬਰਾਂ ਅਤੇ ਕੁਝ ਦੋਸਤਾਂ ਦੀ ਹਾਜ਼ਰੀ 'ਚ ਭਾਰਤੀ ਪਰੰਪਰਾ ਅਨੁਸਾਰ ਕੀਤੀ ਗਈ, ਹਾਲਾਂਕਿ ਆਪਣੇ ਰਿਸ਼ਤੇ ਨੂੰ ਬਹੁਤ ਲੁਕਾਂ ਰੱਖਣ ਵਾਲੇ ਇਸ ਜੋੜੇ ਨੇ ਆਪਣੇ ਵਿਆਹ ਸਬੰਧੀ ਮਿਤੀ ਦਾ ਕੋਈ ਜ਼ਿਕਰ ਨਹੀਂ ਕੀਤਾ ਹੈ। ਮੰਗਣੀ ਦੀ ਰਸਮ ਤੋਂ ਪਹਿਲਾਂ ਪੂਜਾ ਸਮਾਗਮ ਕਰਵਾਇਆ ਗਿਆ ਜੋ ਸਵੇਰੇ 10:30 ਵਜੇ ਸ਼ੁਰੂ ਹੋਇਆ। ਸਾਂਝੀ ਕੀਤੀ ਗਈ ਪਹਿਲੀ ਤਸਵੀਰ ਵਿਚ ਦੋਵੇਂ ਭਾਰਤੀ ਰਵਾਇਤੀ ਕੱਪੜਿਆਂ 'ਚ ਨਜ਼ਰ ਆ ਰਹੇ ਹਨ।

# ਕੋਫੀ ਅੰਨਾਨ ਨਹੀਂ ਰਹੇ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਦੇ ਸਾਬਕਾ ਜਨਰਲ ਸਕੱਤਰ ਤੇ ਸ਼ਾਂਤੀ ਕਾਰਜਾਂ ਲਈ ਨੋਬਲ ਪੁਰਸਕਾਰ ਵਿਜੇਤਾ ਕੋਫੀ ਅੰਨਾਨ ਦਾ 80 ਸਾਲ ਦੀ ਉਮਰ 'ਚ ਦਿਹਾਂਤ ਹੋ ਗਿਆ। ਮੂਲ ਰੂਪ 'ਚ ਘਾਨਾ ਦੇ ਰਹਿਣ ਵਾਲੇ ਕੋਫੀ ਅੰਨਾਨ ਨੂੰ ਬੌਧਿਕ ਪੱਧਰ 'ਤੇ ਸ਼ਾਂਤੀ ਕਾਰਜਾਂ ਤੇ ਗਰੀਬੀ ਰੇਖਾ ਦੇ ਪ੍ਰੋਗਰਾਮਾਂ ਲਈ ਜਾਣਿਆ ਜਾਂਦਾ ਹੈ।

ਅੰਨਾਨ ਪਹਿਲੇ ਅਫਰੀਕੀ ਮੂਲ ਦੇ ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਸਨ। ਉਨ੍ਹਾਂ ਸੰਯੁਕਤ ਰਾਸ਼ਟਰ ਦੇ 17ਵੇਂ ਜਨਰਲ ਸਕੱਤਰ ਦੇ ਤੌਰ ਉਤੇ ਲਗਾਤਾਰ ਦੋ ਦਫਾ 1997 ਤੋਂ 2006 ਤੱਕ ਕਾਰਜਭਾਰ ਸੰਭਾਲਿਆ। ਜਨਰਲ ਸਕੱਤਰ ਰਹਿਣ ਸਮੇਂ ਉਨ੍ਹਾਂ 2015 ਤੱਕ ਵਿਸ਼ਵ ਦੀ ਗਰੀਬੀ ਘੱਟ ਕਰਨ ਦਾ ਟੀਚਾ ਨਿਰਧਾਰਤ ਕੀਤਾ ਸੀ। ਉਨ੍ਹਾਂ ਦੇ



ਦੇਹਾਂਤ ਉਤੇ ਮੌਜੂਦਾ ਜਨਰਲ ਸਕੱਤਰ ਐਂਟੀਨਿਓ ਗੁਟੇਰੇਸ ਨੇ ਕਿਹਾ ਕਿ 'ਕਿਸੇ ਵੀ ਚੰਗੇ ਕੰਮ ਪਿੱਛੇ ਉਹ ਇਕ ਮਾਰਗ ਦਰਸ਼ਕ ਸਨ।' ਕੋਫੀ ਅੰਨਾਨ ਯੁੱਧ ਪ੍ਰਭਾਵਿਤ ਖੇਤਰਾਂ 'ਚ ਸ਼ਾਂਤੀ ਬਹਾਲ ਕਰਨ ਤੇ ਪਰਵਾਸੀਆਂ ਨੂੰ ਫਿਰ ਤੋਂ ਵਸਾਉਣ ਲਈ ਵਿਸ਼ਵ ਪੱਧਰ ਉਤੇ ਹੋਣ ਵਾਲੇ ਕਈ ਯਤਨਾਂ ਦੀ ਅਗਵਾਈ ਕਰ ਚੁੱਕੇ ਸਨ। ਹਾਲ ਦੇ ਦਿਨਾਂ ਵਿਚ ਉਹ ਰੋਹਿੰਗਿਆਂ ਤੇ ਸੀਰੀਆ ਦੇ ਸੰਕਟ ਲਈ ਕੰਮ ਕਰ ਰਹੇ ਸਨ।

ਸੀਰੀਆ 'ਚ ਸੰਕਟ ਦੇ ਹੱਲ ਲਈ ਉਨ੍ਹਾਂ ਸੀਰੀਆਈ ਰਾਸ਼ਟਰਪਤੀ ਬਸ਼ਰ ਅਲ ਅਸਦ ਨਾਲ ਵੀ ਮੁਲਾਕਾਤ ਕੀਤੀ। ਉਨ੍ਹਾਂ ਦੇ ਦੇਹਾਂਤ ਦੀ ਜਾਣਕਾਰੀ ਉਨ੍ਹਾਂ ਦੇ ਪਰਿਵਾਰ ਨੇ ਟਵੀਟ ਕਰਕੇ ਸਾਂਝੀ ਕੀਤੀ।

# ਸਿੱਖ ਦੀ ਚਾਕੂ ਮਾਰ ਕੇ ਹੱਤਿਆ

**ਨਿਊ ਜਰਸੀ:** ਇਕ ਸਿੱਖ ਦੀ ਉਸ ਦੇ ਹੀ ਸਟੋਰ 'ਚ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਤਰਲੋਕ ਸਿੰਘ ਦੀ ਲਾਸ਼ ਉਨ੍ਹਾਂ ਦੇ ਸਟੋਰ 'ਚੋਂ ਮਿਲੀ। ਉਨ੍ਹਾਂ ਦੀ ਛਾਤੀ 'ਤੇ ਚਾਕੂ ਦਾ ਜ਼ਖਮ ਸੀ। ਸਾਊ ਸੁਭਾਅ ਤਰਲੋਕ ਸਿੰਘ ਪਿਛਲੇ ਛੇ ਸਾਲਾਂ ਤੋਂ ਇਹ ਸਟੋਰ ਚਲਾ ਰਹੇ ਸਨ। ਉਨ੍ਹਾਂ ਦੇ ਪਰਿਵਾਰ 'ਚ ਉਨ੍ਹਾਂ ਦੀ ਪਤਨੀ ਤੇ ਬੱਚੇ ਹਨ, ਜੋ ਭਾਰਤ 'ਚ ਰਹਿੰਦੇ ਹਨ।

ਇਸ ਘਟਨਾ ਨਾਲ ਸਿੱਖ ਭਾਈਚਾਰੇ ਦੇ ਲੋਕਾਂ ਨੂੰ ਗਹਿਰਾ ਸਦਮਾ ਪੁੱਜਿਆ ਹੈ। ਨਾਗਰਿਕ ਅਧਿਕਾਰ ਜਥੇਬੰਦੀ ਸਿੱਖ ਕੁਲੀਸ਼ਨ ਨੇ ਫੇਸਬੁੱਕ ਪੋਸਟ 'ਤੇ ਤਰਲੋਕ ਸਿੰਘ ਦੇ ਪਰਿਵਾਰ, ਦੋਸਤਾਂ ਤੇ ਸਥਾਨਕ ਭਾਈਚਾਰੇ ਨਾਲ ਹਮਦਰਦੀ ਜ਼ਾਹਰ ਕੀਤੀ ਹੈ। ਤਰਲੋਕ ਸਿੰਘ ਦੀ ਮੌਤ ਸਬੰਧੀ ਜਾਣਕਾਰੀ ਸਟੋਰ ਨੇੜਲੇ ਪੈਟਰੋਲ ਪੰਪ 'ਤੇ ਕੰਮ ਕਰਦੇ ਇਕ ਮੁਲਾਜ਼ਮ ਨੇ ਦਿੱਤੀ। ਉਸ ਨੇ ਦੱਸਿਆ ਕਿ ਉਹ ਜਦੋਂ ਇਥੋਂ ਲੰਘ ਰਿਹਾ ਸੀ ਤਾਂ ਉਸ ਨੇ ਤਰਲੋਕ ਸਿੰਘ ਨੂੰ ਆਵਾਜ਼ ਮਾਰੀ। ਕੋਈ ਜਵਾਬ ਨਾ ਮਿਲਣ 'ਤੇ ਉਸ ਨੇ ਬਾਥਰੂਮ ਦੀ ਜਾਂਚ ਕੀਤੀ ਤਾਂ ਅੰਦਰ ਤਰਲੋਕ ਸਿੰਘ ਦੀ ਖੂਨ ਨਾਲ ਲਥਪਥ ਲਾਸ਼ ਪਈ ਸੀ।

ਜ਼ਿਕਰਯੋਗ ਹੈ ਕਿ ਇਸ ਸਾਲ 31 ਜੁਲਾਈ ਨੂੰ ਸੁਰਜੀਤ ਸਿੰਘ ਮੱਲ੍ਹੀ ਅਤੇ 6 ਅਗਸਤ ਨੂੰ 71 ਸਾਲਾ ਸਾਹਿਬ ਸਿੰਘ ਨੱਤ 'ਤੇ ਵੀ ਨਸਲੀ ਹਮਲਾ ਕੀਤਾ ਗਿਆ ਸੀ। ਪਿਛਲੇ ਸਾਲ ਮਾਰਚ ਮਹੀਨੇ ਨਿਊ ਜਰਸੀ 'ਚ ਹੀ ਭਾਰਤੀ ਮਹਿਲਾ ਸ਼ਸ਼ੀਕਲਾ ਨਾਰਾ ਤੇ ਉਸ ਦੇ ਛੇ ਸਾਲਾ ਪੁੱਤਰ ਨੂੰ ਚਾਕੂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ।

## ਟੀ. ਵੀ. ਰਿਮੋਟ ਲਈ ਭਰਾ ਨੂੰ ਮਾਰੀ ਗੋਲੀ

**ਜੋਹਨਸਬਰਗ:** ਦੱਖਣੀ ਅਫਰੀਕਾ ਵਿਚ ਭਾਰਤੀ ਮੂਲ ਦੇ ਵਿਅਕਤੀ ਨੇ ਟੈਲੀਵਿਜ਼ਨ ਦੇ ਰਿਮੋਟ ਲਈ ਹੋਏ ਝਗੜੇ ਦੌਰਾਨ ਆਪਣੇ ਚਚੇਰੇ ਭਰਾ ਦਾ ਗੋਲੀ ਮਾਰ ਕੇ ਕਤਲ ਕਰ ਦਿੱਤਾ ਹੈ। ਪੁਲਿਸ ਮੁਤਾਬਕ 47 ਸਾਲਾ ਬੇਰੁਜ਼ਗਾਰ ਮੁਲਜ਼ਮ ਨੂੰ ਮਨੋਵਿਗਿਆਨਕ ਮੁਲਾਂਕਣ ਪੂਰਾ ਨਾ ਹੋਣ ਕਰ ਕੇ ਨਾਂ ਉਜਾਗਰ ਨਹੀਂ ਕੀਤਾ ਜਾ ਸਕਦਾ। ਉਹ ਕਵਾਜ਼ੂਲੂ-ਨਾਟਲ ਖੇਤਰ ਦੇ ਪੀਟਰਮੈਰਿਟਜ਼ਬਰਗ 'ਚ ਰਹਿੰਦਾ ਹੈ। ਉਸ ਨੇ 42 ਸਾਲਾ ਚਚੇਰੇ ਭਰਾ ਰੂਕਸਾਨਾ ਕਾਸਿਮ ਦਾ ਕਤਲ ਕਰ ਦਿੱਤਾ।

ਪੁਲਿਸ ਬੁਲਾਰੇ ਲੈਫਟੀਨੈਂਟ ਕਰਨਲ ਥੁਲਾਨੀ ਜ਼ਵਾਨੇ ਨੇ ਪੁਸ਼ਟੀ ਕੀਤੀ ਕਿ ਮੁਲਜ਼ਮ ਨੂੰ ਗ੍ਰਿਫਤਾਰ ਕਰ ਲਿਆ ਹੈ ਤੇ ਉਸ ਦਾ ਹਥਿਆਰ ਜ਼ਬਤ ਕਰ ਲਿਆ ਗਿਆ ਹੈ। ਮੁਲਜ਼ਮ 'ਤੇ ਆਪਣੀ ਚਾਚੀ ਮੋਮੂਨਾ ਕਾਸਿਮ (80) ਦਾ ਕਤਲ ਕਰਨ ਦਾ ਵੀ ਇਲਜ਼ਾਮ ਲੱਗਾ ਹੈ। ਮੁਲਜ਼ਮ ਨੇ ਉਸ ਦੀ ਲੱਤ ਵਿਚ ਵੀ ਗੋਲੀ ਮਾਰੀ।

ਟੀ. ਵੀ. ਵੇਖਣ ਦੌਰਾਨ ਝਗੜਾ ਉਦੋਂ ਵਧ ਗਿਆ ਜਦੋਂ ਮੁਲਜ਼ਮ ਨੇ ਕਿਹਾ ਕਿ ਇਹ ਉਸ ਦੇ ਧਾਰਮਿਕ ਵਿਸ਼ਵਾਸਾਂ ਦੇ ਵਿਰੁੱਧ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਉਹ ਸਾਰੇ ਪਰਿਵਾਰ 'ਤੇ ਆਪਣਾ ਧਰਮ ਥੋਪਣਾ ਚਾਹੁੰਦਾ ਸੀ। ਪਰਿਵਾਰ ਦੇ ਕਰੀਬੀ ਨੇ ਦੱਸਿਆ ਕਿ ਰੂਕਸਾਨਾ ਦੇ ਪਿਤਾ ਟੀਵੀ ਦਾ ਰਿਮੋਟ ਲੁਕਾ ਰਹੇ ਸੀ ਤਾਂ ਕਿ ਸਾਰੇ ਟੀਵੀ ਨਾ ਵੇਖ ਸਕਣ। ਇਸੇ ਦੌਰਾਨ ਮੁਲਜ਼ਮ ਵਿਅਕਤੀ ਨੇ ਰੂਕਸਾਨਾ ਦੇ ਪਿਤਾ 'ਤੇ ਗੋਲੀ ਚਲਾ ਦਿੱਤੀ ਪਰ ਗੋਲੀ ਰੂਕਸਾਨਾ ਨੂੰ ਲੱਗ ਗਈ ਕਿਉਂਕਿ ਉਹ ਆਪਣੇ ਪਿਤਾ ਨੂੰ ਬਚਾਉਣ ਲਈ ਉਨ੍ਹਾਂ ਦੇ ਅੱਗੇ ਆ ਗਿਆ ਸੀ।

# ਫੇਸਬੁੱਕ ਤੋਂ ਲੱਭੀ 3 ਸਾਲ ਪਹਿਲਾਂ ਗੁਆਚੀ ਮੁਟਿਆਰ

**ਮੁੰਬਈ:** ਖਾਰਘਰ ਤੋਂ ਤਿੰਨ ਸਾਲ ਪਹਿਲਾਂ ਗਾਇਬ ਹੋਈ 20 ਸਾਲਾ ਮੁਟਿਆਰ ਨੂੰ ਗੈਰ ਮਨੁੱਖੀ ਤਸਕਰੀ ਸ਼ਾਖਾ ਦੀ ਨਵੀਂ ਮੁੰਬਈ ਯੂਨਿਟ ਨੇ ਉਸ ਦਾ ਫੇਸਬੁੱਕ ਅਕਾਊਂਟ ਟਰੇਸ ਕਰ ਕੇ ਲੱਭ ਲਿਆ ਹੈ। ਸ਼ਾਖਾ ਦੇ ਸਬ-ਇੰਸਪੈਕਟਰ ਸੰਜੇ ਕਸ਼ੀਰਸਾਗਰ ਨੇ ਦੱਸਿਆ ਕਿ ਖਾਰਘਰ ਦੇ ਇਕ ਆਸ਼ਰਮ ਵਿਚ ਰਹਿਣ ਵਾਲੀ ਮੁਟਿਆਰ ਅਪਰੈਲ, 2015 ਤੋਂ ਲਾਪਤਾ ਸੀ। ਇਹ ਸਪਸ਼ਟ ਨਹੀਂ ਹੋ ਸਕਿਆ ਸੀ ਕਿ ਉਸ ਨੂੰ ਅਗਵਾ ਕੀਤਾ ਗਿਆ ਸੀ ਜਾਂ ਉਸ ਨੇ ਆਪਣੀ ਮਰਜ਼ੀ ਨਾਲ ਆਸ਼ਰਮ ਛੱਡਿਆ ਸੀ। ਖਾਰਘਰ ਪੁਲਿਸ ਕੋਲ ਕੁੜੀ ਦੇ ਅਗਵਾ ਹੋਣ ਦੀ ਸ਼ਿਕਾਇਤ ਦੇ ਆਧਾਰ 'ਤੇ ਪੁਲਿਸ ਉਸ ਦੀ ਭਾਲ ਕਰ ਰਹੀ ਸੀ।

ਪੁਲਿਸ ਅਧਿਕਾਰੀ ਨੇ ਦੱਸਿਆ ਕਿ ਕੁਝ ਹਫਤੇ ਪਹਿਲਾਂ ਫੇਸਬੁੱਕ 'ਤੇ ਲੱਭਦਿਆਂ ਉਨ੍ਹਾਂ ਕਿਸੇ ਹੋਰ ਅਕਾਊਂਟ 'ਤੇ ਉਸ ਦੀ ਤਸਵੀਰ ਵੇਖੀ ਸੀ। ਇਸ ਬਾਰੇ ਤਕਨੀਕੀ ਜਾਂਚ ਕਰਨ ਬਾਅਦ ਉਨ੍ਹਾਂ ਨੂੰ ਪਤਾ ਲੱਗਾ ਕਿ ਗਵਾਚੀ ਹੋਈ ਕੁੜੀ ਮੁੰਬਈ ਦੇ ਬਾਂਦਰਾ ਵਿਚ ਰਹਿ ਰਹੀ ਹੈ।

ਪਹਿਲਾਂ ਪੁਲਿਸ ਨੂੰ ਸ਼ੱਕ ਸੀ ਕਿ ਮੁਟਿਆਰ ਸ਼ਾਇਦ ਕਿਸੇ ਗਲਤ ਕਾਰੋਬਾਰ ਵਿਚ ਨਾ ਪੈ ਗਈ ਹੋਏ। ਉਨ੍ਹਾਂ ਕੁੜੀ ਨੂੰ ਇਕੱਲੇ ਮਿਲਣ ਲਈ ਮਨਾ ਲਿਆ। ਉਸ ਨੇ ਦੱਸਿਆ ਕਿ ਖਾਰਘਰ ਦੇ ਆਸ਼ਰਮ ਵਿਚ ਉਹ ਖੁਸ਼ ਨਹੀਂ ਸੀ, ਇਸ ਲਈ ਉਸ ਨੇ ਉਥੋਂ ਚਲੇ ਜਾਣ ਦਾ ਫੈਸਲਾ ਕਰ ਲਿਆ ਸੀ। ਆਸ਼ਰਮ ਤੋਂ ਉਹ ਦਿੱਲੀ ਚਲੀ ਗਈ ਤੇ 2 ਸਾਲ ਬਾਅਦ ਉਸ ਨੇ ਉਥੇ ਹੀ ਕੰਮ ਕੀਤਾ।

# 'ਰੈਫਰੰਡਮ 2020' ਤੋਂ ਪਹਿਲਾਂ ਕੈਪਟਨ ਦੇ ਵਜ਼ੀਰ ਦੀ ਯੂ.ਕੇ. ਫੇਰੀ ਦਾ ਮਾਮਲਾ ਭਖਿਆ

**ਚੰਡੀਗੜ੍ਹ:** ਪੰਜਾਬ ਦੇ ਪੇਂਡੂ ਤੇ ਸ਼ਹਿਰੀ ਵਿਕਾਸ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਆਪਣੀ ਯੂਕੇ ਫੇਰੀ ਤੋਂ ਬਾਅਦ ਵਿਵਾਦਾਂ 'ਚ ਘਿਰ ਗਏ ਹਨ। ਭਾਜਪਾ ਨੇ ਬਾਜਵਾ ਉਤੇ 'ਰੈਫਰੰਡਮ 2020' ਦੇ ਪ੍ਰਬੰਧਕਾਂ ਨਾਲ ਮੀਟਿੰਗ ਕਰਨ ਦੇ




ਇਲਜ਼ਾਮ ਲਾਉਂਦਿਆਂ ਉਨ੍ਹਾਂ ਤੋਂ ਇਸ ਫੇਰੀ ਬਾਰੇ ਸਪੱਸ਼ਟੀਕਰਨ ਮੰਗਿਆ ਹੈ।

ਭਾਜਪਾ ਦੇ ਸੰਸਦ ਮੈਂਬਰ ਵਿਜੇ ਸਾਂਪਲਾ ਨੇ ਕਿਹਾ ਕਿ ਬਾਜਵਾ ਨੇ ਆਪਣੀ 5 ਤੋਂ 7 ਅਗਸਤ ਨੂੰ ਯੂਕੇ ਫੇਰੀ ਦੌਰਾਨ 'ਰੈਫਰੰਡਮ 2020' ਦੇ ਕਰਤਾ-ਧਰਤਾ ਤੇ ਸਿਖਸ ਫਾਰ ਜਸਟਿਸ ਦੇ ਲੀਡਰਾਂ ਨਾਲ ਮੁਲਾਕਾਤ ਕੀਤੀ ਹੈ। ਇਸ ਤੋਂ ਇਲਾਵਾ ਬਾਜਵਾ ਨੇ ਦੌਰੇ ਤੋਂ ਪਹਿਲਾਂ ਵਿਦੇਸ਼ ਮੰਤਰਾਲੇ ਨੂੰ ਇਹ ਵੀ ਸੂਚਿਤ ਨਹੀਂ ਕੀਤਾ ਕਿ ਉਨ੍ਹਾਂ ਦਾ ਇਹ ਦੌਰਾ ਅਧਿਕਾਰਤ ਸੀ ਜਾਂ ਨਿੱਜੀ। ਸਾਂਪਲਾ ਨੇ ਕਿਹਾ ਕਿ ਬਾਜਵਾ ਦੀ ਮੀਟਿੰਗ ਦਾ ਬਲਵਿੰਦਰ ਸਿੰਘ ਪੰਨੂ ਵੱਲੋਂ ਇੰਤਜ਼ਾਮ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਬਲਵਿੰਦਰ, ਅਵਤਾਰ ਸਿੰਘ ਪੰਨੂ ਦਾ ਭਰਾ ਹੈ ਜੋ ਅਮਰੀਕਾ 'ਚ ਸਿੱਖਸ ਫਾਰ ਜਸਟਿਸ ਦਾ ਕੁਆਰਡੀਨੇਟਰ ਹੈ। ਅਵਤਾਰ ਸਿੰਘ ਪੰਨੂ ਸਿੱਖਸ ਫਾਰ ਜਸਟਿਸ ਦੇ ਮੁਖੀ ਗੁਰਪਤਵੰਤ ਸਿੰਘ ਪੰਨੂ ਤੋਂ ਬਾਅਦ ਐਸ.ਐਫ.ਜੇ, 'ਚ ਦੂਜੇ ਨੰਬਰ ਉਤੇ ਹੈ।

ਦੱਸ ਦਈਏ ਕਿ ਗੁਰਪਤਵੰਤ ਸਿੰਘ ਪੰਨੂ ਖਾਲਿਸਤਾਨੀ ਗਤੀਵਿਧੀਆਂ ਕਾਰਨ ਭਾਰਤੀ ਏਜੰਸੀਆਂ ਦੇ ਰਾਡਾਰ ਉਤੇ ਹਨ। ਸਾਂਪਲਾ ਨੇ ਕਿਹਾ ਕਿ ਅਵਤਾਰ ਸਿੰਘ ਬਹਿਬਲ ਕਲਾਂ 'ਚ ਸਿੱਖਾਂ ਉਤੇ ਗੋਲੀ ਚਲਾਉਣ ਵਾਲੀ ਪੁਲਿਸ ਟੀਮ 'ਚ ਸ਼ਾਮਲ ਡੀ.ਐਸ.ਪੀ. ਹਰਜਿੰਦਰ ਗਿੱਲ ਦਾ ਰਿਸ਼ਤੇਦਾਰ ਹੈ। ਹਰਜਿੰਦਰ ਗਿੱਲ ਤੇ ਐਸ.ਪੀ. ਪਰਮਜੀਤ ਸਿੰਘ ਪੰਨੂ ਬਹਿਬਲ ਕਲਾਂ ਗੋਲੀਕਾਂਡ ਦੌਰਾਨ ਪੁਲਿਸ ਟੀਮ 'ਚ ਸ਼ਾਮਲ ਸਨ। ਇਸ ਦੇ ਬਾਵਜੂਦ ਜਸਟਿਸ ਰਣਜੀਤ ਸਿੰਘ ਕਮਿਸ਼ਨ ਵੱਲੋਂ ਉਨ੍ਹਾਂ ਖਿਲਾਫ ਐਫ.ਆਈ.ਆਰ. ਦਰਜ ਕਰਨ ਦੀ ਸਿਫਾਰਸ਼ ਨਹੀਂ ਕੀਤੀ ਗਈ। ਦੂਜੇ ਪਾਸੇ ਬਾਜਵਾ ਨੇ ਮੰਨਿਆ ਕਿ ਬਲਵਿੰਦਰ ਸਿੰਘ ਨਾਲ ਨੇੜਤਾ ਹੈ ਤੇ ਉਸ ਦਾ ਭਰਾ ਐਸ.ਐਫ.ਜੇ. ਦਾ ਲੀਡਰ ਹੈ ਪਰ ਉਨ੍ਹਾਂ ਰੈਫਰੰਡਮ 2020 ਦੇ ਪ੍ਰਬੰਧਕਾਂ ਨਾਲ ਕਿਸੇ ਤਰ੍ਹਾਂ ਦੀ ਵੀ ਨੇੜਤਾ ਸਬੰਧੀ ਆਪਣੇ 'ਤੇ ਲੱਗੇ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ। ਬਾਜਵਾ ਨੇ ਕਿਹਾ ਕਿ ਇਹ ਸੱਚ ਹੈ ਕਿ ਉਹ ਲੰਦਨ ਫੇਰੀ ਲਈ ਗ੍ਰਹਿ ਮੰਤਰਾਲੇ ਨੂੰ ਸੂਚਿਤ ਨਹੀਂ ਕੀਤਾ ਪਰ ਇਕ ਮੰਤਰੀ ਲਈ ਇਹ ਜ਼ਰੂਰੀ ਨਹੀਂ।

# ਤਿੰਨ ਜਥੇਦਾਰਾਂ ਵੱਲੋਂ ਰਾਜੋਆਣਾ ਨਾਲ ਮੁਲਾਕਾਤ

**ਪਟਿਆਲਾ:** ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਸਮੇਤ ਤਖਤ ਦਮਦਮਾ ਸਾਹਿਬ ਦੇ ਜਥੇਦਾਰ ਹਰਪ੍ਰੀਤ ਸਿੰਘ ਅਤੇ ਤਖਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕੇਂਦਰੀ ਜੇਲ੍ਹ ਪਟਿਆਲਾ ਵਿਚ ਬਲਵੰਤ ਸਿੰਘ ਰਾਜੋਆਣਾ ਨਾਲ ਮੁਲਾਕਾਤ ਕੀਤੀ। ਉਨ੍ਹਾਂ ਨੇ ਭਾਈ ਰਾਜੋਆਣਾ ਦੀ ਫਾਂਸੀ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਦਾਇਰ ਕੀਤੀ ਰਹਿਮ ਦੀ ਅਪੀਲ ਆਧਾਰਿਤ ਕੇਸ ਦੇ ਛੇਤੀ ਨਿਪਟਾਰੇ ਦੇ ਯਤਨ ਦਾ ਭਰੋਸਾ ਦਿਵਾਇਆ।



ਜਥੇਦਾਰਾਂ ਦਾ ਕਹਿਣਾ ਸੀ ਕਿ ਪਿਛਲੇ ਦਿਨੀਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ ਸਿੰਘ ਵੱਲੋਂ ਕੀਤੀ ਮੁਲਾਕਾਤ ਦੌਰਾਨ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਰਾਜੋਆਣਾ ਦੇ ਕੇਸ ਦੀ ਫਾਈਲ ਛੇਤੀ ਹੀ ਰਾਸ਼ਟਰਪਤੀ ਦਫਤਰ ਭੇਜਣ ਦਾ ਭਰੋਸਾ ਦਿੱਤਾ ਹੈ। ਰਾਜੋਆਣਾ ਨੇ ਮਾਮਲੇ ਦੇ ਛੇਤੀ ਨਿਪਟਾਰੇ ਦੀ ਮੰਗ ਲਈ 16 ਜੁਲਾਈ ਨੂੰ ਭੁੱਖ ਹੜਤਾਲ ਰੱਖੀ ਸੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਤੇ ਹੋਰਾਂ ਨੇ ਗ੍ਰਹਿ ਮੰਤਰੀ ਨਾਲ ਮੁਲਾਕਾਤ ਕਰ ਕੇ ਕੇਸ ਦੇ ਛੇਤੀ ਨਿਪਟਾਰੇ ਉਤੇ ਜ਼ੋਰ ਦਿੱਤਾ ਸੀ। ਇਸ ਮਗਰੋਂ ਰਾਜੋਆਣਾ ਨੇ ਭੁੱਖ ਹੜਤਾਲ ਖਤਮ ਕਰ ਦਿੱਤੀ ਸੀ। ਹੁਣ ਪੂਰਾ ਮਹੀਨਾ ਹੋਣ 'ਤੇ ਸਿੰਘ ਸਾਹਿਬਾਨ ਨੇ ਰਾਜੋਆਣਾ ਨੂੰ ਮਿਲ ਕੇ ਦੱਸਿਆ ਕਿ ਸੁਖਬੀਰ ਬਾਦਲ ਦੀ ਅਗਵਾਈ ਹੇਠਲੇ ਵਫਦ ਨੂੰ ਕੇਂਦਰੀ ਗ੍ਰਹਿ ਮੰਤਰੀ ਨੇ ਮਾਮਲੇ ਦੇ ਜਲਦੀ ਨਿਪਟਾਰੇ ਦਾ ਭਰੋਸਾ ਦਿੱਤਾ ਹੈ।

# ਗਾਂਧੀ ਵੱਲੋਂ ਖੁਦਮੁਖਤਾਰੀ ਦੇ ਮੁੱਦੇ 'ਤੇ ਲੋਕ ਸਭਾ ਚੋਣ ਲੜਨ ਦਾ ਐਲਾਨ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਨਾਲ ਸਬੰਧਤ ਲੋਕ ਸਭਾ ਦੇ ਮੈਂਬਰ ਡਾ. ਧਰਮਵੀਰ ਗਾਂਧੀ ਨੇ ਐਲਾਨ ਕੀਤਾ ਹੈ ਕਿ ਉਹ ਲੋਕ ਸਭਾ



ਦੀ ਅਗਲੀ ਚੋਣ ਫਿਰ ਤੋਂ ਪਟਿਆਲਾ ਤੋਂ ਹੀ ਲੜਨਗੇ। ਵਰਨਣਯੋਗ ਹੈ ਕਿ ਡਾ. ਗਾਂਧੀ ਨੂੰ ਪਾਰਟੀ ਦਾ ਅਨੁਸ਼ਾਸਨ ਭੰਗ ਕਰਨ ਦੇ ਦੋਸ਼ ਵਿਚ ਕਈ ਸਾਲਾਂ ਤੋਂ 'ਆਪ' ਤੋਂ ਮੁਅੱਤਲ ਕਰ ਰੱਖਿਆ ਹੈ, ਜਿਸ ਕਾਰਨ ਉਹ ਸਿਆਸੀ ਤੌਰ ਉਤੇ ਅੱਧ ਵਿਚਾਲੇ ਹੀ ਲਟਕ ਰਹੇ ਹਨ।


ਦਿਲਚਸਪ ਗੱਲ ਇਹ ਹੈ ਕਿ ਡਾ. ਗਾਂਧੀ ਨੇ ਇਸ ਗੱਲ ਦਾ ਐਲਾਨ ਕਰਨ ਦਾ ਸਮਾਂ ਉਹ ਸਮਾਂ ਚੁਣਿਆ ਜਦੋਂ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਤੇ ਦਿੱਲੀ ਪ੍ਰਾਂਤ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਸ੍ਰੀ ਮੁਨੀਸ਼ ਸਿਸੋਧੀਆ ਪੰਜਾਬ ਆਏ ਹੋਏ ਸਨ। ਡਾ. ਗਾਂਧੀ ਨੇ ਕਿਹਾ ਕਿ ਉਹ 'ਤੀਜੇ ਫਰੰਟ' ਜਿਸ ਨੂੰ ਅਜੇ ਅਮਲੀ ਰੂਪ ਦਿੱਤਾ ਜਾਣਾ ਹੈ, ਦੇ ਸਹਿਯੋਗ ਨਾਲ ਚੋਣ ਮੈਦਾਨ ਵਿਚ ਉਤਰਨਗੇ, ਜਿਸ ਦਾ ਪ੍ਰਮੁੱਖ ਮੁੱਦਾ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਹੈ ਜੋ ਭਾਰਤੀ ਸੰਵਿਧਾਨ ਦੇ ਘੇਰੇ ਵਿਚ ਰਹਿੰਦੇ ਹੋਏ ਪੰਜਾਬ ਲਈ ਖੁਦਮੁਖ਼ਤਾਰੀ ਚਾਹੁੰਦੇ ਹਨ। ਡਾ. ਗਾਂਧੀ ਦਾ ਨਾਅਰਾ ਹੈ ਕਿ ਐਸ.ਵਾਈ.ਐਲ ਨਹਿਰ ਦੀ ਕੋਈ ਲੋੜ ਨਹੀਂ ਤੇ ਪੰਜਾਬ ਦੇ ਪਾਣੀਆਂ ਉਤੇ ਕੇਵਲ ਤੇ ਕੇਵਲ ਪੰਜਾਬ ਦਾ ਕਾਨੂੰਨੀ ਤੇ ਸੰਵਿਧਾਨਕ ਅਧਿਕਾਰ ਹੈ। ਉਹ ਇਸ ਸਬੰਧੀ ਕਾਨੂੰਨੀ ਲੜਾਈ ਵੀ ਲੜ ਰਹੇ ਹਨ।

# ਸਾਕਾ ਨੀਲਾ ਤਾਰਾ ਆਪਰੇਸ਼ਨ 'ਚ ਹਿਸਾ ਲੈਣ ਵਾਲਾ ਅਫਸਰ 33 ਸਾਲਾਂ ਬਾਅਦ ਬਰੀ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਸ੍ਰੀ ਹਰਿਮੰਦਰ ਸਾਹਿਬ ਵਿਚ ਫੌਜੀ ਆਪਰੇਸ਼ਨ ਵਿਚ ਹਿੱਸਾ ਲੈਣ ਵਾਲੇ ਫੌਜ ਦੇ ਇਕ ਸੇਵਾ ਮੁਕਤ ਅਫਸਰ ਨੂੰ ਦੁਰਵਿਹਾਰ ਦੇ ਦੋਸ਼ਾਂ ਤੋਂ ਬਰੀ ਕਰਦਿਆਂ ਉਸ ਦਾ ਸਨਮਾਨ ਬਹਾਲ ਕਰ ਦਿੱਤਾ ਹੈ ਤੇ ਉਸ ਨੂੰ ਸੇਵਾ ਮੁਕਤੀ ਮਗਰੋਂ ਲੈਫਟੀਨੈਂਟ ਕਰਨਲ ਦੇ ਰੈਂਕ ਨਾਲ ਨਿਵਾਜਿਆ ਹੈ।

ਸਰਬ-ਉਚ ਅਦਾਲਤ ਨੇ ਦਰਬਾਰ ਸਾਹਿਬ ਵਿਚ ਫੌਜੀ ਅਪਰੇਸ਼ਨ ਦੌਰਾਨ ਮੇਜਰ (ਹੁਣ ਸੇਵਾ ਮੁਕਤ) ਕੰਵਰ ਅੰਬਰੇਸ਼ਵਰ ਸਿੰਘ ਕੋਲੋਂ ਇਲੈਕਟ੍ਰਾਨਿਕਸ ਦਾ ਕੁਝ ਸਾਜ਼ੋ-ਸਾਮਾਨ ਬਰਾਮਦ ਹੋਣ ਦੇ ਦੋਸ਼ਾਂ ਤੋਂ ਬਰੀ ਕਰਨ ਬਾਰੇ ਆਰਮਡ ਫੋਰਸਿਜ਼ ਟ੍ਰਿਬਿਊਨਲ ਏ.ਐਫ.ਟੀ. ਦੇ ਫੈਸਲੇ 'ਤੇ ਮੋਹਰ ਲਾ ਦਿੱਤੀ ਹੈ। ਬੈਂਚ ਨੇ ਏ.ਐਫ.ਟੀ. ਦੇ ਫੈਸਲੇ ਖਿਲਾਫ਼ ਕੇਂਦਰ ਦੀ ਅਪੀਲ ਖਾਰਜ ਕਰ ਦਿੱਤੀ ਪਰ ਸਰਕਾਰ 'ਤੇ ਪਾਏ ਖਰਚੇ ਦੀ ਰਕਮ 10 ਲੱਖ ਰੁਪਏ ਤੋਂ ਘਟਾ ਕੇ ਇਕ ਲੱਖ ਕਰ ਦਿੱਤੀ।

ਏ.ਐਫ.ਟੀ. ਲਖਨਊ ਨੇ ਪਿਛਲੇ ਸਾਲ 11 ਅਗਸਤ ਨੂੰ ਆਪਣੇ ਫੈਸਲੇ ਵਿਚ ਕੰਵਰ ਅੰਬਰੇਸ਼ਵਰ ਸਿੰਘ ਨੂੰ ਸਾਰੇ ਦੋਸ਼ਾਂ ਤੋਂ ਬਰੀ



ਕਰਦਿਆਂ ਥਲ ਸੈਨਾ ਦੇ ਮੁਖੀ ਦਾ ਉਹ ਫੈਸਲਾ ਉਲੱਦ ਦਿੱਤਾ ਸੀ ਜਿਸ ਵਿਚ ਉਨ੍ਹਾਂ ਨੂੰ ਲੈਫਟੀਨੈਂਟ ਕਰਨਲ ਦਾ ਰੈਂਕ ਦੇਣ ਅਤੇ ਤਰੱਕੀ ਦੇ ਲਾਭ ਦੇਣ ਤੋਂ ਨਾਂਹ ਕੀਤੀ ਗਈ ਸੀ। ਏ.ਐਫ.ਟੀ. ਨੇ ਆਖਿਆ ਸੀ ਕਿ ਸਰਕਾਰ ਤਨਖਾਹ ਦੇ ਬਕਾਏ ਤੇ ਸੇਵਾ ਮੁਕਤੀ ਮਗਰੋਂ ਮਿਲਣ ਵਾਲੇ ਲਾਭ ਦੇ ਬਕਾਏ, ਪੈਨਸ਼ਨ ਤੇ ਹੋਰ ਲਾਭ ਦੇਣ ਦੇ ਮੰਤਵ ਲਈ ਕੰਵਰ ਅੰਬਰੇਸ਼ਵਰ ਸਿੰਘ ਨੂੰ ਉਨ੍ਹਾਂ ਦੇ ਬੈਚਮੇਟਾਂ ਸਹਿਤ ਲੈਫਟੀਨੈਂਟ ਕਰਨਲ ਦਾ ਨਾਮਨਿਹਾਦ ਰੈਂਕ ਦੇਵੇ। ਕੰਵਰ ਅੰਬਰੇਸ਼ਵਰ ਸਿੰਘ 1967 ਵਿਚ ਫੌਜ ਵਿਚ ਭਰਤੀ ਹੋਏ ਸਨ। ਜੂਨ 1984 ਵਿਚ 26 ਮਦਰਾਸ ਰੈਜੀਮੈਂਟ ਦੇ ਇਕ ਮੇਜਰ ਦੇ ਤੌਰ ਉਤੇ ਉਨ੍ਹਾਂ ਨੂੰ 38 ਇਨਫੈਂਟਰੀ ਬ੍ਰਿਗੇਡ ਅਤੇ 15 ਇਨਫੈਂਟਰੀ ਡਿਵੀਜ਼ਨ ਦੇ ਤੌਰ 'ਤੇ ਜਲੰਧਰ ਵਿਚ ਤਾਇਨਾਤ ਕੀਤਾ ਗਿਆ ਸੀ। ਉਸ ਵੇਲੇ ਉਨ੍ਹਾਂ ਅੰਮ੍ਰਿਤਸਰ ਵਿਚ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿਚੋਂ ਖਾੜਕੂਆਂ ਨੂੰ ਖਦੇੜਨ ਦਾ ਜਿੰਮਾ ਸੌਂਪਿਆ ਗਿਆ ਸੀ।

ਟ੍ਰਿਬਿਊਨਲ ਨੇ ਆਪਣੇ ਫੈਸਲੇ ਵਿਚ ਦਰਜ ਕੀਤਾ ਕਿ ਕੰਵਰ ਅੰਬਰੇਸ਼ਵਰ ਸਿੰਘ ਆਪਣੇ ਸੁਪੀਰੀਅਰ ਲੈਫਟੀਨੈਂਟ ਕਰਨਲ ਕੇ.ਐਮ.ਜੀ. ਪਨੀਕਰ ਦੀ ਕਮਾਂਡ ਹੇਠ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿਚ ਦਾਖਲ ਹੋਏ ਸਨ ਤੇ ਉਨ੍ਹਾਂ ਕਈ ਖਾੜਕੂਆਂ ਨੂੰ ਕਾਬੂ ਕੀਤਾ ਸੀ ਤੇ ਭਾਰੀ ਸੰਖਿਆ ਵਿਚ ਹਥਿਆਰ, ਅਸਲਾ ਤੇ ਦਸਤਾਵੇਜ਼ ਬਰਾਮਦ ਕੀਤੇ ਸਨ। ਅਪਰੇਸ਼ਨ ਤੋਂ ਬਾਅਦ ਇਸ ਅਫਸਰ ਨੂੰ ਬਿਨਾਂ ਕਿਸੇ ਵਿਵਾਦ ਤੋਂ ਅਸ਼ੋਕ ਚੱਕਰ ਦੇਣ ਦੀ ਸਿਫਾਰਸ਼ ਕੀਤੀ ਗਈ ਸੀ। ਟ੍ਰਿਬਿਊਨਲ ਦੇ ਰਿਕਾਰਡ ਮੁਤਾਬਕ ਮਸਲਾ 8 ਜੂਨ 1984 ਨੂੰ ਉਦੋਂ ਸ਼ੁਰੂ ਹੋਇਆ ਜਦੋਂ ਯੂਨਿਟ ਦੇ ਕੁਝ ਦਸਤਿਆਂ ਕੋਲੋਂ ਇਕ ਵੀਸੀਆਰ, ਇਕ ਮਿਊਜ਼ਿਕ ਸਿਸਟਮ, ਇਕ ਅਕਾਈ ਡੈੱਕ ਤੇ ਇਕ ਕਲਰ ਟੀਵੀ ਬਰਾਮਦ ਕੀਤਾ ਗਿਆ। ਇਹ ਸਾਜੋ ਸਾਮਾਨ ਲੈਫਟੀਨੈਂਟ ਕਰਨਲ ਪਨੀਕਰ ਦੀ ਮੌਜੂਦਗੀ ਵਿਚ ਬਟਾਲੀਅਨ ਦੇ ਹੈੱਡਕੁਆਟਰ ਲਿਆਂਦਾ ਗਿਆ ਸੀ। ਪਟੀਸ਼ਨਰ ਦੇ ਕਹਿਣ ਮੁਤਾਬਕ ਦਸਤਿਆਂ ਨੇ ਇਹ ਸਾਮਾਨ ਸੋਵੀਨਰ ਦੇ ਤੌਰ 'ਤੇ ਰੱਖਣ ਦੀ ਬੇਨਤੀ ਕੀਤੀ ਸੀ ਜਿਸ ਨੂੰ ਲੈਫ. ਕਰਨਲ ਪਨੀਕਰ ਨੇ ਸਵੀਕਾਰ ਕਰ ਲਿਆ ਸੀ। ਇਹ ਲੈਫ. ਕਰਨਲ ਪਨੀਕਰ ਹੀ ਸਨ ਜਿਨ੍ਹਾਂ ਕੈਪਟਨ ਰਾਜੀਵ ਚੋਪੜਾ ਨੂੰ ਚਾਰੋਂ ਇਲੈਕਟ੍ਰਾਨਿਕਸ ਆਈਟਮਾਂ ਜਲੰਧਰ ਯੂਨਿਟ ਲਾਈਨਜ਼ ਵਿਚ ਲਿਆਉਣ ਦੇ ਨਿਰਦੇਸ਼ ਦਿੱਤੇ ਸਨ। ਟ੍ਰਿਬਿਊਨਲ ਨੇ ਕਿਹਾ ਕਿ ਥਲ ਸੈਨਾ ਤੇ ਸਰਕਾਰ ਕੰਵਰ ਅੰਬਰੇਸ਼ਵਰ ਸਿੰਘ ਖਿਲਾਫ਼ ਭੋਰਾ ਮਾਤਰ ਵੀ ਦੋਸ਼ ਸਿੱਧ ਨਹੀਂ ਕਰ ਸਕੇ ਜਿਨ੍ਹਾਂ ਨੂੰ ਆਪਹੁਦਰੇ ਢੰਗ ਨਾਲ ਸਜ਼ਾ ਦਿੱਤੀ ਗਈ।

# ਨਕਲੀ ਪਨੀਰ ਤੇ ਘਿਉ ਦੇ ਗੋਰਖਧੰਦੇ ਦਾ ਪਰਦਾ ਫਾਸ਼

**ਪਟਿਆਲਾ:** ਪੰਜਾਬ ਵਿਚ ਨਕਲੀ ਦੁੱਧ, ਪਨੀਰ ਤੇ ਘਿਉ ਬਾਰੇ ਹੋਏ ਖੁਲਾਸੇ ਵੱਡੇ ਸਵਾਲ ਖੜ੍ਹੇ ਕਰ ਰਹੇ ਹਨ। ਪਿਛਲੇ ਕੁਝ ਦਿਨਾਂ ਤੋਂ ਸਿਹਤ ਵਿਭਾਗ ਵੱਲੋਂ ਕੀਤੀ ਕਾਰਵਾਈ ਦੱਸਦੀ ਹੈ ਕਿ ਇਸ ਕਾਰੋਬਾਰ ਦੀਆਂ ਜੜ੍ਹਾਂ ਕਾਫੀ ਡੂੰਘੀਆਂ ਹਨ। ਦੇਵੀਗੜ੍ਹ ਸਿੰਗਲਾ ਚਿਲੰਗ ਸੈਂਟਰ ਵਿਚ ਨਕਲੀ ਪਨੀਰ ਤੇ ਘਿਉ ਤਿਆਰ ਕਰਨ ਦੇ ਮਾਮਲੇ ਨੇ ਤਾਂ ਹੈਰਾਨੀਜਨਕ ਮੋੜ ਲੈ ਲਿਆ ਹੈ। ਨਕਲੀ ਪਨੀਰ ਤੇ ਘਿਉ ਬਣਾਉਣ ਦੇ ਮਾਮਲੇ 'ਚ ਫੜੇ ਦੋ ਮੁਲਜ਼ਮਾਂ ਤੋਂ ਪੁੱਛਗਿੱਛ ਦੌਰਾਨ ਬਹੁਤ ਹੀ ਹੈਰਾਨੀਜਨਕ ਖੁਲਾਸੇ ਹੋਏ ਹਨ।

ਮੁਲਜ਼ਮਾਂ ਨੇ ਪੁੱਛਗਿੱਛ ਦੌਰਾਨ ਦੱਸਿਆ ਕਿ ਸਿਹਤ ਵਿਭਾਗ ਨਾਲ ਗੰਢ-ਤੁਪ ਹੋਣ ਕਰਕੇ ਪਹਿਲਾਂ ਇਹ ਇਕ ਨਿੱਜੀ ਡੇਅਰੀ ਦੇ ਮਾਲਕ ਰਾਹੀਂ ਤੇ ਹੁਣ ਇਕ ਹੋਰ ਡੇਅਰੀ ਦੇ ਮਾਲਕ ਰਾਹੀ ਸਿਹਤ ਵਿਭਾਗ ਦੇ ਕਰਮਚਾਰੀਆਂ ਨੂੰ 5000 ਰੁਪਏ ਪ੍ਰਤੀ ਮਹੀਨਾ ਦਿੰਦਾ ਸੀ ਤੇ 10,000 ਰੁਪਏ ਪ੍ਰਤੀ ਸੈਂਪਲ ਸਿਹਤ ਮਹਿਕਮੇ ਦੇ ਕਰਮਚਾਰੀਆਂ ਨੂੰ ਦਿੰਦੇ ਸੀ। ਜਿਹੜਾ ਕਿ ਇਨ੍ਹਾਂ ਦੇ ਨਕਲੀ ਪਨੀਰ ਤੇ ਘਿਉ ਤੇ ਅੱਗੋਂ ਸੈਂਪਲ ਸਟੇਟਡ ਫੂਡ ਲੈਬ ਖਰੜ ਪਾਸੋਂ ਪਾਸ ਕਰਾਉਂਦੇ ਸੀ ਤੇ ਸ਼ੱਕ ਪੈਣ ਤੋਂ ਬਚਣ ਲਈ ਮੁਲਜ਼ਮ ਕਦੇ-ਕਦੇ ਇਕ ਅੱਧਾ ਸੈਂਪਲ ਫੇਲ੍ਹ ਵੀ ਕਰਵਾ ਲੈਂਦੇ ਸੀ।

ਨਕਲੀ ਪਨੀਰ ਇਨ੍ਹਾਂ ਮੁਲਜ਼ਮਾਂ ਨੂੰ ਕਰੀਬ 120 ਰੁਪਏ ਪ੍ਰਤੀ ਕਿੱਲੋ ਪੈਂਦਾ ਸੀ ਤੇ ਇਹ ਅੱਗੇ ਡੇਅਰੀਆਂ ਤੇ ਵੱਡੀਆਂ ਦੁਕਾਨਾਂ ਨੂੰ 150 ਰੁਪਏ ਪ੍ਰਤੀ ਕਿੱਲੋ ਵੇਚਦਾ ਸੀ ਤੇ ਅੱਗੇ ਡੇਅਰੀਆਂ ਤੇ



ਦੁਕਾਨਦਾਰ ਪਨੀਰ ਨੂੰ ਕਰੀਬ 250 ਰੁਪਏ ਪ੍ਰਤੀ ਕਿੱਲੋ ਵੇਚਦੇ ਸੀ।

ਇਸ ਤਰ੍ਹਾਂ ਇਹ ਵਿਅਕਤੀ ਡੇਅਰੀਆਂ ਤੇ ਦੁਕਾਨਦਾਰ ਰਾਹੀਂ ਲੋਕਾਂ ਦੀ ਸਿਹਤ ਅਤੇ ਜੇਬ ਨਾਲ ਖਿਲਵਾੜ ਕਰ ਰਹੇ ਸਨ। ਮੁਲਜ਼ਮ ਅਨਿਲ ਕੁਮਾਰ ਪਹਿਲਾਂ ਕੁਰੂਕਸ਼ੇਤਰ ਹਰਿਆਣਾ ਰਹਿੰਦਾ ਸੀ ਅਤੇ ਦੁੱਧ ਪਾਉਣ ਦਾ ਕੰਮ ਕਰਦਾ ਸੀ। ਸਾਲ 2014 ਵਿਚ ਇਹ ਕਸਬਾ ਦੇਵੀਗੜ੍ਹ ਜ਼ਿਲ੍ਹਾ ਪਟਿਆਲੇ ਰਹਿਣ ਲੱਗ ਪਿਆ, ਜਿਸ ਨੇ ਸਿੰਗਲਾ ਮਿਲਕ ਚਿਲਿੰਗ ਸੈਂਟਰ ਪਿੰਡ ਮਿਹੋਣ ਵਿਚ ਖੋਲ੍ਹ ਕੇ ਸਿਹਤ ਮਹਿਕਮੇ ਨਾਲ ਗੰਢ-ਤੁਪ ਕਰਕੇ ਸੈਂਟਰ ਵਿਚ ਨਕਲੀ ਪਨੀਰ, ਦੁੱਧ, ਮੱਖਣ ਅਤੇ ਦੇਸੀ ਘਿਉ ਤਿਆਰ ਕਰਕੇ ਵੇਚਣਾ ਸ਼ੁਰੂ ਕਰ ਦਿੱਤਾ। ਨਕਲੀ ਪਨੀਰ ਇਹ ਫਰਾਈਵਿਲ ਰਿਫਾਇੰਡ ਤੇਲ ਨਾਲ ਸਪਰੇਟਾ ਦੁੱਧ ਮਿਕਸ ਕਰਕੇ ਤਿਆਰ ਕਰਦਾ ਸੀ, ਇਕ ਮਹੀਨੇ ਵਿਚ 500 ਤੋਂ 800 ਟੀਨ ਰਿਫਾਇੰਡ ਤੇਲ ਪਨੀਰ ਬਣਾਉਣ ਲਈ ਇਸਤੇਮਾਲ ਕਰਦਾ ਸੀ। ਇਹ ਰਿਫਾਇੰਡ ਤੇਲ ਤਕਰੀਬਨ 7 ਤੋਂ 8 ਲੱਖ ਵਿਚ ਪੈਂਦਾ ਸੀ। ਤੇਲ ਇਹ ਹਨੂਮਾਨ ਸ਼ੂਗਰ ਏਜੰਸੀ, ਚੀਕਾ ਪਾਸੋਂ ਖਰੀਦ ਕਰਦਾ ਸੀ, ਜੋ ਇਕ ਟੀਨ ਦੀ ਕੀਮਤ ਕਰੀਬ 1380 ਰੁਪਏ, ਮਾਰਕਾ ਫਰਾਈਵਿਲ ਇਸ ਨੂੰ ਮਿਲਦੀ ਸੀ।

ਪੁਲਿਸ ਨੇ ਦੱਸਿਆ ਕਿ ਸਿੰਗਲਾ ਚਿਲਿੰਗ ਸੈਂਟਰ ਵਿਚ ਪਨੀਰ ਬਣਾਉਣ ਤੇ ਹੋਰ ਦੁੱਧ ਨਾਲ ਸਬੰਧਤ ਪਦਾਰਥ ਬਣਾਉਂਦੇ ਸਮੇਂ ਕੈਮੀਕਲ, ਸਿਰਕਾ, ਤੇਜ਼ਾਬ, ਡਿਟਰਜੈਂਟ ਅਤੇ ਬਰਤਨਾਂ ਦੀ ਸਫਾਈ ਲਈ ਵਰਤੇ ਜਾਂਦੇ ਕੈਮੀਕਲ ਨੂੰ ਇਹ ਪਹਿਲਾਂ ਚਿਲਿੰਗ ਸੈਂਟਰ ਦੇ ਨਾਲ ਆਪਣੇ ਖਾਲੀ ਪਲਾਟ ਵਿਚ ਖੁੱਲ੍ਹਾ ਛੱਡਦਾ ਸੀ, ਜੋ ਕੰਮ ਵਧਣ ਕਾਰਨ ਇਹ ਪ੍ਰਦੂਸ਼ਿਤ ਪਦਾਰਥ ਉਸ ਪਲਾਟ ਵਿਚ ਠੀਕ ਤਰ੍ਹਾਂ ਨਾਲ ਜਜ਼ਬ ਨਹੀਂ ਹੋ ਰਿਹਾ ਸੀ। ਫਿਰ ਇਸ ਨੇ ਇਸੇ ਪਲਾਟ ਵਿਚ ਡੀਪ ਡਿਸਚਾਰਜ ਬੋਰ ਲਗਵਾਇਆ। ਜਿਸ ਰਾਹੀਂ ਇਹ ਵਰਤਿਆ ਹੋਇਆ ਸਾਰਾ ਕੈਮੀਕਲ ਅਤੇ ਹੋਰ ਜ਼ਹਿਰੀਲੇ ਪਦਾਰਥ ਧਰਤੀ ਦੇ ਪਾਣੀ ਵਿਚ ਮਿਲਾ ਰਿਹਾ ਸੀ, ਜਿਸ ਨਾਲ ਧਰਤੀ ਹੇਠਲਾ ਪਾਣੀ ਜ਼ਹਿਰੀਲਾ ਹੋ ਰਿਹਾ ਸੀ। ਇਸ ਸਬੰਧੀ ਪ੍ਰਦੂਸ਼ਣ ਬੋਰਡ ਨੂੰ ਅਨਿਲ ਕੁਮਾਰ ਖਿਲਾਫ਼ ਬਣਦੀ ਕਾਨੂੰਨੀ ਕਾਰਵਾਈ ਲਈ ਅਲੱਗ ਲਿਖ ਕੇ ਭੇਜਿਆ ਜਾ ਰਿਹਾ ਹੈ।

# ਉਤਰੀ ਰਾਜਾਂ ਨੇ ਨਸ਼ਿਆਂ ਖਿਲਾਫ ਕੀਤਾ ਏਕਾ

**ਚੰਡੀਗੜ੍ਹ:** ਉਤਰੀ ਸੂਬਿਆਂ ਦੇ ਮੁੱਖ ਮੰਤਰੀਆਂ ਨੇ ਨਸ਼ੀਲੇ ਪਦਾਰਥਾਂ ਨੂੰ ਖਤਮ ਕਰਨ ਲਈ ਵਿਆਪਕ ਪੱਧਰ ਉਤੇ ਮੁਹਿੰਮ ਚਲਾਉਣ ਦਾ ਫੈਸਲਾ ਕੀਤਾ ਹੈ। ਤਾਲਮੇਲ ਵਾਸਤੇ ਪੰਚਕੂਲਾ 'ਚ ਸਾਂਝਾ ਕੇਂਦਰੀ ਸਕੱਤਰੇਤ ਸਥਾਪਤ ਕੀਤਾ ਜਾਵੇਗਾ ਤਾਂ ਜੋ ਸੂਬੇ ਆਪਸ ਵਿਚ ਸੂਚਨਾਵਾਂ ਨੂੰ ਸਾਂਝਾ ਕਰ ਸਕਣ। ਨਸ਼ਿਆਂ ਵਿਰੁੱਧ ਲੜਾਈ ਲਈ 'ਨਸ਼ੇ: ਚੁਣੌਤੀਆਂ ਤੇ ਰਣਨੀਤੀ' ਬਾਰੇ ਇਥੇ ਖੇਤਰੀ ਕਾਨਫਰੰਸ ਕਰਵਾਈ ਗਈ ਜਿਸ ਵਿਚ ਪੰਜਾਬ, ਹਰਿਆਣਾ, ਉਤਰਾਖੰਡ ਅਤੇ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀਆਂ ਨੇ ਸ਼ਮੂਲੀਅਤ ਕਰਦਿਆਂ ਹਰੇਕ ਸੂਬੇ ਵੱਲੋਂ ਨੋਡਲ ਅਫਸਰ ਤਾਇਨਾਤ ਕਰਨ ਦਾ ਫੈਸਲਾ ਲਿਆ।

ਨਸ਼ਿਆਂ 'ਤੇ ਨਿਗਰਾਨੀ ਤੇ ਸਾਂਝੀ ਰਣਨੀਤੀ ਦੀ ਪ੍ਰਗਤੀ ਲਈ ਛੇ ਮਹੀਨੇ ਬਾਅਦ ਮੀਟਿੰਗ ਕੀਤੀ ਜਾਵੇਗੀ। ਨਸ਼ਿਆਂ ਵਿਰੁੱਧ ਰਣਨੀਤੀ ਨੂੰ ਲਾਗੂ ਕਰਨ ਵਾਸਤੇ ਉਤਰ ਪ੍ਰਦੇਸ਼ ਅਤੇ ਜੰਮੂ ਕਸ਼ਮੀਰ ਨੂੰ ਵੀ ਸ਼ਾਮਲ ਕਰਨ ਦਾ ਫੈਸਲਾ ਲਿਆ ਗਿਆ ਹੈ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਸੁਝਾਅ 'ਤੇ ਹਰੇਕ ਤਿਮਾਹੀ ਦੌਰਾਨ ਅਧਿਕਾਰੀਆਂ ਦੀ ਉੱਚ ਪੱਧਰੀ ਮੀਟਿੰਗ ਵੀ ਕੀਤੀ ਜਾਵੇਗੀ ਜਿਸ ਦੀ ਪ੍ਰਧਾਨਗੀ ਵਾਰੋ-ਵਾਰੀ ਸਬੰਧਤ ਸੂਬਿਆਂ ਦੇ ਮੁੱਖ ਸਕੱਤਰ ਅਤੇ ਡੀ.ਜੀ.ਪੀ. ਕਰਨਗੇ। ਵੱਖ-ਵੱਖ ਸੂਬਿਆਂ ਨਾਲ ਲੱਗਦੇ ਜ਼ਿਲ੍ਹਿਆਂ ਦੇ ਐਸ.ਐਸ.ਪੀ. ਰੋਜ਼ਾਨਾ ਤਾਲਮੇਲ ਕਰਨਗੇ। ਸਕੂਲਾਂ 'ਚ ਜਾਗਰੂਕਤਾ ਮੁਹਿੰਮ, ਨੌਜਵਾਨਾਂ ਨੂੰ ਪਿੰਡ ਪੱਧਰ ਉਤੇ ਖੇਡਾਂ ਅਤੇ ਹੋਰ ਸਰਗਰਮੀਆਂ ਵਿਚ ਸ਼ਾਮਲ ਕਰਨ ਅਤੇ ਉਨ੍ਹਾਂ ਲਈ ਹੁਨਰ ਵਿਕਾਸ ਪ੍ਰੋਗਰਾਮ ਚਲਾਉਣ ਦੇ ਵੀ ਫੈਸਲੇ ਲਏ ਗਏ ਹਨ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਨਸ਼ਿਆਂ ਦੀ ਰੋਕਥਾਮ ਲਈ ਫੰਡਾਂ ਦੀ ਪ੍ਰਾਪਤੀ ਵਾਸਤੇ ਉਨ੍ਹਾਂ ਕੇਂਦਰ ਕੋਲ ਪਹੁੰਚ ਕਰਨ ਦਾ ਸੁਝਾਅ ਦਿੱਤਾ। ਮੁੱਖ ਮੰਤਰੀ ਨੇ ਬੀ.ਐਸ.ਐਫ., ਡੀ.ਆਰ.ਆਈ., ਐਨ.ਸੀ.ਬੀ., ਆਰ.ਪੀ.ਐਫ., ਸੀ.ਆਈ.ਐਸ.ਐਫ. ਅਤੇ ਕਸਟਮਜ਼ ਵਰਗੀਆਂ ਕੇਂਦਰੀ ਏਜੰਸੀਆਂ ਦੀ ਨੁਮਾਇੰਦਗੀ ਦਾ ਸੁਝਾਅ ਵੀ ਦਿੱਤਾ।

ਉਨ੍ਹਾਂ ਨਸ਼ਿਆਂ ਬਾਰੇ ਕੌਮੀ ਨੀਤੀ ਬਣਾਉਣ ਦੀ ਮੰਗ ਦੁਹਰਾਈ। ਉਨ੍ਹਾਂ ਕਿਹਾ ਕਿ ਨਸ਼ਿਆਂ ਦੀ ਖੇਤੀ 'ਤੇ ਬੰਦਿਸ਼ਾਂ ਅਤੇ ਗੁਆਂਢੀ ਸੂਬਿਆਂ, ਜਿਥੇ ਕਾਨੂੰਨੀ ਤੌਰ ਉਤੇ ਇਸ ਦੀ ਖੇਤੀ ਹੁੰਦੀ ਹੈ, ਤੋਂ ਬਾਹਰ ਜਾਣ ਨੂੰ ਰੋਕਣ ਲਈ ਬਿਹਤਰ ਢੰਗ-ਤਰੀਕਾ ਤਿਆਰ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਹੈਰੋਇਨ ਦੀ ਸਪਲਾਈ ਅੰਤਰਰਾਸ਼ਟਰੀ ਸਰਹੱਦ ਰਾਹੀਂ ਪਾਕਿਸਤਾਨ ਤੋਂ ਹੁੰਦੀ ਹੈ ਜਦਕਿ




ਅਫੀਮ ਅਤੇ ਭੁੱਕੀ ਵਰਗੇ ਹੋਰ ਨਸ਼ਿਆਂ ਦੀ ਸਪਲਾਈ ਸੂਬਿਆਂ ਤੋਂ ਹੁੰਦੀ ਹੈ ਜਿਥੇ ਕਾਨੂੰਨੀ ਤੌਰ ਉਤੇ ਇਸ ਦੀ ਪੈਦਾਵਾਰ ਹੁੰਦੀ ਹੈ। ਕੈਪਟਨ ਨੇ ਸੁਝਾਅ ਦਿੱਤਾ ਕਿ ਅਤਿ-ਆਧੁਨਿਕ ਤਕਨੀਕ ਨਾਲ ਲੈਸ ਅੰਤਰ-ਰਾਜੀ ਨਾਕੇ ਲਾਏ ਜਾਣ ਜਿਥੇ ਇੰਟਰਨੈਟ ਨਾਲ ਜੁੜੇ ਸੀ.ਸੀ.ਟੀ.ਵੀ. ਕੈਮਰੇ ਲਾਉਣ ਤੋਂ ਇਲਾਵਾ ਕੁੱਤਿਆਂ ਨੂੰ ਨਸ਼ਿਆਂ ਦੀ ਸ਼ਨਾਖਤ ਕਰਨ ਸਬੰਧੀ ਸਿਖਲਾਈ ਦਿੱਤੀ ਜਾਵੇ। ਉਨ੍ਹਾਂ ਸੁਝਾਅ ਦਿੱਤਾ ਕਿ ਬੀ.ਐਸ.ਐਫ. ਦੀ ਨਫਰੀ ਵਧਾਉਣ ਦੇ ਨਾਲ ਨਾਲ ਰਾਤ ਸਮੇਂ ਤੇ ਧੁੰਦ ਦੌਰਾਨ ਨਜ਼ਰ ਰੱਖਣ ਵਾਲੇ ਵਿਸ਼ੇਸ਼ ਯੰਤਰਾਂ ਰਾਹੀਂ ਸਰਹੱਦ ਉਤੇ ਗਸ਼ਤ ਤੇਜ਼ ਕੀਤੀ ਜਾਵੇ।

ਪੰਜਾਬ ਸਰਕਾਰ ਨੇ ਕੇਂਦਰੀ ਗ੍ਰਹਿ ਮੰਤਰਾਲੇ ਕੋਲੋਂ ਬੀ.ਐਸ.ਐਫ. ਦੀਆਂ ਬਟਾਲੀਅਨਾਂ ਦੀ ਸਰਹੱਦ 'ਤੇ ਤਾਇਨਾਤੀ ਦਾ ਸਮਾਂ ਪੰਜ ਸਾਲ ਦੀ ਬਜਾਏ 1-2 ਸਾਲ ਕਰਨ ਲਈ ਆਖਿਆ ਹੈ ਤਾਂ ਜੋ ਅਫਸਰਾਂ ਦੀ ਪਾਕਿਸਤਾਨੀ ਰੇਂਜਰਾਂ ਅਤੇ ਨਸ਼ਾ ਤਸਕਰਾਂ ਨਾਲ ਗੰਢ-ਤੁੱਪ ਨਾ ਹੋ ਸਕੇ। ਮੁੱਖ ਮੰਤਰੀ ਨੇ ਦੱਸਿਆ ਕਿ ਉਨ੍ਹਾਂ ਦੀ ਸਰਕਾਰ ਨੇ ਨਸ਼ਿਆਂ ਦੇ ਮਾਮਲੇ ਵਿਚ ਇਕ ਡੀ.ਐਸ.ਪੀ. ਸਮੇਤ 23 ਪੁਲਿਸ ਵਾਲਿਆਂ ਨੂੰ ਗ੍ਰਿਫਤਾਰ ਕੀਤਾ ਹੈ। ਸੂਬਾ ਸਰਕਾਰ ਨੇ ਐਨ.ਡੀ.ਪੀ.ਐਸ. ਤਹਿਤ ਪਹਿਲੀ ਵਾਰ ਅਪਰਾਧ ਕਰਨ ਵਾਲਿਆਂ ਨੂੰ ਵੀ ਮੌਤ ਦੀ ਸਜ਼ਾ ਦੇਣ ਲਈ ਭਾਰਤ ਸਰਕਾਰ ਨੂੰ ਸਿਫਾਰਸ਼ ਕੀਤੀ ਹੈ। ਉਨ੍ਹਾਂ ਦੱਸਿਆ ਕਿ ਗੈਰ-ਕਾਨੂੰਨੀ ਢੰਗ ਨਾਲ ਬਣਾਈ ਜਾਇਦਾਦ ਨੂੰ ਜ਼ਬਤ ਕਰਨ ਸਬੰਧੀ ਵਿਧਾਨ ਸਭਾ ਵੱਲੋਂ ਪਾਸ ਕੀਤਾ ਕਾਨੂੰਨ ਰਾਸ਼ਟਰਪਤੀ ਦੀ ਸਹਿਮਤੀ ਲਈ ਭੇਜਿਆ ਹੋਇਆ ਹੈ ਜੋ ਅਜੇ ਬਕਾਇਆ ਹੈ।

## ਨਸ਼ਾ ਮੁਕਤ ਪੰਜਾਬ ਲਈ 'ਤੂੰ ਮੇਰਾ ਬਡੀ' ਮੁਹਿੰਮ ਦੀ ਸ਼ੁਰੂਆਤ

**ਲੁਧਿਆਣਾ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਨਸ਼ਾ ਮੁਕਤ ਪੰਜਾਬ ਸਿਰਜਣ ਤੇ ਨਸ਼ੇ ਤੋਂ ਆਜ਼ਾਦੀ ਦੁਆਉਣ ਦੇ ਮਕਸਦ ਨਾਲ ਜਿਥੇ 'ਤੂੰ ਮੇਰਾ ਬਡੀ' ਮੁਹਿੰਮ ਦੀ ਸ਼ੁਰੂਆਤ ਕੀਤੀ, ਉਥੇ ਹੀ ਕਿਸਾਨਾਂ ਲਈ ਖੇਤੀ ਕਰਜ਼ਾ ਮੁਆਫੀ ਸਕੀਮ ਦੇ ਦੂਸਰੇ ਗੇੜ ਦੀ ਸ਼ੁਰੂਆਤ ਕੀਤੀ। ਮੁੱਖ ਮੰਤਰੀ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਜ਼ਮੀਨੀ ਪੱਧਰ ਤੱਕ ਲੈ ਕੇ ਜਾਣ ਲਈ ਸਕੂਲਾਂ ਕਾਲਜਾਂ 'ਚ 'ਤੂੰ ਮੇਰਾ ਬੱਡੀ' ਪ੍ਰੋਗਰਾਮ ਲਿਜਾਇਆ ਜਾਵੇਗਾ।

## ਨਸ਼ਾ ਮੁਕਤੀ ਮੁਹਿੰਮ ਬਾਰੇ ਸਰਕਾਰੀ ਨੀਅਤ 'ਤੇ ਸਵਾਲ

**ਪਟਿਆਲਾ:** ਕੈਪਟਨ ਸਰਕਾਰ ਨਸ਼ਿਆਂ ਨੂੰ ਨੱਥ ਪਾਉਣ ਬਾਰੇ ਵੱਡੇ-ਵੱਡੇ ਦਾਅਵੇ ਕਰ ਰਹੀ ਹੈ ਪਰ ਨਸ਼ਾ ਮੁਕਤੀ ਕੇਂਦਰਾਂ ਵਿਚ ਤਾਇਨਾਤ ਮੁਲਾਜ਼ਮਾਂ ਨੂੰ ਤਨਖਾਹ ਤੱਕ ਨਹੀਂ ਮਿਲ ਰਹੀ। ਪੰਜਾਬ ਦੇ ਸਮੂਹ ਨਸ਼ਾ ਮੁਕਤੀ ਕੇਂਦਰਾਂ ਦੇ ਮੁਲਾਜ਼ਮਾਂ ਨੇ ਪੱਕੇ ਕਰਨ ਤੇ ਤਨਖਾਹ ਵਧਾਏ ਜਾਣ ਦੇ ਮਾਮਲੇ ਨੂੰ ਲੈ ਕੇ ਹੜਤਾਲ ਕਰ ਦਿੱਤੀ। ਇਸ ਕਰ ਕੇ 400 ਦੇ ਕਰੀਬ ਰੋਜ਼ਾਨਾ ਦਵਾਈ ਲੈਣ ਵਾਲੇ ਨਸ਼ਾ ਪੀੜਤਾਂ ਨੂੰ ਕੋਈ ਦਵਾਈ ਨਹੀਂ ਮਿਲ ਸਕੀ।

ਨਸ਼ਾ ਪੀੜਤ ਮਰੀਜ਼ਾਂ ਵਿਚ ਵੀ ਰੋਸ ਦੇਖਣ ਨੂੰ ਮਿਲਿਆ। ਮਰੀਜ਼ਾਂ ਨੇ ਕਿਹਾ ਕਿ ਹੁਣ ਨਸ਼ਾ ਮੁਕਤੀ ਕੇਂਦਰ ਵਿਚ ਹੜਤਾਲ ਕਰਕੇ ਦਵਾਈ ਨਹੀਂ ਮਿਲੀ। ਇਸ ਕਰਕੇ ਉਨ੍ਹਾਂ ਦੇ ਸਰੀਰ ਨੂੰ ਤੋੜ ਲੱਗ ਰਹੀ ਹੈ। ਇਸ ਹੜਤਾਲ ਕਰਕੇ ਉਨ੍ਹਾਂ ਨੂੰ ਮੁੜ ਨਸ਼ਾ ਲੈਣ ਲਈ ਮਜਬੂਰ ਹੋਣਾ ਪੈ ਸਕਦਾ ਹੈ। ਉਨ੍ਹਾਂ ਦੀ ਪਿਛਲੀ ਖਾਧੀ ਦਵਾਈ ਤੇ ਨਸ਼ਾ ਛੱਡਣ ਲਈ ਬਣਾਇਆ ਮਨੋਬਲ ਟੁੱਟ ਸਕਦਾ ਹੈ।

ਦਰਅਸਲ, ਨਸ਼ਾ ਮੁਕਤੀ ਕੇਂਦਰਾਂ ਵਿਚ ਤਾਇਨਾਤ 250 ਦੇ ਕਰੀਬ ਮੁਲਾਜ਼ਮ ਹੜਤਾਲ ਉਤੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਪਿਛਲੇ ਚਾਰ ਸਾਲ ਤੋਂ ਉਨ੍ਹਾਂ ਨੂੰ ਸਰਕਾਰ ਨੇ ਕੀਤੇ ਵਾਅਦੇ ਮੁਤਾਬਕ ਸਿਹਤ ਵਿਭਾਗ ਵਿਚ ਤਾਇਨਾਤੀ ਨਹੀਂ ਦਿੱਤੀ। ਇਸ ਤੋਂ ਇਲਾਵਾ 35000 ਹਜ਼ਾਰ ਰੁਪਏ ਤਨਖਾਹ ਦਾ ਵਾਅਦਾ ਤੇ ਪੱਕੇ ਕਰਨ ਦੀ ਥਾਂ ਸਿਰਫ 15 ਹਜ਼ਾਰ ਰੁਪਏ ਹੀ ਤਨਖਾਹ ਦਿੱਤੀ ਜਾ ਰਹੀ ਹੈ। ਇਸ ਕਰ ਕੇ ਉਨ੍ਹਾਂ ਨੂੰ ਸਰਕਾਰ ਖਿਲਾਫ ਹੜਤਾਲ 'ਤੇ ਜਾਣਾ ਪਿਆ ਹੈ।

## ਸੁਪਰੀਮ ਕੋਰਟ ਦੀ ਸਖਤ ਤਾੜਨਾ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਸਮੇਤ ਦੇਸ਼ ਭਰ ਦੇ ਬੱਚਿਆਂ 'ਚ ਨਸ਼ਿਆਂ ਦੇ ਰੁਝਾਨ ਪ੍ਰਤੀ ਪਾਈ ਪਟੀਸ਼ਨ ਉਤੇ ਸੁਪਰੀਮ ਕੋਰਟ 'ਚ ਸੁਣਵਾਈ ਹੋਈ। ਇਸ ਦੌਰਾਨ ਸਰਕਾਰ ਨੇ ਅਦਾਲਤ ਅੱਗੇ ਕੁਝ ਅੰਕੜੇ ਪੇਸ਼ ਕਰਦਿਆਂ ਦੱਸਿਆ ਕਿ ਇਕ ਸਰਵੇਖਣ ਸ਼ੁਰੂ ਕੀਤਾ ਗਿਆ ਹੈ। ਸ਼ੁਰੂਆਤੀ ਦੌਰ 'ਚ ਪੰਜਾਬ, ਹਰਿਆਣਾ ਤੇ ਹਿਮਾਚਲ 'ਚ ਸਰਵੇਖਣ ਕੀਤੇ ਗਏ। ਇਸ ਵਿਚ ਇਕੱਲੇ ਪੰਜਾਬ 'ਚ 11,964 ਨੌਜਵਾਨਾਂ ਨੂੰ ਇੰਟਰਵਿਊ ਕੀਤਾ ਗਿਆ ਜਿਨ੍ਹਾਂ 'ਚੋਂ 3122 ਨੌਜਵਾਨ ਨਸ਼ੇ ਦੇ ਆਦੀ ਸਨ।

ਇਸ ਦੌਰਾਨ ਅਦਾਲਤ ਨੇ ਸਰਕਾਰ ਨੂੰ ਕਿਹਾ ਕਿ ਨਸ਼ਿਆਂ ਲਈ ਕਿੰਨੇ ਨਸ਼ਾ ਛਡਾਊ ਕੇਂਦਰ ਹਨ ਤੇ ਉਨ੍ਹਾਂ ਵਿਚ ਕੀ-ਕੀ ਸੁਵਿਧਾਵਾਂ ਹਨ। ਲੜਕੇ-ਲੜਕੀਆਂ ਲਈ ਵੱਖ-ਵੱਖ ਸੈਂਟਰ ਹਨ ਜਾਂ ਨਹੀਂ। ਉਨ੍ਹਾਂ 'ਚ ਕਿੰਨੇ ਡਾਕਟਰ ਤੇ ਦਵਾਈਆਂ ਹਨ ਜਾਂ ਨਹੀਂ, ਪਹਿਲਾਂ ਇਸ ਬਾਰੇ ਸਰਵੇਖਣ ਕੀਤਾ ਜਾਵੇ। ਦੂਜਾ ਸਕੂਲਾਂ ਤੇ ਕਾਲਜਾਂ 'ਚ ਇਸ ਸਬੰਧੀ ਸਿਲੇਬਸ ਲਾਗੂ ਕਰਨਾ ਯਕੀਨੀ ਬਣਾਇਆ ਜਾਵੇ ਕਿ ਨਸ਼ਾ ਕਿੰਨਾ ਖਤਰਨਾਕ ਹੈ।

ਅਦਾਲਤ ਨੇ ਇਹ ਸਰਵੇਖਣ ਕਰਨ ਲਈ 6 ਮਹੀਨੇ ਦਾ ਸਮਾਂ ਦਿੱਤਾ ਤੇ ਨਾਲ ਹੀ 6 ਮਹੀਨਿਆਂ 'ਚ ਨਸ਼ਿਆਂ ਖਿਲਾਫ ਪਾਲਿਸੀ ਬਣਾ ਕੇ ਲਾਗੂ ਕਰਨ ਦੇ ਨਿਰਦੇਸ਼ ਦਿੱਤੇ। ਛੇ ਮਹੀਨਿਆਂ ਬਾਅਦ ਸਾਰੇ ਰਾਜਾਂ ਦੇ ਮੰਤਰਾਲਿਆਂ ਨੂੰ ਐਫੀਡੇਵਿਟ ਫਾਈਲ ਕਰ ਕੇ ਅਦਾਲਤ 'ਚ ਦੱਸਣਾ ਹੋਵੇਗਾ ਕਿ ਉਨ੍ਹਾਂ ਪਾਲਿਸੀ ਲਾਗੂ ਕਰ ਦਿੱਤੀ ਹੈ ਕਿ ਨਹੀਂ। ਜ਼ਿਕਰਯੋਗ ਹੈ ਕਿ 'ਬਚਪਨ ਬਚਾਓ ਅੰਦੋਲਨ' ਤਹਿਤ ਪਟੀਸ਼ਨ ਪਾਈ ਗਈ ਸੀ ਕਿ ਬੱਚਿਆਂ ਨੂੰ ਨਸ਼ਿਆਂ ਦੀ ਆਦਤ ਸਕੂਲ ਤੋਂ ਹੀ ਪੈ ਰਹੀ ਹੈ ਤੇ ਕਈ ਲੋਕ ਬੱਚਿਆਂ ਨੂੰ ਜ਼ਬਰਦਸਤੀ ਨਸ਼ਿਆਂ ਵੱਲ ਲਾ ਰਹੇ ਹਨ। ਇਸ 'ਚ ਪੰਜਾਬ ਦਾ ਖਾਸ ਤੌਰ ਉਤੇ ਜ਼ਿਕਰ ਕੀਤਾ ਗਿਆ ਸੀ ਜਿਸ 'ਤੇ ਸੁਣਵਾਈ ਕਰਦਿਆਂ ਪਾਲਿਸੀ ਬਣਾਉਣ ਲਈ ਸੁਪਰੀਮ ਕੋਰਟ ਨੇ ਕੇਂਦਰ ਨੂੰ ਹਦਾਇਤਾਂ ਜਾਰੀ ਕੀਤੀਆਂ ਹਨ।

# ਕੋਲਿਆਂਵਾਲੀ ਦੀ ਪੇਸ਼ਗੀ ਜ਼ਮਾਨਤ ਦੀ ਅਰਜ਼ੀ ਰੱਦ

**ਬਠਿੰਡਾ:** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸਾਬਕਾ ਚੇਅਰਮੈਨ ਅਤੇ ਅਕਾਲੀ ਆਗੂ ਦਿਆਲ ਸਿੰਘ ਕੋਲਿਆਂਵਾਲੀ ਦੀ ਅਗਾਊਂ ਜ਼ਮਾਨਤ ਦੀ ਅਰਜ਼ੀ ਰੱਦ ਕਰ ਦਿੱਤੀ ਹੈ ਜਿਸ ਮਗਰੋਂ ਕੋਲਿਆਂਵਾਲੀ ਰੂਪੋਸ਼ ਹੋ ਗਏ ਹਨ। ਹਾਈ ਕੋਰਟ ਨੇ ਇਸ ਤੋਂ ਪਹਿਲਾਂ ਕੋਲਿਆਂਵਾਲੀ ਨੂੰ ਅਰਜ਼ੀ ਦੀ ਸੁਣਵਾਈ ਦੌਰਾਨ ਅੰਤਰਿਮ ਜ਼ਮਾਨਤ ਦੇ ਦਿੱਤੀ ਸੀ ਜਿਸ ਪਿਛੋਂ ਕੋਲਿਆਂਵਾਲੀ ਵਿਜੀਲੈਂਸ ਕੋਲ ਤਫਤੀਸ਼ ਲਈ ਸ਼ਾਮਲ ਹੋ ਗਏ ਸਨ।



ਵਿਜੀਲੈਂਸ ਨੇ ਕੋਲਿਆਂਵਾਲੀ ਉਤੇ ਵਿਜੀਲੈਂਸ ਥਾਣਾ ਮੁਹਾਲੀ ਵਿਚ 30 ਜੂਨ 2018 ਨੂੰ ਵਸੀਲਿਆਂ ਤੋਂ ਜ਼ਿਆਦਾ ਜਾਇਦਾਦ ਬਣਾਏ ਜਾਣ ਦੇ ਇਲਜ਼ਾਮਾਂ ਤਹਿਤ ਮੁਕੱਦਮਾ ਦਰਜ ਕੀਤਾ ਸੀ। ਉਸ ਮਗਰੋਂ ਕੋਲਿਆਂਵਾਲੀ ਰੂਪੋਸ਼ ਹੋ ਗਏ ਸਨ ਪਰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਉਨ੍ਹਾਂ ਨੂੰ 25 ਜੁਲਾਈ ਨੂੰ ਅੰਤਰਿਮ ਜ਼ਮਾਨਤ ਦੇ ਦਿੱਤੀ ਸੀ। ਉਸ ਮਗਰੋਂ ਉਹ ਤਿੰਨ-ਚਾਰ ਵਾਰ ਵਿਜੀਲੈਂਸ ਅਧਿਕਾਰੀ ਭੁਪਿੰਦਰ ਸਿੰਘ ਸਿੱਧੂ ਕੋਲ ਤਫਤੀਸ਼ 'ਚ ਸ਼ਾਮਲ ਵੀ ਹੋਏ ਸਨ। ਵਿਜੀਲੈਂਸ ਦੇ ਡੀ. ਐਸ. ਪੀ. ਮਨਜੀਤ ਸਿੰਘ ਦਾ ਕਹਿਣਾ ਸੀ ਕਿ ਹਾਈ ਕੋਰਟ ਨੇ ਕੋਲਿਆਂਵਾਲੀ ਦੀ ਅਗਾਊਂ ਜ਼ਮਾਨਤ ਦੀ ਅਰਜ਼ੀ ਰੱਦ ਕਰ ਦਿੱਤੀ ਹੈ ਤੇ ਹੁਣ ਉਹ ਕਿਸੇ ਵਕਤ ਵੀ ਕੋਲਿਆਂਵਾਲੀ ਨੂੰ ਗ੍ਰਿਫਤਾਰ ਕਰ ਸਕਦੇ ਹਨ।

# ਲੰਗਾਹ ਵੱਲੋਂ ਸਿੱਖ ਪੰਥ 'ਚ ਵਾਪਸੀ ਲਈ ਭੱਜ-ਨੱਠ

**ਅੰਮ੍ਰਿਤਸਰ:** ਅਦਾਲਤ ਵੱਲੋਂ ਬਰੀ ਕੀਤੇ ਜਾਣ ਤੋਂ ਬਾਅਦ ਸਾਬਕਾ ਅਕਾਲੀ ਮੰਤਰੀ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਸੁੱਚਾ ਸਿੰਘ ਲੰਗਾਹ ਵੱਲੋਂ ਹੁਣ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਪੱਤਰ ਲਿਖ ਕੇ ਉਸ ਨੂੰ ਪੰਥ ਵਿਚੋਂ ਛੇਕੇ ਜਾਣ ਵਾਲੇ ਮਾਮਲੇ ਉਤੇ ਪੁਨਰ ਵਿਚਾਰ ਕਰਨ ਤੇ ਪੰਥ ਵਿਚ ਮੁੜ ਸ਼ਾਮਲ ਕੀਤੇ ਜਾਣ ਦੀ ਅਪੀਲ ਕੀਤੀ ਗਈ ਹੈ। ਇਸੇ ਦੌਰਾਨ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਅਜਿਹਾ ਪੱਤਰ ਮਿਲਣ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਸਿੰਘ ਸਾਹਿਬਾਨ ਦੀ ਹੋਣ ਵਾਲੀ ਇਕੱਤਰਤਾ ਵਿਚ ਇਸ 'ਤੇ ਵਿਚਾਰ ਕੀਤਾ ਜਾਵੇਗਾ।

ਜ਼ਿਕਰਯੋਗ ਹੈ ਕਿ ਬੀਤੀ 30 ਜੁਲਾਈ ਨੂੰ ਅਦਾਲਤ ਵੱਲੋਂ ਬਰੀ ਕੀਤੇ ਜਾਣ ਤੋਂ ਬਾਅਦ ਲੰਗਾਹ ਵੱਲੋਂ ਕਿਹਾ ਗਿਆ ਸੀ ਕਿ ਉਹ ਕਾਨੂੰਨੀ ਤੌਰ 'ਤੇ ਤਾਂ ਦੋਸ਼ ਮੁਕਤ ਹੋ ਚੁੱਕੇ ਹਨ, ਪਰ ਜਦੋਂ ਤੱਕ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਉਨ੍ਹਾਂ ਨੂੰ ਦੋਸ਼ ਮੁਕਤ ਨਹੀਂ ਕੀਤਾ ਜਾਂਦਾ, ਉਦੋਂ ਤੱਕ ਉਹ ਆਪਣੇ ਆਪ ਨੂੰ ਦੋਸ਼ ਮੁਕਤ ਨਹੀਂ ਸਮਝਣਗੇ। ਪੰਥਕ ਹਲਕਿਆਂ 'ਚ ਚਰਚਾ ਹੈ ਕਿ ਲੰਗਾਹ ਤੇ ਚੱਢਾ ਦੇ ਮਾਮਲਿਆਂ ਵਿਚ ਭਾਵੇਂ ਉਹ ਕਾਨੂੰਨੀ ਤੌਰ 'ਤੇ ਬਰੀ ਹੋ ਗਏ ਹੋਣ, ਪਰ ਸਿੱਖੀ ਸਿਧਾਂਤਾਂ ਦੇ ਪੱਖ ਤੋਂ ਤਨਖਾਹੀਏ ਜਾਂ ਦੋਸ਼ੀ ਕਰਾਰ ਦਿੱਤੇ ਗਏ ਅਜਿਹੇ ਵਿਅਕਤੀਆਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਵੀ ਮੁਆਫ ਕਰਨਾ ਸਿੰਘ ਸਾਹਿਬਾਨ ਲਈ ਵੀ ਪ੍ਰੀਖਿਆ ਦੀ ਘੜੀ ਸਾਬਤ ਹੋਵੇਗਾ।

# ਈਸੜੂ ਕਾਨਫਰੰਸ: ਸਿਆਸੀ ਪਾਰਟੀਆਂ ਨੇ ਇਕ-ਦੂਜੇ ਨੂੰ ਲਾਈਆਂ ਚੋਭਾਂ

**ਪਾਇਲ:** ਈਸੜੂ ਕਾਨਫਰੰਸ ਵਿਚ ਸਿਆਸੀ ਪਾਰਟੀਆਂ ਨੇ ਇਕ ਦੂਜੇ ਨੂੰ ਖੁੱਲ੍ਹ ਕੇ ਘੇਰਿਆ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਾਂਗਰਸ ਦੀ ਕੈਪਟਨ ਸਰਕਾਰ 'ਤੇ ਵਰ੍ਹਦਿਆਂ ਕਿਹਾ ਕਿ ਇਸ ਸਰਕਾਰ ਨੇ ਚੋਣਾਂ ਤੋਂ ਪਹਿਲਾਂ ਲੋਕਾਂ ਨਾਲ ਜੋ ਵਾਅਦੇ ਕੀਤੇ ਸਨ, ਉਨ੍ਹਾਂ 'ਚੋਂ ਇਕ ਵੀ ਪੂਰਾ ਨਹੀਂ ਕੀਤਾ ਗਿਆ।

ਸ੍ਰੀ ਬਾਦਲ ਨੇ ਜਸਟਿਸ ਰਣਜੀਤ ਸਿੰਘ ਕਮਿਸ਼ਨ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਕਾਂਗਰਸ ਦੇ ਇਸ਼ਾਰੇ ਉਤੇ ਝੂਠੀ ਰਿਪੋਰਟ ਪੇਸ਼ ਕਰ ਕੇ ਅਕਾਲੀ ਦਲ ਦੀ ਲੀਡਰਸ਼ਿਪ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੀ ਆਜ਼ਾਦੀ ਵਿਚ ਪੰਜਾਬੀਆਂ ਨੇ 80 ਫੀਸਦੀ ਤੋਂ ਵੱਧ ਕੁਰਬਾਨੀਆਂ ਦਿੱਤੀਆਂ ਪਰ ਸ਼ਹੀਦਾਂ ਦੇ ਸੁਪਨੇ ਹਾਲੇ ਤੱਕ ਸਾਕਾਰ ਨਹੀਂ ਹੋਏ। ਸ੍ਰੀ ਬਾਦਲ ਨੇ ਕਿਹਾ ਕਿ ਕਾਂਗਰਸ ਸਰਕਾਰ ਨਸ਼ਿਆਂ ਖਿਲਾਫ਼ ਅਤੇ ਕਿਸਾਨਾਂ ਦੇ ਕਰਜ਼ੇ ਮੁਆਫ ਕਰਨ ਸਬੰਧੀ ਝੂਠਾ ਪ੍ਰਚਾਰ ਕਰ ਰਹੀ ਹੈ ਜਦੋਂਕਿ ਪੰਜਾਬ ਵਿਚ ਕਿਸਾਨ ਪਹਿਲਾਂ ਨਾਲੋਂ ਵੱਧ ਕਰਜ਼ਈ ਹੋ ਗਏ ਹਨ ਤੇ ਖੁਦਕੁਸ਼ੀਆਂ ਕਰ ਰਹੇ ਹਨ।

ਸਾਬਕਾ ਮੰਤਰੀ ਪੰਜਾਬ ਬਿਕਰਮ ਸਿੰਘ ਮਜੀਠੀਆਂ ਨੇ ਕਿਹਾ ਕਿ ਕਾਂਗਰਸ ਨੇ ਹਮੇਸ਼ਾ ਪਾੜੋ ਤੇ ਰਾਜ ਕਰੋ ਦੀ ਨੀਤੀ ਅਪਨਾਈ ਹੈ ਅਤੇ ਧਾਰਮਿਕ ਸਥਾਨ ਢਹਿ-ਢੇਰੀ ਕੀਤੇ ਹਨ। ਅਕਾਲੀ ਦਲ ਦੇ ਜਨਰਲ ਸਕੱਤਰ ਮਹੇਸ਼ਇੰਦਰ ਸਿੰਘ ਗਰੇਵਾਲ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਰਣਜੀਤ ਸਿੰਘ ਕਮਿਸ਼ਨ ਰਾਹੀਂ ਸ਼੍ਰੋਮਣੀ ਅਕਾਲੀ ਦਲ ਨੂੰ ਦੋਸ਼ੀ ਦੱਸਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਪਰ ਇਨ੍ਹਾਂ ਕੋਝੀਆਂ ਚਾਲਾਂ ਨੂੰ ਸਫਲ ਨਹੀਂ ਹੋਣ ਦਿੱਤਾ ਜਾਵੇਗਾ। ਬੇਅਦਬੀ ਦੀਆਂ ਘਟਨਾਵਾਂ ਦੀ ਜਾਂਚ ਸੁਪਰੀਮ ਕੋਰਟ ਦੇ ਜੱਜ ਕੋਲੋਂ ਕਰਵਾਉਣੀ ਚਾਹੀਦੀ ਹੈ।



## ਕਾਂਗਰਸ ਨੇ ਅਕਾਲੀਆਂ ਨੂੰ ਘੇਰਿਆ

ਕਾਂਗਰਸ ਨੇ ਵੀ ਅਕਾਲੀਆਂ ਨੂੰ ਘੇਰਿਆ। ਪੰਜਾਬ ਦੇ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੇ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਕਿਹਾ ਕਿ ਅਕਾਲੀ-ਭਾਜਪਾ ਗੱਠਜੋੜ ਸਰਕਾਰ ਵੱਲੋਂ ਪਿਛਲੇ 10 ਸਾਲਾਂ ਦੌਰਾਨ ਲੋਕਾਂ ਨੂੰ ਕੁੱਟਿਆ ਤੇ ਲੁੱਟਿਆ ਗਿਆ ਅਤੇ ਸੂਬੇ ਨੂੰ ਆਰਥਿਕ ਪੱਖੋਂ ਕੰਗਾਲ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀ ਪੋਲ ਖੋਲ੍ਹਣ ਦੀਆਂ ਗੱਲਾਂ ਕਰਨ ਵਾਲੇ ਅਕਾਲੀਆਂ ਦੀ ਪੋਲ ਉਦੋਂ ਖੁੱਲ੍ਹੇਗੀ, ਜਦੋਂ ਬੇਅਦਬੀ ਘਟਨਾਵਾਂ ਸਬੰਧੀ ਜਸਟਿਸ ਰਣਜੀਤ ਸਿੰਘ ਗਿੱਲ ਕਮਿਸ਼ਨ ਦੀ ਰਿਪੋਰਟ ਪੰਜਾਬ ਵਿਧਾਨ ਸਭਾ ਵਿਚ ਪੇਸ਼ ਕੀਤੀ ਜਾਵੇਗੀ।

## ਖਹਿਰਾ ਨੇ ਕੈਪਟਨ ਨੂੰ ਵਾਅਦੇ ਯਾਦ ਕਰਵਾਏ

**ਪਾਇਲ:** ਸ਼ਹੀਦ ਕਰਨੈਲ ਸਿੰਘ ਈਸੜੂ ਦੀ ਬਰਸੀ ਮੌਕੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਆਪਣੇ ਵਿਧਾਇਕਾਂ ਤੇ ਸਮਰਥਕਾਂ ਸਮੇਤ ਸ਼ਹੀਦ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਉਨ੍ਹਾਂ ਕਿਹਾ ਕਿ ਰਵਾਇਤੀ ਪਾਰਟੀਆਂ ਨੇ ਸੇਵਾ ਭਾਵਨਾ ਦੀ ਰਾਜਨੀਤੀ ਨੂੰ ਇਕ ਧੰਦਾ ਬਣਾ ਲਿਆ ਹੈ। 21 ਫੀਸਦੀ ਲੋਕਾਂ ਨੇ 82 ਫੀਸਦੀ ਸਰਮਾਇਆ ਇਕੱਠਾ ਕਰ ਲਿਆ ਹੈ, ਮਾੜੀ ਸੋਚ ਦੇ ਆਗੂਆਂ ਦੀ ਘਟੀਆ ਰਾਜਨੀਤੀ ਕਾਰਨ ਗਰੀਬ ਹੋਰ ਗਰੀਬ ਹੋ ਰਿਹਾ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 'ਤੇ ਨਿਸ਼ਾਨਾ ਸਾਧਦੇ ਹੋਏ ਉਨ੍ਹਾਂ ਕਿਹਾ ਕਿ ਸੱਤਾ 'ਚ ਆਉਣ ਤੋਂ ਪਹਿਲਾਂ ਕੈਪਟਨ ਨੇ ਜੋ ਵਾਅਦੇ ਲੋਕਾਂ ਨਾਲ ਕੀਤੇ ਸਨ, ਉਹ ਹੁਣ ਤੱਕ ਪੂਰੇ ਨਹੀਂ ਹੋਏ।

# ਹਮ ਮਿਲੇ, ਮਿਲੇ ਭੀ ਤੋ ਕਯਾ ਮਿਲੇ, ਵਹੀ ਦੂਰੀਆਂ ਵਹੀ ਫਾਸਲੇ...

ਇੱਕ ਸਵਾਲ: ਕੀ ਕੇਜਰੀਵਾਲ ਸਾਹਿਬ 'ਆ ਰਹੇ ਹਨ' ਜਾਂ 'ਜਾ ਰਹੇ ਹਨ'?

ਪੰਡੋਰੀ ਦੇ ਇਰਦ-ਗਿਰਦ ਸਿਆਸੀ ਪਤਝੜ ਛਾਈ ਹੋਈ ਸੀ, ਨਾ ਉਹ ਪਹਿਲਾਂ ਵਾਲਾ ਜਾਹੋ-ਜਲਾਲ ਸੀ ਤੇ ਨਾ ਹੀ ਰੌਣਕਾਂ।

ਉਹ ਸਾਰੇ ਇਕੋ ਹੀ ਸਮਾਗਮ ਵਿਚ ਬੈਠੇ ਸਨ, ਪਰ ਆਪੋ ਆਪਣੇ ਧੜੇ ਦੇ ਰੂਪ ਵਿਚ ਇਕ ਦੂਜੇ ਤੋਂ ਦੂਰ-ਦੂਰ, ਵੱਖਰੇ-ਵੱਖਰੇ। ਦਿਲਾਂ ਤੋਂ ਵੀ ਦੂਰ ਅਤੇ ਸਰੀਰਾਂ ਤੋਂ ਵੀ ਦੂਰ। ਦੋ ਤਰ੍ਹਾਂ ਦੇ ਦੁੱਖ-ਅਫਸੋਸ ਉਨ੍ਹਾਂ ਦੇ ਚਿਹਰਿਆਂ ਤੋਂ ਪੜ੍ਹੇ/ਬੁੱਝੇ ਜਾ ਸਕਦੇ ਸਨ। ਇਕ, ਪੰਡੋਰੀ ਸਾਹਿਬ ਦੇ


**ਕਰਮਜੀਤ ਸਿੰਘ**
ਫੋਨ: 91-99150-91063

ਪਿਤਾ ਦੇ ਵਿਛੋੜੇ ਦਾ ਅਫਸੋਸ, ਜੋ ਇਕ ਤਰ੍ਹਾਂ ਨਾਲ ਰਸਮੀ ਹੀ ਸੀ; ਤੇ ਦੂਜਾ, ਇਕੋ ਸਿਆਸੀ ਟੱਬਰ ਦੇ ਟੁੱਟਣ ਦਾ ਦੁੱਖ, ਜੋ ਅਸਲੀ ਸੀ ਅਤੇ ਜਿਸ ਨੂੰ ਪਾਰਟੀ ਦਾ ਸੁਪਰੀਮੋ ਅਰਵਿੰਦ ਕੇਜਰੀਵਾਲ 19 ਅਗਸਤ ਦੀ ਸ਼ਾਮ ਨੂੰ ਇਕ 'ਪਰਿਵਾਰ ਦਾ ਝਗੜਾ' ਕਹਿ ਕੇ ਖਹਿੜਾ ਛੁਡਾਉਣਾ ਚਾਹੁੰਦਾ ਸੀ। ਸਿਆਸਤ ਦੀ ਮਾੜੀ ਮੋਟੀ ਸਮਝ ਰੱਖਣ ਵਾਲਾ ਬੰਦਾ ਵੀ ਕਹਿ ਸਕਦਾ ਸੀ ਕਿ ਉਸ ਨੂੰ ਕਿੰਨਾ ਵੱਡਾ ਝੂਠ ਬੋਲਣਾ ਪੈ ਰਿਹਾ ਹੈ।

ਮੈਨੂੰ ਦਾਸਤੋਵਸਕੀ ਦਾ ਸੰਸਾਰ ਪ੍ਰਸਿੱਧ ਨਾਵਲ 'ਕੈਰਮਾਜ਼ੋਵ ਭਰਾ' (Brothers Karamazov) ਦੇ ਉਹ ਦ੍ਰਿਸ਼ ਚੇਤੇ ਆ ਗਏ ਜਦੋਂ ਇਕੋ ਟੱਬਰ ਦੇ ਭਰਾ ਅਤੇ ਉਨ੍ਹਾਂ ਦਾ ਪਿਓ ਜਾਇਦਾਦ ਦੀ ਵੰਡ ਦੇ ਸਵਾਲ 'ਤੇ ਵਾਰ-ਵਾਰ ਮਿਲਦੇ, ਵਿਛੜਦੇ ਤੇ ਝਗੜਦੇ ਸਨ। ਪਰ ਆਮ ਆਦਮੀ ਪਾਰਟੀ ਦੇ ਲੀਡਰਾਂ ਦਾ ਐਤਵਾਰ ਨੂੰ ਮਿਲਣਾ ਅਸਲ ਮਿਲਣਾ ਨਹੀਂ ਕਿਹਾ ਜਾ ਸਕਦਾ। ਜਦੋਂ ਮੈਂ ਇਕ ਦੋਸਤ ਪੱਤਰਕਾਰ, ਜਿਸ ਨੂੰ ਪੰਜਾਬ ਦੀ ਸਿਆਸਤ ਦੇ ਉਤਰਾ ਚੜ੍ਹਾਅ ਦਾ ਚੋਖਾ ਅਨੁਭਵ ਹੈ, ਨੂੰ ਪੁੱਛਿਆ ਕਿ ਤੁਸੀਂ ਪੰਡੋਰੀ ਦੇ ਇਕੱਠ ਦੀ ਕਿਸ ਤਰ੍ਹਾਂ ਵਿਆਖਿਆ ਕਰੋਗੇ ਤਾਂ ਉਸ ਦਾ ਜਵਾਬ ਸੱਚਮੁੱਚ ਹੀ ਦਿਲਚਸਪ ਤੇ ਹਕੀਕੀ ਜਾਪਿਆ: ਇਹ ਇਕੱਠ ਟੁੱਟਣ ਤੋਂ ਪਹਿਲਾਂ ਦੀ ਮਿਲਣੀ ਸੀ।

ਜਦੋਂ ਮੈਂ ਇਹ ਸਤਰਾਂ ਲਿਖ ਰਿਹਾ ਸਾਂ ਤਾਂ ਮੈਨੂੰ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਉਹ ਪ੍ਰੈਸ ਕਾਨਫਰੰਸ ਯਾਦ ਆ ਗਈ, ਜਦੋਂ ਵਿਚੋਲਿਆਂ ਦੇ ਦਬਾਅ ਹੇਠ ਉਨ੍ਹਾਂ ਨੂੰ ਪ੍ਰਕਾਸ਼ ਸਿੰਘ ਬਾਦਲ ਨਾਲ ਸਮਝੌਤਾ ਕਰਨਾ ਪਿਆ ਸੀ। ਸਮਝੌਤੇ ਪਿੱਛੋਂ ਜਦੋਂ ਉਹ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰ ਰਹੇ ਸਨ ਤਾਂ ਮੈਂ ਉਨ੍ਹਾਂ ਦੇ ਮੱਥੇ ਤੋਂ ਮਜਬੂਰੀਆਂ ਦੀ ਦਾਸਤਾਨ ਪੜ੍ਹ ਸਕਦਾ ਸਾਂ। ਪ੍ਰੈਸ ਕਾਨਫਰੰਸ ਵਿਚ ਸਵਾਲ-ਜਵਾਬ ਕਰਨ ਦਾ ਮੇਰਾ ਕੋਈ ਸੁਭਾਅ ਨਹੀਂ ਪਰ ਪ੍ਰੈਸ ਕਾਨਫਰੰਸ ਤੋਂ ਪਿੱਛੋਂ ਜਦੋਂ ਮੈਂ ਉਨ੍ਹਾਂ ਨੂੰ ਸਵਾਲ ਕੀਤਾ ਕਿ ਕੀ ਪ੍ਰਧਾਨ ਜੀ (ਉਨ੍ਹਾਂ ਨੂੰ ਅਕਸਰ ਪ੍ਰਧਾਨ ਜੀ ਕਿਹਾ ਜਾਂਦਾ ਸੀ) ਏਕਤਾ ਹੋ ਗਈ ਹੈ? ਉਨ੍ਹਾਂ ਨੇ ਮੇਰੇ ਮੋਢਿਆਂ 'ਤੇ ਹੱਥ ਰੱਖਿਆ ਤੇ ਉਦਾਸ ਹਾਸੇ ਵਿਚ ਇਹ ਸ਼ੇਅਰ ਸੁਣਾ ਕੇ ਮੈਨੂੰ ਚੁੱਪ ਕਰਾ ਦਿੱਤਾ: "ਹਮ ਮਿਲੇ, ਮਿਲੇ ਭੀ ਤੋ ਕਯਾ ਮਿਲੇ, ਵਹੀ ਦੂਰੀਆਂ ਵਹੀ ਫਾਸਲੇ।"

ਪਿਛਲੀ ਸਦੀ ਵਿਚ ਦੋ ਆਗੂ ਗੁਰਚਰਨ


*ਪੰਡੋਰੀ ਸਮਾਗਮ ਵਿਚ ਅਰਵਿੰਦ ਕੇਜਰੀਵਾਲ ਆਪਣੇ ਸਮਰਥਕਾਂ ਨਾਲ*

ਸਿੰਘ ਟੌਹੜਾ ਤੇ ਦੂਜਾ ਮਾਸਟਰ ਤਾਰਾ ਸਿੰਘ ਸਨ, ਜਿਨ੍ਹਾਂ ਨੂੰ ਸਿੱਖਾਂ ਦੀ ਬੇਬਸੀ ਦਾ ਦਰਦਨਾਕ ਪ੍ਰਤੀਕ ਕਿਹਾ ਜਾ ਸਕਦਾ ਹੈ। ਉਹ ਦੋਵੇਂ ਇਕੋ ਸਮੇਂ ਆਪਣੀ ਕੌਮ ਨੂੰ ਆਜ਼ਾਦ ਹੁੰਦਾ ਵੀ ਵੇਖਣਾ ਚਾਹੁੰਦੇ ਸਨ ਪਰ ਨਾਲ ਹੀ ਹਾਲਾਤ ਦੀ ਬੇਬਸੀ ਤੇ


*ਜਥੇਦਾਰ ਗੁਰਚਰਨ ਸਿੰਘ ਟੌਹੜਾ ਅਤੇ ਪ੍ਰਕਾਸ਼ ਸਿੰਘ ਬਾਦਲ*

ਮਜਬੂਰੀਆਂ ਦੀ ਕੈਦ ਵੀ ਭੋਗ ਰਹੇ ਸਨ। ਜਿਥੋਂ ਤੱਕ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦਾ ਸਬੰਧ ਹੈ, ਉਹ ਰਾਜਨੀਤੀ ਦੀਆਂ ਘੁੰਮਣਘੇਰੀਆਂ ਵਿਚੋਂ ਅਜੇ ਨਹੀਂ ਸਨ ਲੰਘੇ। ਉਹ ਤਾਂ ਇਕ ਵੱਡੇ ਟੁੱਟਦੇ ਤਾਰੇ ਵਾਂਗ ਸਨ, ਜੋ ਖਾਲਸਾ ਪੰਥ ਦੇ ਆਕਾਸ਼ 'ਤੇ ਤੇਜ਼ ਰੌਸ਼ਨੀ ਸੁੱਟ ਕੇ ਅਲੋਪ ਹੋ ਗਏ। ਅਕਾਲ ਤਖਤ ਦੇ ਪੈਰਾਂ ਹੇਠ ਹੋਈ ਉਨ੍ਹਾਂ ਦੀ ਮਹਾਨ ਸ਼ਹਾਦਤ ਬਾਰੇ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਨੇ ਇਤਿਹਾਸ ਦੇ ਲੀਵਰ ਨੂੰ ਇੰਨੀ ਜ਼ੋਰ ਨਾਲ ਖਿੱਚਿਆ ਕਿ ਧਰਤੀ ਅਜੇ ਵੀ ਕੰਬਦੀ ਹੈ।

ਖਾਲਿਸਤਾਨ ਦੇ ਟੁੱਟ ਚੁਕੇ ਸੁਪਨੇ ਨੂੰ ਮੁੜ ਮੁੜ ਪੈਰਾਂ 'ਤੇ ਖੜ੍ਹਾ ਕਰਨ ਅਤੇ ਮੁੜ ਮੁੜ ਜੋੜਨ ਦੇ ਪੀੜਾਂ ਮੱਲੇ ਅਤੇ ਕੰਡਿਆਲੇ ਰਾਹਾਂ ਉਤੇ ਜੇ ਕੋਈ ਅਜੇ ਵੀ ਤੁਰ ਰਿਹਾ ਹੈ ਤਾਂ ਉਹ ਸਿਮਰਨਜੀਤ ਸਿੰਘ ਮਾਨ ਹੀ ਹੈ। ਪਿਛਲੇ ਸਾਲ ਅਤੇ ਉਸ ਤੋਂ ਵੀ ਪਿਛਲੇ ਸਾਲ ਫਤਿਹਗੜ੍ਹ ਸਾਹਿਬ ਦੀ ਸ਼ਹੀਦੀ ਕਾਨਫਰੰਸ ਦੇ ਅਖੀਰ 'ਤੇ ਜਦੋਂ ਉਹ ਤਕਰੀਰ ਕਰ ਰਹੇ ਸਨ ਤਾਂ ਉਸ ਸਮੇਂ ਸੈਂਕੜੇ ਲੋਕ ਸੜਕ ਉਤੇ ਖਲੋਤੇ ਵੀ ਉਨ੍ਹਾਂ ਨੂੰ ਸੁਣ ਰਹੇ ਸਨ। ਜਦੋਂ ਸ. ਮਾਨ ਨੇ ਉਨ੍ਹਾਂ ਨੂੰ ਵੰਗਾਰਿਆ ਕਿ ਸੜਕ ਉਤੇ ਖਲੋਤੇ ਭਰਾਵੋ! ਖਾਲਿਸਤਾਨ ਦਾ ਤੁਹਾਨੂੰ ਵੀ ਫਾਇਦਾ ਹੋਵੇਗਾ ਅਤੇ ਮੇਰੇ ਨਾਲ ਤੁਸੀਂ ਵੀ ਇਹ ਨਾਅਰਾ ਲਾਓ ਤਾਂ ਸੈਂਕੜੇ ਲੋਕਾਂ ਦੀਆਂ ਖੜ੍ਹੀਆਂ ਬਾਹਾਂ ਨੇ ਜਿਸ ਜੋਸ਼ ਤੇ ਜਜ਼ਬੇ ਨਾਲ ਨਾਅਰੇ ਦਾ ਜਵਾਬ ਦਿੱਤਾ, ਉਹ ਜੋਸ਼ ਤਾਂ ਮੈਂ ਪੰਡਾਲ ਦੇ ਅੰਦਰ ਵੀ ਨਹੀਂ ਸੀ ਵੇਖਿਆ। ਇਹ ਕੈਸਾ ਅਜੀਬ ਮਾਜਰਾ ਹੈ ਕਿ ਪੰਜਾਬ ਦੇ ਲੋਕ ਕਿਤੇ 'ਧੁਰ ਅੰਦਰੋਂ' ਖਾਲਿਸਤਾਨ ਚਾਹੁੰਦੇ ਹਨ ਪਰ 'ਧੁਰ ਬਾਹਰੋਂ' ਖਾਮੋਸ਼ ਤੇ ਡੂੰਨ ਵੱਟਾ ਹੀ ਬਣੇ ਰਹਿੰਦੇ ਹਨ। ਪਰ ਸ. ਮਾਨ ਦਾ ਸੰਘਰਸ਼ ਵੀ ਜਾਰੀ ਹੈ ਕਿਉਂਕਿ ਉਨ੍ਹਾਂ ਦੀਆਂ ਉਡੀਕਾਂ ਨੇ ਅਜੇ ਦਮ ਨਹੀਂ ਤੋੜਿਆ।

ਜੇ ਜੁਝਾਰੂ ਲਹਿਰ ਨੂੰ ਬੌਧਿਕ ਤੇ ਵਿਵੇਕ ਲੀਹਾਂ 'ਤੇ ਤੋਰਨ, ਲਹਿਰ ਨੂੰ ਹਰ ਹਾਲ ਵਿਚ ਇਖਲਾਕੀ ਦਿਸ਼ਾ ਦੇਣ ਅਤੇ ਗੁਰਬਾਣੀ ਤੇ ਸਿੱਖ ਇਤਿਹਾਸ ਦੇ ਨੇੜੇ ਨੇੜੇ ਰੱਖਣ ਦਾ ਬੋਝ, ਜ਼ਿੰਮੇਵਾਰੀ ਅਤੇ ਦਰਦ ਜੋ ਸਭ ਤੋਂ ਵੱਧ ਕਿਸੇ ਦੇ ਮੋਢਿਆਂ 'ਤੇ ਆਇਆ ਤੇ ਜਿਸ ਨੇ ਉਸ ਨੂੰ ਕਾਮਯਾਬੀ ਦੀ ਮੰਜ਼ਿਲ ਤੱਕ ਪਹੁੰਚਾਇਆ ਤਾਂ ਇਹ ਸਿਹਰਾ ਭਾਈ ਦਲਜੀਤ ਸਿੰਘ ਨੂੰ ਹੀ ਜਾਂਦਾ ਹੈ। ਕਿਸੇ ਉਚੇ ਟਿੱਲੇ ਉਤੇ ਬੈਠੇ ਇਸ ਜੁਝਾਰੂ ਦੀ ਖਾਮੋਸ਼ੀ ਜਿਵੇਂ ਸੰਤ ਰਾਮ ਉਦਾਸੀ ਦੀ ਇਹ ਸਤਰ ਦੁਹਰਾ ਰਹੀ ਹੋਵੇ: "ਅਜੇ ਨਾ ਆਈ ਮੰਜ਼ਿਲ ਸਾਡੀ, ਅਜੇ ਹਨੇਰਾ ਗਾੜ੍ਹਾ ਹੈ।" ਉਸ ਨੂੰ ਖਾਲਸਾ ਚੇਤਨਾ ਨਾਲ ਵੱਡੇ ਛਲ ਕਰਨ ਵਾਲੀਆਂ ਤਾਕਤਾਂ ਅਤੇ ਵਿਅਕਤੀ ਸ਼ਾਇਦ ਨਜ਼ਰ ਆ ਰਹੇ ਹਨ।

ਇਉਂ ਲੱਗਦਾ ਹੈ ਜਿਵੇਂ ਅਸੀਂ 19ਵੀਂ ਸਦੀ ਦੇ ਪਹਿਲੇ ਅੱਧ ਵਿਚ ਵਿਚਰ ਰਹੇ ਹਾਂ, ਜਦੋਂ ਵਿਸ਼ਵ ਪ੍ਰਸਿੱਧ ਚਿੰਤਕ ਵਿਲ ਡਿਉਰਾਂ ਨੇ 'ਫਿਲਾਸਫੀ ਦੀ ਕਹਾਣੀ' ਅੰਦਰ ਉਸ ਦੌਰ ਦੇ ਉਦਾਸ ਫਿਲਾਸਫਰ ਸ਼ਾਪਨਹਾਰ ਅਤੇ ਨਿਤਸ਼ੇ ਦਾ ਜ਼ਿਕਰ ਕਰਦਿਆਂ ਉਸ ਦੌਰ ਨੂੰ ਇੰਜ ਬਿਆਨ ਕੀਤਾ: ਬਾਲੋਨ ਤੋਂ ਲੈ ਕੇ ਮਾਸਕੋ ਅਤੇ ਮਿਸਰ ਦੇ ਮਿਨਾਰਾਂ ਤੱਕ ਹਰੇਕ ਸੈਨਿਕ ਕਬਰ ਉਦਾਸੀਨ ਤਾਰਿਆਂ ਪਾਸੋਂ ਕੋਈ ਖਾਮੋਸ਼ ਸਵਾਲ ਕਰ ਰਹੀ ਸੀ...ਇਹ ਦੁਖਾਂਤ ਵੀ ਇਹੋ ਜਿਹਾ ਸੀ, ਜਦੋਂ ਉਸ ਦੌਰ ਵਿਚ ਵਿਚਰਨ ਵਾਲਿਆਂ ਦੇ ਹਾਸੇ ਹੰਝੂਆਂ ਨਾਲ ਭਰੇ ਹੋਏ ਸਨ। ਕੀ ਅਸੀਂ ਅੱਜ ਉਸੇ ਦੌਰ 'ਚੋਂ ਤਾਂ ਨਹੀਂ ਲੰਘ ਰਹੇ?

ਦਰਅਸਲ ਮੈਂ ਪੰਡੋਰੀ ਭੋਗ ਸਮਾਗਮ ਦੀ ਗੱਲ ਕਰਦਿਆਂ ਬਹੁਤ ਦੂਰ ਨਿਕਲ ਗਿਆ ਸੀ ਕਿਉਂਕਿ ਕੇਜਰੀਵਾਲ-ਵਰਤਾਰੇ ਨਾਲ ਜੁੜਨ ਵਾਲੇ ਲੱਖਾਂ ਮੁੰਡੇ-ਕੁੜੀਆਂ ਆਪਣੇ ਮਾਪਿਆਂ ਤੇ ਬਜੁਰਗਾਂ ਤੋਂ ਬਾਗੀ ਹੋ ਗਏ ਸਨ ਅਤੇ ਇਹ ਉਹ ਨੌਜਵਾਨ ਸਨ ਜਿਨ੍ਹਾਂ ਦੇ ਧੁਰ ਅੰਦਰ ਜੁਝਾਰੂ ਲਹਿਰ ਦੀ ਅਣਦਿਸਦੀ ਤੇ ਅਣਪਛਾਤੀ ਹਮਾਇਤ ਤੇ ਹਮਦਰਦੀ ਦਾ ਹੜ੍ਹ ਆ ਗਿਆ ਸੀ। ਪਰ ਉਸ ਵੱਡੇ ਹੜ੍ਹ ਨੂੰ ਪਛਾਣਨਾ ਸ਼ਾਇਦ ਕੇਜਰੀਵਾਲ ਦੀ ਤਕਦੀਰ ਵਿਚ ਨਹੀਂ ਸੀ। ਪਰ ਪੰਡੋਰੀ ਸਮਾਗਮ ਵੱਲ ਫਿਰ ਵਾਪਸ ਮੁੜਦੇ ਹਾਂ। ਕੀ ਤੁਸਾਂ ਨਹੀਂ ਵੇਖਿਆ ਕਿ ਉਹ ਵਿਅਕਤੀ, ਜਿਸ ਨੂੰ ਵੇਖਣ ਤੇ ਸੁਣਨ ਲਈ ਹਜ਼ਾਰਾਂ ਦੀ ਭੀੜ ਉਮੜ ਪੈਂਦੀ ਸੀ ਅਤੇ ਜਿਸ ਦੀ ਆਵਾਜ਼ ਰਸੋਈਆਂ ਤੱਕ ਪਹੁੰਚ ਗਈ ਸੀ, ਉਸ ਭੀੜ ਨੇ ਐਤਵਾਰ ਵਾਲੇ ਦਿਨ ਕੇਜਰੀਵਾਲ ਤੋਂ ਦੂਰੀ ਬਣਾਈ ਹੋਈ ਸੀ। ਇਹ ਕੈਸੇ ਹਨ ਪੰਜਾਬ ਦੇ ਲੋਕ, ਜੋ ਬੰਦਿਆਂ ਨੂੰ ਫੜਨ ਤੇ ਛੱਡਣ ਵਿਚ ਬਹੁਤੀ ਦੇਰ ਨਹੀਂ ਲਾਉਂਦੇ। ਐਤਵਾਰ ਵਾਲੇ ਦਿਨ ਹੁਣ ਉਨ੍ਹਾਂ ਲੋਕਾਂ ਨੂੰ ਕੇਜਰੀਵਾਲ ਵਿਚ ਕੋਈ ਦਿਲਚਸਪੀ ਨਹੀਂ ਸੀ। ਕੇਵਲ ਉਹੀ ਲੋਕ ਹੁਣ ਉਥੇ ਆਏ ਸਨ, ਜਿਨ੍ਹਾਂ ਨੂੰ ਮੂੰਹ ਰੱਖਣ ਲਈ ਆਉਣਾ ਹੀ ਪੈਣਾ ਸੀ।


*ਦਲਜੀਤ ਸਿੰਘ ਬਿੱਟੂ*

ਬਿਕਰਮਜੀਤ ਸਿੰਘ ਮਜੀਠੀਆ ਤੋਂ ਮੁਆਫੀ ਮੰਗਣ ਦੀ ਘਟਨਾ ਪਿਛੋਂ ਹੁਣ ਉਸ ਦੇ ਚਿਹਰੇ 'ਤੇ ਨਾ ਪਹਿਲਾਂ ਵਾਲੀ ਰੌਣਕ ਸੀ ਤੇ ਨਾ ਉਹ ਜਾਹੋ ਜਲਾਲ, ਜੋ ਇਕ ਸਮੇਂ ਪੰਜਾਬ ਦੀ ਧਰਤੀ 'ਤੇ ਉਸ ਨੇ ਮਾਣਿਆ ਸੀ।

ਸੁਖਪਾਲ ਸਿੰਘ ਖਹਿਰੇ ਨੂੰ ਜਿਵੇਂ ਕੇਜਰੀਵਾਲ ਨੇ ਵਿਰੋਧੀ ਧਿਰ ਦੇ ਨੇਤਾ ਵਜੋਂ ਹਟਾਉਣ ਲਈ ਵਿਧਾਇਕਾਂ ਨੂੰ ਮਜਬੂਰ ਕੀਤਾ, ਉਹ ਉਸ ਨੂੰ ਪਹਿਲੀ ਵਾਰ ਇੰਨਾ ਮਹਿੰਗਾ ਸਾਬਿਤ ਹੋਇਆ ਕਿ ਉਸ ਤੋਂ ਪਿੱਛੋਂ ਸਭ ਕੁਝ ਬਦਲ ਗਿਆ। ਉਹ ਹਾਰ ਗਿਆ ਸੀ ਅਤੇ ਆਪਣੀ ਹਾਰ ਨੂੰ ਲੁਕਾਉਣ ਲਈ ਹੀ ਹੁਣ ਹੱਥ ਪੈਰ ਮਾਰ ਰਿਹਾ ਸੀ। ਨਾਇਕਾਂ ਨੂੰ ਚੜ੍ਹਦਿਆਂ ਤਾਂ ਹਰ ਕੋਈ ਵੇਖਦਾ ਹੈ ਪਰ ਡਿੱਗਦੇ ਨੂੰ ਵੇਖਣਾ ਤੇ ਵੇਖ ਸਕਣਾ ਕਿਸੇ ਕਿਸੇ ਨੂੰ ਹੀ ਨਸੀਬ ਹੁੰਦਾ ਹੈ। ਪੰਡੋਰੀ 'ਚ ਇਹ ਨਜ਼ਾਰਾ ਹਰ ਕਿਸੇ ਨੇ ਵੇਖਿਆ। ਜਿਹੜੇ ਲੋਕ ਹੁਣ ਕੇਜਰੀਵਾਲ ਦੇ ਟਾਹਣ 'ਤੇ ਬੈਠੇ ਹਨ, ਉਨ੍ਹਾਂ


*ਸਿਮਰਨਜੀਤ ਸਿੰਘ ਮਾਨ*

ਨੂੰ ਅੰਦਰੋਂ ਇਹ ਪਤਾ ਹੈ ਕਿ ਇਸ ਟਾਹਣ ਵਿਚ ਹੁਣ ਪਹਿਲਾਂ ਵਾਲੀ ਨਾ ਹੀ ਜਾਨ ਹੈ ਅਤੇ ਨਾ ਹੀ ਮਜ਼ਬੂਤੀ। ਇਹ ਕਾਗਜ਼ ਦੀ ਬੇੜੀ ਹੁਣ ਰੁੜ੍ਹਦੀ ਨਜ਼ਰ ਆ ਰਹੀ ਹੈ। ਪ੍ਰੈਸ ਕਾਨਫਰੰਸ ਦੌਰਾਨ ਵੀ ਉਸ ਨੂੰ ਰਣਜੀਤ ਸਿੰਘ ਕਮਿਸ਼ਨ ਬਾਰੇ ਗਹਿਰ ਗੰਭੀਰ ਤੇ ਡੂੰਘੀ ਜਾਣਕਾਰੀ ਨਹੀਂ ਸੀ ਤੇ ਤੱਥਾਂ ਨੂੰ ਪੇਸ਼ ਕਰਨ ਲਈ ਉਸ ਨੂੰ ਨਾਲ ਦਿਆਂ ਦੇ ਸਹਾਰੇ ਦੀ ਲੋੜ ਪੈਂਦੀ ਸੀ।

ਅਰਵਿੰਦ ਕੇਜਰੀਵਾਲ ਭਾਵੇਂ ਪਾਰਟੀ ਦੇ ਸੰਕਟ ਨੂੰ ਪਰਿਵਾਰ ਦਾ ਝਗੜਾ ਆਖ ਰਹੇ ਸਨ ਪਰ ਸੁਖਪਾਲ ਸਿੰਘ ਖਹਿਰਾ ਨੇ ਝਟਪਟ ਇਸ ਵਿਚਾਰ ਦਾ ਖੰਡਨ ਕਰਦਿਆਂ ਉਸ ਨੂੰ 'ਪੰਜਾਬ ਦਾ ਝਗੜਾ' ਕਹਿ ਦਿੱਤਾ। ਇਹ ਪਤਾ ਕਰਨਾ ਔਖਾ ਨਹੀਂ ਸੀ ਕਿ ਦੋਵਾਂ ਦੇ ਵਿਚਾਰਾਂ ਵਿਚ ਜਮੀਨ ਅਸਮਾਨ ਦਾ ਫਰਕ ਹੈ। ਸੁਨਾਮ ਵਿਚ ਬੰਦ ਕਮਰੇ 'ਚ ਜੋ ਵਿਧਾਇਕਾਂ ਤੇ ਲੀਡਰਾਂ ਦੀ ਮੀਟਿੰਗ ਚੱਲ ਰਹੀ ਸੀ, ਉਸ ਵਿਚ ਕੇਜਰੀਵਾਲ ਦਾ ਧੜਾ ਹੀ ਸੀ ਅਤੇ 'ਬਾਗੀ ਪਰਿਵਾਰ' ਨੂੰ ਉਸ ਬੰਦ ਕਮਰੇ ਵਿਚ ਆਉਣ ਲਈ ਨਹੀਂ ਸੀ ਆਖਿਆ ਗਿਆ। ਜੇ ਰਸਮੀ ਤੌਰ 'ਤੇ ਆਖਿਆ ਵੀ ਗਿਆ ਸੀ ਤਾਂ ਉਨ੍ਹਾਂ ਨੇ ਜਾਣਾ ਠੀਕ ਨਹੀਂ ਸਮਝਿਆ। ਦੋਵੇਂ ਪਾਸੇ ਸੋਚਦੇ ਕੁਝ ਹੋਰ ਹਨ ਤੇ ਬੋਲਦੇ ਕੁਝ ਹੋਰ ਹਨ।


ਜਦੋਂ ਮੈਂ ਆਪਣੇ ਇਕ ਦੋਸਤ ਨੂੰ ਸਵਾਲ ਕੀਤਾ ਕਿ ਕੀ ਕੇਜਰੀਵਾਲ 'ਜਾ ਰਿਹਾ ਹੈ' ਜਾਂ 'ਆ ਰਿਹਾ ਹੈ'? ਉਸ ਦਾ ਜਵਾਬ ਸੁਣਨ ਹੀ ਵਾਲਾ ਸੀ ਕਿ ਖਹਿਰਾ ਧੜੇ ਲਈ ਉਹ 'ਜਾ ਰਿਹਾ ਹੈ' ਜਦਕਿ ਦਿੱਲੀ ਵਾਲੇ ਧੜੇ ਲਈ ਉਹ 'ਆ ਰਿਹਾ ਹੈ।' ਫਿਲਹਾਲ ਦੋਵੇਂ ਧੜੇ ਕਿਸੇ ਖੂਬਸੂਰਤ ਭਰਮ ਦਾ ਅਨੰਦ ਮਾਣ ਰਹੇ ਹਨ।

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
1816 Main Ave., Secramento CA, 95838
ਸੈਕਰਾਮੈਂਟੋ, ਕੈਲੀਫੋਰਨੀਆ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
ਨੈਸ਼ਨਲ ਟਰਾਂਸਪੋਰਟ ਕੰਪਨੀ ਲਈ
ਓਨਰ ਅਪਰੇਟਰ ਅਤੇ
ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ
ਮੀਲ ਦਿੱਤੇ ਜਾਣਗੇ

ਕੰਪਨੀ ਦੇ ਟਰੱਕ ਤੇ ਟਰੇਲਰ
ਲੀਜ਼ 'ਤੇ ਲੈ ਸਕਦੇ ਹੋ
Call For Special Price
Kashmir S. Thandi
Office: (866) 933-3038
Balhar S. Ranu Cell:916-502-7733

# ਪੰਜਾਬ ਦੇ ਭਖਦੇ ਮਸਲੇ ਤੇ ਸਰਕਾਰ ਦਾ ਅਕਸ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

ਸਾਲ 2017 ਵਿਚ ਚੁਣੀ ਗਈ ਪੰਜਾਬ ਦੀ ਮੌਜੂਦਾ ਸਰਕਾਰ ਦੇ ਸਤਾਰਾਂ ਮਹੀਨੇ ਬੀਤ ਜਾਣ ਮਗਰੋਂ ਇਸ ਦੀ ਕਾਰਗੁਜ਼ਾਰੀ ਦੇ ਪੱਖ ਅਤੇ ਵਿਰੋਧ ਵਿਚ ਕਈ ਤਰ੍ਹਾਂ ਦੀਆਂ ਗੱਲਾਂ ਸੁਣਨ ਨੂੰ ਮਿਲ ਰਹੀਆਂ ਹਨ। ਕੁਝ ਵਿਰੋਧੀ ਆਗੂਆਂ ਨੇ ਸਿਰਫ ਵਿਰੋਧ ਦੀ ਖਾਤਰ ਵਿਰੋਧ ਕਰੀ ਜਾਣਾ ਹੈ ਤੇ ਉਨ੍ਹਾਂ ਦੀਆਂ ਗੱਲਾਂ ਵਿਚੋਂ ਬਹੁਤਾ ਕੁਝ ਸੋਚਣ ਦੇ ਲਾਇਕ ਨਹੀਂ ਹੁੰਦਾ। ਕੁਝ ਹੋਰਨਾਂ ਨੇ ਸਿਰਫ ਸਿਫਤਾਂ ਕਰਨੀਆਂ ਹਨ, ਜਿਨ੍ਹਾਂ ਵਿਚੋਂ ਕੁਝ ਲੱਭ ਨਹੀਂ ਸਕਦਾ। ਮੁੱਦਿਆਂ ਦੀ ਚਰਚਾ ਹਕੀਕਤਾਂ ਨਾਲ ਜੋੜ ਕੇ ਬਹੁਤ ਘੱਟ ਹੁੰਦੀ ਹੈ। ਇਹ ਸਥਿਤੀ ਨਹੀਂ ਕਿ ਸਰਕਾਰ ਨੇ ਸਾਰਾ ਕੁਝ ਕਰ ਦਿੱਤਾ ਹੈ ਤੇ ਅਸਲੋਂ ਇਹ ਸਥਿਤੀ ਵੀ ਨਹੀਂ ਕਿ ਕੁਝ ਕੀਤਾ ਹੀ ਨਹੀਂ ਗਿਆ। ਦੋਵਾਂ ਪੱਖਾਂ ਦਾ ਤੋਲ-ਤੁਲਾਵਾ ਕਰਨ ਦੀ ਲੋੜ ਹੈ।

ਵੱਡਾ ਮੁੱਦਾ ਪਿਛਲੇ ਸਾਲ ਸਰਕਾਰ ਬਣਨ ਵੇਲੇ ਇਹ ਸੀ ਕਿ ਪੰਜਾਬ ਵਿਚ ਨਸ਼ਿਆਂ ਦਾ ਵਹਿਣ ਜੋ ਸੱਥਰ ਵਿਛਾਈ ਜਾਂਦਾ ਹੈ, ਰੋਕਣਾ ਪਵੇਗਾ। ਸੱਥਰ ਵਿਛਣੇ ਬੰਦ ਭਾਵੇਂ ਨਹੀਂ ਹੋਏ, ਪਰ ਰਿਪੋਰਟਾਂ ਇਹ ਹਨ ਕਿ ਜਿੰਨੀ ਮੰਦੀ ਹਾਲਤ ਪਿਛਲੇ ਅਕਾਲੀ-ਭਾਜਪਾ ਰਾਜ ਵਿਚ ਹੁੰਦੀ ਸੀ, ਉਹ ਨਹੀਂ ਰਹਿ ਗਈ। ਇਸ ਵੇਲੇ ਹੁੰਦੀਆਂ ਮੌਤਾਂ ਦਾ ਕਾਰਨ ਨਸ਼ੀਲੇ ਪਦਾਰਥਾਂ ਦੀ ਸਪਲਾਈ ਦੀ ਥਾਂ ਨਸ਼ੇ ਨਾ ਮਿਲਣ ਕਰ ਕੇ ਬਦਲਵੇਂ ਓਹੜ-ਪੋਹੜ ਦੀ ਦਵਾਈ ਨੂੰ ਦੱਸਿਆ ਜਾ ਰਿਹਾ ਹੈ। ਫਿਰ ਵੀ ਇਹ ਕਹਿਣਾ ਮੁਸ਼ਕਿਲ ਹੈ ਕਿ ਪੁਰਾਣਾ ਵਹਿਣ ਬੰਦ ਹੋ ਗਿਆ ਤੇ ਸਭ ਠੀਕ ਹੋ ਗਿਆ ਹੈ। ਪੁਰਾਣੇ ਪਾਪੀਆਂ ਨੇ ਨਵੀਂ ਸਰਕਾਰ ਦੀ ਮਸ਼ੀਨਰੀ ਦੇ ਪੁਰਜ਼ਿਆਂ ਨਾਲ ਕੁੰਡੀਆਂ ਜੋੜ ਕੇ ਕੰਮ ਚੱਲਦਾ ਰੱਖਣ ਦਾ ਜੁਗਾੜ ਕਈ ਥਾਂ ਕਰ ਲਿਆ ਹੈ। ਕੁਝ ਪੁਲਿਸ ਵਾਲੇ ਵੀ ਇਸ ਕੰਮ ਵਿਚ ਫੜੇ ਗਏ ਹਨ। ਉਨ੍ਹਾਂ ਵਿਚੋਂ ਕਈਆਂ ਨੂੰ ਸਜ਼ਾ ਵੀ ਮਿਲੀ ਹੈ, ਪਰ ਬਹੁਤ ਸਾਰੇ ਘਾਗ ਪੁਲਸੀਏ ਸਿਆਸੀ ਛਤਰੀਆਂ ਦੀ ਓਟ ਵਿਚ ਆਪਣਾ ਕਮਾਊ ਧੰਦਾ ਬਿਨਾ ਰੋਕ-ਟੋਕ ਅਜੇ ਵੀ ਚਲਾਈ ਜਾਂਦੇ ਹਨ। ਇਸ ਕੰਮ ਵਿਚ ਕੁਝ ਵੱਡੇ ਅਫਸਰ ਵੀ ਸ਼ਾਮਲ ਸੁਣੇ ਹਨ। ਉਨ੍ਹਾਂ ਲੋਕਾਂ ਦੇ ਜਦੋਂ ਤੱਕ ਅਗਾੜੇ-ਪਿਛਾੜੇ ਨਹੀਂ ਪਾਏ ਜਾਣਗੇ, ਪੰਜਾਬ ਦੇ ਜੜ੍ਹੀਂ ਤੇਲ ਦੇਣਾ ਬੰਦ ਨਹੀਂ ਕਰਨਗੇ। ਇਹ ਸੋਚਣਾ ਸਰਕਾਰ ਦਾ ਕੰਮ ਹੈ।

ਦੂਜਾ ਮਾਮਲਾ ਕਿਸਾਨੀ ਕਰਜ਼ੇ ਦੀ ਮੁਆਫੀ ਦਾ ਹੈ। ਇਸ ਵਿਚ ਕੁਝ ਕੀਤਾ ਹੈ ਤੇ ਕੁਝ ਕਰਨਾ ਬਾਕੀ ਹੈ। ਵਿਰੋਧ ਦੀਆਂ ਧਿਰਾਂ ਅਤੇ ਖਾਸ ਕਰ ਕੇ ਅਕਾਲੀ ਆਗੂ ਬਿਨਾ ਸ਼ੱਕ ਇਹ ਕਹਿੰਦੇ ਹਨ ਕਿ ਕੁਝ ਨਹੀਂ ਕੀਤਾ ਗਿਆ, ਪਰ ਜਿਨ੍ਹਾਂ ਲਈ ਕੀਤਾ ਗਿਆ ਹੈ, ਉਹ ਇਸ ਦੀ ਚਰਚਾ ਵਿਆਹ-ਸ਼ਾਦੀਆਂ ਵਰਗੇ ਸਮਾਜੀ ਸਮਾਗਮਾਂ ਵਿਚ ਵੀ ਕਰਦੇ ਹਨ। ਜੋ ਗੱਲ ਬੁਰੀ ਮੰਨੀ ਜਾਂਦੀ ਹੈ, ਉਹ ਇਹ ਕਿ ਵੱਡੇ ਅਲਾਟੀਆਂ ਦਾ ਕਰਜ਼ਾ ਤਾਂ ਮੁਆਫ ਹੋ ਗਿਆ ਤੇ ਜੋ ਛੋਟੇ ਕਿਸਾਨਾਂ ਦੇ ਗਲ ਅੰਗੂਠਾ ਦੇ ਕੇ ਮਹਿਕਮੇ ਵਾਲੇ ਪਹਿਲਾਂ ਉਗਰਾਹੀ ਕਰ ਕੇ ਲੈ ਗਏ, ਉਨ੍ਹਾਂ ਲਈ ਕੁਝ ਨਹੀਂ ਕੀਤਾ ਗਿਆ। ਰਾਜ ਸਰਕਾਰ ਲਈ ਕਿਸਾਨੀ ਕਰਜ਼ੇ ਬਾਰੇ ਸਿਰਫ ਲੋਕਾਂ 'ਚ ਚੱਲਦੀ ਚਰਚਾ ਹੀ ਮੁੱਦਾ ਨਹੀਂ, ਪ੍ਰਾਈਵੇਟ ਬੈਂਕਾਂ ਦੀ ਸ਼ਿਕਾਇਤ ਕਾਰਨ ਸਰਕਾਰ ਤੋਂ ਕੀਤੀ ਗਈ ਜਵਾਬ-ਤਲਬੀ ਵੀ ਮੁੱਦਾ ਹੈ।

ਇਨ੍ਹਾਂ ਬੈਂਕਾਂ ਨੇ ਸ਼ਿਕਾਇਤ ਕੀਤੀ ਹੈ ਕਿ ਰਾਜ ਸਰਕਾਰ ਨੇ ਪਹਿਲਾਂ ਕੋਆਪਰੇਟਿਵ ਬੈਂਕਾਂ ਦਾ ਕਰਜ਼ਾ ਮੁਆਫ ਕਰ ਕੇ ਆਪਣੇ ਪੱਲੇ ਲੈ ਲਿਆ, ਫਿਰ ਸਰਕਾਰੀ ਬੈਂਕਾਂ ਵਾਲੇ ਕਰਜ਼ੇ ਬਾਰੇ ਕੁਝ ਕਰਨ ਲੱਗ ਪਏ ਤਾਂ ਇਸ ਨਾਲ ਪ੍ਰਾਈਵੇਟ ਬੈਂਕਾਂ ਦੇ ਕਿਸਾਨੀ ਕਰਜ਼ੇ ਦੀ ਵਸੂਲੀ ਰੁਕ ਗਈ ਹੈ। ਉਨ੍ਹਾਂ ਨੇ ਸ਼ਿਕਾਇਤ ਕੀਤੀ ਹੈ ਕਿ ਕਿਸਾਨ ਇਹ ਕਹਿੰਦੇ ਹਨ ਕਿ ਸਾਡੇ ਕਰਜ਼ੇ ਦੀਆਂ ਕਿਸ਼ਤਾਂ ਰਾਜ ਸਰਕਾਰ ਨੇ ਦੇਣੀਆਂ ਹਨ, ਉਥੋਂ ਜਾ ਕੇ ਲੈ ਲਓ। ਉਹ ਕਰਜ਼ਾ ਮੋੜਨ ਵਾਸਤੇ ਤਿਆਰ ਨਹੀਂ, ਇਸ ਲਈ ਇਨ੍ਹਾਂ ਬੈਂਕਾਂ ਦਾ ਕਰਜ਼ਾ ਵੀ ਪੰਜਾਬ ਸਰਕਾਰ ਆਪਣੇ ਸਿਰ ਲੈ ਲਵੇ। ਪ੍ਰਾਈਵੇਟ ਬੈਂਕ ਇਸ ਸ਼ਿਕਾਇਤ ਦੇ ਬਹਾਨੇ ਰਿਕਵਰੀ ਦੇ ਖਰਚੇ ਵੀ ਬਚਾਉਣਾ ਚਾਹੁੰਦੇ ਹਨ, ਪਰ ਵੱਡਾ ਮੁੱਦਾ ਇਹ ਹੈ ਕਿ ਰਾਜ ਸਰਕਾਰ ਨੂੰ ਦਬਕੇ ਮਾਰਨ ਵਾਲੀ ਰਿਜ਼ਰਵ ਬੈਂਕ ਨੂੰ ਜਦੋਂ ਇਹ ਕਿਹਾ ਜਾਂਦਾ ਹੈ ਕਿ ਪਿਛਲੀ ਸਰਕਾਰ ਵੇਲੇ ਦਾ ਇਕੱਤੀ ਹਜ਼ਾਰ ਕਰੋੜ ਰੁਪਏ ਦਾ ਘਪਲਾ ਖਾਤਾ ਸਾਫ ਕਰ ਦਿਓ, ਉਦੋਂ ਰਿਜ਼ਰਵ ਬੈਂਕ ਨਹੀਂ ਮੰਨਦੀ। ਕੇਂਦਰ ਸਰਕਾਰ ਵੀ ਉਸ 31 ਹਜ਼ਾਰ ਕਰੋੜ ਰੁਪਏ ਦੇ ਘਪਲੇ ਬਾਰੇ ਜਾਣਦੀ ਹੋਣ 'ਤੇ ਵੀ ਪੰਜਾਬ ਸਰਕਾਰ ਨੂੰ ਇਸ ਉਲਝਣ 'ਚੋਂ ਕੱਢਣ ਲਈ ਤਿਆਰ ਨਹੀਂ, ਉਲਟਾ ਫਸਿਆ ਰੱਖ ਕੇ ਚੀਕਾਂ ਕਢਾਉਣਾ ਚਾਹੁੰਦੀ ਹੈ।

ਤੀਜਾ ਮਾਮਲਾ ਬਰਗਾੜੀ ਤੋਂ ਲੈ ਕੇ ਬਹਿਬਲ ਕਲਾਂ ਤੱਕ ਵਾਪਰੇ ਵਰਤਾਰੇ ਦਾ ਹੈ। ਪਿਛਲੀ ਸਰਕਾਰ ਦੇ ਮੁਖੀ ਨੇ ਆਪਣੀ ਨਿੱਜੀ ਸਾਂਝ ਵਾਲੇ ਇੱਕ ਜੱਜ ਜ਼ੋਰਾ ਸਿੰਘ ਦੀ ਅਗਵਾਈ ਵਿਚ ਜਾਂਚ ਕਮਿਸ਼ਨ ਬਣਾਇਆ ਸੀ, ਪਰ ਉਸ ਨੂੰ ਵੀ ਪੜਤਾਲ ਦਾ ਕੰਮ ਨਹੀਂ ਸੀ ਕਰਨ ਦਿੱਤਾ। ਫਿਰ ਵੀ ਜਦੋਂ ਉਸ ਨੇ ਅੱਧ-ਪਚੱਧੀ ਰਿਪੋਰਟ ਬਣਾ ਲਿਆਂਦੀ ਤਾਂ ਉਸ ਨੂੰ ਪੜ੍ਹੇ ਬਿਨਾ ਨੁੱਕਰ ਵਿਚ ਸੁੱਟ ਕੇ ਚੋਣਾਂ ਤੱਕ ਸਮਾਂ ਲੰਘਾ ਲਿਆ ਸੀ। ਜਦੋਂ ਉਨ੍ਹਾਂ ਕੁਝ ਕੀਤਾ ਹੀ ਨਹੀਂ, ਨਵੀਂ ਸਰਕਾਰ ਨੇ ਆ ਕੇ ਨਵਾਂ ਜਾਂਚ ਕਮਿਸ਼ਨ ਬਣਾਇਆ ਤੇ ਨਵੇਂ ਜਾਂਚ ਕਮਿਸ਼ਨ ਨੇ ਅਕਾਲੀ ਆਗੂਆਂ ਦੇ ਨਾ-ਮਿਲਵਰਤਣ ਦੇ ਬਾਵਜੂਦ ਪੜਤਾਲ ਕਰ ਕੇ ਇੱਕ ਰਿਪੋਰਟ ਲਿਆ ਦਿੱਤੀ ਹੈ। ਇਸ ਵਿਚ ਉਸ ਵੇਲੇ ਦੇ ਮੁੱਖ ਮੰਤਰੀ ਅਤੇ ਡਿਪਟੀ ਮੁੱਖ ਮੰਤਰੀ ਬਾਦਲ ਪਿਓ-ਪੁੱਤ ਬੁਰੀ ਤਰ੍ਹਾਂ ਫਸ ਰਹੇ ਹਨ ਤੇ ਫਸਣ ਦਾ ਮੁੱਦਾ ਇਹ ਹੈ ਕਿ ਮੁੱਖ ਮੰਤਰੀ ਹੁੰਦਿਆਂ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਸੀ ਕਿ ਇਸ ਮਾਮਲੇ ਵਿਚ ਵਿਦੇਸ਼ੀ ਏਜੰਸੀਆਂ ਦੀ ਸਾਜ਼ਿਸ਼ ਹੈ।

ਜਾਂਚ ਕਮਿਸ਼ਨ ਨੇ ਉਨ੍ਹਾਂ ਜਾਂਚ ਏਜੰਸੀਆਂ ਬਾਰੇ ਪੁੱਛਿਆ ਤੇ ਉਨ੍ਹਾਂ ਬਾਰੇ ਮਿਲੀ ਇਸ ਖਾਸ ਸੂਚਨਾ ਦੇ ਸਰੋਤ ਬਾਰੇ ਵੀ ਪੁੱਛਿਆ ਹੈ, ਜਿਸ ਬਾਰੇ ਦੱਸਣ ਤੋਂ ਨਾਂਹ ਕਰਨ ਦੇ ਦੋ ਹੀ ਅਰਥ ਹਨ ਕਿ ਜਾਂ ਤਾਂ ਅਜਿਹਾ ਕਿਸੇ ਤਰ੍ਹਾਂ ਦਾ ਕੋਈ ਵਿਦੇਸ਼ੀ ਦਖਲ ਹੈ ਹੀ ਨਹੀਂ ਸੀ ਤੇ ਜਾਂ ਫਿਰ ਇਹ ਕਿ ਉਨ੍ਹਾਂ ਨੂੰ ਪਤਾ ਤਾਂ ਹੈ, ਪਰ ਸਰਕਾਰ ਨੂੰ ਅਮਨ-ਕਾਨੂੰਨ ਦੇ ਮਾਮਲੇ ਵਿਚ ਸਹਿਯੋਗ ਨਹੀਂ ਦੇਣਾ ਚਾਹੁੰਦੇ। ਅਕਾਲੀ ਆਗੂਆਂ ਨੇ ਇਸ ਦੀ ਥਾਂ ਇਹ ਮੁੱਦਾ ਚੁੱਕ ਲਿਆ ਹੈ ਕਿ ਰਿਪੋਰਟ ਲੀਕ ਹੋਈ ਹੈ, ਲੀਕੇਜ ਹੋਣਾ ਅਸਲ ਮੁੱਦਿਆਂ ਤੋਂ ਵੀ ਮਾੜਾ ਕੰਮ ਹੋ ਗਿਆ ਹੈ।

ਚੌਥਾ ਮਾਮਲਾ ਇਸ ਸਰਕਾਰ ਦੇ ਆਪਣੇ ਬੰਦਿਆਂ ਦੀਆਂ ਉਨ੍ਹਾਂ ਨਾਲਾਇਕੀਆਂ ਦਾ ਹੈ, ਜਿਨ੍ਹਾਂ ਨਾਲ ਪੰਜਾਬ ਦੇ ਲੋਕਾਂ ਵਿਚ ਸਰਕਾਰ ਦਾ ਅਕਸ ਖਰਾਬ ਹੋ ਰਿਹਾ ਹੈ। ਇੱਕ ਵਿਧਾਇਕ ਨੇ ਪਿਛਲੇ ਦਿਨੀਂ ਇੱਕ ਪਿੰਡ ਵਿਚ ਭਾਸ਼ਣ ਕਰਦਿਆਂ ਕਹਿ ਦਿੱਤਾ ਕਿ ਇਸ ਵਾਰ ਅਸੀਂ ਸਾਰੇ ਅਫਸਰ ਆਪਣੀ ਮਰਜ਼ੀ ਦੇ ਇਸ ਇਲਾਕੇ 'ਚ ਲਵਾ ਲਏ ਹਨ ਤੇ ਇਥੇ ਪੰਚ ਤੇ ਸਰਪੰਚ ਸਾਰੇ ਆਪਣੀ ਮਰਜ਼ੀ ਦੇ ਬਣਾਉਣੇ ਹਨ। ਉਹ ਇਥੇ ਵੀ ਨਹੀਂ ਰੁਕਿਆ, ਸਗੋਂ ਇਹ ਵੀ ਕਹਿ ਗਿਆ ਕਿ ਇਸ ਕੰਮ ਵਿਚ ਅਸੀਂ ਧੱਕੇਸ਼ਾਹੀ ਵੀ ਕਰਨੀ ਹੈ। ਇਸ ਸਬੰਧੀ ਸੋਸ਼ਲ ਮੀਡੀਆ 'ਤੇ ਉਸ ਦੀ ਵੀਡੀਓ ਜਿਸ ਤਰ੍ਹਾਂ ਚੱਲ ਰਹੀ ਹੈ, ਕਿਸੇ ਨੇ ਨਹੀਂ ਸੋਚਣਾ ਕਿ ਵਿਧਾਇਕ ਕੀ ਕਰੀ ਜਾਂਦਾ ਹੈ, ਸਗੋਂ ਇਹ ਸਰਕਾਰ ਦਾ ਅਕਸ ਖਰਾਬ ਕਰਨ ਦੀਆਂ ਗੱਲਾਂ ਹਨ।

ਬਾਰਡਰ ਨੇੜਲੇ ਹਲਕੇ ਤੋਂ ਪਿਓ ਨੂੰ ਧੱਕਾ ਮਾਰ ਕੇ ਚੋਣ ਲੜ ਕੇ ਜਿੱਤੇ ਹੋਏ ਇੱਕ ਵਿਧਾਇਕ ਨੇ ਜਿਸ ਤਰ੍ਹਾਂ ਜਨਤਕ ਜਲਸੇ ਵਿਚ ਭੰਨ-ਤੋੜ ਵਾਲੀ ਅਰਦਾਸ ਕਰ ਕੇ ਆਪਣਾ ਤੇ ਆਪਣੀ ਪਾਰਟੀ ਦਾ ਮਜ਼ਾਕ ਬਣਾ ਲਿਆ ਹੈ, ਉਸ ਤੋਂ ਜਾਪਦਾ ਹੈ ਕਿ ਇਨ੍ਹਾਂ ਵਿਧਾਇਕਾਂ ਨੂੰ ਕੋਈ ਪੁੱਛਣ ਵਾਲਾ ਨਹੀਂ। ਉਂਜ ਉਹ ਵਿਧਾਇਕ ਹੈ ਵੀ ਏਦਾਂ ਦਾ ਕਿ ਚੱਲਦੀ ਚੋਣ ਦੌਰਾਨ ਵੀ ਲੋਕਾਂ ਨੂੰ ਚੋਣਾਂ ਪਿਛੋਂ 'ਖਾਣ-ਪੀਣ' ਦੀ ਖੁੱਲ੍ਹ ਦੇਣ ਵਾਲੀ ਗੱਲ ਉਸ ਨੇ ਜਨਤਕ ਜਲਸੇ ਵਿਚ ਕਹਿ ਕੇ ਖਬਰਾਂ ਬਣਾ ਦਿੱਤੀਆਂ ਸਨ। ਸਰਕਾਰ ਦੇ ਮੁਖੀ ਨੂੰ ਇਹ ਵੇਖਣਾ ਚਾਹੀਦਾ ਹੈ ਕਿ ਏਦਾਂ ਦੇ ਵਿਧਾਇਕਾਂ ਜਾਂ ਹੋਰ ਲਾਕੜੀਆਂ ਨੂੰ ਨਕੇਲ ਪਾਈ ਜਾਵੇ।

ਇਸੇ ਨਾਲ ਇੱਕ ਗੱਲ ਹੋਰ ਜੁੜਦੀ ਹੈ। ਪਿਛਲੇ ਰਾਜ ਵੇਲੇ ਇੱਕ ਵਾਰੀ ਸ਼ਿਮਲੇ ਵਿਚ ਅਕਾਲੀ ਆਗੂਆਂ ਦਾ ਚਿੰਤਨ ਕੈਂਪ ਲੱਗਾ ਤਾਂ ਇਸ ਗੱਲ ਦਾ ਰੌਲਾ ਪੈ ਗਿਆ ਸੀ ਕਿ ਪਰਨਾ-ਚੁੱਕ ਕਿਸਮ ਦੇ ਕਈ ਬੰਦੇ ਬਿਨਾ ਕਿਸੇ ਸੱਦੇ ਤੋਂ ਉਥੇ ਪਹੁੰਚ ਕੇ ਆਪਣੇ ਇਲਾਕੇ ਦੇ ਅਫਸਰਾਂ ਨੂੰ ਫੋਨ ਕਰ-ਕਰ ਇੱਕੋ ਗੱਲ ਕਹੀ ਜਾਂਦੇ ਸਨ ਕਿ ਸਾਨੂੰ ਬਾਦਲ ਸਾਹਿਬ ਨੇ ਆਪ ਇਥੇ ਉਚੇਚਾ ਸੱਦਿਆ ਹੈ ਤੇ ਮੁੜਨ ਨਹੀਂ ਦੇ ਰਹੇ। ਉਹ ਦਲਾਲ ਕਿਸਮ ਦੇ ਲੋਕ ਜਿਵੇਂ ਉਸ ਰਾਜ ਵੇਲੇ ਸਰਕਾਰ ਦਾ ਅਕਸ ਵਿਗਾੜਨ ਦਾ ਕਾਰਨ ਬਣੇ ਸਨ, ਇਸ ਵਾਰੀ ਫਿਰ ਉਹੋ ਜਿਹੇ ਲਾਕੜੀ ਕਿਸਮ ਦੇ ਬੰਦੇ ਚੰਡੀਗੜ੍ਹ ਵਿਚ ਡੇਰੇ ਲਾਈ ਬੈਠੇ ਹਨ। ਉਨ੍ਹਾਂ ਬਾਰੇ ਆਮ ਲੋਕਾਂ ਵਿਚ ਚੰਗੀ ਰਾਏ ਨਹੀਂ।

ਪਾਰਲੀਮੈਂਟ ਚੋਣਾਂ ਵਿਚ ਬਹੁਤਾ ਸਮਾਂ ਨਹੀਂ ਰਹਿ ਗਿਆ ਤੇ ਅਜਿਹੇ ਮੌਕੇ ਛੋਟੀ ਜਿਹੀ ਗੱਲ ਵੀ ਕਈ ਮੌਕਿਆਂ 'ਤੇ ਬਾਤ ਦਾ ਬਤੰਗੜ ਬਣਨ ਦਾ ਕਾਰਨ ਬਣ ਜਾਂਦੀ ਹੈ। ਇਸ ਤੋਂ ਬਚਣਾ ਕਿਸ ਨੂੰ ਚਾਹੀਦਾ ਹੈ, ਦੱਸਣ ਦੀ ਲੋੜ ਨਹੀਂ।

# ਆਜ਼ਾਦੀ ਦਿਵਸ ਦੇ ਅੰਗ-ਸੰਗ

**ਨਿੱਕ ਸੁੱਕ**



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

2019 ਦੀਆਂ ਲੋਕ ਸਭਾ ਚੋਣਾਂ ਦੇ ਸਨਮੁਖ ਇਸ ਵਰ੍ਹੇ ਦਾ ਆਜ਼ਾਦੀ ਦਿਵਸ ਵਿਸ਼ੇਸ਼ ਮਹੱਤਤਾ ਰਖਦਾ ਹੈ। ਸਿਆਸੀ ਪਾਰਟੀਆਂ ਦੇ ਬੁਲਾਰੇ ਆਮ ਜਨਤਾ ਨੂੰ ਲੁਭਾਉਣੇ ਸੁਪਨੇ ਪੇਸ਼ ਕਰ ਰਹੇ ਹਨ ਤੇ ਬੁੱਧੀਜੀਵੀ ਸੰਸਥਾਵਾਂ ਇਨ੍ਹਾਂ ਦਾ ਪੋਲ ਖੋਲ੍ਹਣ ਵਿਚ ਮਗਨ ਹਨ। ਚੰਡੀਗੜ੍ਹ ਤੇ ਦੂਰ-ਦੁਰਾਡੇ ਮਹਾਨਗਰਾਂ ਵਿਚ ਸਾਹਿਤਕ ਤੇ ਸਭਿਆਚਾਰਕ ਪ੍ਰੋਗਰਾਮ ਹਾਂ-ਪੱਖੀ ਤੇ ਨਾਂਹਪੱਖੀ ਸਿਖਰਾਂ ਛੂਹ ਰਹੇ ਹਨ। ਤਬੀਅਤ ਨਾਸਾਜ਼ ਹੋਣ ਕਾਰਨ ਮੈਂ ਆਪਣੇ ਘਰ ਵਿਚ ਨਜ਼ਰਬੰਦ ਹਾਂ, ਫੇਰ ਵੀ ਮਿਰਜ਼ਾ ਸਾਹਿਬ ਦੇ ਹੇਠ ਲਿਖੇ ਸ਼ਿਅਰਾਂ ਦਾ ਆਸਰਾ ਲੈ ਕੇ ਪੜ੍ਹੇ-ਸੁਣੇ ਵਿਚਾਰਾਂ ਦਾ ਮੰਥਨ ਕਰਨ ਦਾ ਯਤਨ ਕਰਦਾ ਹਾਂ:

ਕੌਨ ਹੈ ਜੋ ਨਹੀਂ ਹੈ ਹਾਜਤਮੰਦ
ਕਿਸ ਕੀ ਹਾਜਤ ਰਵਾ ਕਰੇ ਕੋਈ।
ਜਬ ਤਵੱਕੋ ਹੀ ਉਠ ਗਈ ਗਾਲਿਬ
ਕਿਉਂ ਕਿਸੀ ਕਾ ਗਿਲਾ ਕਰੇ ਕੋਈ।

ਪ੍ਰਤੱਖ ਮਜਬੂਰੀਆਂ ਦੇ ਬਾਵਜੂਦ ਆਮ ਭਾਰਤੀ ਦੀ ਚਿੰਤਾ ਆਪਣੀਆਂ ਲੋੜਾਂ ਦੀ ਪੂਰਤੀ ਤੱਕ ਹੀ ਸੀਮਤ ਨਹੀਂ, ਉਸ ਦੇ ਮਨ ਵਿਚ ਦੇਸ਼ ਦੀ ਸੁਰੱਖਿਆ ਦਾ ਮੁੱਦਾ ਵੀ ਘਰ ਕਰ ਰਿਹਾ ਹੈ। ਦੇਸ਼ ਦਾ 73 ਪ੍ਰਤੀਸ਼ਤ ਧਨ ਇਕ ਪ੍ਰਤੀਸ਼ਤ ਪੂੰਜੀਪਤੀਆਂ ਦੇ ਹੱਥ ਵਿਚ ਚਲੇ ਜਾਣਾ ਵੱਡਾ ਮਸਲਾ ਹੈ। ਸੱਤਾਧਾਰੀ ਹਲਕਿਆਂ ਵਿਚ ਇਸ ਨੂੰ ਵਿਕਾਸ ਦਾ ਨਾਂ ਦੇ ਕੇ ਆਮ ਲੋਕਾਂ ਨੂੰ ਭਰਮਾਇਆ ਜਾ ਰਿਹਾ ਹੈ। ਕਾਰਪੋਰੇਟ ਤੋਂ ਮਿਲਣ ਵਾਲੀ ਸ਼ਹਿ ਸਥਿਤੀ ਨੂੰ ਹੋਰ ਵੀ ਗੰਭੀਰ ਬਣਾ ਰਹੀ ਹੈ। ਉਧਰ ਸ਼ਕਤੀਸ਼ਾਲੀ, ਚੀਨ ਆਪਣੇ ਪੈਰ ਪਾਕਿਸਤਾਨ ਵਿਚ ਹੀ ਨਹੀਂ, ਮਾਲਦੀਵ ਵਰਗੇ ਨਿਕਚੂ ਦੇਸ਼ ਵਿਚ ਪਸਾਰ ਰਿਹਾ ਹੈ। ਪਾਕਿਸਤਾਨ ਨਾਲ ਵੱਧਣ ਵਾਲੀ ਸੰਭਾਵੀ ਸਭਿਆਚਾਰਕ ਸਾਂਝ ਇਨ੍ਹਾਂ ਦੈਂਤ ਰੂਪੀ ਸਮੱਸਿਆਵਾਂ ਨਾਲ ਕਿਵੇਂ ਨਿਪਟ ਸਕੇਗੀ ਸਮੇਂ ਨੇ ਦੱਸਣਾ ਹੈ।


ਪਿਛਲੇ ਦਿਨੀਂ ਤਾਮਿਲ ਮੂਲ ਦੀ ਪੱਤਰਕਾਰਾ ਨਿਰੂਪਮਾ ਸੁਬਾਰਾਮਨੀਅਮ ਨਾਲ ਪੀਪਲਜ਼ ਕਨਵੈਨਸ਼ਨ ਸੈਂਟਰ, ਚੰਡੀਗੜ੍ਹ ਵਲੋਂ ਸੰਵਾਦ ਰਚਾਇਆ ਗਿਆ ਤਾਂ ਸੀਮਾ ਵਰਤੀ ਸਮੱਸਿਆਵਾਂ ਉਤੇ ਭਰਵੀਂ ਚਰਚਾ ਹੋਈ। ਨਿਰੂਪਮਾ ਇੰਡੀਅਨ ਐਕਸਪ੍ਰੈਸ ਦੇ ਚੰਡੀਗੜ੍ਹ ਐਡੀਸ਼ਨ ਦੀ ਰੈਜ਼ੀਡੈਂਟ ਐਡੀਟਰ ਹੈ ਤੇ ਸ੍ਰੀਲੰਕਾ ਅਤੇ ਪਾਕਿਸਤਾਨ ਵਿਚ 'ਹਿੰਦੂ' ਸਮਾਚਾਰ ਪੱਤਰ ਦੀ ਪ੍ਰਤੀਨਿਧ ਰਹਿ ਚੁਕੀ ਹੈ। ਉਸ ਦਾ ਮੰਨਣਾ ਹੈ ਕਿ ਜਨਤਕ ਪੱਧਰ ਉਤੇ ਸਿਨਹਾਲੀਆਂ ਨਾਲੋਂ ਪਾਕਿਸਤਾਨ ਦੇ ਵਸਨੀਕ ਚੰਗੇਰੇ ਨਿੱਘ ਤੇ ਖਲੂਸ ਦੇ ਮਾਲਕ ਹਨ। ਪਰ ਸਿਆਸੀ ਸੋਚ ਏਸ ਤੱਕੜੀ 'ਤੇ ਪੂਰੀ ਨਹੀਂ ਉਤਰਦੀ, ਇਹ ਜਾਣਦਿਆਂ ਵੀ ਕਿ ਭਾਰਤ ਤੇ ਪਾਕਿਸਤਾਨ ਦਾ ਮੁੜ ਕੇ ਇੱਕ ਦੇਸ਼ ਬਣਨਾ ਸੰਭਵ ਨਹੀਂ, ਉਨ੍ਹਾਂ ਲਈ ਸਿਆਸੀ ਪੱਧਰ ਉਤੇ ਅਤੇ ਚੰਗੇ ਗਵਾਂਢੀ ਬਣ ਕੇ ਵਿਚਰਨਾ ਸੰਭਵ ਨਹੀਂ। ਉਸ ਦੀ ਸੋਚ ਅਨੁਸਾਰ ਕਸ਼ਮੀਰ ਦਾ ਮਸਲਾ ਵੀ ਕੰਟਰੋਲ ਰੇਖਾ ਨੂੰ ਅੰਤਰਰਾਸ਼ਟਰੀ ਬਾਰਡਰ ਮੰਨ ਕੇ ਨਜਿੱਠਿਆ ਜਾ ਸਕਦਾ ਸੀ ਪਰ ਏਸ ਪਾਸੇ ਤੁਰਨ ਦੇ ਨਤੀਜੇ ਵੀ ਅਸੀਂ ਕਾਰਗਿਲ ਦੀ ਲੜਾਈ ਰਾਹੀਂ ਭੁਗਤ ਚੁਕੇ ਹਾਂ। ਇੱਕ ਬੁਲਾਰੇ ਨੇ ਆਪਣੀ ਪਾਕਿ ਫੇਰੀ ਦਾ ਜ਼ਿਕਰ ਕਰਦਿਆਂ ਪੰਜਾ ਸਾਹਿਬ ਜਾਂ ਕੇ ਉਥੋਂ ਦੀ ਦੇਖਭਾਲ ਕਰਨ ਵਾਲੇ ਪਾਕਿਸਤਾਨੀਆਂ ਨੂੰ ਸ਼ਾਬਾਸ਼ ਦਿੱਤੀ ਤਾਂ ਉਸ ਨੂੰ ਇਹ ਉਤਰ ਮਿਲਿਆ ਕਿ ਭਾਰਤ ਨੇ ਤਾਂ ਬਾਬਰੀ ਮਸਜਿਦ ਨੂੰ ਸੁਰੱਖਿਅਤ ਰੱਖਣ ਦਾ ਉਚੇਚ ਨਹੀਂ ਕੀਤਾ। ਫੇਰ ਸਭਾ ਦੀਆਂ ਗਿਲਾ ਗੁਜ਼ਾਰੀਆਂ ਨੇ ਤੋੜਾ ਇਸ ਗੱਲ ਉਤੇ ਤੋੜਿਆ ਕਿ ਹਾਲੀ ਤਵੱਕੋ ਨਹੀਂ ਉਠੀ। ਤਵੱਕੋ ਜ਼ਿੰਦਾਬਾਦ।

**ਅਵਤਾਰ ਸਿੰਘ ਬਿਲਿੰਗ ਨਾਲ ਰੂਬਰੂ:** ਪਿਛਲੇ ਦਿਨੀਂ ਚੰਡੀਗੜ੍ਹ ਸਾਹਿਤ ਅਕਾਡਮੀ ਨੇ ਢਾਹਾਂ ਪੁਰਸਕਾਰ ਜੇਤੂ ਅਵਤਾਰ ਸਿੰਘ ਬਿਲਿੰਗ ਨਾਲ ਰੂਬਰੂ ਪ੍ਰੋਗਰਾਮ ਕੀਤਾ ਤਾਂ ਇਸ ਧਾਰਨਾ ਉਤੇ ਮੋਹਰ ਲੱਗੀ ਕਿ ਆਪਣੀ ਮਿੱਟੀ ਨਾਲ ਮੋਹ ਵਾਲੀਆਂ ਰਚਨਾਵਾਂ ਦਾ ਬਿਰਤਾਂਤ ਕਾਲ ਭਾਵੇਂ ਸੌ ਸਾਲ ਪੁਰਾਣਾ ਵੀ ਹੋਵੇ, ਅੱਜ ਨੂੰ ਪ੍ਰਭਾਵ ਕਰਨ ਦੀ ਪੂਰੀ ਸ਼ਕਤੀ ਰਖਦਾ ਹੈ। ਅਵਤਾਰ ਸਿੰਘ ਬਿਲਿੰਗ ਨੇ ਅੰਗਰੇਜ਼ ਨਾਵਲਕਾਰ ਥਾਮਸ ਹਾਰਡੀ ਦਾ ਮਾਡਲ ਅਪਨਾਉਂਦਿਆਂ ਅੱਧੀ ਦਰਜਨ ਨਾਵਲ ਲਿਖੇ ਹਨ। ਇਸ ਪ੍ਰੋਗਰਾਮ ਵਿਚ ਉਸ ਦੇ ਪਹਿਲੇ ਨਾਵਲ 'ਨਿਰੰਜਣ ਮਸ਼ਾਲਚੀ' ਤੋਂ ਬਿਨਾ 'ਵਿਹੜੇ ਸੁੱਖ ਖੇੜੇ ਸੁੱਖ' ਸਮੇਤ ਸਾਰੀਆਂ ਰਚਨਾਵਾਂ ਨੂੰ ਰੱਜ ਕੇ ਸਲਾਹਿਆ ਗਿਆ। ਉਸ ਦੀ ਵਧੀਆ ਰਚਨਾਕਾਰੀ ਦੀਆਂ ਜੜ੍ਹਾਂ ਪਾਲਣਹਾਰ ਮਿੱਟੀ ਵਿਚ ਮੰਨਣ ਵਾਲੇ ਟਿੱਪਣੀਕਾਰ ਤਾਂ ਇਹ ਵੀ ਕਹਿੰਦੇ ਹਨ ਕਿ ਸਮਰਾਲਾ ਦੀ ਭੂਮੀ ਵਿਚ ਹੀ ਅਜਿਹੀ ਵਿਸ਼ੇਸ਼ਤਾ ਹੈ ਕਿ ਚੰਗੇ ਨਾਵਲਕਾਰ ਉਪਜਦੇ ਹੈ। ਅਵਤਾਰ ਬਿਲਿੰਗ ਦਾ ਪਿੰਡ ਸਿਹ ਸਆਦਤ ਹਸਨ ਮੰਟੋ ਦੀ ਪਪੜੌਦੀ ਤੋਂ ਮਸਾਂ ਪੰਜ ਕੋਹ ਹੈ, ਜਿੱਥੇ ਮੰਟੋ ਦਾ ਜਨਮ ਹੋਇਆ ਸੀ। ਉਪਜਾਊ ਭੂਮੀ ਦੇ ਕੀ ਕਹਿਣੇ!

**ਅੰਤਿਕਾ: ਸੁਖਵੰਤ ਚਿੱਤਰਕਾਰ**
ਇੱਕ ਨਦੀ ਤੁਰਦੀ ਹੈ ਕਿਹੜੇ ਦਰਦ 'ਚੋਂ
ਜਾਣਦਾ ਕੋਈ ਨਹੀਂ ਪਰਬਤ ਬਿਨਾ।

# ਕਬੱਡੀ ਖਿਡਾਰੀ ਯਾਦਵੀਰ ਸਿੰਘ ਕਾਰ ਹਾਦਸੇ 'ਚ ਹਲਾਕ

**ਨਿਊ ਯਾਰਕ (ਇਕਬਾਲ ਸਿੰਘ ਜੱਬੋਵਾਲੀਆ):** ਆਪਣੇ ਸਮੇਂ ਦੇ ਪ੍ਰਸਿੱਧ ਕਬੱਡੀ ਖਿਡਾਰੀ ਤੋਖੀ ਮਾਨਗੜ੍ਹੀਏ ਦਾ ਕਬੱਡੀ



ਖਿਡਾਰੀ ਪੁੱਤ ਯਾਦਵੀਰ ਸਿੰਘ ਪਿਛਲੇ ਦਿਨੀਂ ਇਕ ਕਾਰ ਹਾਦਸੇ ਦਾ ਸ਼ਿਕਾਰ ਹੋ ਕੇ ਹਮੇਸ਼ਾ ਹਮੇਸ਼ਾ ਲਈ ਸਾਥੋਂ ਵਿਛੜ ਗਿਆ। ਯਾਦਵੀਰ ਬੜੇ ਸਾਲਾਂ ਤੋਂ ਟੋਰਾਂਟੋ (ਕੈਨੇਡਾ) ਲਾਗੇ ਕਿਚਨਰ ਸ਼ਹਿਰ 'ਚ ਰਹਿੰਦਾ ਸੀ। ਉਹ ਟਰੱਕ ਚਲਾਉਂਦਾ ਸੀ।

ਕਬੱਡੀ ਖਿਡਾਰੀ ਤੇ ਪਹਿਲਵਾਨ ਸ਼ੰਕਰੀਏ ਪਾਲੇ ਅਤੇ ਕਬੱਡੀ ਖਿਡਾਰੀ ਰਾਵਲ ਮਾਣਕ ਢੇਰੀ ਨੇ ਬੜੇ ਦੁਖੀ ਹਿਰਦੇ ਨਾਲ ਇਹ ਇਹ ਖਬਰ ਸਾਂਝੀ ਕੀਤੀ। ਰਾਵਲ ਦਾ ਵਿਚੋਲਾ ਵੀ ਤੋਖੀ ਹੀ ਸੀ। ਭਾਰਤੀ ਵੰਡ ਤੋਂ ਬਾਅਦ ਸੱਤ-ਫੁੱਟੇ ਪਾਕਿਸਤਾਨੀ ਡੋਗਰੇ ਮੂਹਰੇ ਚੱਟਾਨ ਵਾਂਗ ਖੜ੍ਹਨ ਵਾਲਾ ਤੋਖੀ ਕਈ ਸਾਲ ਪਿੰਡ ਦਾ ਸਰਪੰਚ ਵੀ ਰਿਹਾ ਤੇ ਨਿੱਜੀ ਰੰਜਿਸ਼ ਦਾ ਸ਼ਿਕਾਰ ਹੋ ਗਿਆ ਸੀ। ਪਰਿਵਾਰਕ ਸਾਂਝ ਹੋਣ ਕਰਕੇ ਇਹ ਵੀ ਦੱਸਿਆ ਕਿ ਸਾਰਾ ਪਰਿਵਾਰ ਹੀ ਉਜੜ ਗਿਆ ਹੈ।

ਤੋਖੀ ਮਾਨਗੜ੍ਹੀਏ ਦੇ ਦੋ ਬੇਟੇ ਸਨ। ਇਕ ਬੇਟਾ ਸਿਆਟਲ ਰਹਿੰਦਾ ਸੀ, ਜੋ ਭੁਲੇਖੇ ਨਾਲ ਮਾਰਿਆ ਗਿਆ ਸੀ ਅਤੇ ਦੂਜਾ ਹੁਣ ਕੈਨੇਡਾ 'ਚ ਹਾਦਸੇ ਦਾ ਸ਼ਿਕਾਰ ਹੋ ਗਿਆ। ਖੇਡ-ਪ੍ਰੇਮੀਆਂ ਤੇ ਸਾਥੀ ਖਿਡਾਰੀਆਂ ਨੇ ਪਰਮਾਤਮਾ ਅੱਗੇ ਪਰਿਵਾਰਕ ਮੈਂਬਰਾਂ ਤੇ ਰਿਸ਼ਤੇਦਾਰਾਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਦੀ ਅਰਦਾਸ ਕੀਤੀ ਹੈ।

**ਨਵਾਂ ਸ਼ਹਿਰ ਵਿਚ ਕੋਠੀ ਵਿਕਾਊ ਹੈ**

ਨਵਾਂ ਸ਼ਹਿਰ-ਚੰਡੀਗੜ੍ਹ ਰੋਡ ਉਤੇ ਅੰਗਦ ਨਗਰ ਵਿਚ 16 ਮਰਲੇ ਪਲਾਟ 'ਚ ਬਣੀ 10 ਬੈਡਰੂਮ ਦੀ ਕੋਠੀ ਵਿਕਾਊ ਹੈ।

ਕੀਮਤ: 95 ਲੱਖ ਰੁਪਏ

ਸੰਪਰਕ ਕਰੋ
ਫੋਨ: 608-886-2501

ਪੰਜਾਬ ਟਾਈਮਜ਼

*ਸਨਿਚਰਵਾਰ, 25 ਅਗਸਤ 2018*

# ਪੰਜਾਬ ਸਰਕਾਰ ਦੀ ਕਾਰਕਰਦਗੀ

ਉਤਰੀ ਭਾਰਤ ਦੇ ਕੁਝ ਰਾਜਾਂ ਵਲੋਂ ਪਹਿਲੀ ਵਾਰ ਨਸ਼ਿਆਂ ਦੇ ਕਾਰੋਬਾਰ ਅਤੇ ਨਸ਼ਾਖੋਰੀ ਖਿਲਾਫ ਸਾਂਝੀ ਜੱਦੋਜਹਿਦ ਲਈ ਯਤਨ ਅਰੰਭ ਹੋਏ ਹਨ। ਇਸ ਸਬੰਧੀ ਹਰਿਆਣਾ ਦੇ ਸ਼ਹਿਰ ਪੰਚਕੂਲਾ ਵਿਚ ਹੋਈ ਸਾਂਝੀ ਕਾਨਫਰੰਸ ਵਿਚ ਹਰਿਆਣਾ, ਪੰਜਾਬ ਤੇ ਉਤਰਾਖੰਡ ਦੇ ਮੁੱਖ ਮੰਤਰੀ ਸ਼ਾਮਲ ਹੋਏ ਅਤੇ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਨੇ ਵੀਡੀਓ ਕਾਨਫਰੰਸਿੰਗ ਰਾਹੀਂ ਹਿੱਸਾ ਲਿਆ। ਇਨ੍ਹਾਂ ਤੋਂ ਇਲਾਵਾ ਰਾਜਸਥਾਨ, ਦਿੱਲੀ ਅਤੇ ਚੰਡੀਗੜ੍ਹ ਪ੍ਰਸ਼ਾਸਨ ਨੇ ਆਪੋ ਆਪਣੇ ਪ੍ਰਤੀਨਿਧ ਭੇਜੇ। ਕਾਨਫਰੰਸ ਵਿਚ ਫੈਸਲਾ ਕੀਤਾ ਗਿਆ ਕਿ ਨਸ਼ਿਆਂ ਨਾਲ ਨਜਿਠਣ ਲਈ ਸਾਂਝਾ ਸਕੱਤਰੇਤ ਬਣਾਇਆ ਜਾਵੇ। ਇਸ ਦਾ ਹੈਡਕੁਆਰਟਰ ਪੰਚਕੂਲਾ ਵਿਚ ਹੋਵੇਗਾ। ਇਸ ਕਾਨਫਰੰਸ ਵਿਚ ਇਕ ਹੋਰ ਅਹਿਮ ਫੈਸਲਾ ਕੀਤਾ ਗਿਆ ਕਿ ਨਸ਼ਿਆਂ ਖਿਲਾਫ ਇਸ ਮੁਹਿੰਮ ਵਿਚ ਜੰਮੂ ਕਸ਼ਮੀਰ ਅਤੇ ਉਤਰ ਪ੍ਰਦੇਸ਼ ਨੂੰ ਵੀ ਸ਼ਾਮਲ ਕੀਤਾ ਜਾਵੇ ਤਾਂ ਜੋ ਸਾਂਝੀ ਰਣਨੀਤੀ ਸਮੁੱਚੇ ਖਿੱਤੇ ਵਿਚ ਲਾਗੂ ਕੀਤੀ ਜਾ ਸਕੇ। ਇਸ ਕਾਨਫਰੰਸ ਵਿਚ ਬਾਕਾਇਦਾ ਤੈਅ ਹੋਇਆ ਕਿ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਉਤਰਾਖੰਡ, ਰਾਜਸਥਾਨ ਤੇ ਦਿੱਲੀ ਦੇ ਮੁੱਖ ਮੰਤਰੀਆਂ ਦੀ ਹਰ ਛੇ ਮਹੀਨੇ ਬਾਅਦ ਮੀਟਿੰਗ ਹੋਇਆ ਕਰੇਗੀ ਜਿਸ ਵਿਚ ਨਸ਼ਿਆਂ ਖਿਲਾਫ ਸਾਂਝੀ ਰਣਨੀਤੀ ਬਾਰੇ ਵਿਚਾਰਾਂ ਕੀਤੀਆਂ ਜਾਣਗੀਆਂ। ਇਸ ਦੇ ਨਾਲ ਹੀ ਸਾਰੇ ਰਾਜਾਂ ਦੇ ਸਬੰਧਤ ਅਧਿਕਾਰੀ ਹਰ ਤੀਜੇ ਮਹੀਨੇ ਮੀਟਿੰਗ ਕਰਨਗੇ। ਯਾਦ ਰਹੇ, ਕੌਮਾਂਤਰੀ ਪੱਧਰ 'ਤੇ ਨਸ਼ਾ ਤਸਕਰੀ ਦਾ ਮੁੱਖ ਰੂਟ ਇਹੀ ਰਾਜ ਮੰਨੇ ਜਾਂਦੇ ਹਨ। ਅਫਗਾਨਿਸਤਾਨ ਅਤੇ ਪਾਕਿਸਤਾਨ ਵਾਲੇ ਪਾਸਿਓਂ ਪੰਜਾਬ ਵਿਚ ਹੈਰੋਇਨ ਪੁੱਜਦੀ ਹੈ। ਹਿਮਾਚਲ ਪ੍ਰਦੇਸ਼, ਉਤਰ ਪ੍ਰਦੇਸ਼, ਬਿਹਾਰ ਤੇ ਨੇਪਾਲ ਤੋਂ ਚਰਸ ਆਉਂਦੀ ਹੈ। ਇਸੇ ਤਰ੍ਹਾਂ ਦਿੱਲੀ, ਉਤਰ ਪ੍ਰਦੇਸ਼, ਰਾਜਸਥਾਨ ਤੇ ਮੱਧ ਪ੍ਰਦੇਸ਼ ਤੋਂ ਸਮੈਕ, ਅਫੀਮ, ਭੁੱਕੀ ਚੂਰਾ ਆਦਿ ਦਾ ਕਾਰੋਬਾਰ ਹੁੰਦਾ ਹੈ। ਇਸ ਕਾਨਫਰੰਸ ਵਿਚ ਤੈਅ ਕੀਤਾ ਗਿਆ ਕਿ ਸਾਰੇ ਰਾਜ ਡਰੱਗ ਤਸਕਰਾਂ ਬਾਰੇ ਜਾਣਕਾਰੀ ਸਾਂਝੀ ਕਰਨਗੇ, ਨਸ਼ਿਆਂ ਦਾ ਸੁੰਘ ਕੇ ਪਤਾ ਲਾਉਣ ਵਾਲੇ ਕੁੱਤਿਆਂ ਦੀ ਗਿਣਤੀ ਵਧਾਈ ਜਾਵੇਗੀ, ਨਸ਼ਾ ਵੇਚਣ ਵਾਲਿਆਂ ਖਿਲਾਫ ਸਾਂਝੀ ਕਾਰਵਾਈ ਕੀਤੀ ਜਾਵੇਗੀ, ਰਣਨੀਤਕ ਪੱਧਰ ਦੀਆਂ ਸਰਗਰਮੀਆਂ ਲਈ ਲਗਾਤਾਰ ਮੀਟਿੰਗਾਂ ਹੋਣਗੀਆਂ ਅਤੇ ਤਸਕਰਾਂ ਦੀਆਂ ਜਾਇਦਾਦਾਂ ਕੁਰਕ ਤੇ ਜ਼ਬਤ ਕੀਤੀਆਂ ਜਾਣਗੀਆਂ।

ਮੁਲਕ ਦੇ ਉਤਰੀ ਖਿੱਤੇ ਵਿਚ ਪੈਂਦੇ ਇਨ੍ਹਾਂ ਰਾਜਾਂ ਦੀ ਇਸ ਪਹਿਲਕਦਮੀ ਦਾ ਸਵਾਗਤ ਕਰਨਾ ਬਣਦਾ ਹੈ, ਬਲਕਿ ਨਸ਼ਿਆਂ ਖਿਲਾਫ ਅਜਿਹੀ ਸਾਂਝੀ ਮੋਰਚਾਬੰਦੀ ਬਹੁਤ ਸਾਲ ਪਹਿਲਾਂ ਸ਼ੁਰੂ ਹੋ ਜਾਣੀ ਚਾਹੀਦੀ ਸੀ। ਦੂਜੀ ਗੱਲ, ਇਹ ਉਪਾਅ ਤਾਂ ਹੀ ਕਾਰਗਰ ਸਾਬਤ ਹੋ ਸਕਦੇ ਹਨ, ਜੇ ਸਾਰੇ ਰਾਜਾਂ ਦੀਆਂ ਸਰਕਾਰਾਂ ਆਪੋ ਆਪਣੀ ਜ਼ਿੰਮੇਵਾਰੀ ਸੁਹਿਰਦਤਾ ਨਾਲ ਨਿਭਾਉਣ ਅਤੇ ਨਸ਼ਿਆਂ ਦੇ ਕਾਰੋਬਾਰ ਨਾਲ ਜੁੜੇ ਅਨਸਰਾਂ ਦੀ ਸਿਆਸੀ ਪੁਸ਼ਤਪਨਾਹੀ ਨਾ ਕਰਨ। ਪੰਜਾਬ ਵਿਚ ਆਪੋ-ਆਪਣੇ ਇਲਾਕੇ ਦਾ ਬੱਚਾ-ਬੱਚਾ ਜਾਣਦਾ ਹੈ ਕਿ ਨਸ਼ਾ ਕਿਨ੍ਹਾਂ ਅਨਸਰਾਂ ਵੱਲੋਂ ਸਪਲਾਈ ਕੀਤਾ ਜਾ ਰਿਹਾ ਹੈ ਅਤੇ ਅਗਾਂਹ ਕੌਣ ਇਸ ਨੂੰ ਵੇਚਦਾ ਹੈ। ਇਸ ਸਬੰਧ ਵਿਚ ਹੁਣ ਤੱਕ ਪੰਜਾਬ ਸਰਕਾਰ ਦੀ ਕਾਰਵਾਈ ਸ਼ੱਕ ਦੇ ਘੇਰੇ ਵਿਚ ਰਹੀ ਹੈ। ਪਿਛਲੀ ਅਕਾਲੀ-ਭਾਜਪਾ ਗਠਜੋੜ ਦੀ ਸਰਕਾਰ ਤਾਂ ਨਸ਼ਿਆਂ ਕਾਰਨ ਬੇਹੱਦ ਬਦਨਾਮ ਹੋ ਗਈ ਸੀ ਪਰ ਨਸ਼ੇ ਚਾਰ ਹਫਤਿਆਂ ਦੇ ਅੰਦਰ-ਅੰਦਰ ਖਤਮ ਕਰਨ ਦੀ ਸਹੁੰ ਖਾਣ ਵਾਲੇ ਕੈਪਟਨ ਅਮਰਿੰਦਰ ਸਿੰਘ ਨੇ ਇਸ ਸਬੰਧੀ ਸਿਰਫ ਖਾਨਾਪੂਰਤੀ ਹੀ ਕੀਤੀ ਹੈ। ਕੁਝ ਸਮਾਂ ਪਹਿਲਾਂ ਸੋਸ਼ਲ ਮੀਡੀਆ ਰਾਹੀਂ ਨਸ਼ਿਆਂ ਖਿਲਾਫ ਉਠੀ ਮੁਹਿੰਮ ਵੀ ਹੁਣ ਕਿਤੇ ਰੜਕਦੀ ਨਹੀਂ। ਅਜਿਹੀ ਸੂਰਤ ਵਿਚ ਆਮ ਲੋਕਾਂ ਦਾ ਖਦਸ਼ਾ ਹੈ ਕਿ ਇਨ੍ਹਾਂ ਰਾਜਾਂ ਵੱਲੋਂ ਕੀਤੀ ਕਵਾਇਦ ਦਾ ਹਸ਼ਰ ਵੀ ਕਿਤੇ ਪਹਿਲਾਂ ਵਾਲੀਆਂ ਸਰਗਰਮੀਆਂ ਵਾਲਾ ਨਾ ਹੋਵੇ। ਇਸ ਖਦਸ਼ੇ ਦਾ ਵੱਡਾ ਆਧਾਰ ਇਹ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਹੁਣ ਤਕ ਵੱਖ-ਵੱਖ ਮਾਮਲਿਆਂ ਬਾਰੇ ਜੋ ਵੀ ਕਾਰਵਾਈ ਅਰੰਭੀ ਹੈ, ਉਨ੍ਹਾਂ ਨੂੰ ਸਿਰੇ ਨਹੀਂ ਲਾਇਆ ਹੈ। ਇਹ ਭਾਵੇਂ ਰਾਜ ਦੀ ਆਰਥਕ ਮੰਦਹਾਲੀ ਦਾ ਮਸਲਾ ਹੋਵੇ ਜਾਂ ਬੇਅਦਬੀ ਦੇ ਕੇਸਾਂ ਦੇ ਦੋਸ਼ੀ ਨੂੰ ਸਜ਼ਾ ਦਿਵਾਉਣ ਦਾ ਮਸਲਾ ਹੋਵੇ, ਅਮਰਿੰਦਰ ਸਿੰਘ ਸਰਕਾਰ ਨੇ ਪੈਰ ਪਿਛਾਂਹ ਹੀ ਖਿੱਚੇ ਹਨ। ਨਸ਼ਿਆਂ ਬਾਰੇ ਤਿਆਰ ਰਿਪੋਰਟ ਅਜੇ ਤੱਕ ਹਾਈ ਕੋਰਟ ਵਿਚ ਪਈ ਹੈ ਅਤੇ ਮੁੱਖ ਮੰਤਰੀ 'ਮਾਮਲਾ ਅਦਾਲਤ ਅਧੀਨ ਹੈ' ਕਹਿ ਕੇ ਇਸ ਰਿਪੋਰਟ ਉਤੇ ਕੋਈ ਕਾਰਵਾਈ ਨਹੀਂ ਕਰ ਰਹੇ ਹਨ, ਹਾਲਾਂਕਿ ਅਦਾਲਤ ਨੇ ਕਾਰਵਾਈ ਉਤੇ ਕਿਸੇ ਵੀ ਪ੍ਰਕਾਰ ਦੀ ਕੋਈ ਰੋਕ ਨਹੀਂ ਲਾਈ ਹੈ। ਜਾਹਰ ਹੈ ਕਿ ਮੁੱਖ ਮੰਤਰੀ ਕਾਰਵਾਈ ਤੋਂ ਕੰਨੀ ਕਤਰਾ ਰਹੇ ਹਨ। ਹੁਣ ਬੇਅਦਬੀ ਮਾਮਲੇ ਬਾਰੇ ਆਈ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਬਾਰੇ ਵੀ ਮੁੱਖ ਮੰਤਰੀ ਨੇ ਇਹੀ ਪੈਂਤੜਾ ਮੱਲਿਆ ਹੋਇਆ ਹੈ। ਹੋਰ ਤਾਂ ਹੋਰ, ਹੁਣ ਤਾਂ ਇਨ੍ਹਾਂ ਕੇਸਾਂ ਦਾ ਮੁੱਖ ਗਵਾਹ ਹਿੰਮਤ ਸਿੰਘ ਵੀ ਆਪਣੇ ਬਿਆਨਾਂ ਤੋਂ ਮੁੱਕਰ ਗਿਆ ਹੈ। ਹਿੰਮਤ ਸਿੰਘ ਅਕਾਲ ਤਖਤ ਦੇ ਹੈਡ ਗ੍ਰੰਥੀ ਗੁਰਮੁਖ ਸਿੰਘ ਦਾ ਭਰਾ ਹੈ। ਗੁਰਮੁਖ ਸਿੰਘ ਉਸ ਵਕਤ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥਦਾਰ ਸਨ ਜਦੋਂ ਡੇਰਾ ਸੱਚਾ ਸੌਦਾ ਦੇ ਮੁਖੀ ਨੂੰ ਮੁਆਫੀ ਦੇ ਦਿੱਤੀ ਗਈ ਸੀ ਅਤੇ ਰੌਲਾ ਪੈਣ 'ਤੇ ਇਹ ਵਾਪਸ ਲੈ ਲਈ ਗਈ ਸੀ। ਗੁਰਮੁਖ ਸਿੰਘ ਦੀ ਹੈਡ ਗ੍ਰੰਥੀ ਵਜੋਂ ਨਿਯੁਕਤੀ ਹਾਲ ਹੀ ਹੋਈ ਹੈ ਅਤੇ ਸਿਆਸੀ ਹਲਕਿਆਂ ਵਿਚ ਇਸ ਨੂੰ ਹਿੰਮਤ ਸਿੰਘ ਦੇ ਮੁਕਰਨ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਪੰਜਾਬ ਕੈਬਨਿਟ ਨੇ ਭਾਵੇਂ ਬੇਅਦਬੀ ਦੇ ਕੇਸਾਂ ਵਿਚ ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਦੇਣ ਦੀ ਤਜਵੀਜ਼ ਪਾਸ ਕਰ ਦਿੱਤੀ ਹੈ, ਪਰ ਮਸਲਾ ਤਾਂ ਇਹ ਹੈ ਕਿ ਇਨ੍ਹਾਂ ਕੇਸਾਂ ਨੂੰ ਕਿਸੇ ਤਣ-ਪੱਤਣ ਤਾਂ ਲਾਇਆ ਨਹੀਂ ਜਾ ਰਿਹਾ। ਕਮਿਸ਼ਨ ਦੀ ਰਿਪੋਰਟ ਤੱਕ ਵਿਵਾਦਾਂ ਦੇ ਘੇਰੇ ਵਿਚ ਆ ਗਈ ਹੈ, ਮੁੱਖ ਗਵਾਹ ਤੱਕ ਮੁੱਕਰ ਰਹੇ ਹਨ। ਇਸ ਸੂਰਤ ਵਿਚ ਉਮਰ ਕੈਦ ਦੀ ਤਜਵੀਜ਼ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ ਹੈ? ਦਰਅਸਲ, ਇਹ ਵੀ ਕੈਪਟਨ ਦੀ ਉਸੇ ਕਵਾਇਦ ਦਾ ਹਿੱਸਾ ਜਾਪਦਾ ਹੈ ਜਿਸ ਤਹਿਤ ਉਹ ਹਰ ਮਾਮਲੇ ਨੂੰ ਲਗਾਤਾਰ, ਇਸੇ ਤਰ੍ਹਾਂ ਲਮਕਾਈ ਜਾਂਦੇ ਹਨ। ਇਨ੍ਹਾਂ ਹਾਲਾਤ ਵਿਚੋਂ ਨਿਕਲਣ ਲਈ ਲੋਕਾਂ ਨੂੰ ਆਪ ਹੀ ਕੋਈ ਸਰਗਰਮੀ ਵਿੱਢਣੀ ਪਵੇਗੀ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਭਾਨਮਤੀ ਦਾ ਕੀ ਕਸੂਰ?*

ਗੱਲ ਕਿੱਥੇ ਤੋਂ ਕਿੱਥੇ ਹੈ ਪਹੁੰਚ ਜਾਂਦੀ, ਦੇਖ ਸੋਚ ਕੇ ਹੋਣ ਹੈਰਾਨੀਆਂ ਜੀ।
ਸ਼ੁਰੂਆਤ ਤਾਂ ਹੁੰਦੀ ਐ ਏਕਤਾਂ ਤੋਂ, ਆ ਜਾਂਦੀਆਂ ਫੇਰ ਮਨਮਾਨੀਆਂ ਜੀ।
ਕਾਮਯਾਬੀਆਂ ਨੇੜੇ ਵੀ ਪਹੁੰਚਿਆਂ ਨੂੰ, ਤਹਿਸ-ਨਹਿਸ ਕਰ ਦੇਣ ਨਾਦਾਨੀਆਂ ਜੀ।
ਬੀਬੇ ਬਣ ਬਣ ਕੇ ਦੱਸਦੇ ਲੱਖ ਭਾਵੇਂ, ਦਿਲ 'ਚੋਂ ਜਾਂਦੀਆਂ ਨਹੀਂ ਸ਼ੈਤਾਨੀਆਂ ਜੀ।
ਉਹ ਮਿਸ਼ਨ ਅਧੂਰਾ ਹੀ ਰਹਿਣ ਲੱਗਾ, ਲੋਕਾਂ ਅੱਕਿਆਂ ਹੋਇਆਂ ਜੋ ਲੋੜਿਆ ਸੀ।
ਕਿਤਿਓਂ ਚੁੱਕ ਕੇ ਇੱਟ ਤੇ ਕਿਤੋਂ ਰੋੜਾ, ਭਾਨਮਤੀ ਦਾ ਕੁਨਬਾ ਜੋ ਜੋੜਿਆ ਸੀ!

# ਆਰਥਕ ਵਿਕਾਸ, ਨੌਜਵਾਨ ਤੇ ਰੁਜ਼ਗਾਰ

***ਪੰਜਾਬ ਅਤੇ ਭਾਰਤ ਵਿਚ ਅੱਜ ਕੱਲ੍ਹ ਵਿਕਾਸ ਤਾਂ ਬਥੇਰਾ ਹੋ ਰਿਹਾ ਹੈ ਪਰ ਇਸ ਵਿਕਾਸ ਦਾ ਮੂੰਹ ਆਮ ਲੋਕਾਂ ਵੱਲ ਨਹੀਂ ਸਗੋਂ ਸਰਮਾਇਆ ਵਧਾਉਣ ਵੱਲ ਹੈ। ਇਹੀ ਨਹੀਂ, ਸੌੜੀ ਸਿਆਸਤ ਕਾਰਨ ਨੌਜਵਾਨਾਂ ਨੂੰ ਧਾਰਮਿਕ, ਜਾਤ-ਪਾਤ ਅਤੇ ਇਲਾਕਾਵਾਦ ਦੀਆਂ ਤੰਗ ਗਲੀਆਂ ਵਿਚ ਧੱਕਿਆ ਜਾ ਰਿਹਾ ਹੈ। ਇਸ ਪ੍ਰਸੰਗ ਵਿਚ ਭਾਰਤ ਦੇ ਆਪਣੇ ਅਤੇ ਦੁਨੀਆਂ ਦੇ ਦੂਜੇ ਦੇਸ਼ਾਂ ਦੇ ਇਤਿਹਾਸ ਤੋਂ ਸੇਧ ਲਈ ਜਾ ਸਕਦੀ ਹੈ। ਸਾਰੀ ਦੁਨੀਆਂ ਵਿਚ 1945-80 ਦਾ ਸਮਾਂ ਰੁਜ਼ਗਾਰ ਅਤੇ ਸਮਾਜਕ ਸੁਰੱਖਿਆ ਪੱਖੋਂ ਬਿਹਤਰ ਸਮਝਿਆ ਜਾਂਦਾ ਹੈ। ਉਦੋਂ ਅਜਿਹਾ ਇਸ ਕਰਕੇ ਵਾਪਰਿਆ ਕਿਉਂਕਿ ਸਾਰੀ ਦੁਨੀਆਂ ਵਿਚ ਮਿਹਨਤਕਸ਼ ਲੋਕਾਂ ਜਿਵੇਂ ਮਜ਼ਦੂਰਾਂ, ਕਿਸਾਨਾਂ ਤੇ ਮੱਧ ਵਰਗ ਦੇ ਨੌਕਰੀਪੇਸ਼ਾ ਲੋਕਾਂ ਦੀਆਂ ਜਥੇਬੰਦੀਆਂ ਮਜ਼ਬੂਤ ਸਨ। -ਸੰਪਾਦਕ***

ਭਾਰਤ ਵਿਚ 50 ਫ਼ੀਸਦੀ ਤੋਂ ਵੱਧ ਆਬਾਦੀ 25 ਸਾਲ ਦੀ ਉਮਰ ਤੋਂ ਹੇਠਾਂ ਹੈ ਅਤੇ 65 ਫ਼ੀਸਦੀ ਆਬਾਦੀ 35 ਸਾਲ ਤੋਂ ਘੱਟ ਉਮਰ ਦੀ ਹੈ। ਇਹ ਅਨੁਮਾਨ ਹੈ ਕਿ 2020 ਤੱਕ ਭਾਰਤੀਆਂ ਦੀ ਔਸਤ ਉਮਰ 29 ਸਾਲ ਹੋਵੇਗੀ, ਜਦੋਂ ਕਿ ਚੀਨ ਵਿਚ ਇਹ ਉਮਰ 37 ਸਾਲ ਹੋਵੇਗੀ ਅਤੇ ਜਾਪਾਨ ਵਿਚ 48 ਸਾਲ ਹੋਵੇਗੀ। ਇਨ੍ਹਾਂ ਅੰਕੜਿਆਂ ਅਨੁਸਾਰ ਦੁਨੀਆ ਦੇ ਮੁੱਖ ਦੇਸ਼ਾਂ ਵਿਚ ਭਾਰਤ ਸਭ ਤੋਂ ਵੱਧ ਨੌਜਵਾਨਾਂ ਵਾਲਾ ਦੇਸ਼ ਹੈ। 125 ਕਰੋੜ ਦੀ ਆਬਾਦੀ ਦੇ ਦੇਸ਼ ਵਿਚ 81 ਕਰੋੜ ਨੌਜਵਾਨ ਮੁੰਡੇ ਅਤੇ ਕੁੜੀਆਂ ਹਨ। ਇਨ੍ਹਾਂ ਨੌਜਵਾਨਾਂ ਦੀ ਕਿਰਤ ਸ਼ਕਤੀ ਨੂੰ ਦੇਸ਼ ਦੀ ਉਸਾਰੀ ਵਾਸਤੇ ਵਰਤਣ ਲਈ ਦੋ ਸ਼ਰਤਾਂ ਜ਼ਰੂਰੀ ਹਨ। ਪਹਿਲੀ ਸ਼ਰਤ ਹੈ, ਇਸ ਨੂੰ ਅਜਿਹੀ ਵਿਦਿਆ ਦਿੱਤੀ ਜਾਵੇ ਜਿਸ ਨਾਲ ਉਹ ਸੂਝਵਾਨ ਬਣ ਸਕਣ ਤਾਂ ਕਿ ਆਪਣੀਆਂ ਜ਼ਿੰਮੇਵਾਰੀਆਂ ਤੇ ਹੱਕਾਂ ਪ੍ਰਤੀ

**ਸੁੱਚਾ ਸਿੰਘ ਗਿੱਲ**
ਫੋਨ: 91-98550-82857

ਜਾਗਰੂਕ ਹੋਣ ਅਤੇ ਉਨ੍ਹਾਂ ਪਾਸ ਲੋੜੀਂਦੇ ਹੁਨਰ ਦੀ ਸਿਖਲਾਈ ਹੋਵੇ ਤਾਂ ਕਿ ਉਹ ਆਪਣੀ ਉਤਪਾਦਕ ਸ਼ਕਤੀ ਨੂੰ ਵਰਤਣ ਦੇ ਕਾਬਲ ਹੋਣ। ਦੂਜੀ ਸ਼ਰਤ ਹੈ, ਦੇਸ਼ ਵਿਚ ਲੋੜੀਂਦੇ ਰੁਜ਼ਗਾਰ ਦੇ ਮੌਕੇ ਪ੍ਰਾਪਤ ਹੋਣ। ਇਸ ਸ਼ਕਤੀ ਨੂੰ ਤਾਂ ਹੀ ਵਰਤਿਆ ਜਾ ਸਕਦਾ ਹੈ, ਜੇ ਉਸ ਪਾਸ ਰੁਜ਼ਗਾਰ ਹੋਵੇ।

ਉਸਾਰੂ ਤਰੀਕੇ ਨਾਲ ਨੌਜਵਾਨ ਸ਼ਕਤੀ ਨੂੰ ਤਾਂ ਹੀ ਵਰਤਿਆ ਜਾ ਸਕਦਾ ਹੈ, ਜੇ ਕੌਮੀ ਆਮਦਨ ਦੇ ਵਿਕਾਸ ਨਾਲ ਦੇਸ਼ ਵਿਚ ਰੁਜ਼ਗਾਰ ਦੇ ਮੌਕੇ ਪੈਦਾ ਹੋਣ। ਅੱਜ ਭਾਰਤ ਦਾ ਨੌਜਵਾਨ ਆਪਣੇ ਭਵਿਖ ਨੂੰ ਨਿਸਚਿੰਤ ਬਣਾਉਣ ਵਾਸਤੇ ਪੜ੍ਹਨ ਨੂੰ ਤਿਆਰ ਹੈ ਅਤੇ ਹਰ ਤਰ੍ਹਾਂ ਦੀ ਸਿਖਲਾਈ ਲੈ ਕੇ ਨੌਕਰੀ ਕਰਨ ਜਾਂ ਆਪਣਾ ਕੰਮ ਕਰਨ ਨੂੰ ਤਿਆਰ ਹੈ ਪਰ ਨਾ ਉਸ ਨੂੰ ਨੌਕਰੀ ਮਿਲ ਰਹੀ ਹੈ ਅਤੇ ਨਾ ਉਸ ਵਾਸਤੇ ਲੋੜੀਂਦੇ ਕੰਮ-ਕਾਜ ਦੇ ਮੌਕੇ ਪੈਦਾ ਹੋ ਰਹੇ ਹਨ।

ਸਾਲ 1991 ਤੋਂ ਨਵੀਂਆਂ ਆਰਥਿਕ ਨੀਤੀਆਂ ਲਾਗੂ ਹੋਣ ਨਾਲ ਭਾਰਤ ਵਿਚ ਆਮਦਨ ਅਤੇ ਵਿਕਾਸ ਦਰ ਵਿਚ ਵਾਧਾ ਹੋਇਆ। ਇਹ ਵਾਧਾ ਨਵੀਆਂ ਤਕਨੀਕਾਂ ਅਤੇ ਸਰਮਾਏ ਦੇ ਵਿਕਾਸ ਨਾਲ ਸੰਭਵ ਹੋਇਆ ਪਰ ਨਵੀਆਂ ਤਕਨੀਕਾਂ ਅਤੇ ਸਰਮਾਇਆਕਾਰੀ ਨੇ ਰੁਜ਼ਗਾਰ ਬਹੁਤ ਘੱਟ ਪੈਦਾ ਕੀਤਾ ਹੈ, ਸਗੋਂ ਇਨ੍ਹਾਂ ਨੀਤੀਆਂ ਨੇ ਰੁਜ਼ਗਾਰ ਦੇ ਮੌਕਿਆਂ ਨੂੰ ਘਟਾਇਆ ਹੈ। ਨਵੇਂ ਪ੍ਰਬੰਧ ਤਰੀਕਿਆਂ ਵਿਚ ਕਿਰਤ ਦੀ ਥਾਂ ਵਧ ਸਰਮਾਇਆ ਲਗਾਉਣ ਦਾ ਰੁਝਾਨ ਵਧ ਗਿਆ ਹੈ ਅਤੇ ਕਿਰਤ ਦੀ ਮੰਗ ਘਟ ਗਈ ਹੈ। ਵੱਕਾਰੀ ਸੰਸਥਾ ਕਰਿਸਲ ਦੇ ਅਧਿਐਨ ਅਨੁਸਾਰ, 2005 ਤੋਂ 2010 ਤੱਕ ਦੇਸ਼ ਵਿਚ 2.77 ਕਰੋੜ ਨਵੀਆਂ ਨੌਕਰੀਆਂ ਪੈਦਾ ਹੋਈਆਂ, ਪਰ ਇਸ ਸਮੇਂ 2.55 ਕਰੋੜ ਲੋਕਾਂ ਦੇ ਕੰਮ-ਕਾਜ ਖੁੱਸ ਗਏ। ਇਉਂ ਇਸ ਸਮੇਂ ਵਿਚ ਸਿਰਫ 22 ਲੱਖ ਹੀ ਨੌਕਰੀਆਂ ਪੈਦਾ ਹੋਈਆਂ ਜਦ ਕਿ ਹਰ ਸਾਲ ਇਕ ਕਰੋੜ ਤੋਂ ਵੱਧ ਨੌਕਰੀਆਂ ਪੈਦਾ ਹੋਣੀਆਂ ਚਾਹੀਦੀਆਂ ਸਨ। ਇਸ ਤੋਂ ਬਾਅਦ ਰੁਜ਼ਗਾਰ ਦੇ ਮੌਕੇ ਹੋਰ ਘਟ ਗਏ ਹਨ। 1993-94 ਵਿਚ ਕੁੱਲ ਕਾਮਿਆਂ ਦਾ 64.1 ਫ਼ੀਸਦੀ ਖੇਤੀ ਵਿਚ ਕੰਮ ਕਰਦੇ ਸਨ। ਇਹ 2012 ਵਿਚ ਘਟ ਕੇ 49.7 ਫ਼ੀਸਦੀ ਰਹਿ ਗਿਆ। ਇਹ ਇਸ ਕਰਕੇ ਘਟਿਆ ਹੈ ਕਿ ਛੋਟੇ/ਸੀਮਾਂਤ ਕਿਸਾਨ ਅਤੇ ਖੇਤ ਮਜ਼ਦੂਰ ਖੇਤੀ ਵਿਚੋਂ ਬਾਹਰ ਹੋ ਰਹੇ ਹਨ।

ਖੇਤੀ ਵਿਚ ਮਸ਼ੀਨੀਕਰਨ ਦਾ ਵਿਕਾਸ ਬਹੁਤ ਤੇਜ਼ੀ ਨਾਲ ਹੋਇਆ ਹੈ। ਜ਼ਮੀਨ ਵਾਹੁਣ ਤੋਂ ਲੈ ਕੇ ਫ਼ਸਲ ਬੀਜਣ, ਵੱਢਣ ਅਤੇ ਮੰਡੀ ਵਿਚ ਫ਼ਸਲ ਲੈ ਜਾਣ ਦਾ ਸਾਰਾ ਕੰਮ ਮਸ਼ੀਨਾਂ ਨਾਲ ਹੋਣ ਲੱਗ ਪਿਆ ਹੈ। ਇਸ ਨਾਲ ਜਿਥੇ ਮਸ਼ੀਨਾਂ ਦਾ ਕੰਮ ਵਧ ਗਿਆ ਹੈ, ਉਥੇ ਮਜ਼ਦੂਰ ਵਿਹਲੇ ਹੋ ਗਏ ਹਨ। ਛੋਟੇ/ਸੀਮਾਂਤ ਕਿਸਾਨ ਬਹੁਤੀ ਮਸ਼ੀਨਰੀ ਖਰੀਦ ਨਹੀਂ ਸਕਦੇ। ਉਹ ਮਸ਼ੀਨਾਂ ਕਿਰਾਏ 'ਤੇ ਲੈ ਕੇ ਖੇਤੀ ਕੰਮ ਕਰਵਾਉਣ ਲੱਗ ਪਏ ਹਨ। ਇਸ ਨਾਲ ਉਨ੍ਹਾਂ ਦੇ ਖਰਚ ਕਾਫੀ ਵਧ ਗਏ ਹਨ ਅਤੇ ਉਨ੍ਹਾਂ ਦੀ ਖੇਤੀ ਲਾਹੇਵੰਦ ਨਹੀਂ ਰਹੀ ਅਤੇ ਕਾਫੀ ਅਜਿਹੇ ਕਿਸਾਨ ਖੇਤੀ ਛੱਡ ਰਹੇ ਹਨ। ਜਿਹੜੇ ਕਿਸਾਨ ਤੇ ਮਜ਼ਦੂਰ ਖੇਤੀ ਛੱਡ ਰਹੇ ਹਨ, ਉਹ ਸ਼ਹਿਰਾਂ ਵੱਲ ਕੰਮ ਦੀ ਭਾਲ ਵਿਚ ਜਾ ਰਹੇ ਹਨ। ਸ਼ਹਿਰਾਂ ਵਿਚ ਉਦਯੋਗਾਂ ਦਾ ਵਿਕਾਸ ਵਧ ਨਹੀਂ ਰਿਹਾ, ਸਗੋਂ ਉਦਯੋਗਾਂ ਵਿਚ ਜਾਂ ਖੜੋਤ ਹੈ ਜਾਂ ਉਹ ਮੰਦੀ ਦਾ ਸ਼ਿਕਾਰ ਹੋ ਰਹੇ ਹਨ। ਜਿਹੜੀਆਂ ਫੈਕਟਰੀਆਂ ਵਿਦੇਸ਼ੀ ਅਤੇ ਦੇਸੀ ਸਰਮਾਏ ਨਾਲ ਲਗ ਰਹੀਆਂ ਹਨ, ਉਨ੍ਹਾਂ ਵਿਚ ਮਸ਼ੀਨਾਂ ਕੰਪਿਊਟਰ ਦੀ ਮਦਦ ਨਾਲ ਚਲਦੀਆਂ ਹਨ ਤੇ ਕਿਰਤੀਆਂ ਦੀ ਲੋੜ ਬਹੁਤ ਘਟ ਗਈ ਹੈ। ਇਸ ਕਰਕੇ ਬਹੁਤਾ ਕੰਮ ਸੇਵਾਵਾਂ, ਵਪਾਰ, ਢੋਆ-ਢੁਆਈ ਅਤੇ ਇਮਾਰਤਾਂ ਬਣਾਉਣ ਵਿਚ ਹੀ ਕਿਰਤੀਆਂ ਨੂੰ ਮਿਲਦਾ ਹੈ। ਕੁੱਲ ਮਿਲਾ ਕੇ ਰੁਜ਼ਗਾਰ ਦੇ ਮੌਕੇ ਉਸ ਪੱਧਰ 'ਤੇ ਪੈਦਾ ਨਹੀਂ ਹੋ ਰਹੇ ਜਿਸ ਪੱਧਰ 'ਤੇ ਇਨ੍ਹਾਂ ਦੀ ਮੰਗ ਹੈ। ਉਤਪਾਦਨ ਅਤੇ ਆਮਦਨ ਦੇਸ਼ ਵਿਚ ਵਧ ਰਹੀ ਹੈ, ਪਰ ਰੁਜ਼ਗਾਰ ਪੈਦਾ ਨਹੀਂ ਹੋ ਰਿਹਾ। ਹੁਣ ਤਾਂ ਬਾਹਰ ਜਾਣ ਦੇ ਮੌਕੇ ਵੀ ਘਟ ਗਏ ਹਨ ਅਤੇ ਬਾਹਰ ਦਾ ਮਾਹੌਲ ਪਰਵਾਸੀਆਂ ਦੇ ਖਿਲਾਫ਼ ਪੈਦਾ ਹੋ ਰਿਹਾ ਹੈ। ਇਸ ਵਰਤਾਰੇ ਨੂੰ ਰੁਜ਼ਗਾਰ ਰਹਿਤ ਵਿਕਾਸ ਦਾ ਨਾਂ ਦਿੱਤਾ ਜਾ ਰਿਹਾ ਹੈ। ਦੇਸ਼ ਵਿਚ ਆਰਥਿਕ ਨੀਤੀਆਂ ਬਣਾਉਣ ਸਮੇਂ ਰੁਜ਼ਗਾਰ ਪੈਦਾ ਕਰਨ ਵੱਲ ਲੋੜੀਂਦਾ ਧਿਆਨ ਨਹੀਂ ਦਿੱਤਾ ਜਾ ਰਿਹਾ। ਸਿਰਫ ਵਾਅਦੇ ਬਹੁਤ ਕੀਤੇ ਜਾ ਰਹੇ ਹਨ।

1972-73 ਤੋਂ 1983-84 ਵਿਚ ਜੇ ਆਮਦਨ ਇੱਕ ਫ਼ੀਸਦੀ ਵਧਦੀ ਸੀ ਤਾਂ ਰੁਜ਼ਗਾਰ 0.60 ਫ਼ੀਸਦੀ ਦੇ ਬਰਾਬਰ ਪੈਦਾ ਹੁੰਦਾ ਸੀ। 1983-84 ਤੋਂ 1993-94 ਵਿਚ ਅਨੁਪਾਤ ਘਟ ਕੇ 0.41 ਹੋ ਗਿਆ, 1993-94 ਤੋਂ 2004-05 ਵਿਚ ਇਹ ਘਟ ਕੇ 0.17 ਹੋ ਗਿਆ। 2004-05 ਤੋਂ 2011-12 ਵਿਚ ਇੱਕ ਫ਼ੀਸਦੀ ਆਮਦਨ ਵਧਣ ਨਾਲ ਰੁਜ਼ਗਾਰ ਸਿਰਫ 0.04 ਫ਼ੀਸਦੀ ਹੀ ਪੈਦਾ ਹੁੰਦਾ ਹੈ। ਆਮਦਨ-ਰੁਜ਼ਗਾਰ ਅਨੁਪਾਤ ਨੂੰ ਆਮਦਨ-ਰੁਜ਼ਗਾਰ ਲਚਕਤਾ ਵੀ ਕਹਿੰਦੇ ਹਨ। ਇਹ ਲਗਾਤਾਰ ਘਟ ਰਹੀ ਹੈ। ਵਿਦੇਸ਼ੀ ਸਰਮਾਏ ਦੇ ਆਉਣ ਨਾਲ ਅਤੇ ਸਵੈਚਾਲਕ ਮਸ਼ੀਨਰੀ ਲੱਗਣ ਨਾਲ ਇਹ ਸਮੱਸਿਆ ਹੋਰ ਗੰਭੀਰ ਹੁੰਦੀ ਜਾ ਰਹੀ ਹੈ।

ਬਿਜ਼ਨਿਸ ਸਟੈਂਡਰਡ ਦੀ 24 ਅਪਰੈਲ 2018 ਦੀ ਰਿਪੋਰਟ ਅਨੁਸਾਰ ਭਾਰਤ ਵਿਚ ਰੇਲਵੇ ਵਿਚ ਲਗਪਗ 90 ਹਜ਼ਾਰ ਨੌਕਰੀਆਂ ਵਾਸਤੇ 2.3 ਕਰੋੜ ਨੌਜਵਾਨਾਂ ਨੇ ਅਰਜ਼ੀਆਂ ਦਿੱਤੀਆਂ ਸਨ। ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਦੇਸ਼ ਦਾ ਨੌਜਵਾਨ ਕਿਸ ਪੱਧਰ 'ਤੇ ਬੇਰੁਜ਼ਗਾਰੀ ਦੀ ਸਮੱਸਿਆ ਨਾਲ ਜਕੜਿਆ ਪਿਆ ਹੈ। ਪੰਜਾਬ ਵਿਚ ਨੌਜਵਾਨ ਵਿਦੇਸ਼ਾਂ ਵੱਲ ਵਹੀਰਾਂ ਘੱਤ ਰਹੇ ਹਨ। ਮੀਡੀਆ ਰਿਪੋਰਟਾਂ ਅਨੁਸਾਰ 1.25 ਲੱਖ ਨੌਜਵਾਨਾਂ ਵਲੋਂ ਕੈਨੇਡਾ ਦੇ ਕਾਲਜਾਂ ਵਿਚ ਇਸ ਸਾਲ ਦਾਖ਼ਲੇ ਲਏ ਹਨ ਤਾਂ ਕਿ ਉਹ ਕੈਨੇਡਾ ਵਿਚ ਨੌਕਰੀਆਂ ਲੱਭ ਸਕਣ। ਦੂਜਾ ਹਿੱਸਾ ਨਸ਼ਿਆਂ ਵਿਚ ਫਸ ਰਿਹਾ ਹੈ। ਇਕ ਛੋਟਾ ਹਿੱਸਾ ਜੁਰਮ ਦੀ ਦੁਨੀਆ ਵਿਚ ਗੈਂਗਸਟਰ ਦੇ ਰੂਪ ਵਿਚ ਫਸ ਰਿਹਾ ਹੈ।

ਸਿਰਫ ਰੁਜ਼ਗਾਰ ਦੇ ਮੌਕੇ ਹੀ ਨਹੀਂ ਘਟ ਰਹੇ, ਇਸ ਸਮੇਂ ਰੁਜ਼ਗਾਰ ਦੀ ਗੁਣਵੱਤਾ ਕਾਫੀ ਖ਼ਰਾਬ ਹੋ ਗਈ ਹੈ। ਪੱਕੀਆਂ ਨੌਕਰੀਆਂ ਜਾਂ ਆਪਣੇ ਸਵੈ-ਰੁਜ਼ਗਾਰ ਦੀ ਜਗ੍ਹਾ ਕੱਚੀਆਂ ਨੌਕਰੀਆਂ, ਦਿਹਾੜੀ 'ਤੇ ਕੰਮ ਮਿਲ ਰਿਹਾ। ਕਾਮਗਰਾਂ ਨੂੰ ਬਿਮਾਰੀ ਜਾਂ ਇਤਫਾਕੀਆ ਛੁੱਟੀ ਨਹੀਂ ਮਿਲਦੀ। ਕਾਮਗਰਾਂ ਨੂੰ ਸੇਵਾ-ਮੁਕਤੀ ਦਾ ਲਾਭ ਨਹੀਂ ਮਿਲਦਾ। ਪੱਕੀਆਂ ਨੌਕਰੀਆਂ ਵਿਚ ਨਵੀਂ ਪੈਨਸ਼ਨ ਯੋਜਨਾ ਲਾਗੂ ਕਰਕੇ ਇਸ ਨੂੰ ਕਾਫੀ ਕਮਜ਼ੋਰ ਕਰ ਦਿੱਤਾ ਗਿਆ ਹੈ ਅਤੇ ਨੌਕਰੀਆਂ ਆਦਰਯੋਗ ਨਹੀਂ ਰਹਿ ਗਈਆਂ। ਇਹ ਨੌਜਵਾਨਾਂ ਨੂੰ ਸਵੈ-ਵਿਸ਼ਵਾਸੀ ਬਣਾਉਣ ਦੀ ਬਜਾਏ ਨਿਰਾਸ਼ਾਵਾਦ ਬਣਾ ਰਹੀ ਹੈ।

ਹਰ ਪੁਸ਼ਤ ਜਾਂ ਪੀੜ੍ਹੀ ਦੀਆਂ ਆਪਣੀਆਂ ਸਮੱਸਿਆਵਾਂ ਉਸ ਨੂੰ ਵਿਰਾਸਤ ਵਿਚ ਮਿਲਦੀਆਂ ਹਨ। ਉਹ ਪੁਸ਼ਤ ਇਨ੍ਹਾਂ ਦਾ ਆਪਣੀ ਸੂਝ, ਸਮਝ, ਜਥੇਬੰਦਕ ਤਾਕਤ ਅਤੇ ਸੰਘਰਸ਼ ਨਾਲ ਹੱਲ ਕਰਦੀ ਹੈ। ਅੱਜ ਦੇ ਨੌਜਵਾਨਾਂ ਦੀਆਂ ਸਮੱਸਿਆਵਾਂ ਦਾ ਹੱਲ ਵੀ ਦੇਸ਼ ਦੇ ਨੌਜਵਾਨਾਂ ਨੇ ਆਪ ਹੀ ਲੱਭਣਾ ਹੈ। ਦੇਸ਼ ਆਜ਼ਾਦ ਹੋਇਆ ਅਤੇ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਯੋਜਨਾਬੰਦੀ ਸ਼ੁਰੂ ਕੀਤੀ ਗਈ। ਜ਼ਮੀਨੀ ਸੁਧਾਰ, ਨਵੀਆਂ ਨੀਤੀਆਂ ਲਾਗੂ ਕੀਤੀਆਂ ਗਈਆਂ। ਪੱਕੀਆਂ ਨੌਕਰੀਆਂ ਵਿਚ ਕਰੋੜਾਂ ਨੌਜਵਾਨਾਂ ਦੀ ਸ਼ਮੂਲੀਅਤ ਹੋਈ। ਜਨਤਕ ਖੇਤਰ ਸਰਕਾਰੀ ਨੌਕਰੀਆਂ ਦੀ ਗੁਣਵੱਤਾ ਠੀਕ ਰੱਖਣ ਵਿਚ ਮੁਲਾਜ਼ਮ ਜਥੇਬੰਦੀਆਂ ਨੇ ਨਾਮਵਰ ਯੋਗਦਾਨ ਪਾਇਆ। ਇਹ ਸਭ ਕੁਝ ਹੁਣ ਇਤਿਹਾਸ ਬਣ ਚੁੱਕਾ ਹੈ। ਸਰਮਾਏ ਦੇ ਮੁਫਾਦ ਨੌਜਵਾਨਾਂ ਦੇ ਮੁਫਾਦਾਂ 'ਤੇ ਭਾਰੂ ਹੋ ਗਏ ਹਨ। ਇਸ ਕਰਕੇ ਨੌਜਵਾਨਾਂ ਨੂੰ ਆਪਣੀਆਂ ਮੰਗਾਂ ਸਾਹਮਣੇ ਰੱਖਣੀਆਂ ਪੈਣਗੀਆਂ। ਸਕੂਲ ਤੋਂ ਲੈ ਕੇ ਕਾਲਜ/ਯੂਨੀਵਰਸਿਟੀ ਪੜ੍ਹਾਈ ਦੀ ਘੱਟ ਫੀਸ, ਚੰਗੇਰੀ ਸਿੱਖਿਆ, ਪੱਕੀਆਂ ਅਤੇ ਲਗਾਤਾਰ ਨੌਕਰੀਆਂ, ਸੁਰੱਖਿਅਤ ਸੇਵਾ-ਮੁਕਤ ਵਿਵਸਥਾ, ਸਿਹਤ ਸਹੂਲਤਾਂ ਆਦਿ ਰੱਖਣੀਆਂ ਪੈਣਗੀਆਂ। ਇਨ੍ਹਾਂ ਨੂੰ ਮੰਨਵਾਉਣ ਵਾਸਤੇ ਆਪਣੀਆਂ ਜਥੇਬੰਦੀਆਂ ਬਣਾਉਣੀਆਂ ਪੈਣਗੀਆਂ। ਸਿਆਸੀ ਮੌਕਾਪ੍ਰਸਤ ਤਿਕੜਮਬਾਜ਼ੀਆਂ ਤੋਂ ਬਚਣਾ ਪਵੇਗਾ। ਜਾਤ, ਮਜ਼੍ਹਬ, ਇਲਾਕਾਵਾਦ, ਰੰਗ ਆਦਿ ਦੇ ਭੇਦਭਾਵ ਤੋਂ ਉਪਰ ਉਠ ਕੇ ਇਕ ਨਵੇਂ ਨਿਜ਼ਾਮ ਦੀ ਸਿਰਜਣਾ ਵਾਸਤੇ ਕੰਮ ਕਰਨਾ ਪਵੇਗਾ।

ਜਿਵੇਂ ਅੱਜ ਦੇ ਨੌਜਵਾਨਾਂ ਨੂੰ ਧਾਰਮਿਕ, ਜਾਤ-ਪਾਤ ਅਤੇ ਇਲਾਕਾਵਾਦ ਦੀਆਂ ਤੰਗ ਗਲੀਆਂ ਵਿਚ ਧੱਕਿਆ ਜਾ ਰਿਹਾ ਹੈ, ਇਸ ਨੂੰ ਸਮਝਣਾ ਪਵੇਗਾ ਅਤੇ ਇਸ ਤੋਂ ਬਚਣ ਦੀ ਵਿਉਂਤ ਬਣਾਉਣੀ ਪਵੇਗੀ। ਇਹ ਕਾਰਜ ਕਠਿਨ ਜ਼ਰੂਰ ਹੈ ਪਰ ਅਸੰਭਵ ਨਹੀਂ। ਇਸ ਕਾਰਜ ਨੂੰ ਨੌਜਵਾਨ ਵਰਗ ਹੀ ਆਪਣੀਆਂ ਲੋੜਾਂ ਅਨੁਸਾਰ ਪੂਰਾ ਕਰਨ ਦੀ ਸਮਰੱਥਾ ਰੱਖਦਾ ਹੈ ਅਤੇ ਉਸ ਨੇ ਹੀ ਪੂਰਾ ਕਰਨਾ ਹੈ। ਇਸ ਨੂੰ ਪੂਰਾ ਕਰਨ ਵਾਸਤੇ ਮੌਜੂਦਾ ਨੀਤੀਆਂ ਅਤੇ ਇਨ੍ਹਾਂ ਨੂੰ ਲਾਗੂ ਕਰਨ ਵਾਲੇ ਨਿਜ਼ਾਮ ਨੂੰ ਬਦਲਣ ਵਾਸਤੇ ਸੰਘਰਸ਼ ਵਿੱਢਣੇ ਪੈਣਗੇ। ਇਸ ਰਸਤੇ ਜਾਣ ਤੋਂ ਇਲਾਵਾ ਹੋਰ ਕੋਈ ਰਸਤਾ ਨਹੀਂ।

ਇਸ ਸਬੰਧੀ ਭਾਰਤ ਦੇ ਆਪਣੇ ਇਤਿਹਾਸ ਅਤੇ ਦੁਨੀਆ ਦੇ ਦੂਜੇ ਦੇਸ਼ਾਂ ਦੇ ਇਤਿਹਾਸ ਤੋਂ ਸੇਧ ਲਈ ਜਾ ਸਕਦੀ। ਸਾਰੀ ਦੁਨੀਆ ਵਿਚ 1945-80 ਦਾ ਸਮਾਂ ਰੁਜ਼ਗਾਰ ਅਤੇ ਸਮਾਜਿਕ ਸੁਰੱਖਿਆ ਪੱਖੋਂ ਇਤਿਹਾਸ ਵਿਚ ਬਿਹਤਰ ਸਮਝਿਆ ਜਾਂਦਾ ਹੈ। ਚਰਚਿਤ ਅਰਥ ਸ਼ਾਸਤਰੀ ਥੌਮਸ ਪਿਕਟੀ ਅਨੁਸਾਰ, ਇਸ ਸਮੇਂ ਦੌਰਾਨ ਆਰਥਿਕ ਨਾਬਰਾਬਰੀ ਘਟੀ ਅਤੇ ਸਮਾਜਿਕ ਸੁਰੱਖਿਆ ਵਧੀ। ਇਹ ਇਸ ਕਰਕੇ ਵਾਪਰਿਆ ਕਿ ਸਾਰੀ ਦੁਨੀਆ ਵਿਚ ਮਿਹਨਤਕਸ਼ ਲੋਕਾਂ ਜਿਵੇਂ ਮਜ਼ਦੂਰਾਂ, ਕਿਸਾਨਾਂ ਅਤੇ ਮੱਧ ਵਰਗ ਦੇ ਨੌਕਰੀਪੇਸ਼ਾ ਲੋਕਾਂ ਦੀਆਂ ਜਥੇਬੰਦੀਆਂ ਮਜ਼ਬੂਤ ਸਨ ਅਤੇ ਦੁਨੀਆ ਦੇ ਸਰਮਾਏਦਾਰਾਂ ਨੂੰ ਸਮਾਜਵਾਦ ਤੋਂ ਕਾਫੀ ਡਰ ਲਗਦਾ ਸੀ ਅਤੇ ਉਹ ਆਰਥਿਕ ਤਰੱਕੀ ਨੂੰ ਆਮ ਲੋਕਾਂ ਨਾਲ ਸਾਂਝੀ ਕਰਨ ਨੂੰ ਤਿਆਰ ਸੀ। ਹੁਣ ਸਮਾਜਵਾਦ ਦਾ ਡਰ ਖ਼ਤਮ ਹੋ ਗਿਆ ਅਤੇ ਮਿਹਨਤਕਸ਼ ਲੋਕਾਂ ਦੀਆਂ ਜਥੇਬੰਦੀਆਂ ਕਾਫੀ ਕਮਜ਼ੋਰ ਹੋ ਗਈਆਂ ਹਨ। ਜਨਤਕ ਖੇਤਰ ਨੂੰ ਵੇਚਿਆ ਜਾ ਰਿਹਾ ਹੈ ਅਤੇ ਨਿੱਜੀ ਖੇਤਰ ਦੀਆਂ ਨੌਕਰੀਆਂ ਦਾ ਪੱਧਰ ਮਾੜਾ ਹੋ ਗਿਆ ਹੈ। ਸਰਮਾਏਦਾਰ ਵਿਕਾਸ ਦੇ ਸਾਰੇ ਫਾਇਦੇ ਆਪਣੇ ਆਪ ਤੱਕ ਸੀਮਤ ਰੱਖ ਰਿਹਾ ਹੈ ਅਤੇ ਆਮ ਲੋਕਾਂ ਨਾਲ ਇਸ ਨੂੰ ਸਾਂਝਾ ਕਰਨ ਨੂੰ ਤਿਆਰ ਨਹੀਂ। ਇਸ ਨੂੰ ਮੋੜਾ ਸਿਰਫ ਮਜ਼ਬੂਤ ਲੋਕ ਲਹਿਰ ਅਤੇ ਲੋਕ-ਪੱਖੀ ਸਿਆਸਤ ਹੀ ਦੇ ਸਕਦੀ ਹੈ। ਇਹ ਭਾਰਤ ਦੇ ਨੌਜਵਾਨਾਂ ਨੂੰ ਗੰਭੀਰਤਾ ਨਾਲ ਸਮਝਣਾ ਪਵੇਗਾ।

# ਹਿੰਦੂਤਵੀ ਦਹਿਸ਼ਤ ਨਾਲ ਮੱਥਾ ਲਾਉਂਦੇ ਕਾਫਲੇ

ਬੂਟਾ ਸਿੰਘ
ਫੋਨ: 91-94634-74342

ਪਿਛਲੇ ਦੋ ਹਫਤਿਆਂ 'ਚ ਭਾਰਤ ਵਿਚ ਹੋਏ ਚਾਰ ਵਿਰੋਧ ਪ੍ਰਦਰਸ਼ਨ ਇਸ ਦੇ ਸੂਚਕ ਹਨ ਕਿ ਮੁਲਕ ਦੇ ਲੋਕਾਂ ਨੂੰ ਸੰਘ ਬ੍ਰਿਗੇਡ ਦੇ ਫਿਰਕੂ ਫਾਸ਼ੀਵਾਦ ਅੱਗੇ ਗੋਡੇ ਟੇਕਣਾ ਮਨਜ਼ੂਰ ਨਹੀਂ। ਉਹ ਇਕਜੁਟ ਹੋ ਕੇ ਸੱਤਾ ਉਪਰ ਕਾਬਜ਼ ਆਰ.ਐਸ.ਐਸ. ਦੇ ਹਮਲਿਆਂ ਦਾ ਮੁਕਾਬਲਾ ਕਰ ਰਹੇ ਹਨ। ਇਹ ਵਿਰੋਧ ਪ੍ਰਦਰਸ਼ਨ ਮਈ 2014 ਤੋਂ ਲੈ ਕੇ ਮੋਦੀ ਸਰਕਾਰ ਦੀ ਰਾਜਕੀ ਪੁਸ਼ਤਪਨਾਹੀ ਹੇਠ ਸੰਘ ਬ੍ਰਿਗੇਡ ਵੱਲੋਂ ਫੈਲਾਏ ਹਿੰਦੂਤਵ ਦਹਿਸ਼ਤਵਾਦ ਵਿਰੁਧ ਸਮਾਜ ਦੇ ਵੱਖ-ਵੱਖ ਹਿੱਸਿਆਂ ਵੱਲੋਂ ਲੜੇ ਜਾ ਰਹੇ ਸੰਘਰਸ਼ਾਂ ਦੀ ਲਗਾਤਾਰਤਾ ਵੀ ਹਨ ਅਤੇ ਉਨ੍ਹਾਂ ਦਾ ਹੋਰ ਬੱਝਵੀਂ ਸ਼ਕਲ ਅਖਤਿਆਰ ਕਰਨਾ ਵੀ।

ਤਿੰਨ ਅਗਸਤ ਨੂੰ ਮੁਲਕ ਦੇ ਵੱਖ-ਵੱਖ ਹਿੱਸਿਆਂ ਤੋਂ ਆਏ ਜਮਹੂਰੀ ਅਤੇ ਇਨਸਾਫਪਸੰਦ ਲੋਕਾਂ ਨੇ ਸੰਸਦ ਮਾਰਗ, ਦਿੱਲੀ ਉਪਰ ਜ਼ਬਰਦਸਤ ਪ੍ਰਦਰਸ਼ਨ ਕੀਤਾ ਜਿਸ ਵਿਚ ਸਾਰੇ ਸਿਆਸੀ ਕੈਦੀਆਂ ਨੂੰ ਰਿਹਾਅ ਕੀਤੇ ਜਾਣ ਦੀ ਮੰਗ ਕੀਤੀ ਗਈ। 'ਕਿਸ ਕਿਸ ਕੋ ਕੈਦ ਕਰੋਗੇ' ਦੇ ਝੰਡੇ ਹੇਠ ਇਹ ਪ੍ਰੋਗਰਾਮ ਜਮਹੂਰੀ ਕਾਰਕੁਨਾਂ, ਵਕੀਲਾਂ ਅਤੇ ਬੁੱਧੀਜੀਵੀਆਂ ਦੀ ਜ਼ੁਬਾਨਬੰਦੀ ਕਰਨ ਲਈ ਮਨਘੜਤ ਮਾਮਲਿਆਂ ਵਿਚ ਉਨ੍ਹਾਂ ਦੀਆਂ ਗ੍ਰਿਫਤਾਰੀਆਂ ਖਿਲਾਫ ਜਥੇਬੰਦ ਕੀਤਾ ਗਿਆ ਸੀ। ਇਸ ਦੇ ਪਿਛੋਕੜ ਵਿਚ ਜੂਨ ਦੇ ਪਹਿਲੇ ਹਫਤੇ ਨਾਗਪੁਰ, ਮੁੰਬਈ ਅਤੇ ਦਿੱਲੀ ਤੋਂ ਪ੍ਰੋਫੈਸਰ ਸ਼ੋਮਾ ਸੇਨ, ਪੱਤਰਕਾਰ ਸੁਧੀਰ ਧਾਵਲੇ, ਐਡਵੋਕੇਟ ਸੁਰਿੰਦਰ ਗਾਡਲਿੰਗ, ਮਹੇਸ਼ ਰਾਵਤ ਅਤੇ ਰੋਨਾ ਵਿਲਸਨ ਦੀ ਗ੍ਰਿਫਤਾਰੀ ਸੀ। ਇਸ ਦੀ ਅਗਲੀ ਕੜੀ ਵਜੋਂ ਛੱਤੀਸਗੜ੍ਹ ਤੋਂ ਐਡਵੋਕੇਟ ਸੁਧਾ ਭਾਰਦਵਾਜ ਤੇ ਪ੍ਰੋਫੈਸਰ ਜੀ.ਐਨ. ਸਾਈਬਾਬਾ ਦੀ ਪਤਨੀ ਨੂੰ 'ਸ਼ਹਿਰੀ ਮਾਓਵਾਦੀ' ਦੇ ਨਾਂ ਹੇਠ ਨਿਸ਼ਾਨਾ ਬਣਾਉਣ ਦੀ ਤਿਆਰੀ ਵਿੱਢ ਦਿੱਤੀ ਗਈ ਸੀ ਅਤੇ ਗਿਣੀ-ਮਿਥੀ ਯੋਜਨਾ ਤਹਿਤ ਆਰ.ਐਸ.ਐਸ. ਦੇ ਹਮਾਇਤੀ ਰਿਪਬਲਿਕ ਟੀਵੀ ਵੱਲੋਂ ਦੋਨਾਂ ਖਿਲਾਫ ਜ਼ਹਿਰੀਲਾ ਪ੍ਰਚਾਰ ਸ਼ੁਰੂ ਕਰ ਦਿੱਤਾ ਗਿਆ ਸੀ। ਪੰਜ ਜਮਹੂਰੀ ਕਾਰਕੁਨਾਂ ਅਤੇ ਬੁੱਧੀਜੀਵੀਆਂ ਨੂੰ ਪਾਬੰਦੀਸ਼ੁਦਾ ਮਾਓਵਾਦੀ ਪਾਰਟੀ ਦੇ ਸ਼ਹਿਰੀ ਤਾਣਬਾਣੇ ਦਾ ਹਿੱਸਾ ਕਰਾਰ ਦੇ ਕੇ ਗ੍ਰਿਫਤਾਰ ਕਰਨਾ ਪ੍ਰੋਫੈਸਰ ਸਾਈਬਾਬਾ ਸਮੇਤ ਛੇ ਕਾਰਕੁਨਾਂ ਨੂੰ ਉਮਰ ਕੈਦ ਦੀ ਸਜ਼ਾ ਦੇ ਕੇ ਜੇਲ੍ਹ ਵਿਚ ਡੱਕਣ ਤੋਂ ਬਾਅਦ ਜਮਹੂਰੀ ਤਾਕਤਾਂ ਦੇ ਖਿਲਾਫ ਰਚੀ ਗਈ ਇਕ ਹੋਰ ਵੱਡੀ ਸਾਜ਼ਿਸ਼ ਸੀ। ਇਸ ਪਿੱਛੋਂ ਇਨ੍ਹਾਂ ਸ਼ਖਸੀਅਤਾਂ ਉਪਰ ਨਰੇਂਦਰ ਮੋਦੀ ਦੀ ਹੱਤਿਆ ਦੀ ਸਾਜ਼ਿਸ਼ ਘੜਨ ਦਾ ਇਲਜ਼ਾਮ ਲਾ ਕੇ ਇਹ ਯਕੀਨੀ ਬਣਾਇਆ ਗਿਆ ਕਿ ਉਹ ਲੰਮੇ ਅਦਾਲਤੀ ਖਲਜਗਣ ਜ਼ਰੀਏ ਖੁਦ ਨੂੰ ਬੇਕਸੂਰ ਸਾਬਤ ਕੀਤੇ ਜਾਣ ਦੇ ਅਨਿਸ਼ਚਿਤ ਸਮੇਂ ਲਈ ਜੇਲ੍ਹ ਵਿਚ ਸੜਦੇ ਰਹਿਣ।

ਫਾਸ਼ੀਵਾਦੀ ਨਮੂਨੇ 'ਤੇ ਇਸ ਰਾਜਕੀ ਦਹਿਸ਼ਤਵਾਦ ਦਾ ਮਤਲਬ ਇਹ ਹੈ ਕਿ ਸੱਤਾਧਾਰੀ ਧਿਰ ਕਿਸੇ ਵੀ ਐਸੀ ਆਵਾਜ਼ ਨੂੰ ਖਾਮੋਸ਼ ਕਰਨ ਲਈ ਇਸ ਬਹਾਨੇ ਦਾ ਸਹਾਰਾ ਲੈ ਸਕਦੀ ਹੈ ਜਿਸ ਦੇ ਖਿਆਲ ਸੱਤਾਧਾਰੀਆਂ ਨੂੰ ਪਸੰਦ ਨਹੀਂ। ਇਹ ਸਮਾਜੀ ਸਰੋਕਾਰਾਂ ਨਾਲ ਜੁੜੇ ਸਮੂਹ ਚਿੰਤਨਸ਼ੀਲ ਲੋਕਾਂ ਲਈ ਵੱਡੀ ਚੁਣੌਤੀ ਸੀ। ਉਹ ਡਰ ਕੇ ਘਰਾਂ 'ਚ ਦੁਬਕਣ ਦੀ ਥਾਂ ਜੇ.ਐਨ.ਯੂ. 'ਤੇ ਹਮਲੇ ਦੀ ਤਰ੍ਹਾਂ ਇਸ ਹਮਲੇ ਨੂੰ ਠੱਲ੍ਹ ਪਾਉਣ ਲਈ ਵੀ ਨਵੇਂ ਅਹਿਦ ਨਾਲ ਸੜਕਾਂ ਉਪਰ ਆਏ। ਇਸ ਇਕੱਠ ਵਿਚ ਜਮਹੂਰੀ ਅਤੇ ਮਨੁੱਖੀ ਹੱਕਾਂ ਦੀਆਂ ਜਥੇਬੰਦੀਆਂ ਦੀ ਭਰਪੂਰ ਹਾਜ਼ਰੀ ਦੇ ਨਾਲ-ਨਾਲ ਬੁੱਕਰ ਇਨਾਮ ਜੇਤੂ ਲੇਖਿਕਾ ਅਰੁੰਧਤੀ ਰਾਏ, ਉਘੇ ਵਕੀਲ ਪ੍ਰਸ਼ਾਂਤ ਭੂਸ਼ਨ, ਕੋਰੇਗਾਓਂ-ਭੀਮਾ ਸ਼ਤਾਬਦੀ ਸਮਾਗਮ ਦੇ ਮੁੱਖ ਪ੍ਰਬੰਧਕ ਜਸਟਿਸ ਕੋਲਸੇ ਪਾਟਿਲ ਆਦਿ ਸ਼ਖਸੀਅਤਾਂ ਵੀ ਸ਼ਾਮਲ ਹੋਈਆਂ।



ਭੀਮ ਆਰਮੀ ਵੱਲੋਂ ਨਵੀਂ ਦਿੱਲੀ ਵਿਚ ਹਿੰਦੂਤਵਵਾਦੀਆਂ ਖਿਲਾਫ ਕੀਤੇ ਵਿਖਾਵੇ ਦੀ ਝਲਕ।

ਦੂਜੀ ਮਹੱਤਵਪੂਰਨ ਮਿਸਾਲ ਸੀ, 16 ਅਗਸਤ ਨੂੰ ਨਵੀਂ ਦਿੱਲੀ ਵਿਚ ਸੈਂਕੜੇ ਵਿਦਿਆਰਥੀਆਂ, ਜਮਹੂਰੀ ਆਗੂਆਂ ਅਤੇ ਕਾਰਕੁਨਾਂ ਵਲੋਂ ਰੋਹ ਭਰਿਆ ਮੁਜ਼ਾਹਰਾ। ਇਹ ਜੇ.ਐਨ.ਯੂ. ਦੇ ਵਿਦਿਆਰਥੀ ਆਗੂ ਉਮਰ ਖਾਲਿਦ ਉਪਰ ਹਾਲੀਆ ਕਾਤਲਾਨਾ ਹਮਲੇ ਦੇ ਖਿਲਾਫ ਕੀਤਾ ਗਿਆ ਸੀ। ਦਰਅਸਲ, 13 ਅਗਸਤ ਨੂੰ 'ਯੂਨਾਈਟਿਡ ਅਗੇਂਸਟ ਹੇਟ' ਵੱਲੋਂ ਸੰਸਦ ਕਲੱਬ ਵਿਚ 'ਖੌਫ ਸੇ ਆਜ਼ਾਦੀ' ਸਮਾਰੋਹ ਰੱਖਿਆ ਗਿਆ ਸੀ ਜਿਸ ਦਾ ਮਨੋਰਥ ਸੀ ਆਰ.ਐਸ.ਐਸ. ਦੀਆਂ ਵੱਖ-ਵੱਖ ਫਰੰਟ ਜਥੇਬੰਦੀਆਂ ਵੱਲੋਂ ਮੁਸਲਮਾਨਾਂ, ਦਲਿਤਾਂ ਅਤੇ ਹਿੰਦੂਤਵ ਦੇ ਆਲੋਚਕ ਵੱਖ-ਵੱਖ ਹਿੱਸਿਆਂ ਉਪਰ ਲਗਾਤਾਰ ਹਮਲਿਆਂ ਰਾਹੀਂ ਪੈਦਾ ਕੀਤੇ ਦਹਿਸ਼ਤੀ ਖੌਫ ਨੂੰ ਤੋੜਨਾ। ਇਸ ਵਿਚ ਜਮਹੂਰੀ ਸੋਚ ਵਾਲੇ ਬੁੱਧੀਜੀਵੀਆਂ ਤੇ ਕਾਰਕੁਨਾਂ ਦੇ ਨਾਲ ਉਨ੍ਹਾਂ ਪਰਿਵਾਰਾਂ ਨੂੰ ਵੀ ਉਚੇਚੇ ਤੌਰ 'ਤੇ ਬੁਲਾਇਆ ਗਿਆ ਸੀ ਜਿਨ੍ਹਾਂ ਦੇ ਜੀਅ ਪਿਛਲੇ ਸਾਲਾਂ ਵਿਚ ਸੰਘ ਵੱਲੋਂ ਤਿਆਰ ਕੀਤੇ ਹਜੂਮੀ ਗਰੋਹਾਂ ਵੱਲੋਂ ਕਤਲ ਕਰ ਦਿੱਤੇ ਗਏ। ਨਜੀਬ ਅਹਿਮਦ ਦੇ ਮਾਤਾ ਫਾਤਿਮਾ ਨਫੀਸ (ਸੰਘ ਦੇ ਬਦਮਾਸ਼ਾਂ ਵੱਲੋਂ ਅਗਵਾ ਕਰਕੇ ਅਕਤੂਬਰ 2016 ਤੋਂ ਗੁੰਮ ਕੀਤੇ ਜੇ.ਐਨ.ਯੂ. ਦੇ ਇਸ ਵਿਦਿਆਰਥੀ ਦੀ ਅਜੇ ਤਕ ਕੋਈ ਉਘ-ਸੁੱਘ ਨਹੀਂ ਮਿਲੀ), ਅਲੀਮੁਦੀਨ ਅੰਸਾਰੀ ਦੀ ਪਤਨੀ ਮਰੀਅਮ (ਝਾਰਖੰਡ ਨਾਲ ਮੀਟ ਵੇਚ ਕੇ ਗੁਜ਼ਾਰਾ ਕਰਨ ਵਾਲੇ ਇਸ ਗ਼ਰੀਬ ਮੁਸਲਮਾਨ ਨੂੰ ਅਖੌਤੀ ਗਊ ਰਾਖਿਆਂ ਵੱਲੋਂ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ ਸੀ), ਜੁਨੈਦ ਖਾਨ ਦੇ ਮਾਤਾ ਫਾਤਿਮਾ (16 ਸਾਲ ਦੇ ਇਸ ਬੱਚੇ ਨੂੰ ਜੂਨ 2016 ਵਿਚ ਹਰਿਆਣਾ ਅੰਦਰ ਚੱਲਦੀ ਰੇਲ ਗੱਡੀ 'ਚ ਹਿੰਦੂ ਜਨੂੰਨੀ ਹਜੂਮ ਵੱਲੋਂ ਕਤਲ ਕਰ ਦਿੱਤਾ ਗਿਆ ਸੀ) ਅਤੇ ਅਕਬਰ ਖਾਨ (ਜੋ ਰਕਬਰ ਖਾਨ ਦਾ ਭਰਾ ਹੈ ਜਿਸ ਨੂੰ ਰਾਜਸਥਾਨ ਦੇ ਅਲਵਰ 'ਚ ਅਖੌਤੀ ਗਊ ਰਾਖਿਆਂ ਵੱਲੋਂ ਕਤਲ ਕਰ ਦਿੱਤਾ ਗਿਆ) ਸ਼ਾਮਲ ਹੋਏ।

ਇਸ ਪ੍ਰੋਗਰਾਮ ਵਿਚ ਦਹਿਸ਼ਤ ਪਾਉਣ ਲਈ ਇਕ ਹੋਰ ਸਾਜ਼ਿਸ਼ ਘੜੀ ਗਈ। ਇਸ ਪ੍ਰੋਗਰਾਮ ਵਿਚ ਹਿੱਸਾ ਲੈਣ ਆਇਆ ਉਮਰ ਖਾਲਿਦ ਜਦੋਂ ਇਮਾਰਤ ਦੇ ਬਾਹਰ ਆਪਣੇ ਦੋਸਤਾਂ ਨਾਲ ਚਾਹ ਪੀ ਰਿਹਾ ਸੀ ਤਾਂ ਅਣਪਛਾਤੇ ਪਿਸਤੌਲਧਾਰੀ ਵੱਲੋਂ ਉਸ ਦੀ ਹੱਤਿਆ ਕਰਨ ਦੀ ਕੋਸ਼ਿਸ਼ ਕੀਤੀ ਗਈ। ਹਥਿਆਰ ਜਾਮ ਹੋਣ ਕਾਰਨ ਹਮਲਾਵਰ ਆਪਣੇ ਮਨੋਰਥ ਵਿਚ ਕਾਮਯਾਬ ਨਾ ਹੋਇਆ ਅਤੇ ਹਫੜਾ-ਦਫੜੀ ਵਿਚ ਹਥਿਆਰ ਸੁੱਟ ਕੇ ਭੱਜ ਗਿਆ; ਲੇਕਿਨ ਗੁਪਤ ਕੈਮਰਿਆਂ ਦੀ ਰਿਕਾਰਡਿੰਗ ਅਤੇ ਹੋਰ ਵਸੀਲਿਆਂ ਤੋਂ ਹਮਲਾਵਰ ਦਾ ਸੰਘ ਬ੍ਰਿਗੇਡ ਦੇ ਚਰਚਿਤ ਚਿਹਰਿਆਂ ਨਾਲ ਰਿਸ਼ਤਾ ਨੰਗਾ ਹੋ ਗਿਆ। ਇਹ ਹਮਲਾ ਉਮਰ ਖਾਲਿਦ ਉਪਰ ਨਾ ਹੋ ਕੇ ਹਿੰਦੂਤਵ ਦੀਆਂ ਆਲੋਚਕ ਸਮੁੱਚੀਆਂ ਤਾਕਤਾਂ ਉਪਰ ਸੀ ਅਤੇ ਇਸ ਦਹਿਸ਼ਤ ਨੂੰ ਤੋੜਨਾ ਜ਼ਰੂਰੀ ਸੀ।

ਤੀਸਰੀ ਮਿਸਾਲ ਸੀ ਇਤਿਹਾਸਕ ਪਿੰਡ ਸਰਾਭਾ ਵਿਖੇ ਪਹੁੰਚ ਕੇ ਪੰਜਾਬ ਦੇ ਇਨਕਲਾਬੀ ਨੌਜਵਾਨਾਂ ਅਤੇ ਹੋਰ ਜਮਹੂਰੀ ਤਾਕਤਾਂ ਵੱਲੋਂ ਉਸ ਚੁਣੌਤੀ ਨੂੰ ਸਵੀਕਾਰ ਕਰਨਾ ਜੋ ਉਮਰ ਖਾਲਿਦ ਉਪਰ ਹਮਲਾ ਕਰਨ ਵਾਲੇ ਕਾਤਲਾਂ ਵੱਲੋਂ 17 ਅਗਸਤ ਨੂੰ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਘਰ ਅੱਗੇ ਗ੍ਰਿਫਤਾਰੀ ਦੇਣ ਦੇ ਐਲਾਨ ਕੀਤੇ ਜਾਣ ਨਾਲ ਉਭਰੀ ਸੀ। ਹਰਿਆਣਾ ਦੇ ਦੋ ਹਿੰਦੂਤਵ ਪੈਰੋਕਾਰਾਂ ਦਰਵੇਸ਼ ਸ਼ਾਹਪੁਰ ਅਤੇ ਨਵੀਨ ਦਲਾਲ, ਜੋ ਆਪਣੇ ਇਲਾਕੇ ਵਿਚ ਗਊ ਰੱਖਿਆ ਟੋਲਿਆਂ ਦੇ ਮੁਖੀ ਵੀ ਹਨ, ਵੱਲੋਂ ਆਪਣੇ ਫੇਸਬੁੱਕ ਅਕਾਊਂਟ ਉਪਰ ਵੀਡੀਓ ਕਲਿੱਪ ਸ਼ੇਅਰ ਕਰਕੇ ਇਸ ਹਮਲੇ ਦੀ ਜ਼ਿੰਮੇਵਾਰੀ ਲੈਂਦੇ ਹੋਏ ਐਲਾਨ ਕੀਤਾ ਗਿਆ ਕਿ 'ਟੁਕੜੇ ਟੁਕੜੇ ਗੈਂਗ' ਦੇ ਮੈਂਬਰ ਖਾਲਿਦ ਨੂੰ ਕਤਲ ਕਰਕੇ ਭਾਰਤ ਦੇ ਲੋਕਾਂ ਨੂੰ '15 ਅਗਸਤ ਉਪਰ ਤੋਹਫਾ'' ਦੇਣਾ ਚਾਹੁੰਦੇ ਸਨ ਕਿਉਂਕਿ "ਦੇਸ਼ ਨੂੰ ਟੁਕੜੇ ਟੁਕੜੇ ਕਰਨ ਵਾਲੇ ਜੇ.ਐਨ.ਯੂ. ਦੇ ਹਲਕੇ ਕੁੱਤਿਆਂ ਦੀ ਤਾਦਾਦ ਵਧ ਰਹੀ ਹੈ ਅਤੇ ਸੰਵਿਧਾਨ ਵਿਚ ਇਨ੍ਹਾਂ ਹਲਕੇ ਕੁੱਤਿਆਂ ਨੂੰ ਸਜ਼ਾ ਦੇਣ ਦੀ ਕੋਈ ਵਿਵਸਥਾ ਨਹੀਂ।" ਇਸ ਦੀ ਇਬਾਰਤ ਸਨਾਤਨ ਸੰਸਥਾ, ਜਿਸ ਦੀ ਨਰੇਂਦਰ ਦਾਭੋਲਕਰ, ਗੋਬਿੰਦ ਪਾਨਸਰੇ, ਐਮ.ਐਮ. ਕੁਲਬੁਰਗੀ ਅਤੇ ਗੌਰੀ ਲੰਕੇਸ਼ ਦੇ ਕਤਲਾਂ ਵਿਚ ਭੂਮਿਕਾ ਸਾਹਮਣੇ ਆ ਚੁੱਕੀ ਹੈ, ਵੱਲੋਂ ਆਪਣੇ ਤਰਜਮਾਨ 'ਸਨਾਤਨ ਪ੍ਰਭਾਤ' ਦੇ ਸਤੰਬਰ 2015 ਅੰਕ ਵਿਚ ਯਾਕੂਬ ਮੈਮਨ ਨੂੰ ਫਾਂਸੀ ਦਿੱਤੇ ਜਾਣ ਬਾਬਤ ਛਾਪੇ ਬਿਆਨ ਨਾਲ ਕਿੰਨਾ ਮਿਲਦੀ-ਜੁਲਦੀ ਹੈ ਜਿਸ ਵਿਚ ਸਤਾਰਵੀਂ ਸਦੀ ਦੇ ਕਿਸੇ ਸਾਮਾਰਥ ਰਾਮਦਾਸ ਸਵਾਮੀ ਦੀਆਂ ਸਿੱਖਿਆਵਾਂ ਦਾ ਹਵਾਲਾ ਦਿੰਦਿਆਂ ਕਿਹਾ ਗਿਆ ਸੀ, 'ਰਾਸ਼ਟਰ ਵਿਰੋਧੀ, ਕੁੱਤਿਆਂ ਵਾਂਗ ਹਨ, ਉਨ੍ਹਾਂ ਨੂੰ ਲਾਜ਼ਮੀ ਮਾਰਿਆ ਜਾਣਾ ਚਾਹੀਦਾ ਹੈ।'

ਸ਼ਹੀਦ ਸਰਾਭਾ ਪੰਜਾਬ ਦੀ ਜਵਾਨੀ ਲਈ ਇਨਕਲਾਬੀ ਆਦਰਸ਼ ਹੈ ਅਤੇ ਪੰਜਾਬ ਦੇ ਜਾਗਰੂਕ ਨੌਜਵਾਨਾਂ ਦੀ ਅਣਖ ਲਈ ਇਹ ਚੁਣੌਤੀ ਸੀ ਕਿ ਨਫਰਤ ਦੀ ਸਿਆਸਤ ਕਰਨ ਵਾਲੇ ਅਤੇ ਦਲਿਤਾਂ, ਮੁਸਲਮਾਨਾਂ ਤੇ ਹੋਰ ਨਿਤਾਣੇ ਹਿੱਸਿਆਂ ਨੂੰ ਕਤਲ ਕਰਨ ਵਾਲੇ ਆਪਣੇ ਘਿਨਾਉਣੇ ਏਜੰਡੇ ਉਪਰ ਦੇਸ਼ ਭਗਤੀ ਦਾ ਨਕਾਬ ਪਾ ਕੇ ਇਸ ਨੂੰ ਵਾਜਬ ਠਹਿਰਾਉਣ ਲਈ ਸ਼ਹੀਦ ਦੇ ਪਿੰਡ ਪਹੁੰਚ ਕੇ ਗ੍ਰਿਫਤਾਰੀ ਦੇਣ ਦਾ ਐਲਾਨ ਕਰ ਰਹੇ ਸਨ। ਨੌਜਵਾਨ ਭਾਰਤ ਸਭਾ ਅਤੇ ਹੋਰ ਅਗਾਂਹਵਧੂ ਜਥੇਬੰਦੀਆਂ ਦੇ ਆਗੂ ਤੇ ਕਾਰਕੁਨ 17 ਅਗਸਤ ਨੂੰ ਸਵੇਰੇ ਸਾਝਰੇ ਹੀ ਪਿੰਡ ਸਰਾਭਾ ਵਿਚ ਇਕੱਠੇ ਹੋ ਗਏ ਤਾਂ ਜੋ ਹਿੰਦੂਤਵ ਅਨਸਰਾਂ ਨੂੰ ਇਸ ਇਤਿਹਾਸਕ ਸਥਾਨ ਉਪਰ ਨਾਪਾਕ ਪੈਰ ਪਾਉਣ ਤੋਂ ਰੋਕਿਆ ਜਾ ਸਕੇ। ਪੂਰਾ ਦਿਨ ਬੀਤ ਗਿਆ ਪਰ ਐਲਾਨ ਕਰਨ ਵਾਲੇ ਬੁਜ਼ਦਿਲ ਨਹੀਂ ਆਏ। ਨੌਜਵਾਨਾਂ ਦੀ ਇਹ ਚੇਤਨਾ ਅਤੇ ਵਿਰੋਧ ਦੀ ਤੱਤਪਰਤਾ ਸੰਘ ਬ੍ਰਿਗੇਡ ਲਈ ਸੰਦੇਸ਼ ਹੈ ਕਿ ਉਹ ਇਹ ਭਰਮ ਨਾ ਪਾਲਣ ਕਿ ਟੀਵੀ ਚੈਨਲਾਂ ਦੇ ਇਕ ਵੱਡੇ ਹਿੱਸੇ ਦੀ ਮਦਦ ਨਾਲ ਹਿੰਦੂ ਰਾਸ਼ਟਰਵਾਦ ਅਤੇ ਗਊ ਹੱਤਿਆਵਾਂ ਵਰਗੇ ਜਾਅਲੀ ਮੁੱਦੇ ਖੜ੍ਹੇ ਕਰਕੇ ਨੌਜਵਾਨਾਂ ਦੇ ਦਿਮਾਗਾਂ ਵਿਚ ਫਿਰਕੂ ਜ਼ਹਿਰ ਭਰਨ ਦਾ ਉਨ੍ਹਾਂ ਦਾ ਏਜੰਡਾ ਕਾਮਯਾਬ ਹੋ ਰਿਹਾ ਹੈ, ਇਸ ਸਰਜ਼ਮੀਨ ਉਪਰ ਉਨ੍ਹਾਂ ਦੀ ਦਹਿਸ਼ਤੀ ਸਿਆਸਤ ਨੂੰ ਸਿੱਧੇ ਮੱਥੇ ਟੱਕਰਨ ਲਈ ਅਗਾਂਹਵਧੂ ਜੁਝਾਰੂ ਜਜ਼ਬਾ ਵੀ ਅੰਗੜਾਈ ਲੈ ਰਿਹਾ ਹੈ।

ਚੌਥਾ ਪ੍ਰਦਰਸ਼ਨ, 19 ਅਗਸਤ ਨੂੰ ਭੀਮ ਆਰਮੀ ਵੱਲੋਂ ਆਪਣੇ ਆਗੂ ਚੰਦਰ ਸ਼ੇਖਰ ਆਜ਼ਾਦ ਉਰਫ ਰਾਵਣ ਦੀ ਰਿਹਾਈ ਦੀ ਮੁੱਖ ਮੰਗ ਨੂੰ ਲੈ ਕੇ ਕੀਤਾ ਗਿਆ ਜਿਸ ਨੂੰ ਭਗਵੀਂ ਸਰਕਾਰ ਨੇ ਜੂਨ 2017 ਤੋਂ ਲੈ ਕੇ ਅਣਮਿਥੇ ਸਮੇਂ ਲਈ ਜੇਲ੍ਹ ਵਿਚ ਬੰਦ ਰੱਖਿਆ ਹੋਇਆ ਹੈ। ਮੁੱਖ ਮੰਗ ਦੇ ਨਾਲ ਨਾਲ 2 ਅਪਰੈਲ ਦੇ ਭਾਰਤ ਬੰਦ ਦੌਰਾਨ ਗ੍ਰਿਫਤਾਰ ਕੀਤੇ ਦਲਿਤਾਂ ਨੂੰ ਰਿਹਾਅ ਕਰਨ, ਮੇਰਠ ਵਿਚ ਹਾਲ ਹੀ ਵਿਚ ਇਕ ਦਲਿਤ ਨੌਜਵਾਨ ਦਾ ਕਤਲ ਕਰਨ ਵਾਲੇ ਹਜੂਮੀ ਕਾਤਲਾਂ ਨੂੰ ਗ੍ਰਿਫਤਾਰ ਕਰਨ, ਕੋਰੇਗਾਓਂ-ਭੀਮਾ ਵਿਖੇ ਦਲਿਤਾਂ ਉਪਰ ਹਿੰਸਕ ਹਮਲੇ ਕਰਨ ਵਾਲੇ ਹਿੰਦੂਤਵ ਸਰਗਣਿਆਂ ਨੂੰ ਗ੍ਰਿਫਤਾਰ ਕਰਨ ਦੀ ਮੰਗ ਵੀ ਮੁਜ਼ਾਹਰਾਕਾਰੀਆਂ ਦੇ ਮੰਗ ਪੱਤਰ ਵਿਚ ਸ਼ਾਮਲ ਸੀ ਅਤੇ ਉਨ੍ਹਾਂ ਵੱਲੋਂ ਕਿਸਾਨਾਂ, ਮੁਸਲਮਾਨਾਂ, ਔਰਤਾਂ ਅਤੇ ਕਬਾਇਲੀਆਂ ਸਮੇਤ ਹੋਰ ਦੱਬੇ-ਕੁਚਲੇ ਲੋਕਾਂ ਦੇ ਮੁੱਦੇ ਵੀ ਉਠਾਏ ਗਏ। ਉਤਰ ਪ੍ਰਦੇਸ਼ ਵਿਚ ਮਹੰਤ ਅਦਿਤਿਆਨਾਥ ਦੀ ਸਰਕਾਰ ਬਣ ਜਾਣ ਨਾਲ ਜਾਤ ਹੰਕਾਰ ਵਿਚ ਗ੍ਰਸਤ ਉਚ ਜਾਤੀਆਂ ਨੂੰ ਬਹੁਤ ਜ਼ਿਆਦਾ ਸ਼ਹਿ ਮਿਲ ਗਈ ਸੀ ਅਤੇ ਉਨ੍ਹਾਂ ਨੇ ਮੁਸਲਮਾਨਾਂ ਤੇ ਦਲਿਤਾਂ ਨੂੰ ਦਬਾਉਣ ਲਈ ਹਮਲੇ ਤੇਜ਼ ਕਰ ਦਿੱਤੇ ਸਨ।

ਮਈ 2017 ਵਿਚ ਜਾਤ ਹੰਕਾਰੀ ਠਾਕੁਰਾਂ ਅਤੇ ਦਲਿਤਾਂ ਦਰਮਿਆਨ ਸਹਾਰਨਪੁਰ ਵਿਚ ਹੋਏ ਟਕਰਾਓ ਨੂੰ ਬਹਾਨਾ ਬਣਾ ਕੇ ਚੰਦਰ ਸ਼ੇਖਰ ਅਤੇ ਹੋਰ ਨੌਜਵਾਨ ਦਲਿਤ ਆਗੂਆਂ ਵਿਰੁਧ 27 ਵੱਖੋ-ਵੱਖਰੇ ਕੇਸ ਦਰਜ ਕੀਤੇ ਗਏ ਜਿਸ ਦਾ ਅਸਲ ਮਨੋਰਥ ਦਲਿਤ ਹੱਕ-ਜਤਾਈ ਦਾ ਲੱਕ ਤੋੜਨਾ ਸੀ। ਨਵੰਬਰ ਵਿਚ ਅਲਾਹਾਬਾਦ ਹਾਈਕੋਰਟ ਵੱਲੋਂ ਇਹ ਟਿੱਪਣੀ ਕਰਦੇ ਹੋਏ ਇਨ੍ਹਾਂ ਮਾਮਲਿਆਂ ਵਿਚ ਚੰਦਰ ਸ਼ੇਖਰ ਨੂੰ ਜ਼ਮਾਨਤ ਦੇ ਦਿੱਤੀ ਗਈ ਕਿ ਉਸ ਉਪਰ ਲਾਏ ਗਏ ਦੋਸ਼ ਸਿਆਸਤ ਤੋਂ ਪ੍ਰੇਰਤ ਹਨ। ਲੇਕਿਨ ਹਿੰਦੂਤਵੀ ਮਹੰਤ ਦੀ ਸਰਕਾਰ ਨੇ ਇਹਤਿਆਤੀ ਨਜ਼ਰਬੰਦੀ ਦੀ ਤਾਨਾਸ਼ਾਹ ਤਾਕਤ ਦਾ ਇਸਤੇਮਾਲ ਕਰਦੇ ਹੋਏ ਕੌਮੀ ਸੁਰੱਖਿਆ ਕਾਨੂੰਨ ਲਗਾ ਕੇ ਉਸ ਦੀ ਰਿਹਾਈ ਰੋਕ ਦਿੱਤੀ ਅਤੇ ਹਰ ਤਿੰਨ ਮਹੀਨੇ ਬਾਅਦ ਨਜ਼ਰਬੰਦੀ ਦੀ ਮਿਆਦ ਵਧਾ ਦਿੱਤੀ ਜਾਂਦੀ ਹੈ। ਇਸ ਤਾਨਾਸ਼ਾਹੀ ਦੇ ਖਿਲਾਫ ਸੁਪਰੀਮ ਕੋਰਟ ਵਿਚ ਪਟੀਸ਼ਨ ਸੁਣਵਾਈ ਅਧੀਨ ਹੈ। ਐਸੇ ਮਾਮਲੇ ਆਪਣੇ-ਆਪ ਵਿਚ ਹੀ 'ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ' ਦੇ ਮਖੌਟੇ ਵਾਲੇ ਰਾਜ ਉਪਰ ਸਭ ਤੋਂ ਵੱਡਾ ਵਿਅੰਗ ਹਨ ਜਿਥੇ 'ਕੌਮੀ ਸੁਰੱਖਿਆ ਨੂੰ ਖਤਰਾ' ਦੀ ਦੁਹਾਈ ਦੇਣ ਵਾਲੇ ਭਗਵੇਂ ਦਹਿਸ਼ਤਗਰਦ ਸੱਤਾ ਉਪਰ ਕਾਬਜ਼ ਹੋ ਕੇ ਜਮਹੂਰੀ ਤੇ ਇਨਸਾਫਪਸੰਦ ਸ਼ਖਸੀਅਤਾਂ ਨੂੰ ਜੇਲ੍ਹਾਂ ਵਿਚ ਸਾੜਨ ਦੀ ਤਾਕਤ ਹਥਿਆਈ ਬੈਠੇ ਹਨ ਜਿਨ੍ਹਾਂ ਦਾ ਆਪਣਾ ਹਿੰਦੂਤਵ ਦਾ ਏਜੰਡਾ ਮੁਲਕ ਦੀ ਸੁਰੱਖਿਆ ਲਈ ਸਭ ਤੋਂ ਵੱਡਾ ਖਤਰਾ ਹੈ।

2019 ਦੀਆਂ ਆਮ ਚੋਣਾਂ ਵਿਚ ਆਪਣੀ ਜਿੱਤ ਯਕੀਨੀ ਬਣਾਉਣ ਲਈ ਇਨ੍ਹਾਂ ਤਾਕਤਾਂ ਵੱਲੋਂ ਫਿਰਕੂ-ਜਾਤਪਾਤੀ ਪਾੜਾ ਵਧਾਉਣ ਦੀ ਮਨਸ਼ਾ ਨਾਲ ਹੋਰ ਵੀ ਖਤਰਨਾਕ ਚਾਲਾਂ ਚੱਲੀਆਂ ਜਾਣਗੀਆਂ। ਲਿਹਾਜ਼ਾ ਮਨੁੱਖਤਾਵਾਦੀ ਤਾਕਤਾਂ ਅੱਗੇ ਇਸ ਦਾ ਟਾਕਰਾ ਕਰਨ ਦੀ ਜ਼ਰੂਰਤ ਹੋਰ ਵੀ ਵਧੇਗੀ। ਉਪਰੋਕਤ ਵਿਰੋਧ ਪ੍ਰਦਰਸ਼ਨ ਇਸੇ ਉਮੀਦ ਦੀ ਕਿਰਨ ਹਨ।

# ਨਵਜੋਤ ਸਿੱਧੂ ਤੇ ਵਾਜਪਾਈ ਵਾਲਾ ਰਾਹ

ਕੁਲਜੀਤ ਬੈਂਸ

ਤਤਕਾਲੀ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਬੱਸ ਰਾਹੀਂ ਸਰਹੱਦ ਪਾਰ ਪਾਕਿਸਤਾਨ ਗਏ ਸਨ। ਪੰਜਾਬ ਦੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਇਹ ਕਾਰਜ ਪੈਦਲ ਕੀਤਾ ਹੈ। ਵਾਜਪਾਈ ਹੁਣ ਆਪਣੇ ਵੇਲਿਆਂ ਤੋਂ ਵੱਧ ਵੰਡੀ ਹੋਈ ਦੁਨੀਆ ਛੱਡ ਕੇ ਇਥੋਂ ਰੁਖਸਤ ਹੋ ਚੁੱਕੇ ਹਨ, ਦੂਜੇ ਬੰਨੇ ਸਿੱਧੂ ਨੇ ਕਿਸੇ ਵੇਲੇ ਆਪਣੇ ਮੁਰਸ਼ਦ ਰਹੇ ਇਸ ਸ਼ਖਸ ਵਲੋਂ ਦਿਖਾਏ ਰਸਤੇ ਉਤੇ ਆਪਣਾ ਕਦਮ ਵਧਾਇਆ ਹੈ; ਦੁਸ਼ਮਣੀ ਦੇ ਦੌਰ ਅੰਦਰ ਇਹ ਕਦਮ ਅਮਨ ਦੇ ਰਾਹ ਵਾਲਾ ਹੈ। ਕਾਰਗਿਲ ਤੋਂ ਬਾਅਦ ਦੀ ਪਹਿਲਕਦਮੀ ਵਜੋਂ ਸਿੱਧੂ ਦੀ ਇਸ ਫੇਰੀ ਨੂੰ ਦੇਸ਼ ਵਿਰੋਧੀ ਕਾਰਵਾਈ ਵੀ ਕਿਹਾ ਜਾ ਸਕਦਾ ਹੈ, ਅਤੇ ਜਾਂ ਦਿਲਾਂ ਨੂੰ ਰਾਹ ਦੇਣ ਵਾਲੀ ਵੀ। ਕੁਝ ਵੀ ਹੋਵੇ, ਹਰ ਦਲੀਲ ਦਾ ਅਰਥ ਇੱਕ ਹੀ ਹੋਵੇਗਾ।

ਇਹ ਕੋਈ ਸ਼ਬਦਾਂ ਦਾ ਹੇਰ-ਫੇਰ ਨਹੀਂ, ਸਗੋਂ ਇਹ ਤਾਂ ਦੋਹਾਂ ਪੰਜਾਬਾਂ ਵਿਚਕਾਰ ਰੈਡਕਲਿਫ ਰੇਖਾ ਦੇ ਆਰ-ਪਾਰ ਫੈਲੀ ਹੋਈ ਅਜਿਹੀ ਸਾਂਝ ਹੈ ਜਿਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਨਵੀਂ ਦਿੱਲੀ ਅਤੇ ਇਸਲਾਮਾਬਾਦ ਤੋਂ ਸਿਰਜੇ ਜਾਂਦੇ ਬਿਰਤਾਂਤ ਭਾਵੇਂ ਕੁਝ ਵੀ ਹੋਣ, ਸਾਂਝ ਵਾਲੀ ਗੱਲ ਆਪਣੀ ਥਾਂ ਬਰਕਰਾਰ ਹੈ ਤੇ ਰਹੇਗੀ ਵੀ। ਪੰਜਾਬੀ ਇਸ ਨੂੰ ਇਤਿਹਾਸ ਅਤੇ ਪੁਰਾਣੀ ਦੁਸ਼ਮਣੀ ਵਿਚੋਂ ਦੇਖਣ ਦੇ ਯੋਗ ਨਹੀਂ ਹੋ ਸਕੇ; ਹਿੰਸਾ, ਖਰੂਦ ਅਤੇ ਜੰਗਾਂ ਦਾ ਸਭ ਤੋਂ ਵੱਧ ਦੁੱਖ ਇਨ੍ਹਾਂ ਨੇ ਹੀ ਉਠਾਇਆ ਹੈ। ਅੱਜ ਨੂੰ ਵੀ ਉਹ ਇਸੇ ਤਰ੍ਹਾਂ ਦੇਖ ਰਹੇ ਹਨ। 1990ਵਿਆਂ ਵਿਚ ਜੰਮਿਆ ਕੋਈ ਨੌਜਵਾਨ ਜਦੋਂ ਕਿਸੇ ਪਾਕਿਸਤਾਨੀ ਨੂੰ ਟੱਕਰਦਾ ਹੈ, ਤਾਂ ਜਿਹੜੀਆਂ ਗੱਲਾਂ ਉਸ ਦਾ ਧਿਆਨ ਖਿੱਚਦੀਆਂ ਹਨ, ਉਹ ਹੈ ਸਭ ਦਾ ਇੱਕੋ ਜਿਹਾ ਮੁਹਾਂਦਰਾ, ਬੋਲੀ, ਮੁਹਾਵਰਾ, ਸੰਗੀਤ, ਲੋਕਧਾਰਾ ਆਦਿ। ਇਸ ਸਾਂਝ ਤੋਂ ਖਹਿੜਾ ਛੁਡਾਉਣਾ ਬਹੁਤ ਮੁਸ਼ਕਿਲ ਹੈ। ਇਹ ਸਾਂਝ ਕਬੀਲਿਆਂ, ਗੋਤਾਂ, ਕੁਲ਼ਾਂ ਤੱਕ ਫੈਲੀ ਹੋਈ ਹੈ।

ਲੰਘੇ ਹਫਤੇ ਆਜ਼ਾਦੀ ਦਿਹਾੜੇ, ਵਾਜਪਾਈ ਦੀ ਰੁਖਸਤਗੀ, ਇਮਰਾਨ ਖਾਨ ਦੀ ਹਲਫਦਾਰੀ ਅਤੇ ਸਿੱਧੂ ਦਾ ਪਾਕਿਸਤਾਨ ਜਾਣਾ, ਇਨ੍ਹਾਂ ਸਭ ਮਸਲਿਆਂ ਬਾਰੇ ਵਾਹਵਾ ਕਹਾਣੀਆਂ ਸਾਹਮਣੇ ਆ ਰਹੀਆਂ ਹਨ। ਇਸ ਦੇ ਨਾਲ ਹੀ ਉਹ ਲੜੀਆਂ ਵੀ ਚੱਲ ਰਹੀਆਂ ਹਨ ਕਿ ਸਾਡੇ ਦਿਲਾਂ ਅੰਦਰ ਕਿਹੜੀਆਂ ਤਾਘਾਂ ਉਸਲਵੱਟੇ ਲੈ ਰਹੀਆਂ ਹਨ ਅਤੇ ਦੂਜੇ ਬੰਨੇ ਸਿਆਸਤ ਦੀਆਂ ਲੋੜਾਂ ਕੀ ਹਨ।

ਇਸ ਪਾੜੇ ਦੇ ਸਭ ਤੋਂ ਵੱਧ ਦਿਸਦਾ ਲੱਛਣ ਵਾਹਗਾ ਅਤੇ ਸਾਦਕੀ (ਫਾਜ਼ਿਲਕਾ) ਸਰਹੱਦਾਂ ਉਤੇ ਹੁੰਦੇ ਰਿਟ੍ਰੀਟ ਸਮਾਗਮਾਂ ਦੌਰਾਨ ਦਿਸਦੇ ਹਨ। ਵਾਹਗਾ 'ਤੇ ਰਾਸ਼ਟਰਵਾਦੀ ਰੰਗ ਵਿਚ ਰੰਗੇ ਸੈਲਾਨੀ ਪੁੱਜਦੇ ਹਨ ਜਿਹੜੇ ਸਮਾਗਮ ਨੂੰ ਜੇ ਨਫਰਤ ਵਾਲੀਆਂ ਐਨਕਾਂ 'ਚੋਂ ਨਹੀਂ, ਤਾਂ ਹਮਲੇ ਵਾਲੀਆਂ ਐਨਕਾਂ ਰਾਹੀਂ ਜ਼ਰੂਰ ਦੇਖਦੇ ਹਨ। ਸਾਦਕੀ ਵਿਚ ਜਿਹੜੇ ਦ੍ਰਿਸ਼ ਦਿਸਦੇ ਹਨ, ਉਨ੍ਹਾਂ ਦੀ ਚਰਚਾ ਭਾਵੇਂ ਘੱਟ ਹੁੰਦੀ ਹੈ ਪਰ ਉਹ ਵੱਧ ਤਲਖ ਤੇ ਤੀਬਰ ਹੁੰਦੇ ਹਨ ਜਿਥੇ ਹਰ ਸਾਲ ਦੋਹਾਂ ਪਾਸਿਆਂ ਦੇ ਹਜ਼ਾਰਾਂ ਲੋਕ ਆਪੋ-ਆਪਣੇ ਮਿੱਤਰਾਂ-ਬੇਲੀਆਂ ਦੀ ਦਰਸ਼ਨ-ਦੀਦਾਰ ਲਈ ਵਿਚਕਾਰੋਂ ਲੰਘ ਰਹੀ ਤਾਰ ਨੇੜੇ ਢੁੱਕਦੇ ਹਨ; ਝੱਲੇ ਹੋਏ ਚਿਹਰੇ ਆਪਣਿਆਂ ਨੂੰ ਭਾਲਦੇ ਹਨ, ਉਹ ਮਾਯੂਸੀ ਵਿਚ ਹੱਥ ਹਿਲਾਉਂਦੇ ਹਨ ਅਤੇ ਕੂਕਾਂ ਮਾਰਦੇ ਹਨ। ਕੁਝ ਸਮਾਂ ਪਹਿਲਾਂ ਤੱਕ ਲੋਕਾਂ ਨੂੰ ਹੱਥ ਮਿਲਾਉਣ ਅਤੇ ਆਪਣਾ ਦਰਦ ਵਹਾਉਣ ਦੀ ਵੀ ਇਜਾਜ਼ਤ ਸੀ। ਭਾਰਤ-ਪਾਕਿਸਤਾਨ ਰਿਸ਼ਤਿਆਂ ਦੀ ਗੱਲ ਰਤਾ ਇਨ੍ਹਾਂ ਨਾਲ ਕਰਕੇ ਦੇਖੋ।

ਆਜ਼ਾਦੀ ਦਿਹਾੜੇ ਮੌਕੇ ਕੈਦੀਆਂ ਦੀ ਅਦਲਾ-ਬਦਲੀ ਠੰਢੀ ਕੂਟਨੀਤੀ ਹੋ ਸਕਦੀ ਹੈ, ਫਿਰ ਵੀ ਕੋਈ ਸ਼ਖਸ ਇਹ ਮਨੁੱਖੀ ਤਰਾਸਦੀ ਮਹਿਸੂਸ ਕੀਤੇ ਬਗ਼ੈਰ ਨਹੀਂ ਰਹਿ ਸਕਦਾ ਕਿ ਅਸੀਂ ਬਿਨਾਂ ਵਜ੍ਹਾ ਲੋਕਾਂ ਨੂੰ ਦਹਾਕਿਆਂ ਤੱਕ ਜੇਲ੍ਹ ਅੰਦਰ ਡੱਕਣ ਦਾ ਜ਼ੁਲਮ ਕਮਾਉਂਦੇ ਹਾਂ। ਖਾਨਪੁਰ (ਹੁਸ਼ਿਆਰਪੁਰ) ਦੀ 96 ਵਰ੍ਹਿਆਂ ਦੀ ਅਮਰ ਕੌਰ ਲਾਹੌਰ ਆਪਣੇ ਘਰ ਫੇਰਾ ਮਾਰਨ ਦੀ ਤਾਂਘ ਰੱਖਦੀ ਹੈ ਅਤੇ ਮੌਤ ਦੀ ਆਗੋਸ਼ ਵਿਚ ਜਾਣ ਤੋਂ ਪਹਿਲਾਂ ਇਕ ਵਾਰ ਫਿਰ ਅਨਾਰਕਲੀ ਬਾਜ਼ਾਰ ਵਿਚ ਘੁੰਮਣਾ ਚਾਹੁੰਦੀ ਹੈ। ਅਜਿਹੀਆਂ ਲੱਖਾਂ ਤਾਂਘਾਂ ਲੋਕਾਂ ਦੇ ਦਿਲਾਂ ਵਿਚ ਰੋਜ਼ ਉਠਦੀਆਂ ਹੋਣਗੀਆਂ।

ਦੂਜੇ ਬੰਨੇ ਅੱਜ ਦਾ ਸਿਆਸੀ ਮਾਹੌਲ ਦੇਖੋ: ਪਾਕਿਸਤਾਨੀ ਫੌਜ ਦੇ ਮੁਖੀ ਨੂੰ ਜੱਫੀ ਪਾਉਣ (ਵਾਜਪਾਈ-ਮੁਸ਼ੱਰਫ ਵਲੋਂ ਹੱਥ ਮਿਲਾਉਣ ਦੇ ਬਾਵਜੂਦ) 'ਤੇ ਸਿੱਧੂ ਉਤੇ ਹਮਲੇ ਹੋ ਰਹੇ ਹਨ; ਦਲ ਖਾਲਸਾ "ਸਿੱਖ ਕਾਜ਼" ਲਈ ਪਾਕਿਸਤਾਨ ਦੀ ਇਮਦਾਦ ਚਾਹੁੰਦਾ ਹੈ; ਸੋਸ਼ਲ ਮੀਡੀਆ ਕ੍ਰਿਕਟਰ ਇਮਰਾਨ ਅਤੇ ਪ੍ਰਧਾਨ ਮੰਤਰੀ ਇਮਰਾਨ ਦੀ ਚਰਚਾ ਵਿਚਕਾਰ ਉਲਝਿਆ ਹੋਇਆ ਹੈ। ਸਨਕੀਪਣ, ਡਰ ਅਤੇ ਸ਼ੱਕ ਇੰਨਾ ਭਾਰੂ ਹੈ ਕਿ ਹਵਾ ਦੇ ਰੁਖ ਕਾਰਨ "ਜੀਵੇ ਪਾਕਿਸਤਾਨ" ਦੇ ਸੁਨੇਹਿਆਂ ਵਾਲੇ ਗੁਬਾਰੇ ਜੇ ਆਪਣੇ ਪੰਜਾਬ ਵਾਲੇ ਪਾਸੇ ਆ ਜਾਣ ਤਾਂ ਮਸਲਾ ਬਣ ਜਾਂਦਾ ਹੈ।

ਭਾਰਤ ਅਤੇ ਪਾਕਿਸਤਾਨ ਦੇ ਰਿਸ਼ਤਿਆਂ ਵਿਚਕਾਰ ਉਤਰਾਅ-ਚੜ੍ਹਾਅ ਵਿਚ ਪੰਜਾਬ ਕੋਈ ਬਹੁਤਾ ਰੋਲ ਨਹੀਂ ਨਿਭਾਅ ਸਕਦਾ। ਪਰ ਜੇ ਲੋਕਾਂ ਦੀ ਆਵਾਜਾਈ ਅਤੇ ਵਪਾਰ ਵਧੇਗਾ ਤਾਂ ਦੋਵੀਂ ਪਾਸੀਂ ਸਭ ਤੋਂ ਵੱਧ ਫਾਇਦਾ ਹੋਵੇਗਾ। ਸਭ ਤੋਂ ਖੂਬਸੂਰਤ ਗੱਲ ਇਹ ਹੈ ਕਿ ਸੂਬੇ ਨੇ ਹਾਂ-ਮੁਖੀ ਰਿਸ਼ਤਿਆਂ ਦੀ ਧੂਣੀ ਅੱਜ ਤੱਕ ਧੁਖਾਈ ਹੋਈ ਹੈ। ਇਹ ਜ਼ਰੂਰੀ ਵੀ ਹੈ ਕਿਉਂਕਿ ਜਦੋਂ ਵੀ ਅਸੀਂ ਨਫਰਤ ਵਾਲਾ ਰਾਹ ਅਖਤਿਆਰ ਕਰਦੇ ਹਾਂ (ਅਜਿਹਾ ਇਕ ਦਿਨ ਵਾਪਰਨਾ ਹੀ ਹੁੰਦਾ ਹੈ), ਉਦੋਂ ਸਾਨੂੰ ਮੁਹੱਬਤਾਂ ਦੇ ਬੀਜ ਦੁਬਾਰਾ ਉਗਾਉਣ ਅਤੇ ਅਸੀਂ ਕੀ ਕੁਝ ਗੁਆ ਲਿਆ ਹੈ, ਉਸ ਬਾਰੇ ਸੋਚਣ-ਵਿਚਾਰਨ ਦੀ ਲੋੜ ਹੋਵੇਗੀ। ਇਨ੍ਹਾਂ ਬੀਜਾਂ ਤੋਂ ਬਗ਼ੈਰ ਇਤਿਹਾਸਕ ਸਾਂਝ ਦਾ ਚਿਰਾਗ਼ ਮੁੜ ਜਗਾਉਣ ਲਈ ਲੰਘ ਚੁੱਕੇ ਵਕਤ ਦਾ ਪਾੜਾ ਪੂਰਨਾ ਮੁਸ਼ਕਿਲ ਹੋਵੇਗਾ।

ਮਸਲਾ ਵਾਜਪਾਈ, ਇਮਰਾਨ ਜਾਂ ਸਿੱਧੂ ਵੱਲੋਂ ਸਰਹੱਦ ਪਾਰ ਕਰਨ ਦਾ ਨਹੀਂ ਹੈ, ਸਗੋਂ ਮਸਲਾ ਤਾਂ ਇਹ ਹੈ ਕਿ ਅਜਿਹੀਆਂ ਸਰਹੱਦਾਂ ਬਹੁਤ ਘੱਟ ਲੋਕ ਪਾਰ ਕਰਦੇ ਹਨ। ਜੇ ਕਿਸੇ ਵਕਤ ਪਾਕਿਸਤਾਨ ਦੀ ਸਿਆਸੀ ਲੀਡਰਸ਼ਿਪ ਭਾਰਤ ਨੂੰ "ਜੰਗ ਦੇ ਹਜ਼ਾਰਾਂ ਜ਼ਖਮ" ਦੇਣ ਦੀ ਗੱਲ ਕਹਿ ਸਕਦੀ ਹੈ ਤਾਂ ਕੋਈ ਹਜ਼ਾਰਾਂ ਜੱਫੀਆਂ ਪਾਉਣ ਬਾਰੇ ਕਿਉਂ ਨਹੀਂ ਸੋਚ ਸਕਦਾ? ਹਜ਼ਾਰਾਂ ਜ਼ਖਮ ਦਿੰਦਾ ਪਾਕਿਸਤਾਨ ਡੁੱਬਿਆ ਹੀ ਹੈ ਅਤੇ ਮੋੜਵੇਂ ਜਵਾਬ ਦਿੰਦਾ ਭਾਰਤ ਵੀ ਲਗਾਤਾਰ ਨੁਕਸਾਨ ਝੱਲਦਾ ਆਇਆ ਹੈ। ਹੁਣ ਇਸ ਦੇ ਬਦਲ ਨੂੰ ਅਜ਼ਮਾਉਣ ਵਿਚ ਕੋਈ ਨੁਕਸਾਨ ਨਹੀਂ।

ਵਿਚਾਰ ਚਰਚਾ

# ਸਾਬਤ ਸਬੂਤਾ ਪੰਜਾਬ

*'ਪੰਜਾਬ ਟਾਈਮਜ਼' ਦੇ ਪਿਛਲੇ ਅੰਕਾਂ ਵਿਚ 'ਰਿਫਰੈਂਡਮ 2020' ਮੁਹਿੰਮ ਬਾਰੇ ਸੀਨੀਅਰ ਪੱਤਰਕਾਰ ਕਰਮਜੀਤ ਸਿੰਘ ਦੇ ਲੇਖ ਪਿਛੋਂ ਹਜ਼ਾਰਾ ਸਿੰਘ, ਅਤਿੰਦਰਪਾਲ ਸਿੰਘ, ਸਰਦਾਰਾ ਸਿੰਘ ਮਾਹਿਲ, ਡਾ. ਬਲਕਾਰ ਸਿੰਘ ਪਟਿਆਲਾ ਅਤੇ ਕਸ਼ਮੀਰ ਸਿੰਘ ਜਵੰਧਾ ਦੇ ਵਿਚਾਰ ਪਾਠਕ ਪੜ੍ਹ ਚੁਕੇ ਹਨ। ਇਸ ਵਾਰ ਇਸੇ ਸਿਲਸਿਲੇ ਵਿਚ ਪ੍ਰੋ. ਅਵਤਾਰ ਸਿੰਘ ਦਾ ਲੇਖ ਛਾਪ ਰਹੇ ਹਾਂ। ਉਨ੍ਹਾਂ ਭਾਵੇਂ 'ਰਿਫਰੈਂਡਮ 2020' ਦਾ ਸਿੱਧਾ ਜ਼ਿਕਰ ਨਹੀਂ ਕੀਤਾ ਪਰ ਅਸਿੱਧੇ ਤੌਰ 'ਤੇ ਉਨ੍ਹਾਂ ਦਾ ਇਸ਼ਾਰਾ ਇਸੇ ਪਾਸੇ ਹੈ, ਜਦੋਂ ਉਹ ਕਹਿੰਦੇ ਹਨ ਕਿ ਪੰਜਾਬ ਦੀਆਂ ਧਰਮ ਤੇ ਸਿਆਸਤ ਦੇ ਨਾਂ 'ਤੇ ਹੋਰ ਵੰਡੀਆਂ ਨਾ ਪਾਈਆਂ ਜਾਣ। -ਸੰਪਾਦਕ*

ਪੰਜਾਬ ਸੱਭਿਅਤਾ ਜਾਂ ਜੀਵਨ ਤਰਜ਼ ਦਾ ਨਾਂ ਹੈ। ਈਸਾ ਤੋਂ ਪਹਿਲਾਂ ਮੈਗਸਥਨੀਜ ਨੇ ਇਸ ਨੂੰ 'ਪੈਂਟੋਪੋਟੇਮੀਆਂ' ਦਾ ਯੂਨਾਨੀ ਨਾਂ ਦਿੱਤਾ ਸੀ, ਜਿਸ ਦਾ ਅਨੁਵਾਦ ਪੰਚ ਨਦ, ਪੰਜ ਦਰਿਆ ਜਾਂ ਪੰਜ ਪਾਣੀ ਸੀ। ਫਿਰ ਇਸ ਨੂੰ ਇਰਾਨੀਆਂ ਨੇ ਪੰਜਾਬ ਵਿਚ ਅਨੁਵਾਦ ਕਰ ਲਿਆ। ਕਿਹਾ ਨਹੀਂ ਜਾ ਸਕਦਾ ਕਿ ਯੂਨਾਨੀ ਨਾਂ ਪੈਂਟੋਪੋਟੇਮੀਆਂ ਅਤੇ ਇਰਾਨੀ ਨਾਂ ਪੰਜਾਬ, ਸੰਸਕ੍ਰਿਤ ਦੇ ਪੰਚ ਅਪ ਦਾ ਅਨੁਵਾਦ ਹੈ ਜਾਂ ਪੰਚ ਅਪ ਉਨ੍ਹਾਂ ਨਾਂਵਾਂ ਦਾ ਅਨੁਵਾਦ ਹੈ। ਪੰਜਾਬ ਦੇ ਸੰਸਕ੍ਰਿਤ ਨਾਂ ਪੰਚ-ਅਪ ਦਾ ਅਰਥ ਵੀ ਪੰਜ ਪਾਣੀ ਹੈ।



ਇਨ੍ਹਾਂ ਸਾਰੇ ਨਾਂਵਾਂ ਤੋਂ ਸਪਸ਼ਟ ਹੈ ਕਿ ਪੰਜਾਬ ਦੀ ਸੱਭਿਅਤਾ ਦੀ ਤਾਸੀਰ ਪੰਚਾਇਤੀ ਅਰਥਾਤ ਲੋਕਤੰਤਰੀ ਹੈ।

**ਅਵਤਾਰ ਸਿੰਘ (ਪ੍ਰੋ.)**
ਫੋਨ: 91-94175-18384

ਅਪ, ਆਬ ਜਾਂ ਪਾਣੀ ਜੀਵਨ ਦਾ ਪ੍ਰਤੀਕ ਹੈ, ਜਿਸ ਦਾ ਮਤਲਬ ਲੋਕਤੰਤਰੀ ਕਦਰਾਂ-ਕੀਮਤਾਂ ਪੰਜਾਬ ਦਾ ਜੀਵਨ ਸਰੋਤ ਹੈ। ਜੇ ਪੰਜਾਬ ਨੇ ਜਿਉਣਾ ਅਤੇ ਮੌਲਣਾ ਹੈ ਤਾਂ ਇਸ ਦਾ ਪੰਚਾਇਤੀ ਤੇ ਲੋਕਤੰਤਰੀ ਸੁਭਾਅ ਜੀਵਤ ਰਹਿਣਾ ਜ਼ਰੂਰੀ ਹੈ।

ਜਦ ਅਸੀਂ ਪੰਚਾਇਤੀ ਜਾਂ ਲੋਕਤੰਤਰਿਕ ਸੰਬੋਧ ਦਾ ਇਸਤੇਮਾਲ ਕਰਦੇ ਹਾਂ ਤਾਂ ਸਾਡਾ ਭਾਵ ਹੁੰਦਾ ਹੈ, ਸਾਂਝੀਵਾਲਤਾ, ਜੋ ਸੱਚਮੁਚ ਪੰਜਾਬ ਦੀ ਮੁਢਲੀ ਪਛਾਣ ਹੈ। ਹਾਲੇ ਕੱਲ੍ਹ ਦੀ ਗੱਲ ਹੈ ਕਿ ਲਾਲਾ ਧਨੀਰਾਮ ਚਾਤ੍ਰਿਕ ਨੇ ਆਪਣੀ ਕਵਿਤਾ 'ਐ ਪੰਜਾਬ ਕਰਾਂ ਕੀ ਸਿਫਤ ਤੇਰੀ' ਵਿਚ ਦਿੱਲੀ, ਲਾਹੌਰ, ਸ਼ਿਮਲਾ, ਡਲਹੌਜੀ ਅਤੇ ਕਸ਼ਮੀਰ ਨੂੰ ਪੰਜਾਬ ਦੇ ਹਿੱਸੇ ਮੰਨਿਆ ਹੈ:

ਸ਼ਿਮਲਾ ਡਲਹੌਜੀ ਮਰੀ ਤਿਰੇ
ਕਸ਼ਮੀਰ ਤਿਰਾ ਗੁਲਮਰਗ ਤਿਰਾ।
ਦਿੱਲੀ ਤੇਰੀ ਲਾਹੌਰ ਤਿਰਾ
ਅੰਮ੍ਰਿਤਸਰ ਸੋਹੇ ਸਵਰਗ ਤੇਰਾ।

ਇਸੇ ਕਵਿਤਾ ਵਿਚ ਉਸ ਨੇ 'ਮਸਜਿਦ ਮੰਦਰ ਦਰਬਾਰ ਤਿਰਾ, ਮੀਆਂ ਲਾਲਾ ਸਰਦਾਰ ਤਿਰਾ' ਵੀ ਲਿਖਿਆ ਸੀ।

ਪੰਜਾਬ ਦੀ ਇਸ ਸਭਿਆਚਾਰਕ ਜਰਖੇਜ ਦੌਲਤ ਨੂੰ ਚੰਦਰੀ ਸਿਆਸਤ ਨੇ ਨਿਗਲ ਲਿਆ ਹੈ। ਪੰਜਾਬ ਦੇ ਇਲਾਕੇ ਵੰਡੇ ਅਤੇ ਗੁਆਏ ਜਾ ਚੁਕੇ ਹਨ। ਹੁਣ ਪੰਜਾਬ ਚੰਦ ਜ਼ਿਲ੍ਹਿਆਂ ਤੱਕ ਮਹਿਦੂਦ ਹੋ ਕੇ ਰਹਿ ਗਿਆ ਹੈ। ਪੰਜਾਬੀਅਤ ਦੀ ਮੌਲਿਕ ਪਛਾਣ ਵਿਚੋਂ ਲਾਲਾ ਧਨੀਰਾਮ ਚਾਤ੍ਰਿਕ ਦੀ ਕਵਿਤਾ ਵਾਲੇ 'ਮੀਆਂ' ਜੀ ਨੂੰ ਖਾਰਜ ਕਰ ਦਿੱਤਾ ਗਿਆ ਹੈ।

ਅੱਜ ਜਦੋਂ ਅਸੀਂ ਪੰਜਾਬ ਦਾ ਸੰਗੀਤਕ ਬਾਂਝਪਨ ਦੇਖਦੇ ਹਾਂ ਤਾਂ ਦਿਲ ਵਿਚੋਂ ਉਦਾਸ ਹੂਕ ਉਠਦੀ ਹੈ ਕਿ ਪੰਜਾਬ ਦੇ ਇਕੋ ਇਕ ਸੰਗੀਤਕ ਘਰਾਣੇ ਸ਼ਾਮਚੁਰਾਸੀ ਦੇ ਸਿਰਜਕ ਅਤੇ ਝੰਡਾਬਰਦਾਰ ਸੰਨ ਸੰਤਾਲੀ ਦੇ ਰੌਲਿਆਂ/ਹੱਲਿਆਂ ਜਾਂ ਵੰਡ ਵੇਲੇ ਪਾਕਿਸਤਾਨ ਚਲੇ ਗਏ ਸਨ।

ਪਾਕਿਸਤਾਨ ਵਿਚ ਟੀ. ਵੀ. ਦਾ ਗਾਇਨ ਦੇ ਰੂਪ ਵਿਚ ਉਦਘਾਟਨ ਕਰਨ ਵਾਲਾ ਕਲਾਕਾਰ ਤੁਫੈਲ ਨਿਆਜ਼ੀ ਸਾਂਝੇ ਪੰਜਾਬ ਵਿਚ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਹਜ਼ੂਰੀ ਰਾਗੀ ਸੀ, ਜਿਸ ਨੂੰ ਆਸਾ ਦੀ ਵਾਰ ਮਰਦੇ ਦਮ ਤੱਕ ਜ਼ੁਬਾਨੀ ਯਾਦ ਸੀ। ਉਸਤਾਦ ਅਮਾਨਤ ਅਲੀ ਤੇ ਸਲਾਮਤ ਅਲੀ ਹੋਰ ਅਜਿਹੇ ਨਾਂ ਹਨ, ਜਿਨ੍ਹਾਂ ਨੇ ਪੰਜਾਬ ਦੀਆਂ ਸੰਗੀਤਕ ਫਿਜ਼ਾਵਾਂ ਵਿਚ ਚਾਸ਼ਣੀ ਜਿਹੇ ਬੋਲ ਘੋਲਣੇ ਸਨ, ਜੇ ਸੰਤਾਲੀ ਦੀ ਵੰਡ ਨਾ ਹੋਈ ਹੁੰਦੀ।

ਇਸੇ ਤਰ੍ਹਾਂ ਜੇ 1966 ਦੀ ਪੁਨਰਵੰਡ ਨਾ ਹੋਈ ਹੁੰਦੀ ਤਾਂ ਹੌਲੀਵੁੱਡ 'ਚ ਅਦਾਕਾਰੀ ਦਾ ਤਹਿਲਕਾ ਮਚਾਉਣ ਵਾਲੀ ਅੰਬਾਲੇ ਦੀ ਪ੍ਰਿਅੰਕਾ ਚੋਪੜਾ 'ਤੇ ਅਸੀਂ ਮਾਣ ਕਰਨਾ ਸੀ। 'ਆਵਾਜ਼ ਪੰਜਾਬ ਦੀ' ਖਿਤਾਬ ਜਿੱਤਣ ਵਾਲੀ ਸਿਰਸੇ ਦੀ ਬੇਟੀ ਰੁਪਿੰਦਰ ਹਾਂਡਾ ਪੰਜਾਬ ਦੀ ਹੋਣੀ ਸੀ। ਹਿਸਾਰ ਦੀ ਜੰਮਪਲ ਬੈਡਮਿੰਟਨ ਦੀ ਖਿਡਾਰਨ ਸਾਇਨਾ ਨੇਹਵਾਲ ਦਾ ਨਾਂ ਲੈ ਲੈ ਅਸੀਂ ਫੁੱਲੇ ਨਾ ਸਮਾਉਂਦੇ। ਉਥੋਂ ਦੇ ਹੀ ਅਰਵਿੰਦ ਕੇਜਰੀਵਾਲ ਨੂੰ 'ਬਾਹਰਲਾ ਬੰਦਾ' ਕਹਿ ਕੇ ਅਸੀਂ ਭੰਡ ਨਾ ਸਕਦੇ। ਹੋਰ ਤਾਂ ਹੋਰ, ਮਹਿਮ ਵਿਚ ਕਰਿਆਨੇ ਦੀ ਨਿੱਕੀ ਜਿਹੀ ਦੁਕਾਨ ਕਰਦੇ ਵੱਡੇ, ਸੁਸ਼ੀਲ ਅਤੇ ਸੂਝਵਾਨ ਕਵੀ ਜਗਨ ਨਾਥ ਦਾ ਨਾਂ ਪੰਜਾਬੀ ਕਵੀਆਂ 'ਚ ਸ਼ੁਮਾਰ ਹੋਣਾ ਸੀ।

ਇਸ ਤਕਸੀਮ ਦਰ ਤਕਸੀਮ ਨੇ ਪੰਜਾਬ ਦਾ ਸਾਹ ਸਤ ਨਿੰਬੂ ਵਾਂਗ ਨਿਚੋੜ ਦਿੱਤਾ ਹੈ। ਕਲਾਤਮਕ ਤੌਰ 'ਤੇ ਪੰਜਾਬ ਦੀ ਹਾਲਤ ਹੁਣ ਕਿਸੇ ਜੂਸ ਦੀ ਰੇਹੜੀ ਕੋਲ ਪਏ ਮਸੰਮੀ ਦੇ ਮੁਸ਼ਕ ਮਾਰਦੇ ਫੋਕਟ ਦੇ ਢੇਰ ਜਿਹੀ ਹੋ ਗਈ ਹੈ। ਜਿਸ ਤਰ੍ਹਾਂ ਕਿਸੇ ਸਮੇਂ ਸਾਡੀ ਅੱਖ ਵਿਚ 'ਮੀਆਂ' ਰੜਕਦਾ ਸੀ, ਹੁਣ 'ਲਾਲਾ' ਰੜਕਦਾ ਹੈ:

ਉਦੋਂ ਵਾਰਿਸ ਸ਼ਾਹ ਨੂੰ ਵੰਡਿਆ ਸੀ
ਹੁਣ ਸ਼ਿਵ ਕੁਮਾਰ ਦੀ ਵਾਰੀ ਹੈ।...

ਫਿਰ ਦਲਿਤ ਦੀ ਵਾਰੀ ਆਵੇਗੀ। ਉਸ ਤੋਂ ਬਾਅਦ ਕਦੋਂ ਕਦੋਂ ਕਿਹਦੀ ਕਿਹਦੀ ਵਾਰੀ ਆਵੇਗੀ, ਕੁਝ ਕਿਹਾ ਨਹੀਂ ਜਾ ਸਕਦਾ। ਇਹ ਸੋਚ ਕੇ ਦਿਲ ਵਿਚੋਂ ਦਰਦ ਭਰੀ ਹੂਕ ਨਿਕਲਦੀ ਹੈ। ਨੇਂ ਜਾਣੀਏ, ਕਦ ਕੋਈ ਅਜਿਹਾ ਉਪੱਦਰੀ ਪੰਜਾਬ ਦੇ ਸਿਆਸੀ ਕਟਹਿਰੇ 'ਤੇ ਕਾਬਜ਼ ਹੋ ਜਾਵੇ ਤੇ ਸਾਡੀ 'ਵਾਰੀ' ਲਿਆ ਦੇਵੇ।

ਪੁਰਾਣੇ ਸਮੇਂ ਵਿਚ ਪੰਜਾਬ ਦੀਆਂ ਵੰਡੀਆਂ ਪਾਉਣ ਵਾਲਿਆਂ ਨੂੰ ਲੱਖ ਲੱਖ ਲਾਹਣਤਾਂ ਪਾਉਣੀਆਂ ਚਾਹੀਦੀਆਂ ਹਨ ਤੇ ਨਵੀਆਂ ਵੰਡੀਆਂ ਦੀਆਂ ਗੱਲਾਂ ਕਰਨ ਵਾਲਿਆਂ ਦੇ ਮਨਸੂਬਿਆਂ ਦੀ ਖਬਰ ਰੱਖਣੀ ਚਾਹੀਦੀ ਹੈ ਕਿ ਇਹ ਲੋਕ ਕੌਣ ਹਨ ਤੇ ਕਿਨ੍ਹਾਂ ਦੇ ਇਸ਼ਾਰਿਆਂ 'ਤੇ ਇਹ ਪੰਜਾਬ ਦੇ ਗਲ ਵਿਚ ਫਿਰ ਸੰਤਾਲੀ ਜਿਹਾ ਇਕ ਹੋਰ ਫਾਹਾ ਪਾਉਣ ਦੀਆਂ ਸਕੀਮਾਂ ਘੜ ਰਹੇ ਹਨ। ਪੰਜਾਬ ਦੀ ਸਭਿਆਚਾਰਕ ਸਾਂਝੀਵਾਲਤਾ ਨੂੰ ਫਿਰ ਵੱਡਾ ਖਤਰਾ ਦਰਪੇਸ਼ ਹੈ। ਜੇ ਇਸ ਨੂੰ ਨਾ ਟਾਲਿਆ ਗਿਆ ਤਾਂ ਪੰਜਾਬ ਦਾ ਸਭਿਆਚਾਰ ਧਰਤੀ ਤੋਂ ਮਿਟ ਵੀ ਸਕਦਾ ਹੈ।




ਕਿਸੇ ਭਲੇ ਵੇਲੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨੇ ਪੰਜਾਬ ਦੇ ਮਾਣਮੱਤੇ ਸਾਹਿਤਕਾਰ ਬਲਵੰਤ ਗਾਰਗੀ ਤੋਂ 'ਪੰਜਾਬ ਦੇ ਮਹਾਨ ਕਲਾਕਾਰ' ਪੁਸਤਕ ਲਿਖਵਾਈ ਸੀ, ਜੋ ਯੂਨੀਵਰਸਿਟੀ ਦੀ ਕਿਸੇ ਨਾ ਕਿਸੇ ਕਲਾਸ ਵਿਚ ਪੜ੍ਹਾਈ ਵੀ ਜਾਂਦੀ ਹੈ। ਪੰਜਾਬ ਦੀਆਂ ਸਭਿਆਚਾਰਕ ਕਲਾਵਾਂ ਦੀ ਹਾਲਤ ਅਤੇ ਸਿਹਤ ਦਾ ਅੰਦਾਜ਼ਾ ਗਾਰਗੀ ਦੀ ਇਸ ਪੁਸਤਕ ਦੀ ਪੁਨਰ ਛਪਾਈ ਤੋਂ ਸਹਿਜੇ ਹੀ ਲਾਇਆ ਜਾ ਸਕਦਾ ਹੈ। ਇਤਨੀ ਘਟੀਆ ਫੋਟੋਸਟੈਟ ਦਾ ਜੇ ਕੰਪੀਟੀਸ਼ਨ ਕਰਵਾਇਆ ਜਾਵੇ ਤਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਗੋਲਡ ਮੈਡਲ ਜਿੱਤ ਸਕਦੀ ਹੈ।

ਪੰਜ ਪਾਣੀਆਂ ਦੇ ਦੇਸ ਪੰਜਾਬ ਦੀਆਂ ਨਦੀਆਂ ਅਤੇ ਨਹਿਰਾਂ ਦਾ ਪਾਣੀ ਕਾਰਖਾਨੇਦਾਰਾਂ ਨੇ ਪੀਣ ਜੋਗਾ ਨਹੀਂ ਛੱਡਿਆ। ਧਰਤੀ ਹੇਠਲਾ ਪਾਣੀ ਜਿਮੀਂਦਾਰਾਂ ਨੇ ਝੋਨੇ ਦੀ ਭੇਟ ਚਾੜ੍ਹ ਦਿੱਤਾ ਹੈ। ਫਲਸਰੂਪ, ਹੁਣ ਪਾਣੀਆਂ ਦੇ ਇਸ ਬਦਕਿਸਮਤ ਦੇਸ ਵਿਚ ਪੀਣ ਵਾਲੇ ਪਾਣੀ ਦੀ ਬੋਤਲ ਵੀਹ, ਤੀਹ, ਪੰਜਾਹ, ਸੱਠ ਰੁਪਏ ਤੋਂ ਲੈ ਕੇ ਸੌ ਰੁਪਏ ਤੱਕ ਮਿਲਦੀ ਹੈ। ਹੋ ਸਕਦਾ ਹੈ, ਆਉਣ ਵਾਲੇ ਸਮੇਂ ਅੰਦਰ ਪੰਜਾਬ ਵਿਚ ਸ਼ਰਾਬ ਦੀ ਥਾਂ ਸਿਰਫ 'ਆਬ' ਅਰਥਾਤ ਪਾਣੀ ਦੇ ਠੇਕੇ ਖੁੱਲ੍ਹ ਜਾਣ।

ਠੰਢੇ ਮਿੱਠੇ ਜਲ ਦੀ 'ਟਕਸਾਲੀ' ਛਬੀਲ ਅਤੇ ਸਤਿਕਾਰ ਕਮੇਟੀਆਂ ਦੇ 'ਹਲੀਮੀ ਰਾਜ' ਨੇ ਖਾਲਸੇ ਦੇ ਅਕਸ ਨੂੰ ਅਜਿਹੀ ਪੁੱਠ ਚਾੜ੍ਹ ਦਿੱਤੀ ਹੈ, ਜਿਸ ਤੋਂ ਗੈਰ ਸਿੱਖ ਤਾਂ ਕਿਤੇ ਰਹੇ, ਸਾਧਾਰਨ ਸਿੱਖਾਂ ਦੇ ਮਨ ਵੀ ਖੌਫਜ਼ਦਾ ਹਨ। ਅਸੀਂ ਖਾਲਿਸਤਾਨ ਦੇ ਨਾਂ ਵਿਚੋਂ ਔਰੰਗਜ਼ੇਬ ਤੋਂ ਬਿਹਤਰ ਨਿਜ਼ਾਮ ਦੀ ਉਮੀਦ ਨਹੀਂ ਬੰਨ੍ਹਾ ਸਕੇ।

ਪੰਜਾਬ ਵੰਨ-ਸੁਵੰਨਤਾ ਦੀ ਸਭਿਅਤਾ ਦਾ ਪੰਘੂੜਾ ਸੀ। ਸਿਆਸਤ ਨੇ ਉਸ ਸਭਿਅਤਾ ਨੂੰ ਦੇਸ਼ ਨਿਕਾਲਾ ਦੇ ਕੇ ਪੰਜਾਬ ਦੇ ਪੰਘੂੜੇ 'ਚ ਕੁਲੱਛਣੀ ਨਫਰਤ ਨੂੰ ਦੁਲਹਨ ਵਾਂਗ ਸਜਾ ਕੇ ਬਹਾਲ ਦਿੱਤਾ ਹੈ। ਹੁਣ ਗੁਰਾਂ ਦੇ ਨਾਂ 'ਤੇ ਵੱਸਦੇ ਪੰਜਾਬ ਵਿਚੋਂ ਭਾਈਚਾਰਕ ਸਾਂਝ ਗਾਇਬ ਹੋ ਰਹੀ ਹੈ ਤੇ ਭਾਈਚਾਰਕ ਦੁਫੇੜ ਦਾ ਬੋਲਬਾਲਾ ਹੋ ਰਿਹਾ ਹੈ।

ਚੂੜਾਮਣੀ ਇਤਿਹਾਸਕਾਰ, ਕਵੀਰਾਜ ਭਾਈ ਸੰਤੋਖ ਸਿੰਘ ਨੇ ਕਿਸੇ ਵੀ ਧਾਰਮਿਕ ਏਕਾਕੇਂਦਰਤ ਸਮਾਜ ਦੀ ਬਣਤਰ ਜਾਂ ਰੂਪ-ਰੇਖਾ ਨੂੰ 'ਕੁਚੀਲਤਾ' ਦੀ ਸੰਗਿਆ ਦਿੱਤੀ ਹੈ ਕਿ ਜੇ ਗੁਰੂ ਸਾਹਿਬਾਨ ਹਿੰਦ ਦੀ ਧਰਤੀ 'ਤੇ ਆਪਣੀ ਰੱਤ ਨਾ ਡੋਲ੍ਹਦੇ ਤਾਂ ਇਥੇ ਏਕਤਾ ਛਾ ਜਾਣੀ ਸੀ ਤੇ ਅਨੇਕਤਾ ਦਾ ਨਾਮੋ-ਨਿਸ਼ਾਨ ਮਿਟ ਜਾਣਾ ਸੀ। ਉਸ ਦੇ ਸ਼ਬਦਾਂ ਵਿਚ:

ਦੇਵੀ ਦੇਵ ਦੇਵਲ ਸੰਤੋਖ ਸਿੰਘਾ ਦੂਰ ਹੋਤੇ
ਫੈਲਤੀ ਕੁਚੀਲਤਾ ਕਤੇਬਨ ਕੁਰਾਨ ਕੀ।

ਇਸ ਪ੍ਰਸੰਗ ਵਿਚ ਸੋਚਣਾ ਬਣਦਾ ਹੈ ਕਿ ਇਹ ਰੌਲਾ ਪਾਉਣ ਵਾਲੇ ਲੋਕ ਅਸਲ ਵਿਚ ਸਿੱਖੀ ਦੀ ਸਹਿਜ ਤੇ ਸੁਹਜਮਈ ਸਾਂਝੀਵਾਲਤਾ ਨੂੰ ਜਾਤੀ 'ਕੁਚੀਲਤਾ' ਦੀ ਪੁੱਠ ਚਾੜ੍ਹ ਰਹੇ ਹਨ।

ਇਕ ਹੋਰ ਨੁਕਤਾ ਵੀ ਗੌਰਤਲਬ ਹੈ, ਕਿਸੇ ਵੇਲੇ ਕਿਹਾ ਜਾ ਸਕਦਾ ਸੀ ਕਿ ਸਿੱਖ ਸਮਾਜ ਅੰਦਰ ਮੰਗਤੇ ਦੀ ਕੋਈ ਥਾਂ ਨਹੀਂ ਸੀ। ਸਿੱਖ ਦੀ ਪ੍ਰਕਿਰਤੀ ਅਤੇ ਪ੍ਰਵਿਰਤੀ ਦਾਨ ਦੇਣ ਦੀ ਸੀ, ਦਾਨ ਲੈਣ ਦੀ ਨਹੀਂ ਸੀ; ਦਾਨ ਮੰਗਣ ਦੀ ਬਿਲਕੁਲ ਵੀ ਨਹੀਂ ਸੀ ਪਰ ਅਜੋਕੇ ਦੌਰ ਵਿਚ ਸਿੱਖਾਂ ਨੂੰ ਵੀ ਮੰਗਦਿਆਂ ਦੇਖਿਆ ਜਾ ਸਕਦਾ ਹੈ। ਇਤਨਾ ਕੁ ਫਰਕ ਜ਼ਰੂਰ ਹੈ ਕਿ ਸਿੱਖ ਆਪਣੇ ਲਈ ਸਿੱਧਾ ਨਹੀਂ ਮੰਗਦੇ, ਬਲਕਿ ਕੋਈ ਨਾ ਕੋਈ ਬਹਾਨਾ ਬਣਾਉਂਦੇ ਹਨ। ਮੰਗਣ ਦਾ ਇਹ ਟੇਢਾ ਤਰੀਕਾ ਕਮੀਨਗੀ ਦਾ ਸਿਰਾ ਹੈ। ਹੁਣ ਸਿਆਸਤ ਦੇ ਨਾਂ 'ਤੇ ਵੀ ਮੰਗਣ ਦਾ ਰਿਵਾਜ ਪੈ ਗਿਆ ਹੈ। ਅੱਜ ਕੱਲ੍ਹ ਮੰਗਣ ਲਈ ਵੱਖਰੀ ਸਿੱਖ ਸਟੇਟ ਦਾ ਮੁੱਦਾ ਅਤੇ ਬਹਾਨਾ ਬਹੁਤ ਜ਼ਰਖੇਜ਼ ਹੈ। ਇਸ ਬਹਾਨੇ ਬਹੁਤ ਸਾਰਾ ਧਨ ਇਕੱਠਾ ਹੋਵੇਗਾ। ਕੁਝ ਵਿਸ਼ੇਸ਼ ਬੰਦਿਆਂ ਦੀਆਂ ਕਦੀ ਵੀ ਨਾ ਭਰਨ ਵਾਲੀਆਂ ਤਿਜੋਰੀਆਂ ਭਰਨਗੀਆਂ।

ਸਿਆਸਤ ਦੀਆਂ ਮਜਬੂਰੀਆਂ ਜਾਂ ਅੜਾਂ ਥੁੜ੍ਹਾਂ ਹੋਣਗੀਆਂ, ਜਿਸ ਕਰਕੇ ਚੌਥੇ ਕੁ ਦਿਨ ਪੰਜਾਬ ਨੂੰ ਹੋਰ ਨਿੱਕਾ ਕਰਨ ਦੀ ਜ਼ਰੂਰਤ ਪੈਂਦੀ ਹੈ ਪਰ ਸਾਹਿਤ, ਭਾਸ਼ਾ ਅਤੇ ਸਭਿਆਚਾਰ ਦੀ ਅਜਿਹੀ ਕੋਈ ਮਜਬੂਰੀ ਨਹੀਂ ਹੈ। ਆਓ, ਆਪਾਂ ਆਪਣੇ ਸਬੂਤੇ ਪੰਜਾਬ ਦੀ ਸੁੱਖ ਮੰਗੀਏ ਅਤੇ ਖੈਰ ਮਨਾਈਏ!

ਸਾਡੇ ਸਬੂਤੇ ਪੰਜਾਬ ਦਾ ਕੋਈ ਐਮ. ਐਲ. ਏ. ਨਹੀਂ, ਕੋਈ ਮੰਤਰੀ ਸੰਤਰੀ ਨਹੀਂ, ਕੋਈ ਮੁੱਖ ਮੰਤਰੀ ਜਾਂ ਭੁੱਖ ਮੰਤਰੀ ਨਹੀਂ ਹੈ। ਦਰਅਸਲ ਸਾਡੇ ਸਬੂਤੇ ਪੰਜਾਬ ਨੂੰ ਚੋਣਾਂ ਦਾ ਚੰਦਰਾ ਗ੍ਰਹਿਣ ਲੱਗਾ ਹੀ ਨਹੀਂ। 'ਸਬੂਤਾ ਪੰਜਾਬ' ਭਗਤ ਰਵਿਦਾਸ ਜੀ ਦੇ ਬੇਗਮਪੁਰੇ ਦਾ ਪਰਿਆਇ ਹੈ। ਕਿਸੇ ਨਵੇਂ/ਸਾਂਝੇ ਸਿੰਬਲ ਦੀ ਤਲਾਸ਼ ਅਤੇ ਉਡੀਕ ਵਿਚ ਇਹੀ ਸਾਡਾ 'ਹੀਰਵੰਨਾ' ਪੰਜਾਬ ਹੈ; ਇਹੀ ਸਾਡਾ ਹੋਮਲੈਂਡ ਹੈ; ਇਹੀ ਸਾਡਾ ਖਾਲਿਸਤਾਨ ਹੈ। ਸ਼ਾਲਾ! ਜੁੱਗ ਜੁੱਗ ਜੀਵੇ ਸਾਬਤ ਸਬੂਤਾ ਇਹ ਮੇਰਾ/ਸਾਡਾ ਪੰਜਾਬ!

# ਸਰਕਾਰ ਦੀ ਨੀਅਤ ਅਤੇ ਨੀਤੀ ਸਵਾਲਾਂ ਦੇ ਘੇਰੇ 'ਚ

ਇਸ ਸਮੇਂ ਭਾਰਤ ਦੇ ਵੱਖ ਵੱਖ ਹਿੱਸਿਆਂ 'ਚ ਵੱਡਾ ਮੁੱਦਾ ਮੌਬ ਲਿੰਚਿੰਗ ਦਾ ਬਣਿਆ ਹੋਇਆ ਹੈ। ਮੌਜੂਦਾ ਸੱਤਾਧਾਰੀ ਭਾਜਪਾ ਜਿੰਨੇ ਮਰਜੀ ਦਮਗਜੇ ਮਾਰੀ ਜਾਵੇ ਪਰ ਸਮਾਜਕ ਵੰਡੀਆਂ ਨੂੰ ਸ਼ਹਿ ਦੇਣ ਵਿਚ ਉਸ ਦਾ ਕੋਈ ਸਾਨੀ ਨਹੀਂ। ਮੌਬ ਲਿੰਚਿੰਗ ਦਾ ਇੱਕ ਮਾਮਲਾ ਠੰਡਾ ਹੁੰਦਾ ਹੈ ਤਾਂ ਦੂਜਾ ਸਾਹਮਣੇ ਆ ਜਾਂਦਾ ਹੈ।

**ਹਰਜਿੰਦਰ ਸਿੰਘ ਗੁਲਪੁਰ**
ਫੋਨ: 91-98722-38981

ਪਿਛਲੇ ਦਿਨੀਂ ਰਾਜਸਥਾਨ ਦੇ ਅਲਵਰ ਜਿਲੇ ਦੇ ਪਿੰਡ ਰਾਂਗੜ ਵਿਚ ਅਖੌਤੀ ਗਊ ਰੱਖਿਅਕਾਂ ਨੇ ਅਕਬਰ ਨਾਂ ਦੇ ਇਕ ਗਊ ਪਾਲਕ ਨੂੰ ਮਾਰ ਦਿੱਤਾ। ਅਕਬਰ ਦਾ ਸਾਥੀ ਕਿਸੇ ਤਰ੍ਹਾਂ ਜਾਨ ਬਚਾਉਣ ਵਿਚ ਸਫਲ ਹੋ ਗਿਆ। ਇਸ ਘਟਨਾ 'ਤੇ ਸ਼ਰਮ ਸਾਰ ਹੋਣ ਦੀ ਥਾਂ ਕੇਂਦਰੀ ਮੰਤਰੀ ਅਰਜਨ ਰਾਮ ਮੇਘਵਾਲ ਦਾ ਬਿਆਨ ਹੈ ਕਿ ਜਿਉਂ ਜਿਉਂ ਮੋਦੀ ਦੀ ਲੋਕਪ੍ਰਿਅਤਾ ਵਧੇਗੀ, ਅਜਿਹੀਆਂ ਘਟਨਾਵਾਂ ਵਿਚ ਵਾਧਾ ਹੋਵੇਗਾ।

ਰਾਜਨੀਤੀ ਤਾਂ ਹੈ ਹੀ ਗੰਦੀ ਪਰ ਜਿਸ ਤਰ੍ਹਾਂ ਮੀਡੀਆ ਦੇ ਇੱਕ ਹਿੱਸੇ ਵਲੋਂ ਗੰਦੀ ਰਾਜਨੀਤੀ ਨੂੰ ਹੱਲਾਸ਼ੇਰੀ ਦਿੱਤੀ ਜਾ ਰਹੀ ਹੈ, ਬਹੁਤ ਸ਼ਰਮਨਾਕ ਹੈ। ਕੁਝ ਮੀਡੀਆ ਚੈਨਲਾਂ ਵਲੋਂ ਤੈਅ ਸ਼ੁਦਾ ਪੜ੍ਹੀ-ਲਿਖੀ ਪੀੜ੍ਹੀ ਨੂੰ ਮਿਥ ਕੇ ਬੁਲਾਇਆ ਜਾਂਦਾ ਹੈ ਅਤੇ ਹੌਲੀ ਹੌਲੀ ਵਿਰੋਧੀ ਵਿਚਾਰਾਂ ਨਾਲ ਲਿੰਚਿੰਗ ਕੀਤੀ ਜਾਣ ਲੱਗ ਜਾਂਦੀ ਹੈ। ਇਥੋਂ ਤੱਕ ਕਿ ਚੈਨਲ ਦਾ ਐਂਕਰ ਵੀ 'ਮੋਦੀ ਮੋਦੀ' ਕਰਨ ਲੱਗ ਪੈਂਦਾ ਹੈ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਲੱਛੇਦਾਰ ਭਾਸ਼ਣ ਅਤੇ ਵਿਰੋਧੀਆਂ ਨੂੰ ਵੰਡਣ ਦਾ ਹੁਨਰ, ਉਸ ਦੀ ਵੱਡੀ ਸਫਲਤਾ ਹੈ। ਬਾਕੀ ਸਹਿਯੋਗੀ ਵੀ ਉਸ ਦੀ ਰੀਸ ਕਰਨ ਦੇ ਯਤਨ ਵਿਚ ਮਸ਼ਰੂਫ ਹਨ। ਲੋਕ ਸਭਾ ਵਿਚ ਬੇਭਰੋਸਗੀ ਦੇ ਮਤੇ ਬਾਰੇ ਬਹਿਸ ਦੌਰਾਨ ਗ੍ਰਹਿ ਮੰਤਰੀ ਰਾਜ ਨਾਥ ਸਿੰਘ ਦੇ ਭਾਸ਼ਣ ਵਲ ਧਿਆਨ ਦੇਣਾ ਚਾਹੀਦਾ ਹੈ। ਰਾਜ ਨਾਥ ਸਿੰਘ ਨੇ ਮੋਬ ਲਿੰਚਿੰਗ ਨੂੰ ਖਤਮ ਕਰਨ ਲਈ ਕੋਈ ਠੋਸ ਗੱਲ ਕਰਨ ਦੀ ਥਾਂ ਨਵੰਬਰ 1984 ਦੇ ਸਿੱਖ ਵਿਰੋਧੀ ਦੰਗਿਆਂ ਨੂੰ ਵੱਡੀ ਮੌਬ ਲਿੰਚਿੰਗ ਆਖ ਕੇ ਇੱਕ ਤਰ੍ਹਾਂ ਮੌਜੂਦਾ ਭੀੜ ਤੰਤਰ ਨੂੰ ਜਾਇਜ਼ ਦੱਸਣ ਦਾ ਯਤਨ ਕੀਤਾ। ਗ੍ਰਹਿ ਮੰਤਰੀ ਦੇ ਇਸ ਬਿਆਨ ਤੋਂ ਸਰਕਾਰ ਦੀ ਨੀਤੀ ਅਤੇ ਨੀਅਤ ਪੂਰੀ ਤਰ੍ਹਾਂ ਸਾਫ ਹੋ ਜਾਂਦੀ ਹੈ। ਉਨ੍ਹਾਂ ਬੜੇ ਸ਼ਾਤਰ ਢੰਗ ਨਾਲ ਸਿੱਖ ਕੌਮ ਨੂੰ ਦੱਸਣ ਦਾ ਯਤਨ ਕੀਤਾ ਹੈ ਕਿ ਲੋਕ ਸਭਾ ਅੰਦਰ ਤੁਹਾਡੇ ਨੁਮਾਇੰਦੇ ਸਿਰਫ ਅਸੀਂ ਹੀ ਹਾਂ। ਜੇ ਸੱਚ ਮੁੱਚ ਭਾਜਪਾ ਸਰਕਾਰ ਇਨ੍ਹਾਂ ਘਟਨਾਵਾਂ ਨੂੰ ਰੋਕਣਾ ਚਾਹੁੰਦੀ ਹੈ ਤਾਂ 19 ਰਾਜਾਂ ਵਿਚਲੀਆਂ ਭਾਜਪਾ ਸਰਕਾਰਾਂ ਨੂੰ ਨਵਾਂ ਕਾਨੂੰਨ ਬਣਾਉਣ ਲਈ ਕਹਿ ਕੇ ਨਿਵੇਕਲੀ ਪਹਿਲ ਕਰ ਸਕਦੀ ਹੈ, ਪਰ ਅਜਿਹਾ ਉਹ ਹਰਗਿਜ ਨਹੀਂ ਕਰੇਗੀ ਕਿਉਂਕਿ ਉਸ ਨੂੰ ਲੱਗਣ ਲੱਗ ਪਿਆ ਹੈ ਕਿ ਇਸ ਤਰ੍ਹਾਂ ਦੀਆਂ ਘਟਨਾਵਾਂ ਉਸ ਦੇ ਵੋਟ ਬੈਂਕ ਨੂੰ ਮਜਬੂਤ ਕਰਦੀਆਂ ਹਨ।

ਮੌਬ ਲਿੰਚਿੰਗ ਦੇ ਨਾਲ ਨਾਲ ਦੇਸ਼ ਭਰ ਵਿਚ ਬਾਲਗ ਤੇ ਨਾਬਾਲਗ ਔਰਤਾਂ ਦੇ ਬਲਾਤਕਾਰ ਹੋ ਰਹੇ ਹਨ। ਕੁਝ ਦਿਨ ਪਹਿਲਾਂ ਪੰਚਕੂਲਾ ਨੇੜੇ ਸਥਿਤ ਮੋਰਨੀ ਦੇ ਇੱਕ ਰੈਸਟੋਰੈਂਟ ਵਿਚ ਇੱਕ ਲੜਕੀ ਨਾਲ ਨੌਕਰੀ ਦਾ ਝਾਂਸਾ ਦੇ ਕੇ 40 ਬੰਦਿਆਂ ਨੇ ਰੇਪ ਕੀਤਾ, ਜੋ ਸਭਿਅਕ ਸਮਾਜ ਦੇ ਮੱਥੇ 'ਤੇ ਕਲੰਕ ਹੈ। ਕੌਮਾਂਤਰੀ ਰਿਪੋਰਟਾਂ ਵਿਚ ਕਿਹਾ ਗਿਆ ਹੈ ਕਿ ਭਾਰਤ ਇਸ ਸਮੇਂ ਔਰਤਾਂ ਲਈ ਮਹਿਫੂਜ਼ ਦੇਸ਼ ਨਹੀਂ। ਜਦੋਂ ਕੋਈ ਸੱਚ ਬੋਲਦਾ ਹੈ ਤਾਂ ਉਸ ਨੂੰ 'ਰਾਖਸ਼' ਆਖ ਕੇ ਸਭ ਖੋਜਾਂ ਦਾ ਸਿਲਾ ਆਪਣੀ ਝੋਲੀ ਵਿਚ ਪਾ ਲਿਆ ਜਾਂਦਾ ਹੈ। ਸੁਆਮੀ ਅਗਨੀਵੇਸ਼ ਨਾਲ ਏਹੀ ਹੋਇਆ। ਬਹੁ ਗਿਣਤੀ ਕੱਟੜਵਾਦੀ ਤਾਕਤਾਂ ਨੇ ਸਰਕਾਰ ਦੀ ਸ਼ਹਿ 'ਤੇ ਬੜੇ ਹੀ ਯੋਜਨਾਬੱਧ ਢੰਗ ਨਾਲ ਘੱਟ ਗਿਣਤੀਆਂ ਨੂੰ ਇੱਕ ਤਰ੍ਹਾਂ ਨਾਲ ਦਾਅ 'ਤੇ ਲਾ ਦਿੱਤਾ ਹੈ। ਸੱਤਾਧਾਰੀਆਂ ਨੇ ਅਲੀ ਬਾਬਾ ਦੇ ਨਾਲ ਨਾਲ ਚਾਲੀ ਚੋਰਾਂ ਨੂੰ ਵੀ ਅਪਨਾ ਲਿਆ ਹੈ।

ਟੀ. ਡੀ. ਪੀ. ਦੀ ਅਗਵਾਈ ਹੇਠ ਵਿਰੋਧੀ ਧਿਰਾਂ ਨੇ ਬੇਭਰੋਸਗੀ ਦਾ ਮਤਾ ਨੈਤਿਕਤਾ ਬਣਾ ਬਹੁਗਿਣਤੀ ਨੂੰ ਮੁੱਖ ਰੱਖ ਕੇ ਲਿਆਂਦਾ ਸੀ ਜਿਸ ਦਾ ਮਕਸਦ ਸਰਕਾਰ ਡੇਗਣਾ ਨਹੀਂ ਸਗੋਂ ਇਹ ਦੱਸਣਾ ਸੀ ਕਿ ਸਰਕਾਰ ਨੈਤਿਕ ਪੱਖੋਂ ਕਿੰਨੀ ਗਿਰ ਸਕਦੀ ਹੈ ਅਤੇ ਕਿਸ ਤਰ੍ਹਾਂ ਇਸ ਸਰਕਾਰ ਦੇ ਮੰਤਰੀ ਜਰਾਇਮਪੇਸ਼ਾ ਲੋਕਾਂ ਦੇ ਗਲਾਂ ਵਿਚ ਫੁੱਲਾਂ ਦੇ ਹਾਰ ਪਾ ਕੇ ਉਨ੍ਹਾਂ ਦੇ ਜੁਰਮਾਂ 'ਤੇ ਸਰਕਾਰੀ ਮੋਹਰ ਲਾਉਣ ਤੱਕ ਜਾ ਸਕਦੇ ਹਨ। ਇਸ ਮਤੇ ਦਾ ਮਕਸਦ ਵੋਟਿੰਗ ਦੀ ਥਾਂ ਪ੍ਰਧਾਨ ਮੰਤਰੀ ਨੂੰ ਉਹ ਵਾਅਦੇ ਯਾਦ ਦਿਵਾਉਣਾ ਸੀ, ਜੋ ਉਸ ਨੇ 2014 ਦੀਆਂ ਲੋਕ ਸਭਾ ਚੋਣਾਂ ਵੇਲੇ ਲੋਕਾਂ ਨਾਲ ਕੀਤੇ ਸਨ। ਵਿਰੋਧੀ ਧਿਰ ਵਲੋਂ ਉਠਾਏ ਮੁੱਦਿਆਂ ਦੇ ਤੌਰ ਤਰੀਕੇ 'ਤੇ ਕਿੰਤੂ ਹੋ ਸਕਦਾ ਹੈ ਪਰ ਉਨ੍ਹਾਂ ਮੁੱਦਿਆਂ ਦਾ ਜਵਾਬ ਦੇਣ ਵਿਚ ਉਹ ਪੂਰੀ ਤਰ੍ਹਾਂ ਅਸਫਲ ਰਹੇ ਹਨ। ਮਿਸਾਲ ਵਜੋਂ ਕਾਲੇ ਧਨ ਦੀ ਵਾਪਸੀ, ਬੈਂਕਾਂ ਨਾਲ ਹਜਾਰਾਂ ਕਰੋੜ ਦੀ ਠੱਗੀ ਮਾਰ ਕੇ ਵਿਦੇਸ਼ ਭੱਜੇ ਲੋਕਾਂ ਦੀ ਵਾਪਸੀ, ਹਰ ਸਾਲ 2 ਕਰੋੜ ਨੌਜਵਾਨਾਂ ਨੂੰ ਰੁਜਗਾਰ, ਡੋਕਲਾਂ ਵਿਖੇ ਚੀਨ ਵਲੋਂ ਕੀਤੀਆਂ ਜਾ ਰਹੀਆਂ ਫੌਜੀ ਕਾਰਵਾਈਆਂ, 15-15 ਲੱਖ ਰੁਪਏ ਹਰ ਨਾਗਰਿਕ ਦੇ ਖਾਤੇ ਵਿਚ ਪਾਉਣ, ਮੌਬ ਲਿੰਚਿੰਗ, ਸਵਾਮੀਨਾਥਨ ਰਿਪੋਰਟ ਲਾਗੂ ਕਰਨ, ਪੁਰਾਣੀ ਕਰੰਸੀ ਬੰਦ ਕਰਨ ਦੇ ਨਤੀਜੇ ਵਜੋਂ ਪੈਦਾ ਹੋਏ ਹਾਲਾਤ, ਮਹਿੰਗਾਈ ਅਤੇ ਕਿਸਾਨੀ ਕਰਜੇ ਜਿਹੇ ਮਸਲਿਆਂ ਬਾਰੇ ਕੁਝ ਨਹੀਂ ਬੋਲੇ।

ਮੋਦੀ ਦੇ ਭਾਸ਼ਣ 'ਤੇ ਟਿੱਪਣੀ ਕਰਦਿਆਂ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਕਿਹਾ ਹੈ ਕਿ ਜੁਮਲਿਆਂ ਨਾਲ ਕਿਸਾਨਾਂ ਦੀ ਆਮਦਨ ਦੁੱਗਣੀ ਨਹੀਂ ਹੋ ਸਕਦੀ। ਇਸ ਲਈ ਖੇਤੀ ਖੇਤਰ ਦੀ ਵਿਕਾਸ ਦਰ 14 ਫੀਸਦੀ ਕਰਨੀ ਪਵੇਗੀ। ਜਿੱਥੋਂ ਤੱਕ ਕਾਲੇ ਧਨ ਦੀ ਵਾਪਸੀ ਦਾ ਸਵਾਲ ਹੈ, ਉਸ ਬਾਰੇ ਰਿਪੋਰਟਾਂ ਹਨ ਕਿ ਸਵਿੱਸ ਬੈਂਕਾਂ ਵਿਚ ਪਿਛਲੇ ਚਾਰ ਸਾਲਾਂ ਅੰਦਰ ਕਾਲੇ ਧੰਨ ਦੀ ਮਾਤਰਾ ਵਿਚ ਕਾਫੀ ਵਾਧਾ ਹੋਇਆ ਹੈ, ਜਿਸ ਦਾ ਸਰਕਾਰ ਕੋਲ ਕੋਈ ਜਵਾਬ ਨਹੀਂ ਹੈ।

ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਕੇ. ਤੁਲਸੀ ਨੇ ਐਨ. ਡੀ. ਟੀ. ਵੀ. ਨਾਲ ਗੱਲ ਕਰਦਿਆਂ ਕਿਹਾ ਹੈ ਕਿ ਹਿੰਸਕ ਘਟਨਾਵਾਂ ਵਿਚ ਸ਼ਾਮਲ ਹੋਣ ਵਾਲੇ ਬਿਨਾ ਕਿਸੇ ਖੌਫ ਇਹ ਵਾਰਦਾਤਾਂ ਕਰ ਰਹੇ ਹਨ। ਉਨ੍ਹਾਂ ਦੀ ਕਾਰਜ ਸ਼ੈਲੀ ਤੋਂ ਸਪਸ਼ਟ ਹੁੰਦਾ ਹੈ ਕਿ ਉਨ੍ਹਾਂ ਦੀ ਪਿੱਠ ਪਿੱਛੇ ਕੋਈ ਨਾ ਕੋਈ ਤਾਕਤ ਜਰੂਰ ਖੜ੍ਹੀ ਹੈ, ਜਿਸ ਨੂੰ ਸਰਕਾਰ ਬੇਪਰਦ ਕਰਨ ਦੇ ਰੌਂਅ ਵਿਚ ਦਿਖਾਈ ਨਹੀਂ ਦੇ ਰਹੀ। ਅੱਜ ਤੱਕ ਜਿੰਨੀਆਂ ਵੀ ਲਿੰਚਿੰਗ ਦੀਆਂ ਘਟਨਾਵਾਂ ਹੋਈਆਂ ਹਨ, ਉਨ੍ਹਾਂ 'ਚੋਂ ਕਿਸੇ ਵਿਚ ਵੀ ਕਿਸੇ ਦੋਸ਼ੀ ਨੂੰ ਸਜ਼ਾ ਨਹੀਂ ਹੋਈ। 80 ਫੀਸਦੀ ਹਿੰਸਕ ਘਟਨਾਵਾਂ ਘੱਟ ਗਿਣਤੀਆਂ ਦੇ ਖਿਲਾਫ ਹੋਈਆਂ ਹਨ। ਸੁਪਰੀਮ ਕੋਰਟ ਵਲੋਂ ਸਖਤ ਨੋਟਿਸ ਲੈਣ ਤੋਂ ਬਾਅਦ ਵੀ ਇਹ ਵਰਤਾਰਾ ਬੇਰੋਕ ਜਾਰੀ ਹੈ।

# ਕਿਸਾਨ ਨੂੰ ਆਰ. ਟੀ. ਆਈ. ਦਾ ਡੇਢ ਕੁਇੰਟਲ ਕਾਗਜ਼ਾਂ 'ਤੇ ਮਿਲਿਆ ਜਵਾਬ

**ਚੰਡੀਗੜ੍ਹ:** ਹਰਿਆਣਾ ਦੇ ਸਿਰਸਾ ਦੇ ਪਿੰਡ ਦੜਬਾ ਦੇ ਕਿਸਾਨ ਨੇ ਸੂਚਨਾ ਦੇ ਅਧਿਕਾਰ ਕਾਨੂੰਨ ਤਹਿਤ ਜਾਣਕਾਰੀ ਮੰਗ ਕੇ ਬਿਪਤਾ ਹੀ ਗਲ ਪਾ ਲਈ। ਕਿਸਾਨ ਦੇ ਸਵਾਲ ਦੇ ਜਵਾਬ ਵਿਚ ਹਰਿਆਣਾ ਸੂਬਾ ਸਹਿਕਾਰੀ ਸੁਸਾਇਟੀ ਤੇ ਮਾਰਕੀਟਿੰਗ ਫੈਡਰੇਸ਼ਨ ਲਿਮਟਿਡ ਨੇ ਉਸ ਨੂੰ 32,017 ਸਫਿਆਂ 'ਤੇ ਜਵਾਬ ਲਿਖ ਭੇਜਿਆ ਹੈ, ਜਿਸ ਦਾ ਵਜ਼ਨ ਕਰੀਬ 150 ਕਿੱਲੋ ਹੈ। ਇੰਨਾ ਹੀ ਨਹੀਂ, ਇਸ ਕੰਮ ਵਿਚ ਉਸ ਨੂੰ ਤਕਰੀਬਨ 70,000 ਰੁਪਏ ਵੀ ਖਰਚ ਕਰਨੇ ਪਏ। ਕਿਸਾਨ ਅਨਿਲ ਕਾਸਵਾਨ ਨੇ ਦੱਸਿਆ ਕਿ ਉਸ ਨੇ ਜੂਨ ਵਿਚ ਸਾਲ 2018 ਦੌਰਾਨ ਕਣਕ ਤੇ ਸਰ੍ਹੋਂ ਦੀ ਖਰੀਦ ਸਬੰਧੀ ਸਰਕਾਰੀ ਨਿਯਮ ਤੇ ਅਦਾਇਗੀ ਬਾਰੇ ਜਾਣਕਾਰੀ ਮੰਗੀ ਸੀ। ਬੀਤੀ ਦੋ ਜੁਲਾਈ ਹੈਫੇਡ ਦੇ ਸੂਬਾਈ ਲੋਕ ਸੰਪਰਕ ਅਧਿਕਾਰੀ (ਐਸ.ਪੀ.ਆਈ.ਓ.) ਨੇ ਉਸ ਨੂੰ ਸਿਰਸਾ ਦਫਤਰ ਵਿਚ ਜਾ ਕੇ ਹਜ਼ਾਰਾਂ ਸਫਿਆਂ ਦਾ ਰਿਕਾਰਡ ਖੰਘਾਲਣ ਤੇ ਟਾਲਣ ਵਾਲਾ ਸੰਦੇਸ਼ ਭੇਜਿਆ, ਪਰ ਜਦ ਉਹ ਨਾ ਮੰਨੇ ਤਾਂ 16 ਜੁਲਾਈ ਨੂੰ ਉਸ ਨੂੰ ਦੋ ਰੁਪਏ ਫੀ ਪੰਨੇ ਦੇ ਹਿਸਾਬ ਨਾਲ 32,017 ਸਫਿਆਂ ਲਈ 68,834 ਰੁਪਏ ਜਮ੍ਹਾ ਕਰਵਾਉਣ ਲਈ ਕਿਹਾ ਤੇ ਡਾਕ ਖਰਚ ਦੇ ਤੌਰ ਉਤੇ 800 ਰੁਪਏ ਵੱਖਰੇ ਜਮ੍ਹਾ ਕਰਵਾਉਣ ਲਈ ਕਿਹਾ।

ਜੇਕਰ ਹਿਸਾਬ ਲਾਇਆ ਜਾਵੇ ਤਾਂ ਦੱਸੀ ਗਈ ਜਾਣਕਾਰੀ ਲਈ 64,834 ਰੁਪਏ ਬਣਦੇ ਸਨ, ਪਰ ਵਾਧੂ 4,000 ਕਿਸ ਲਈ ਜਮ੍ਹਾ ਕਰਵਾਏ, ਇਹ ਪੱਤਰ ਵਿਚ ਨਹੀਂ ਸੀ ਦੱਸਿਆ ਗਿਆ। ਪਰ ਕਿਸਾਨ ਅਨਿਲ ਕਾਸਵਾਨ ਨੇ ਮੰਗੇ ਗਏ 68,834 ਰੁਪਏ ਜਮ੍ਹਾ ਕਰਵਾ ਦਿੱਤੇ ਤੇ ਆਪਣੇ ਪਿੰਡ ਦੇ ਡਾਕਖਾਨੇ ਤੋਂ ਹੀ 11 ਬੰਡਲਾਂ ਵਿਚ ਬੰਦ ਜਾਣਕਾਰੀ ਪ੍ਰਾਪਤ ਕੀਤੀ।



# ਕਰਜ਼ ਮੁਆਫੀ: ਨਿੱਜੀ ਬੈਂਕਾਂ ਨੇ ਵਧਾਈਆਂ ਸਰਕਾਰ ਦੀਆਂ ਮੁਸ਼ਕਿਲਾਂ

**ਚੰਡੀਗੜ੍ਹ:** ਨਿੱਜੀ ਬੈਂਕਾਂ ਤੋਂ ਕਿਸਾਨਾਂ ਵੱਲੋਂ ਲਏ ਕਰਜ਼ ਮੁਆਫੀ ਨੂੰ ਲੈ ਕੇ 'ਪੇਚ' ਫਸ ਗਿਆ ਦੱਸਿਆ ਜਾ ਰਿਹਾ ਹੈ। ਸਰਕਾਰ ਦੀ ਚਿੰਤਾ ਇਸ ਮਾਮਲੇ 'ਚ ਇਸ ਲਈ ਵੀ ਵਧ ਗਈ ਹੈ ਕਿਉਂਕਿ ਨਿੱਜੀ ਬੈਂਕ ਕਰਜ਼ਾ ਮੁਆਫੀ ਤੋਂ ਪਹਿਲਾਂ ਸਾਰੀ ਰਾਸ਼ੀ ਜਾਰੀ ਕਰਨ ਲਈ ਸਰਕਾਰ ਉਤੇ ਦਬਾਅ ਬਣਾ ਰਹੇ ਹਨ ਜਦਕਿ ਇਸ ਤੋਂ ਪਹਿਲਾਂ ਸਰਕਾਰ ਨੇ ਸਹਿਕਾਰੀ ਬੈਂਕ ਦਾ ਕਰਜ਼ ਮੁਆਫ ਕਰਨ ਸਮੇਂ ਪਹਿਲਾ ਕਰਜ਼ ਮੁਆਫੀ ਕੀਤੀ ਸੀ ਅਤੇ ਮਗਰੋਂ ਬੈਂਕਾਂ ਨੂੰ ਅਦਾਇਗੀ ਕੀਤੀ ਸੀ। ਵਿੱਤੀ ਸੰਕਟ ਦਾ ਸਾਹਮਣਾ ਕਰ ਰਹੀ ਸਰਕਾਰ ਦੀ ਨਿੱਜੀ ਬੈਂਕਾਂ ਨੂੰ ਕਰਜ਼ ਦੀ ਸਾਰੀ ਰਾਸ਼ੀ ਪਹਿਲਾ ਅਦਾ ਕਰਨ ਨੂੰ ਲੈ ਕੇ ਪਰੇਸ਼ਾਨੀ ਵਧ ਗਈ ਹੈ।

ਉਧਰ, ਬੈਂਕਾਂ ਦੇ ਅੰਕੜਿਆਂ ਅਨੁਸਾਰ ਸਰਕਾਰ ਦੀ ਚਿੰਤਾ ਇਸ ਲਈ ਵੀ ਵਧੀ ਹੈ ਕਿਉਂਕਿ ਨਿੱਜੀ ਬੈਂਕਾਂ ਨਾਲ ਸਬੰਧਤ ਕਰਜ਼ਦਾਰ ਕਿਸਾਨਾਂ ਦੀ ਗਿਣਤੀ ਜੋ ਮਾਰਚ 2017 ਤੱਕ 116852 ਸੀ, ਮਾਰਚ 2018 ਤੱਕ ਵਧ ਕੇ 136700 ਤੱਕ ਪਹੁੰਚ ਗਈ ਹੈ। ਸਹਿਕਾਰੀ ਬੈਂਕਾਂ ਦੇ ਕਰਜ਼ਦਾਰ ਕਿਸਾਨਾਂ ਦਾ ਕਰਜ਼ ਮੁਆਫ ਕਰਨ ਦੇ ਬਾਅਦ ਹੁਣ ਪੰਜਾਬ ਸਰਕਾਰ ਦੇ ਸਾਹਮਣੇ ਨਿੱਜੀ ਬੈਂਕਾਂ ਦਾ ਕਰਜ਼ ਮੁਆਫ ਕਰਨਾ ਵੱਡੀ ਚੁਣੌਤੀ ਬਣ ਗਿਆ।

ਬੈਂਕਾਂ ਦੀ ਰਾਜ ਪੱਧਰੀ ਮੀਟਿੰਗ ਦੌਰਾਨ ਸਾਹਮਣੇ ਆਏ ਆਕੜਿਆਂ ਅਨੁਸਾਰ ਬੈਂਕਾਂ ਦਾ ਬਕਾਇਆ ਖੇਤੀਬਾੜੀ ਲੋਨ 30 ਜੂਨ 2017 ਨੂੰ 81,175 ਕਰੋੜ ਸੀ ਜੋ 30 ਜੂਨ 2018 ਨੂੰ ਵਧ ਕੇ 82501 ਕਰੋੜ ਰੁਪਏ ਹੋ ਗਿਆ ਹੈ। ਇਸੇ ਤਰ੍ਹਾਂ ਬੈਂਕਾਂ ਦੀ ਐਨ.ਪੀ.ਏ (ਨਾਨ ਪ੍ਰਫਾਰਮਿੰਗ ਐਸੇਟ) ਵੀ ਉਕਤ ਸਮੇਂ ਦੌਰਾਨ 5731 ਕਰੋੜ ਰੁਪਏ ਤੋਂ ਵੱਧ ਕੇ 7858 ਕਰੋੜ ਰੁਪਏ ਉਤੇ ਪਹੁੰਚ ਗਿਆ ਹੈ ਜਿਸ ਨਾਲ ਬੈਂਕਾਂ ਲਈ ਵੀ ਮੁਸੀਬਤ ਬਣੀ ਹੋਈ ਦੱਸੀ ਜਾ ਰਹੀ ਹੈ। ਇਕ ਅਧਿਕਾਰੀ ਨੇ ਦੱਸਿਆ ਕਿ ਲੰਘੇ ਇਕ ਸਾਲ ਦੇ ਦੌਰਾਨ ਬੈਂਕਾਂ ਦੇ ਐਨ.ਪੀ.ਏ ਵਿਚ 2127 ਕਰੋੜ ਰੁਪਏ ਦਾ ਵਾਧਾ ਹੋਇਆ ਹੈ, ਜਿਸ ਦੇ ਚਲਦੇ ਬੈਂਕ ਚਾਹੁੰਦੇ ਹਨ ਕਿ ਸਰਕਾਰ ਪਹਿਲਾਂ ਕਰਜ਼ ਰਾਸ਼ੀ ਜਾਰੀ ਕਰੇ, ਉਸ ਮਗਰੋਂ ਕਰਜ਼ਾ ਮੁਆਫੀ ਦਾ ਐਲਾਨ ਕੀਤਾ ਜਾਵੇ। ਦੂਜੇ ਪਾਸੇ ਸਰਕਾਰ ਚਾਹੁੰਦੀ ਹੈ ਕਿ ਪਹਿਲੇ ਤਰੀਕੇ ਵਾਂਗ ਪਹਿਲਾਂ ਸਰਕਾਰ ਕਰਜ਼ ਮੁਆਫੀ ਕਰੇ ਅਤੇ ਬੈਂਕਾਂ ਦੀ ਅਦਾਇਗੀ ਪਿੱਛੋਂ ਕੀਤੀ ਜਾਵੇ।

ਮੁੱਖ ਮੰਤਰੀ ਦਫਤਰ ਦੇ ਇਕ ਸੀਨੀਅਰ ਅਧਿਕਾਰੀ ਦਾ ਕਹਿਣਾ ਹੈ ਕਿ ਇਸ ਸਬੰਧੀ ਬੈਂਕਾਂ ਨਾਲ ਗੱਲਬਾਤ ਜਾਰੀ ਹੈ ਅਤੇ ਸਰਕਾਰ ਕੋਈ ਨਾ ਕੋਈ ਹੱਲ ਜਲਦੀ ਕੱਢ ਲਵੇਗੀ। ਜ਼ਿਕਰਯੋਗ ਹੈ ਕਿ ਸੂਬਾ ਸਰਕਾਰ ਹੁਣ ਤੱਕ 3,03,900 ਕਿਸਾਨਾਂ ਦੇ 1700 ਕਰੋੜ ਰੁਪਏ ਦੇ ਕਰਜ਼ ਮੁਆਫ ਕਰ ਚੁੱਕੀ ਹੈ ਅਤੇ ਹੁਣ ਸਰਕਾਰ ਨੇ ਨਿੱਜੀ ਬੈਂਕਾਂ ਨੂੰ ਇਕ ਪ੍ਰੋਫਾਰਮਾ ਜਾਰੀ ਕਰ ਉਨ੍ਹਾਂ ਕਿਸਾਨਾਂ ਦੀ ਸੂਚੀ ਮੰਗੀ ਹੋਈ ਹੈ, ਜਿਨ੍ਹਾਂ ਨੇ ਉਨ੍ਹਾਂ ਤੋਂ ਕਰਜ਼ ਲਿਆ ਹੋਇਆ ਹੈ। ਦੱਸਿਆ ਜਾ ਰਿਹਾ ਹੈ ਕਿ ਇਨ੍ਹਾਂ ਬੈਂਕਾਂ ਨੇ ਕਰੀਬ ਇਕ ਲੱਖ ਕਿਸਾਨਾਂ ਦਾ ਡਾਟਾ ਸਰਕਾਰ ਨੂੰ ਉਪਲਬਧ ਕਰਵਾ ਵੀ ਦਿੱਤਾ ਹੈ।

# ਮਿਲਖਾ ਸਿੰਘ ਦੀ ਗਲਤ ਫੋਟੋ ਲਾਉਣ ਦਾ ਮਾਮਲਾ ਭਖਿਆ

**ਕੋਲਕਾਤਾ:** ਅਦਾਕਾਰ ਫਰਹਾਨ ਅਖਤਰ ਵੱਲੋਂ ਇਕ ਕਿਤਾਬ ਵਿਚ ਉਸ ਨੂੰ ਮਹਾਨ ਅਥਲੀਟ ਮਿਲਖਾ ਸਿੰਘ ਵਜੋਂ ਦਰਸਾਏ ਜਾਣ ਦੀ ਗਲਤੀ ਬਾਰੇ ਦੱਸੇ ਜਾਣ ਦੇ ਇਕ ਦਿਨ ਬਾਅਦ ਤ੍ਰਿਣਮੂਲ ਕਾਂਗਰਸ ਦੇ ਸੰਸਦ ਮੈਂਬਰ ਡੈਰੇਕ ਓ'ਬ੍ਰਾਇਨ ਨੇ ਕਿਹਾ ਕਿ ਨਾ ਤਾਂ ਇਹ ਕਿਤਾਬ ਸਰਕਾਰੀ ਸਕੂਲ ਦੇ ਸਿਲੇਬਸ ਦਾ ਹਿੱਸਾ ਹੈ ਤੇ ਨਾ ਹੀ ਇਸ ਨੂੰ ਸਰਕਾਰ ਨੇ ਛਾਪਿਆ ਹੈ। ਸੀਨੀਅਰ ਆਗੂ ਨੇ ਸ੍ਰੀ ਅਖ਼ਤਰ ਨੂੰ ਵਿਸ਼ਵਾਸ ਦਿਤਾ ਹੈ ਕਿ ਸਕੂਲ ਦੀ ਇਹ ਕਿਤਾਬ ਛਾਪਣ ਵਾਲੀ ਨਿੱਜੀ ਕੰਪਨੀ ਦਾ ਪਤਾ ਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਸੰਸਦ ਮੈਂਬਰ ਨੇ ਟਵੀਟ ਕਰਕੇ ਕਿਹਾ ਸੀ, "ਮਿਲਖਾ ਸਿੰਘ ਦੀ ਗਲਤ ਫੋਟੋ ਛਾਪੇ ਜਾਣ ਬਾਰੇ ਦੱਸਣ ਲਈ ਧੰਨਵਾਦ ਫਰਹਾਨ। ਇਸ ਸਬੰਧੀ ਸੂਬੇ ਦੇ ਸਿੱਖਿਆ ਮੰਤਰੀ ਤੋਂ ਪੁੱਛਣ 'ਤੇ ਉਨ੍ਹਾਂ ਕਿਹਾ ਕਿ ਇਹ ਸਰਕਾਰੀ ਸਕੂਲ ਦੀ ਕਿਤਾਬ ਨਹੀਂ ਹੈ ਤੇ ਨਾ ਹੀ ਇਸ ਨੂੰ ਸਰਕਾਰ ਨੇ ਛਾਪਿਆ ਹੈ।" ਅਦਾਕਾਰ ਨੇ ਵੀ ਜਵਾਬ ਦੇਣ ਲਈ ਸੰਸਦ ਮੈਂਬਰ ਦਾ ਟਵੀਟ ਕਰ ਕੇ ਧੰਨਵਾਦ ਕੀਤਾ ਹੈ। ਜ਼ਿਕਰਯੋਗ ਹੈ ਕਿ ਇਹ ਗਲਤੀ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਈ ਸੀ ਅਤੇ ਅਖ਼ਤਰ ਨੇ ਸੂਬਾ ਸਰਕਾਰ ਤੋਂ ਇਸ ਨੂੰ ਠੀਕ ਕਰਨ ਦੀ ਅਪੀਲ ਕੀਤੀ ਸੀ। ਮਿਲਖਾ ਸਿੰਘ ਨੂੰ 'ਉਡਣੇ ਸਿੱਖ' ਵਜੋਂ ਵੀ ਜਾਣਿਆ ਜਾਂਦਾ ਹੈ ਅਤੇ ਉਹ 1958 ਦੀਆਂ ਰਾਸ਼ਟਰ ਮੰਡਲ ਖੇਡਾਂ ਵਿਚ ਅਥਲੈਟਿਕ ਮੈਡਲ ਜਿੱਤਣ ਵਾਲੇ ਪਹਿਲੇ ਭਾਰਤੀ ਸਨ।




# ਸਰਕਾਰ ਨੇ ਮੁਆਵਜ਼ਾ ਰਾਸ਼ੀ 'ਚੋਂ ਤਾਰ ਦਿੱਤੀ ਵਕੀਲਾਂ ਦੀ ਫੀਸ

**ਨਵੀਂ ਦਿੱਲੀ:** ਸੁਪਰੀਮ ਕੋਰਟ ਪੰਜਾਬ ਸਰਕਾਰ ਵੱਲੋਂ ਰੁੱਖਾਂ ਦੀ ਕਟਾਈ ਲਈ ਮੁਆਵਜ਼ੇ ਵਜੋਂ ਰੱਖੀ ਰਾਸ਼ੀ ਵਿਚੋਂ ਲਗਭਗ 86 ਲੱਖ ਰੁਪਏ ਵਕੀਲਾਂ ਦੀ ਫੀਸ ਵਜੋਂ ਤਾਰਨ ਸਬੰਧੀ ਰਿਪੋਰਟ ਤੋਂ 'ਹੈਰਾਨ' ਹੈ। ਇਹ ਵਕੀਲ ਕੌਮੀ ਗ੍ਰੀਨ ਟ੍ਰਿਬਿਊਨਲ ਵਿਚ ਸਰਕਾਰ ਵੱਲੋਂ ਪੇਸ਼ ਹੋਏ ਸਨ। ਸਿਖਰਲੀ ਅਦਾਲਤ ਨੇ ਕਿਹਾ, 'ਅਸੀਂ ਇਸ ਗੱਲ ਤੋਂ ਹੈਰਾਨ ਹਾਂ ਕਿ ਵਕੀਲਾਂ ਨੂੰ ਕੀਤੀ ਗਈ ਅਦਾਇਗੀ ਕੈਂਪਾਂ ਲਈ ਰੱਖੇ ਫੰਡ ਵਿਚੋਂ ਕੀਤੀ ਗਈ ਸੀ।

ਕੰਪਨਸੇਟਰੀ ਐਫੋਰਸਟੇਸ਼ਨ ਫੰਡਜ਼ ਮੈਨੇਜਮੈਂਟ ਐਂਡ ਪਲੈਨਿੰਗ ਅਥਾਰਿਟੀ (ਕੈਂਪਾਂ) ਦੀ ਕਾਇਮੀ ਸਿਖਰਲੀ ਅਦਾਲਤ ਦੇ ਹੁਕਮਾਂ ਮਗਰੋਂ ਕੀਤੀ ਗਈ ਸੀ ਤੇ ਇਹ ਫੰਡ ਰੁੱਖਾਂ ਦੀ ਕਟਾਈ ਲਈ ਮੁਆਵਜ਼ੇ ਵਜੋਂ ਵਰਤੇ ਜਾਣੇ ਸਨ।

ਜਸਟਿਸ ਮਦਨ ਬੀ. ਲੋਕੁਰ ਦੀ ਅਗਵਾਈ ਵਾਲੇ ਬੈਂਚ ਨੇ ਜਿਸ ਮੀਡੀਆ ਰਿਪੋਰਟ ਦਾ ਹਵਾਲਾ ਦਿੱਤਾ, ਉਸ ਵਿਚ ਪੰਜਾਬ ਵਿਚ ਰਹਿੰਦੇ ਵਾਤਾਵਰਨ ਪ੍ਰੇਮੀਆਂ ਨੇ ਜੰਗਲਾਤ ਵਿਭਾਗ ਵੱਲੋਂ ਰੁੱਖਾਂ ਦੀ ਕਟਾਈ ਨਾਲ ਸਬੰਧਤ ਦੋ ਕਰੋੜ ਦੇ ਮੁਆਵਜ਼ਾ ਕੇਸ ਵਿਚ ਕੌਮੀ ਗ੍ਰੀਨ ਟ੍ਰਿਬਿਊਨਲ ਵਿਚ ਸਰਕਾਰ ਦਾ ਪੱਖ ਰੱਖਣ ਵਾਲੇ ਸੀਨੀਅਰ ਵਕੀਲਾਂ ਨੂੰ 86 ਲੱਖ ਰੁਪਏ ਦੀ ਅਦਾਇਗੀ ਕੀਤੀ ਜਾਣ ਉਤੇ ਸਵਾਲ ਉਠਾਏ ਸਨ। ਬੈਂਚ ਵਿਚ ਸ਼ਾਮਲ ਜਸਟਿਸ ਐਸ.ਅਬਦੁਲ ਨਜ਼ੀਰ ਤੇ ਦੀਪਕ ਗੁਪਤਾ ਨੇ ਕਿਹਾ ਕਿ ਉਹ 86 ਲੱਖ ਰੁਪਏ (ਵਕੀਲਾਂ ਦੀ ਫੀਸ ਵਜੋਂ) ਖਰਚੇ ਜਾਣ ਤੋਂ ਹੈਰਾਨ ਹਨ। ਕੇਸ ਦੀ ਅਗਲੀ ਸੁਣਵਾਈ 27 ਸਤੰਬਰ ਨੂੰ ਹੈ।

# ਮਰਹੂਮ ਗਾਇਕ ਨਵਜੋਤ ਵਿਰਕ ਦਾ ਗਾਣਾ ਰਿਲੀਜ਼

**ਬੇਕਰਜ਼ਫੀਲਡ:** ਮਰਹੂਮ ਗਾਇਕ ਨਵਜੋਤ ਸਿੰਘ ਵਿਰਕ ਨੇ ਗੁਰਲੇਜ ਅਖਤਰ ਨਾਲ ਜੋ ਗਾਣਾ ਰਿਕਾਰਡ ਕੀਤਾ ਸੀ, ਉਹ ਰਿਲੀਜ਼ ਕਰ ਦਿੱਤਾ ਗਿਆ। ਯਾਦ ਰਹੇ, ਤਿੰਨ ਮਹੀਨੇ ਪਹਿਲਾਂ 27 ਮਈ ਨੂੰ ਨਵਜੋਤ ਵਿਰਕ ਜਦੋਂ ਆਪਣੇ ਗਾਣੇ ਦੀ ਸ਼ੂਟਿੰਗ ਪੂਰੀ ਕਰਕੇ ਆਪਣੇ ਘਰ ਪਿੰਡ ਵਿਹੜਾ, ਡੇਰਾਬੱਸੀ (ਮੁਹਾਲੀ) ਆ ਰਿਹਾ ਸੀ ਤਾਂ ਰਾਤ ਨੂੰ 11 ਵਜੇ ਦੇ ਕਰੀਬ ਕੁਝ ਅਣਪਛਾਤੇ ਲੋਕਾਂ ਵਲੋਂ ਨਵਜੋਤ ਵਿਰਕ ਨੂੰ ਉਸ ਦੇ ਪਿੰਡ ਤੋਂ ਕਰੀਬ ਦੋ ਕਿਲੋਮੀਟਰ ਪਹਿਲਾਂ ਡੇਰਾਬੱਸੀ-ਬਰਵਾਲਾ ਰੋਡ 'ਤੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ।




ਨਵਜੋਤ ਵਿਰਕ ਦੇ ਮਾਮਾ ਜੀ ਗੁਰਮੀਤ ਸਿੰਘ (ਬੇਕਰਜ਼ਫੀਲਡ) ਨੇ ਦੱਸਿਆ ਕਿ ਤਿੰਨ ਮਹੀਨੇ ਬੀਤ ਜਾਣ ਤੋਂ ਬਾਅਦ ਵੀ ਐਸ. ਐਸ. ਪੀ. ਕੁਲਦੀਪ ਚਾਹਲ ਅਤੇ ਪੰਜਾਬ ਪੁਲਿਸ ਨੂੰ ਹਾਲੇ ਤਕ ਕੋਈ ਸੁਰਾਗ ਨਹੀਂ ਮਿਲਿਆ ਹੈ। ਉਨ੍ਹਾਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਅਪੀਲ ਕੀਤੀ ਕਿ ਨਵਜੋਤ ਵਿਰਕ ਦੇ ਕਾਤਲਾਂ ਨੂੰ ਛੇਤੀ ਗ੍ਰਿਫਤਾਰ ਕਰ ਕੇ ਕਾਰਵਾਈ ਕੀਤੀ ਜਾਵੇ ਤਾਂ ਜੋ ਪਰਿਵਾਰ ਨੂੰ ਇਨਸਾਫ ਮਿਲ ਸਕੇ। ਉਨ੍ਹਾਂ ਸਰੋਤਿਆਂ ਨੂੰ ਅਪੀਲ ਕੀਤੀ ਕਿ ਉਹ ਨਵਜੋਤ ਵਿਰਕ ਦਾ ਰਿਕਾਰਡ ਕੀਤਾ ਗਾਣਾ ਸੁਣਨ ਅਤੇ ਵੱਧ ਤੋਂ ਵੱਧ ਸ਼ੇਅਰ ਕਰਨ।

# ਆਮ ਲੋਕਾਂ 'ਤੇ ਪਏਗੀ ਮਹਿੰਗੇ ਡਾਲਰ ਦੀ ਮਾਰ

**ਨਵੀਂ ਦਿੱਲੀ:** ਡਾਲਰ ਮੁਕਾਬਲੇ ਰੁਪਏ ਦੀ ਕੀਮਤ ਕਮਜ਼ੋਰ ਪੈਣ ਨਾਲ ਰੁਪਇਆ 70.40 ਦੇ ਹੇਠਲੇ ਪੱਧਰ 'ਤੇ ਪਹੁੰਚ ਗਿਆ ਜਿਸ ਦੇ ਚੱਲਦਿਆਂ ਤਿਉਹਾਰਾਂ ਦਾ ਸੀਜ਼ਨ ਸ਼ੁਰੂ ਹੋਣ ਤੋਂ ਪਹਿਲਾਂ ਟੀਵੀ, ਫਰਿਜ ਜਿਹੇ ਇਲੈਕਟ੍ਰਾਨਿਕ ਸਾਮਾਨ ਦੇ ਭਾਅ ਵਧ ਸਕਦੇ ਹਨ। ਇਸ ਦਾ ਕਾਰਨ ਰੁਪਏ ਦੇ ਕਮਜ਼ੋਰ ਹੋਣ ਨਾਲ ਕੰਪਨੀਆਂ ਦਾ ਆਯਾਤ ਬਿੱਲ ਵਧਣਾ ਹੈ। ਕੰਪਨੀਆਂ ਇਸ ਦਾ ਅੱਧਾ ਭਾਰ ਗਾਹਕਾਂ 'ਤੇ ਪਾ ਸਕਦੀਆਂ ਹਨ।

ਫਿਲਹਾਲ ਸੋਨੀ, ਪੈਨਾਸੋਨਿਕ ਤੇ ਗੋਦਰੇਜ ਜਿਹੀਆਂ ਕੰਪਨੀਆਂ ਦਾ ਕਹਿਣਾ ਹੈ ਕਿ ਰੁਪਏ ਦੀ ਕੀਮਤ 'ਚ ਹੋਣ ਵਾਲੇ ਉਤਰਾਅ-ਚੜ੍ਹਾਅ ਉਤੇ ਉਨ੍ਹਾਂ ਦੀ ਨਜ਼ਰ ਬਣੀ ਹੋਈ ਹੈ।

ਗੋਦਰੇਜ ਦੇ ਬਿਜ਼ਨਸ ਹੈੱਡ ਤੇ ਈ.ਵੀ.ਪੀ. ਕਮਲ ਨੰਦੀ ਨੇ ਕਿਹਾ ਕਿ ਰੁਪਏ ਦੀ ਕਮਜ਼ੋਰੀ ਨਾਲ ਇੰਪੋਰਟਡ ਕੰਪੋਨੈਂਟਸ ਤੇ ਪਾਰਟਸ ਦੀਆਂ ਕੀਮਤਾਂ ਵਧੀਆਂ ਹਨ। ਜੇਕਰ ਭਵਿੱਖ 'ਚ ਰੁਪਏ ਦੀ ਕੀਮਤ ਕਮਜ਼ੋਰ ਹੁੰਦੀ ਗਈ ਤਾਂ ਇਲੈਕਟ੍ਰਾਨਿਕ ਪ੍ਰੋਡਕਟਸ ਦੀਆਂ ਕੀਮਤਾਂ ਵਧਾਉਣੀਆਂ ਪੈਣਗੀਆਂ।

ਪੈਨਾਸੋਨਿਕ ਇੰਡੀਆ ਤੇ ਸਾਊਥ ਏਸ਼ੀਆ ਦੇ ਪ੍ਰੈਜ਼ੀਡੈਂਟ ਤੇ ਸੀ.ਈ.ਓ. ਮਨੀਸ਼ ਸ਼ਰਮਾ ਨੇ ਵੀ ਕੁਝ ਅਜਿਹੇ ਸੰਕੇਤ ਦਿੱਤੇ। ਉਨ੍ਹਾਂ ਕਿਹਾ ਕਿ ਰੁਪਏ ਦੀ ਕੀਮਤ ਦਾ ਕੱਚੇ ਮਾਲ ਦੀ ਲਾਗਤ 'ਤੇ ਲਗਾਤਾਰ ਦਬਾਅ ਵਧ ਰਿਹਾ ਹੈ।

LOOKING FOR THE LOWEST FARES ?
BOOK INTERNATIONAL FLIGHTS, HOTELS, CARS
Price From NewYork To Delhi Starts from - $ 770
For Other Cities Of The World
Please visit : www.univtravel.com
or Call Us @ 1-888-584-0439
Office Opened 24 x 7
UNIVERSAL TRAVEL
email - utravel@univtravel.com

# ਸ਼ਿਕਾਗੋ ਕਬੱਡੀ ਕੱਪ ਦਾ ਵਿਸ਼ੇਸ਼ ਮਹਿਮਾਨ ਮਹਿੰਦਰ ਸਿੰਘ ਗਿੱਲ

ਮਹਿੰਦਰ ਸਿੰਘ ਗਿੱਲ ਨੇ ਪਹਿਲਾਂ ਭਾਰਤ ਤੇ ਫਿਰ ਅਮਰੀਕਾ 'ਚ ਰਹਿੰਦਿਆਂ ਛਾਲਾਂ ਲਾਉਣ ਦੇ ਮੈਡਲ ਜਿੱਤਣ ਦੀ ਝੜੀ ਲਾਈ ਰੱਖੀ। ਉਹ ਭਾਰਤ ਦਾ ਮਾਣ ਹੈ ਤੇ ਅਮਰੀਕਾ ਦੀ ਸ਼ਾਨ। ਉਸ ਨੇ 15 ਸਾਲਾਂ ਦੇ ਸਰਗਰਮ ਖੇਡ ਕੈਰੀਅਰ ਵਿਚ ਸੌ ਤੋਂ ਵੱਧ ਮੈਡਲ ਜਿੱਤੇ। ਉਨ੍ਹਾਂ 'ਚੋਂ 52 ਉੱਤਰੀ ਅਮਰੀਕਾ ਤੇ ਯੂਰਪ ਦੀਆਂ ਅਥਲੈਟਿਕਸ ਖੇਡਾਂ ਵਿਚੋਂ ਹਨ ਅਤੇ ਬਾਕੀ ਹੋਰਨਾਂ ਦੇਸ਼ਾਂ ਦੀਆਂ ਖੇਡਾਂ ਵਿਚੋਂ ਹਨ। ਦੋ ਮੈਡਲ ਏਸ਼ਿਆਈ ਖੇਡਾਂ 'ਚੋਂ ਹਨ, ਦੋ ਕਾਮਨਵੈਲਥ ਖੇਡਾਂ 'ਚੋਂ, ਤਿੰਨ ਏਸ਼ਿਆਈ ਅਥਲੈਟਿਕਸ ਚੈਂਪੀਅਨਸ਼ਿਪਾਂ 'ਚੋਂ, ਇਕ ਪ੍ਰੀ ਓਲੰਪਿਕ ਖੇਡਾਂ 'ਚੋਂ ਤੇ ਦਰਜਨ ਦੇ ਕਰੀਬ ਇੰਡੋ-ਜਰਮਨ, ਇੰਡੋ-ਸੋਵੀਅਤ ਦੇਸ਼ ਅਤੇ ਹੋਰ ਦੁਵੱਲੇ ਕੌਮਾਂਤਰੀ ਖੇਡ ਮੁਕਾਬਲਿਆਂ 'ਚੋਂ ਹਨ। ਤੀਹਰੀਆਂ ਛਾਲਾਂ ਲਾਉਣ ਦੇ ਸਭ ਤੋਂ ਵੱਧ ਮੈਡਲ ਜਿੱਤਣ ਦਾ ਰਿਕਾਰਡ ਹਾਲੇ ਵੀ



**ਪ੍ਰਿੰ. ਸਰਵਣ ਸਿੰਘ**
**ਫੋਨ: 905-799-1661**

ਮਹਿੰਦਰ ਸਿੰਘ ਗਿੱਲ ਦੇ ਨਾਂ ਹੈ। ਉਹ 2 ਸਤੰਬਰ 2018 ਨੂੰ ਸ਼ਿਕਾਗੋ 'ਚ ਖੇਡ ਸੰਸਥਾ ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਵਲੋਂ ਕਰਵਾਏ ਜਾ ਰਹੇ ਖੇਡ ਮੇਲੇ ਵਿਚ ਪਧਾਰੇਗਾ। ਮੇਲਾ ਵੇਖਣ ਆਏ ਮੇਲੀ ਗੇਲੀ ਉਹਨੂੰ ਮਿਲ-ਗਿਲ ਸਕਦੇ ਤੇ ਉਹਦੇ ਨਾਲ ਦਿਲ ਦੀਆਂ ਗੱਲਾਂ ਕਰ ਸਕਦੇ ਹਨ।

ਮਹਿੰਦਰ ਗਿੱਲ ਨਾਲ ਮੇਰਾ 52 ਸਾਲਾਂ ਦਾ ਵਾਹ ਹੈ। 1966 ਵਿਚ ਜਦੋਂ ਉਹ ਦਿੱਲੀ ਦੇ ਰੇਲਵੇ ਸਟੇਡੀਅਮ ਵਿਚ ਰਹਿੰਦਾ ਸੀ, ਮੈਂ ਵੀ ਉਥੇ ਜਾਂਦਾ ਰਹਿੰਦਾ, ਅਕਸਰ ਮੇਲ ਹੁੰਦਾ। ਉਦੋਂ ਉਹਦੀ ਗੁੱਡੀ ਅਸਮਾਨੀਂ ਚੜ੍ਹ ਰਹੀ ਸੀ। ਮੈਂ ਖਿਡਾਰੀਆਂ ਦੇ ਰੇਖਾ ਚਿੱਤਰ ਲਿਖਣ ਲੱਗ ਪਿਆ ਸਾਂ। ਉਹਦੇ ਬਾਰੇ ਲੇਖ ਦਾ ਨਾਂ ਮੈਂ 'ਅਲਸੀ ਦਾ ਫੁੱਲ' ਰੱਖਿਆ ਸੀ, ਜੋ ਪੰਜਾਬੀ ਸਾਹਿਤਕ ਰਸਾਲੇ 'ਆਰਸੀ' ਵਿਚ ਛਪਿਆ ਸੀ। 'ਅਲਸੀ ਦਾ ਫੁੱਲ' ਨਾਂ ਰੱਖਣ ਪਿੱਛੇ ਉਹਦੀ ਸੁਕੀਨੀ, ਸੁਹੱਪਣ ਤੇ ਖਿੜੇ ਹੋਏ ਹਸਮੁੱਖ ਮੁਖੜੇ ਦਾ ਪ੍ਰਭਾਵ ਸੀ। ਵੇਖਿਆਂ ਭੁੱਖ ਲਹਿੰਦੀ ਸੀ। ਸ਼ਾਇਦ ਇਸ ਲੋਕ ਗੀਤ ਦੇ ਬੋਲ ਵੀ ਸਿਰਲੇਖ ਪਿੱਛੇ ਹੋਣ-ਮੇਰੀ ਨਣਦ ਚੱਲੀ ਮੁਕਲਾਵੇ, ਅਲਸੀ ਦੇ ਫੁੱਲ ਵਰਗੀ। ਬਾਅਦ ਵਿਚ ਮੈਂ ਉਸ ਨੂੰ 'ਹੀਰਾ ਹਿਰਨ' ਕਹਿਣ ਲੱਗ ਪਿਆ ਸਾਂ ਕਿਉਂਕਿ ਤੀਹਰੀ ਛਾਲ ਲਾਉਂਦਿਆਂ ਉਹ ਹੀਰੇ ਹਿਰਨ ਵਾਂਗ ਦੌੜਦਾ ਤੇ ਚੁੰਗੀਆਂ ਭਰਦਾ ਸੀ।

ਕੁਝ ਸਾਲ ਪਹਿਲਾਂ ਸਚਿੱਤਰ ਮੈਗਜ਼ੀਨ 'ਖੇਡ ਸੰਸਾਰ' ਦੇ ਸਬੰਧ ਵਿਚ ਅਸੀਂ ਕੈਲੀਫੋਰਨੀਆ ਦੇ ਟੂਰ 'ਤੇ ਗਏ ਤਾਂ ਪਤਾ ਲੱਗਾ ਕਿ ਉਹ ਫਰਿਜ਼ਨੋ ਨੇੜੇ ਟਰਲਕ ਨਾਂ ਦੇ ਸ਼ਹਿਰ ਵਿਚ ਰਹਿੰਦਾ ਹੈ। ਅਸੀਂ ਫਰਿਜ਼ਨੋ ਦੇ ਇਕ ਰੈਸਟੋਰੈਂਟ ਵਿਚ ਬੈਠੇ ਖਾ-ਪੀ ਰਹੇ ਸਾਂ। ਗੱਲਾਂ-ਗੱਲਾਂ ਵਿਚ ਮਹਿੰਦਰ ਗਿੱਲ ਦਾ ਜ਼ਿਕਰ ਛਿੜ ਪਿਆ। ਸਾਡਾ ਮੇਜ਼ਬਾਨ ਪਾਲ ਮਾਹਲ ਕਹਿਣ ਲੱਗਾ, "ਉਹ ਏਥੇ ਨੇੜੇ ਈ ਰਹਿੰਦੈ, ਆਖੋ ਤਾਂ ਗੱਲ ਕਰਵਾਵਾਂ?" ਮੈਂ ਕਿਹਾ, "ਜ਼ਰੂਰ ਕਰਵਾਓ। ਸਾਡਾ ਪੁਰਾਣਾ ਬੇਲੀ ਐ।"

ਉਸ ਨੇ ਮਹਿੰਦਰ ਨਾਲ ਫੋਨ ਮਿਲਾ ਕੇ ਮੈਨੂੰ ਫੜਾ ਦਿੱਤਾ। ਉਹੀ ਚਾਲੀ ਵਰ੍ਹੇ ਪਹਿਲਾਂ ਵਾਲੀ ਆਵਾਜ਼ ਆਈ। ਮੈਂ ਪੁਰਾਣੀ ਨੇੜਤਾ ਦੇ ਨਾਤੇ ਪੁੱਛਿਆ, "ਕੀ ਹਾਲ ਐ ਹੁਣ 'ਅਲਸੀ ਦੇ ਫੁੱਲ' ਦਾ?" ਉਹ ਉਹੀ ਚਾਲੀ ਸਾਲ ਪਹਿਲਾਂ ਵਾਲਾ ਹਾਸਾ ਹੱਸਿਆ, "ਅਲਸੀ ਦਾ ਫੁੱਲ ਤਾਂ ਹੁਣ ਕੁਮਲਾਇਆ ਪਿਐ। ਬਾਕੀ ਆ ਕੇ ਦੇਖ ਲਓ।"

ਟਰਲਕ ਉਥੋਂ ਅੱਧੇ ਪੌਣੇ ਘੰਟੇ ਦਾ ਰਾਹ ਸੀ। ਮੇਰੇ ਨਾਲ ਪਹਿਲਵਾਨ ਕਰਤਾਰ ਸਿੰਘ ਦਾ ਭਰਾ ਗੁਰਚਰਨ ਸਿੰਘ ਢਿੱਲੋਂ ਤੇ ਫੋਟੋ ਕਲਾਕਾਰ ਸੰਤੋਖ ਸਿੰਘ ਮੰਡੇਰ ਸਨ। ਅਸੀਂ ਕਾਰ ਮਹਿੰਦਰ ਗਿੱਲ ਦੇ ਸ਼ਹਿਰ ਟਰਲਕ ਨੂੰ ਹੱਕ ਲਈ ਤੇ ਦਿਨ ਛਿਪਦੇ ਨਾਲ ਉਹਦੇ ਖੁੱਲ੍ਹੇ-ਡੁੱਲ੍ਹੇ ਘਰ ਜਾ ਪਹੁੰਚੇ। ਉਸ ਨੇ ਉਡੀਕ ਵਿਚ ਬਾਹਰਲਾ ਦਰ ਖੋਲ੍ਹ ਰੱਖਿਆ ਸੀ ਤੇ ਸਵਿਮਿੰਗ ਪੂਲ ਕੋਲ ਕੁਰਸੀਆਂ ਡਾਹ ਰੱਖੀਆਂ ਸਨ। ਸਾਨੂੰ ਉਹ ਉੱਡ ਕੇ ਮਿਲਿਆ। ਉਹਦੀ ਪਤਨੀ ਸਬਜ਼ੀਆਂ ਭਾਜੀਆਂ ਨੂੰ ਤੜਕੇ ਲਾ ਰਹੀ ਸੀ। ਤੜਕੇ ਦੀ ਮਹਿਕ ਫੁੱਲਾਂ ਦੀ ਵਾਸ਼ਨਾ ਦੇ ਉਤੋਂ ਦੀ ਹੋਈ ਪਈ ਸੀ। ਬੂਟਿਆਂ ਨਾਲ ਰੰਗ ਬਰੰਗੇ ਫੁੱਲ ਟਹਿਕ ਰਹੇ ਸਨ। ਪੂਲ ਦਾ ਨੀਲਾ ਨਿਰਮਲ ਪਾਣੀ ਹਵਾ ਤੇ ਚਾਨਣ ਨਾਲ ਝਿਲਮਿਲ-ਝਿਲਮਲ ਕਰ ਰਿਹਾ ਸੀ। ਅਲਸੀ ਦਾ ਫੁੱਲ ਕੁਮਲਾਇਆ ਨਹੀਂ ਸਗੋਂ ਟਹਿਕ ਰਿਹਾ ਲੱਗਾ।

ਮਹਿੰਦਰ ਨੂੰ ਮੈਂ ਨੀਝ ਨਾਲ ਵੇਖਿਆ। ਉਹ ਸ਼ਕਲੋਂ ਸੂਰਤੋਂ ਬਹੁਤਾ ਨਹੀਂ ਸੀ ਬਦਲਿਆ। ਉਹੀ ਛਾਂਗਵੀਂ ਦਾੜ੍ਹੀ, ਉਹੀ ਤਰਾਸ਼ੀਆਂ ਬਰੀਕ ਮੁੱਛਾਂ, ਸੰਗਾਊ ਚਿਹਰਾ ਤੇ ਸ਼ਰਮਾਉਂਦੀਆਂ ਅੱਖਾਂ। ਗੋਰਾ ਗੰਦਮੀ ਰੰਗ ਤੇ ਹੱਸਦੇ ਚਿੱਟੇ ਦੰਦ। ਮੁਸਕਰਾਹਟ ਵੀ ਪਹਿਲਾਂ ਵਰਗੀ ਹੀ ਲੁਭਾਉਣੀ ਸੀ। ਕੁਮਲਾ ਜਾਣ ਵਾਲੀ ਕੋਈ ਗੱਲ ਨਹੀਂ ਸੀ। ਮੇਰੇ ਸਾਥੀ ਸੰਤੋਖ ਸਿੰਘ ਮੰਡੇਰ ਤੇ ਕੁਸ਼ਤੀ ਕੋਚ ਗੁਰਚਰਨ ਸਿੰਘ ਢਿੱਲੋਂ ਉਹਦੇ ਪਹਿਲਾਂ ਹੀ ਵਾਕਫ ਸਨ। ਅਸੀਂ ਸਾਲਾਂ ਪਿੱਛੋਂ ਮਿਲੇ ਸਾਂ, ਗੱਲਾਂ ਅਜਿਹੀਆਂ ਤੁਰੀਆਂ ਕਿ ਡੂੰਘੀ ਰਾਤ ਤਕ ਤੁਰੀਆਂ ਹੀ ਰਹੀਆਂ। ਉਹ ਉਥੇ 'ਮਹਿੰਦਰ ਸਪੋਰਟਸ ਇੰਕ' ਨਾਂ ਦਾ ਸਪੋਰਟਸ ਸਟੋਰ ਚਲਾ ਰਿਹਾ ਸੀ।

ਇਕ ਸਮਾਂ ਸੀ, ਜਦੋਂ ਮਹਿੰਦਰ ਸਿੰਘ ਗਿੱਲ ਦੇ ਅੰਤਰਰਾਸ਼ਟਰੀ ਅਥਲੈਟਿਕਸ ਮੁਕਾਬਲਿਆਂ ਵਿਚ 19 ਰਿਕਾਰਡ ਰੱਖੇ ਹੋਏ ਸਨ। ਉਸ ਨੇ ਏਸ਼ਿਆਈ ਖੇਡਾਂ ਤੇ ਏਸ਼ਿਆਈ ਅਥਲੈਟਿਕ ਮੁਕਾਬਲਿਆਂ ਵਿਚੋਂ ਚਾਰ ਸੋਨੇ ਤੇ ਇਕ ਚਾਂਦੀ ਦਾ ਤਮਗਾ ਜਿੱਤਿਆ ਸੀ। ਕਾਮਨਵੈਲਥ ਖੇਡਾਂ ਵਿਚੋਂ ਵੀ ਇਕ ਚਾਂਦੀ ਤੇ ਇਕ ਤਾਂਬੇ ਦਾ ਤਮਗਾ ਜਿੱਤਿਆ ਸੀ। ਉਸ ਨੇ ਟੈਕਸਸ ਦੇ ਇਕ ਖੇਡ ਮੁਕਾਬਲੇ ਵਿਚ 56 ਫੁੱਟ ਸਾਢੇ 4 ਇੰਚ ਲੰਮੀ ਤੀਹਰੀ ਛਾਲ ਲਾਈ ਸੀ ਜਿਸ ਨਾਲ ਉਹ ਵਿਸ਼ਵ ਦੇ ਚੋਟੀ ਦੇ ਅਥਲੀਟਾਂ ਵਿਚ ਗਿਣਿਆ ਗਿਆ ਸੀ। 1971 ਵਿਚ ਮਿਉਨਿਖ ਦੀਆਂ ਪ੍ਰੀ-ਓਲੰਪਿਕ ਖੇਡਾਂ ਵਿਚ ਉਹ ਕੁਲ ਏਸ਼ੀਆ ਦਾ ਇਕੋ ਇਕ ਅਥਲੀਟ ਸੀ, ਜੋ ਚਾਂਦੀ ਦਾ ਤਮਗਾ ਜਿੱਤ ਸਕਿਆ।

ਮਹਿੰਦਰ ਗਿੱਲ ਅਮਰੀਕਾ ਵਿਚ ਪੰਜ ਸਾਲ ਸਭ ਤੋਂ ਵੱਧ ਦੂਰ ਤੀਹਰੀ ਛਾਲ ਲਾਉਂਦਾ ਰਿਹਾ। ਕੌਮਾਂਤਰੀ ਖੇਡ ਮੁਕਾਬਲਿਆਂ ਵਿਚ ਉਸ ਨੇ 15 ਵਾਰ ਭਾਰਤ ਦੀ ਨੁਮਾਇੰਦਗੀ ਕੀਤੀ। ਏਸ਼ੀਆ, ਅਮਰੀਕਾ ਤੇ ਯੂਰਪ ਦੇ ਕੌਮਾਂਤਰੀ ਖੇਡ ਮੁਕਾਬਲਿਆਂ 'ਚ ਉਹ 75 ਵਾਰ ਸ਼ਰੀਕ ਹੋਇਆ ਤੇ ਅਨੇਕਾਂ ਵਾਰ ਜਿੱਤਾਂ ਹਾਸਲ ਕੀਤੀਆਂ। 1972 ਵਿਚ ਮਿਉਨਿਖ ਦੀਆਂ ਓਲੰਪਿਕ ਖੇਡਾਂ ਸਮੇਂ ਉਹ ਭਾਰਤੀ ਅਥਲੈਟਿਕ ਟੀਮ ਦਾ ਕਪਤਾਨ ਸੀ। 1965 ਤੋਂ 75 ਤਕ ਉਹਦੀਆਂ ਛਾਲਾਂ ਦੇ ਸੁਨਹਿਰੀ ਦਿਨ ਸਨ। ਪਈ ਮਹਿੰਦਰ-ਮਹਿੰਦਰ ਹੁੰਦੀ।

ਉਸ ਦਾ ਜਨਮ ਪਾਕਿਸਤਾਨ ਬਣਨ ਵਾਲੇ ਸਾਲ 12 ਅਪਰੈਲ 1947 ਨੂੰ ਜਲੰਧਰ ਨੇੜੇ ਪਿੰਡ ਫੋਲੜੀਵਾਲ ਵਿਚ ਸ. ਧੰਨਾ ਸਿੰਘ ਦੇ ਘਰ ਮਾਤਾ ਨਸੀਬ ਕੌਰ ਦੀ ਕੁੱਖੋਂ ਹੋਇਆ। ਉਨ੍ਹਾਂ ਦਾ ਪਿਛਲਾ ਪਿੰਡ ਜਮਸ਼ੇਰ ਸੀ। ਜਮਸ਼ੇਰ ਤੋਂ ਉਸ ਨੇ ਅੱਠ ਜਮਾਤਾਂ ਪਾਸ ਕੀਤੀਆਂ ਤੇ ਵਾਲੀਬਾਲ ਦੀ ਖੇਡ ਦੇ ਸਿਰ 'ਤੇ ਨੌਵੀਂ ਜਮਾਤੇ ਸਪੋਰਟਸ ਸਕੂਲ, ਜਲੰਧਰ 'ਚ ਦਾਖਲ ਹੋ ਗਿਆ। ਉਨ੍ਹੀਂ ਦਿਨੀਂ ਉਹ ਤੇ ਉਹਦੇ ਸਾਥੀ ਤੜਕੇ ਤਿੰਨ ਵਜੇ ਉਠ ਖੜ੍ਹਦੇ। ਕਦੇ ਨਹਿਰ ਦੀ ਪਟੜੀ ਤੇ ਕਦੇ ਰੇਤੇ ਉਤੇ ਦੌੜਨ ਲੱਗਦੇ। ਇਕ-ਇਕ ਲੱਤ ਉਤੇ ਬੁੜ੍ਹਕਦਿਆਂ ਗਰਾਊਂਡ ਦਾ ਗੇੜਾ ਲਾਉਂਦੇ। ਉਸ ਅਭਿਆਸ ਨੇ ਮਹਿੰਦਰ ਦੀਆਂ ਲੱਤਾਂ 'ਚ ਲੋਹੜੇ ਦੀ ਤਾਕਤ ਭਰ ਦਿੱਤੀ। ਉਹ ਉੱਚੀ ਤੇ ਲੰਮੀ ਛਾਲ ਲਾਉਣ ਦੇ ਨਾਲ ਹਾਪ ਸਟੈੱਪ ਐਂਡ ਜੰਪ ਵੀ ਲਾਉਣ ਲੱਗਾ।

1964 'ਚ ਉਸ ਨੇ ਹਾਇਰ ਸੈਕੰਡਰੀ ਕੀਤੀ ਤੇ ਨਵੀਂ ਬਣੀ ਕੁਰੂਕਸ਼ੇਤਰ ਯੂਨੀਵਰਸਿਟੀ ਦੇ ਸਪੋਰਟਸ ਕੋਟੇ ਦੇ ਕਾਲਜ ਵਿਚ ਦਾਖਲ ਹੋ ਗਿਆ। ਮੈਂ ਉਦੋਂ ਦਿੱਲੀ ਯੂਨੀਵਰਸਿਟੀ ਤੋਂ ਐਮ. ਏ. ਕੀਤੀ ਸੀ। ਇਕ ਦਿਨ ਮੈਂ ਕੁਰੂਕਸ਼ੇਤਰ ਯੂਨੀਵਰਸਿਟੀ ਗਿਆ ਤਾਂ ਬੜੀ ਸੋਹਣੀ ਪੱਗ ਬੰਨ੍ਹੀ ਇਕ ਸੁਕੀਨ ਜਿਹਾ ਮੁੰਡਾ ਵੇਖਿਆ। ਮੈਂ ਉਸ ਤੋਂ ਦਿੱਲੀ ਵਾਲੇ ਪ੍ਰੋ. ਮਨਮੋਹਨ ਸਿੰਘ ਦਾ ਥਾਂ ਟਿਕਾਣਾ ਪੁੱਛਣਾ ਚਾਹਿਆ ਤਾਂ ਉਹ ਕਾਹਲੀ ਨਾਲ ਕੋਲ ਦੀ ਲੰਘ ਗਿਆ। ਮੈਨੂੰ ਉਸ ਦੀ ਬੇਰੁਖੀ ਚੁਭੀ। ਸ਼ਾਮ ਨੂੰ ਜਦੋਂ ਮੈਂ ਟਰੈਕ 'ਚ ਗਿਆ ਤਾਂ ਪਤਾ ਲੱਗਾ ਕਿ ਜਿਹੜੇ ਸੁਕੀਨ ਮੁੰਡੇ ਨੂੰ ਮੈਂ ਦੁਪਹਿਰੇ ਮਿਲਿਆ ਸਾਂ, ਉਹ ਟ੍ਰਿਪਲ ਜੰਪਰ ਮਹਿੰਦਰ ਸਿੰਘ ਗਿੱਲ ਹੀ ਸੀ। ਉਦੋਂ ਤਕ ਉਹਦੀਆਂ ਅਖ਼ਬਾਰਾਂ ਵਿਚ ਸੁਰਖੀਆਂ ਲੱਗਣ ਲੱਗ ਪਈਆਂ ਸਨ। ਮੈਨੂੰ ਉਸ ਦਾ ਵਿਹਾਰ ਆਮ ਖਿਡਾਰੀਆਂ ਦੇ ਉਲਟ ਲੱਗਾ। ਪਰ ਛੇਤੀ ਹੀ ਮੇਰਾ ਭਰਮ ਦੂਰ ਹੋ ਗਿਆ। ਪਹਿਲੀ ਮੁਲਾਕਾਤ ਪਿੱਛੋਂ ਉਹ ਜਦੋਂ ਵੀ ਮਿਲਿਆ, ਬੇਰੁਖਾ ਨਹੀਂ ਸਗੋਂ ਖਿੜਿਆ-ਖਿੜਿਆ ਲੱਗਾ।

ਟਰਲਕ ਉਹਦੇ ਘਰ ਬੈਠੇ ਅਸੀਂ ਪੁਰਾਣੀਆਂ ਯਾਦਾਂ ਫੋਲਣ ਲੱਗੇ। 1966 ਦੀ ਯਾਦ ਸੀ। ਦਿੱਲੀ ਦੇ ਰੇਲਵੇ ਸਟੇਡੀਅਮ ਵਿਚ ਉਹ ਇਕ ਰੂਸੀ ਖਿਡਾਰਨ ਨਾਲ ਗੱਲਾਂ ਕਰ ਰਿਹਾ ਸੀ। ਉਹਦਾ ਨਾਂ ਓਲਗਾ ਸੀ ਜਾਂ ਓਲੇਨਾ, ਪੱਕਾ ਯਾਦ ਨਹੀਂ। ਉਹ ਦੋਵੇਂ ਸਟੇਡੀਅਮ ਦੇ ਇਕ ਖੂੰਜੇ ਖੜ੍ਹੇ ਕਾਫੀ ਦੇਰ ਘੁਸਰ ਮੁਸਰ ਕਰਦੇ ਰਹੇ। ਪਤਾ ਨਹੀਂ ਕਿਹੜਾ ਮਾਮਲਾ ਸੀ ਜੋ ਮੁੱਕਣ ਵਿਚ ਨਹੀਂ ਸੀ ਆ ਰਿਹਾ। ਅਖੀਰ ਰੂਸੀ ਕੁੜੀ ਨੂੰ ਉਹਦੇ ਟੀਮ ਮੈਨੇਜਰ ਨੇ ਸੱਦ ਲਿਆ ਤੇ ਮਹਿੰਦਰ ਡੋਲਦਾ ਜਿਹਾ ਸਾਡੇ ਕੋਲ ਆ ਗਿਆ। 'ਕਲਹਿਰੀ ਮੋਰ' ਬਣੇ ਜਰਨੈਲ ਸਿੰਘ ਨੇ ਪੁੱਛਿਆ, "ਬਣੀ ਗੱਲ?"

ਮਹਿੰਦਰ ਨੇ ਕਿਹਾ, "ਕਿਹੜੀ?"

"ਓਹੀ।"

"ਓਹੀ ਕਿਹੜੀ?"

"ਓਇ ਓਹੀ।" ਜਰਨੈਲ ਸਿੰਘ ਨੇ ਮਚਲਾ ਬਣਦਿਆਂ ਕਿਹਾ।

"ਓਇ ਜਾਣ ਦੇ। ਉਹ ਤਾਂ ਅਸੀਂ ਗੱਲਾਂ ਕਰਦੇ ਸੀ ਈਵੈਂਟ ਦੀਆਂ। ਐਵੇਂ ਹੱਥਾਂ 'ਤੇ ਉਂਗਲਾਂ




ਮਾਰੀ ਗਈ। ਆਪਾਂ ਨੂੰ ਕਿਹੜਾ ਉਨ੍ਹਾਂ ਦੀ ਬੋਲੀ ਸਮਝ ਆਉਂਦੀ ਆ? ਆਹ ਫੋਟੋ ਦੇ ਗਈ ਜਾਂਦੀ ਹੋਈ। ਪਤਾ ਨੀ ਇਹਦੇ ਪਿੱਛੇ ਕੀ ਲਿਖਿਆ ਹੋਇਐ?" ਗੱਲਾਂ ਕਰਦਿਆਂ ਉਹਦਾ ਮੂੰਹ ਸੰਗ ਨਾਲ ਸੂਹਾ ਹੋਈ ਜਾ ਰਿਹਾ ਸੀ। ਸਾਥੀ ਉਹਨੂੰ ਦੇਰ ਤਕ ਛੇੜੀ ਗਏ। ਉਹ ਸ਼ਾਮ ਸੁਲਫੇ ਦੀ ਲਾਟ ਵਰਗੀ ਰੂਸੀ ਕੁੜੀ ਦੇ ਲੇਖੇ ਲੱਗ ਗਈ ਸੀ।

'ਕੇਰਾਂ ਅਸੀਂ ਰਾਤ ਦੀ ਰੋਟੀ ਖਾ ਕੇ ਪਟਿਆਲੇ ਐਨ. ਆਈ. ਐਸ. ਦੇ ਗੇਟ ਮੂਹਰੇ ਬੈਠੇ ਸਾਂ। ਘੁਸਮੁਸੇ ਹਨੇਰੇ 'ਚ ਧੁੰਦਲਾ ਜਿਹਾ ਚੰਦ ਲਿਸ਼ਕ ਰਿਹਾ ਸੀ। ਗਰਮੀਆਂ ਦੀ ਰਾਤ ਹੁੰਮਸ ਨਾਲ ਪਿਘਲੀ ਹੋਈ ਸੀ। ਬਾਰਸ਼ ਧੋਤੇ ਰਾਤ ਰਾਣੀ ਦੇ ਬੂਟਿਆਂ 'ਚੋਂ ਭਿੰਨੀ-ਭਿੰਨੀ ਮਹਿਕ ਉਠ ਰਹੀ ਸੀ। ਮਹਿੰਦਰ ਨੇ ਕਿਹਾ, "ਇਸ਼ਕ ਬੜੀ ਚੀਜ਼ ਆ। ਮਾਸ਼ੂਕ ਕੋਲ ਹੋਵੇ ਤਾਂ ਬੰਦਾ ਉਂਜ ਈ ਛਾਲ ਮਾਰ ਕੇ ਧਰਤੀ ਟੱਪ-ਜੇ। ਆਹ ਇੰਡੀਆ ਤੇ ਏਸ਼ੀਆ ਦੇ ਰਿਕਾਡ-ਰੁਕਡ ਤਾਂ ਗੱਲ ਈ ਕੀ ਆ?"

ਸਪੋਰਟਸ ਸਕੂਲ, ਜਲੰਧਰ ਵਿਚ ਭਾਵੇਂ ਉਹ ਵਾਲੀਬਾਲ ਦੇ ਖਿਡਾਰੀ ਵਜੋਂ ਦਾਖਲ ਹੋਇਆ ਸੀ ਪਰ ਉਹ ਛੇਤੀ ਹੀ ਅਥਲੈਟਿਕਸ ਵੱਲ ਆ ਗਿਆ। ਪਹਿਲੇ ਹੀ ਦਿਨ ਉਸ ਨੇ 41 ਫੁੱਟ ਹਾਪ ਸਟੈਪ ਐਂਡ ਜੰਪ ਕੀਤਾ। ਉਸੇ ਸਾਲ ਉਹ ਸਕੂਲਾਂ ਦਾ ਨੈਸ਼ਨਲ ਚੈਂਪੀਅਨ ਬਣ ਗਿਆ। ਸਕੂਲ ਵਿਚ ਪੜ੍ਹਦਿਆਂ ਹੀ ਉਹ 48 ਫੁੱਟ ਸਾਢੇ 4 ਇੰਚ ਤੀਹਰੀ ਛਾਲ ਲਾ ਗਿਆ ਸੀ। ਉਹਦੇ ਸਰੀਰ ਵਿਚ ਲਚਕ ਸੀ ਤੇ ਕੱਦ ਦੇ ਹਿਸਾਬ ਨਾਲ ਲੱਤਾਂ ਲੰਮੇਰੀਆਂ ਸਨ। ਉਹਦੀ ਹੋਣਹਾਰੀ ਵੇਖਦਿਆਂ ਅਖ਼ਬਾਰਾਂ ਵਿਚ ਉਸ ਦੇ ਨਾਂ ਦੀਆਂ ਸੁਰਖੀਆਂ ਲੱਗਣ ਲੱਗ ਪਈਆਂ ਸਨ।

ਕੁਰੂਕਸ਼ੇਤਰ ਯੂਨੀਵਰਸਿਟੀ ਵਾਲੇ ਉਸ ਨੂੰ ਜਲੰਧਰੋਂ ਪੱਟ ਕੇ ਕੁਰੂਕਸ਼ੇਤਰ ਲੈ ਗਏ। ਉਥੇ ਉਸ ਨੇ ਪਹਿਲੇ ਹੀ ਸਾਲ ਭਾਰਤੀ ਯੂਨੀਵਰਸਿਟੀਆਂ ਦਾ ਨਵਾਂ ਰਿਕਾਰਡ ਰੱਖ ਦਿੱਤਾ। ਉਹ ਖੇਡ ਦੇ ਨਾਲ ਪੜ੍ਹਾਈ ਵਿਚ ਵੀ ਹੁਸ਼ਿਆਰ ਰਿਹਾ। ਇਕ ਪ੍ਰੀਖਿਆ 'ਚ ਉਹ ਯੂਨੀਵਰਸਿਟੀ 'ਚੋਂ ਦੂਜੇ ਨੰਬਰ 'ਤੇ ਆਇਆ। ਉਦੋਂ ਉਹ ਕਿਹਾ ਕਰਦਾ ਸੀ ਕਿ ਪੜ੍ਹਾਈ ਮੁਕਾ ਕੇ ਜਾਂ ਤਾਂ ਪ੍ਰੋਫੈਸਰ ਬਣਾਂਗਾ ਜਾਂ ਕੋਈ ਹੋਰ ਵੱਡਾ ਅਫਸਰ। ਉਹਦੇ ਪਿਤਾ ਦਾ ਉੜੀਸਾ ਤੇ ਬੰਗਾਲ ਵਿਚ ਟਰਾਂਸਪੋਰਟ ਦਾ ਕਾਰੋਬਾਰ ਸੀ। ਮਹਿੰਦਰ ਦੇ ਬਚਪਨ ਦਾ ਕੁਝ ਸਮਾਂ ਕਲਕੱਤੇ ਵੀ ਗੁਜ਼ਰਿਆ। ਕਦੇ-ਕਦੇ ਉਹ ਕਹਿੰਦਾ, ਮੈਂ ਚਾਹ ਦੇ ਬਾਗਾਂ ਦੀ ਨੌਕਰੀ ਕਰਨੀ ਹੈ। ਕਦੇ ਸੈਰ ਸਪਾਟੇ ਦੀਆਂ ਗੱਲਾਂ ਕਰਦਾ।

ਉਹ ਬੀ. ਏ. ਕਰ ਕੇ ਇਕਨਾਮਿਕਸ ਦੀ ਐਮ. ਏ. ਕਰਨ ਲੱਗਾ ਸੀ ਕਿ ਰੇਲਵੇ ਵਾਲਿਆਂ ਨੇ ਸਪੋਰਟਸ ਕੋਟੇ ਵਿਚ ਉਸ ਨੂੰ ਨੌਕਰੀ ਦੇ ਦਿੱਤੀ। ਪਰ ਉਹ ਨੌਕਰੀ ਉਸ ਨੇ ਛੇਤੀ ਹੀ ਛੱਡ ਕੇ ਜਮਸ਼ੇਦਪੁਰ ਟਿਸਕੋ ਵਾਲਿਆਂ ਦੀ ਪੇਸ਼ਕਸ਼ ਪ੍ਰਵਾਨ ਕਰ ਲਈ। ਇਸ 'ਤੇ ਰੇਲਵੇ ਵਾਲੇ ਉਸ ਨਾਲ ਖਫਾ ਹੋਏ। ਇੰਡੀਅਨ ਐਮੇਚਿਓਰ ਅਥਲੈਟਿਕਸ ਫੈਡਰੇਸ਼ਨ ਦੇ ਅਹੁਦੇਦਾਰ ਰੇਲਵੇ ਨਾਲ ਸਬੰਧਤ ਸਨ। ਉਹ ਉਹਦੇ ਵੈਰ ਪੈ ਗਏ ਤੇ ਉਹਦਾ ਨਾਂ ਭਾਰਤੀ ਰਿਕਾਰਡਾਂ ਵਿਚੋਂ ਮੇਟਣ ਲੱਗੇ।

1966 ਵਿਚ ਬੈਂਕਾਕ ਦੀਆਂ ਏਸ਼ਿਆਈ ਖੇਡਾਂ ਲਈ ਉਹ ਭਾਰਤੀ ਟੀਮ ਵਿਚ ਚੁਣਿਆ ਗਿਆ ਪਰ ਕੋਈ ਮੈਡਲ ਨਾ ਜਿੱਤ ਸਕਿਆ। ਫਿਰ 1970 ਤੇ 74 ਦੀਆਂ ਏਸ਼ਿਆਈ ਖੇਡਾਂ ਵਿਚੋਂ ਸੋਨੇ ਤੇ ਚਾਂਦੀ ਦੇ ਮੈਡਲ ਜਿੱਤੇ। 1970 ਤੇ 74 ਦੀਆਂ ਕਾਮਨਵੈਲਥ ਖੇਡਾਂ ਵਿਚ ਭਾਰਤ ਲਈ ਇਕ ਚਾਂਦੀ ਤੇ ਇਕ ਤਾਂਬੇ ਦਾ ਤਮਗਾ ਜਿੱਤਿਆ। ਟ੍ਰਿਪਲ ਜੰਪ ਦੇ ਭਾਰਤ ਤੇ ਏਸ਼ੀਆ ਦੇ ਰਿਕਾਰਡ ਵੀ ਕਾਫੀ ਸਮਾਂ ਉਹਦੇ ਨਾਂ ਰਹੇ।

ਇਕ ਵਾਰ ਉਹ ਮੂੰਹ ਹਨੇਰੇ ਕਰਾਸ ਕੰਟਰੀ ਲਾ ਰਿਹਾ ਸੀ। ਲਾਗਲੇ ਪਿੰਡ ਦਾ ਜੱਟ ਪੁੱਛਣ ਲੱਗਾ, "ਪਿੰਡ ਪੁਲਿਸ ਪੈ ਗਈ?" ਅਗਲੇ ਪਿੰਡ ਪਹੁੰਚਾ ਤਾਂ ਕੁੱਤੇ ਮਗਰ ਪੈ ਗਏ। ਉਸ ਨੇ ਦੱਸਿਆ, "ਹਨੇਰੇ ਸਵੇਰੇ ਦੌੜਦੇ ਸੀ ਤਾਂ ਪਿੰਡਾਂ ਵਾਲੇ ਕਹਿੰਦੇ ਸੀ ਬਈ ਇਹਨੂੰ ਕੀ ਬਣੀ? ਪਾਥੀਆਂ ਪੱਥਦੀਆਂ ਕੁੜੀਆਂ ਪਾਥੀਆਂ ਪੱਥਣੋਂ ਹਟ ਜਾਂਦੀਆਂ ਤੇ ਖੜ੍ਹ-ਖੜ੍ਹ ਕੇ ਵੇਖਦੀਆਂ। ਬੁੱਢੇ ਮੱਥਿਆਂ 'ਤੇ ਹੱਥ ਰੱਖ ਕੇ ਦੂਰ ਤਕ ਵੇਖਦੇ ਰਹਿੰਦੇ। ਉਹ ਸਮਝਦੇ ਜਾਂ ਤਾਂ ਬੰਦਾ ਡਰ ਕੇ ਦੌੜਦਾ ਜਾਂ ਕਿਸੇ ਬਹੁਤੇ ਈ ਜ਼ਰੂਰੀ ਕੰਮ ਹੌਂਕਣੀਆਂ ਚੜ੍ਹਾਉਂਦਾ। ਪ੍ਰੈਕਟਿਸ ਕਰਨ ਲਈ ਭਲਾ ਕੌਣ ਦੌੜਦੈ?"

ਮਹਿੰਦਰ ਸਿੰਘ ਦੌੜਦਾ ਤਾਂ ਉਹਦੀ ਗਿੱਚੀ ਪਿੱਛੇ ਲਮਕਦੇ ਵਾਲ ਨਿੱਕੀਆਂ-ਨਿੱਕੀਆਂ ਛਾਲਾਂ ਮਾਰਦੇ। ਗੋਡੇ ਸਪਰਿੰਗਾਂ ਵਾਂਗ ਲਿਫਦੇ। ਜਦੋਂ ਛਾਲ ਲਾਉਂਦਾ ਤਾਂ ਪੈਰ ਤੋਂ ਹੀ ਜ਼ੋਰ ਨਾਲ ਭੱਜਦਾ। ਲੰਮੇ ਕਦਮ ਭਰਦਾ ਜੋ ਸਾਇੰਟੇਫਿਕ ਕੋਚਿੰਗ ਮੁਤਾਬਕ ਸਹੀ ਨਹੀਂ ਸਨ। ਜੇ ਉਸ ਨੂੰ ਕਿਸੇ ਮਾਹਿਰ ਕੋਚ ਦੀ ਸਹੀ ਕੋਚਿੰਗ ਮਿਲੀ ਹੁੰਦੀ ਤਾਂ ਉਹਦੀ ਤੀਹਰੀ ਛਾਲ 59-60 ਫੁੱਟ ਤਕ ਜਾ ਸਕਦੀ ਸੀ। ਤੀਹਰੀ ਛਾਲ ਲਾਉਂਦਿਆਂ ਉਹਦਾ ਹੌਪ ਲੰਮਾ ਹੁੰਦਾ, ਸਟੈਪ ਛੋਟਾ ਤੇ ਜੰਪ ਉਸ ਤੋਂ ਵੀ ਛੋਟਾ। ਜਦੋਂ ਉਹ 53 ਫੁੱਟ ਛਾਲ ਲਾਉਣ ਲੱਗਾ ਤਾਂ ਉਸ ਨੂੰ ਕੈਲੀਫੋਰਨੀਆ ਸਟੇਟ ਯੂਨੀਵਰਸਿਟੀ, ਸੈਨ ਲੂਈਸ ਵੱਲੋਂ ਪੜ੍ਹਾਈ ਤੇ ਖੇਡਾਂ ਦਾ ਸਕਾਲਰਸ਼ਿਪ ਮਿਲ ਗਿਆ। ਟਰਲਕ ਵਿਚਲੀ ਮੁਲਾਕਾਤ ਸਮੇਂ ਉਸ ਨੇ ਉਹ ਸਾਰੀਆਂ ਦੁਸ਼ਵਾਰੀਆਂ ਦੱਸੀਆਂ ਕਿ ਕਿਵੇਂ ਉਹ ਕੈਲੀਫੋਰਨੀਆ ਆਇਆ ਤੇ ਕਿਵੇਂ ਓਪਰਾ ਹੋਣ ਕਾਰਨ ਬੋਂਦਲਿਆ ਰਿਹਾ।

ਭਾਰਤ ਦੇ ਖੇਡ ਅਧਿਕਾਰੀਆਂ ਤੋਂ ਖਫਾ ਹੋ ਕੇ ਰੋਸ ਵਜੋਂ ਹੀ ਉਹ ਦਸੰਬਰ 1968 ਵਿਚ ਕੈਲੀਫੋਰਨੀਆ ਆਇਆ ਸੀ। ਉਸ ਵੇਲੇ ਉਸ ਨੂੰ ਓਪਰੀ ਭਾਸ਼ਾ ਤੇ ਖਾਧ ਖੁਰਾਕ ਦੀਆਂ ਵੱਡੀਆਂ ਮੁਸ਼ਕਿਲਾਂ ਆਈਆਂ। ਨਾ ਉਸ ਨੂੰ ਕਿਸੇ ਦੀ ਭਾਸ਼ਾ ਸਮਝ ਆਉਂਦੀ ਤੇ ਨਾ ਅਮਰੀਕਨ ਖਾਣਾ ਸੁਆਦ ਲੱਗਦਾ। ਕੋਚਿੰਗ ਮਸ਼ੀਨੀ ਟਾਈਪ ਦੀ ਸੀ। ਕਦੇ-ਕਦੇ ਛੱਡ ਕੇ ਭੱਜਣ ਨੂੰ ਦਿਲ ਕਰਦਾ। ਉਹ ਅਮਰੀਕਾ 'ਚ ਟ੍ਰੇਨਿੰਗ ਲੈਂਦਾ ਰਿਹਾ ਤੇ ਭਾਰਤ ਦੀ ਨੁਮਾਇੰਦਗੀ ਕਰਦਾ ਰਿਹਾ। 1972 ਦੀਆਂ ਓਲੰਪਿਕ ਖੇਡਾਂ ਵਿਚ ਹਿੱਸਾ ਲੈਣ ਲਈ ਉਹ ਤੇ 400 ਮੀਟਰ ਦੀ ਏਸ਼ੀਆ ਜੇਤੂ ਕਮਲਜੀਤ ਸੰਧੂ ਅਮਰੀਕਾ ਤੋਂ ਹੀ ਮਿਉਨਿਖ ਗਏ ਸਨ।

ਕੈਲੀਫੋਰਨੀਆ ਵਿਚ ਕੋਚਿੰਗ ਨਾਲ ਉਹਦੀ ਛਾਲ ਦੋ ਤਿੰਨ ਫੁੱਟ ਹੋਰ ਵਧ ਗਈ। ਨਾਲ ਫਾਇਦਾ ਇਹ ਹੋਇਆ ਕਿ ਉਥੇ 1974 ਵਿਚ ਉਸ ਦਾ ਵਿਆਹ ਬੀਬੀ ਨਰਿੰਦਰ ਕੌਰ ਨਾਲ ਹੋ ਗਿਆ, ਜਿਸ ਦਾ ਪੇਕਾ ਪਿੰਡ ਬਾਜੜਾ ਸੀ ਤੇ ਮਾਪੇ ਇੰਗਲੈਂਡ ਰਹਿੰਦੇ ਸਨ। ਉਹ ਵੀ ਪੜ੍ਹਨ ਅਮਰੀਕਾ ਆਈ ਸੀ। ਉਨ੍ਹਾਂ ਦੇ ਇਕ ਪੁੱਤਰ ਹਰਮਨ ਸਿੰਘ ਅਤੇ ਦੋ ਧੀਆਂ-ਗੁਰਿੰਦਰ ਕੌਰ ਤੇ ਅਮਿਤ ਕੌਰ ਹਨ।

ਵਿਆਹ ਕਰਾ ਕੇ ਤੇ ਸਰਗਰਮ ਅਥਲੈਟਿਕਸ ਤੋਂ ਰਿਟਾਇਰ ਹੋ ਕੇ ਉਸ ਨੇ ਟਰਲਕ ਵਿਚ ਖੇਡ ਸਮਾਨ ਦਾ ਬਿਜ਼ਨਸ ਕਰਨਾ ਸ਼ੁਰੂ ਕਰ ਲਿਆ। ਡਿਸਕਸ ਸੁੱਟਣ ਵਾਲੇ ਓਲੰਪਿਕ ਚੈਂਪੀਅਨ ਐਲ ਓਰਟਰ ਨੇ ਉਸ ਨੂੰ ਕਾਫੀ ਸਹਿਯੋਗ ਦਿੱਤਾ। ਪਹਿਲਾਂ ਉਹ ਭਾਰਤ ਤੋਂ ਖੇਡ ਸਮਾਨ ਮੰਗਾਉਂਦਾ ਸੀ, ਫਿਰ ਪੂਰੀ ਵਿਸ਼ਵ ਮੰਡੀ ਤਕ ਪਹੁੰਚ ਬਣਾ ਲਈ। ਮਹਿੰਦਰਾ ਸਪੋਰਟਸ ਦੀਆਂ ਬਾਸਕਟਬਾਲਾਂ ਕੁਲ ਦੁਨੀਆਂ ਵਿਚ ਵਿਕਦੀਆਂ ਹਨ। ਉਸ ਦਾ ਵੇਅਰਹਾਊਸ ਕਾਫੀ ਵੱਡਾ ਹੈ। ਜਲੰਧਰ ਦੀ ਬਣੀ ਹਾਕੀ ਉਹ ਅਮਰੀਕਾ 'ਚ ਸਵਾ ਸੌ ਡਾਲਰ ਦੀ ਵੇਚਦਾ ਰਿਹੈ। ਇਸ ਵੇਲੇ ਉਸ ਦਾ ਬਿਜ਼ਨਸ ਮਿਲੀਅਨ ਡਾਲਰਾਂ ਵਿਚ ਹੈ।

ਬਿਜ਼ਨਸ ਕਰਨ ਦੇ ਨਾਲ ਉਸ ਨੇ ਕਈ ਖਿਡਾਰੀਆਂ ਨੂੰ ਅਮਰੀਕਾ ਵਿਚ ਵਜ਼ੀਫੇ ਦੀ ਦੁਆਏ ਤੇ ਅਮਰੀਕਾ ਦੇ ਪੱਕੇ ਵਾਸੀ ਬਣਨ ਵਿਚ ਮਦਦ ਕੀਤੀ। ਪਿਛਲੇ ਕੁਝ ਸਮੇਂ ਤੋਂ ਉਸ ਦਾ ਝੁਕਾਅ ਅਧਿਆਤਮਵਾਦ ਵੱਲ ਹੋਇਆ ਹੈ। ਉਹ ਰਤਵਾੜੇ ਵਾਲੇ ਬਾਬਾ ਵਰਿਆਮ ਸਿੰਘ ਗਿੱਲ ਦਾ ਸ਼ਰਧਾਲੂ ਬਣਿਆ ਜੋ 2002 ਵਿਚ ਚੋਲਾ ਛੱਡ ਗਏ। ਹੁਣ ਉਹ ਰਤਵਾੜਾ ਸਾਹਿਬ ਟਰੱਸਟ ਦਾ ਮੈਂਬਰ ਹੈ ਤੇ ਅਕਸਰ ਚੰਡੀਗੜ੍ਹ ਲਾਗੇ ਰਤਵਾੜਾ ਸਾਹਿਬ ਆਉਂਦਾ ਜਾਂਦਾ ਰਹਿੰਦਾ ਹੈ। ਉਹਦੇ ਘਰ ਬਾਬਾ ਵਰਿਆਮ ਸਿੰਘ ਤੇ ਉਨ੍ਹਾਂ ਦੀ ਸੁਪਤਨੀ ਦੀਆਂ ਆਦਮ ਕੱਦ ਤਸਵੀਰਾਂ ਲੱਗੀਆਂ ਹੋਈਆਂ ਹਨ।

ਰਾਤ ਉਹਦੇ ਘਰ ਰਹਿ ਕੇ ਸਵੇਰੇ ਅਸੀਂ ਸੈਕਰਾਮੈਂਟੋ ਜਾਣ ਲਈ ਤਿਆਰ ਹੋਏ ਤਾਂ ਮਹਿੰਦਰ ਸਿੰਘ ਮਾਲਾ ਫੜੀ ਪੂਰਾ ਸੰਤ ਬਣਿਆ ਜਾਪਿਆ। ਚਾਹ ਪੀਂਦਿਆਂ ਉਸ ਨੇ ਏਕਮਕਾਰ ਦੀ ਐਸੀ ਕਥਾ ਕੀਤੀ ਕਿ ਅਸੀਂ ਦੰਗ ਰਹਿ ਗਏ। ਮੈਂ ਸੋਚਣ ਲੱਗਾ, ਕੀ ਉਹ ਉਹੀ 'ਅਲਸੀ ਦਾ ਫੁੱਲ' ਮਹਿੰਦਰ ਸੀ, ਜੋ ਚਿਣ-ਚਿਣ ਪੱਗ ਬੰਨ੍ਹਦਾ ਸੀ। ਫੈਸ਼ਨਦਾਰ ਕਪੜੇ ਪਹਿਨਦਾ ਸੀ। ਉਸ ਨੂੰ ਬਣੇ ਫੱਬੇ ਰਹਿਣ ਦਾ ਬੇਹੱਦ ਸ਼ੌਕ ਸੀ। ਕਹਿੰਦਾ ਸੀ, ਕੀ ਪਤਾ ਬਣਨਾ ਫੱਬਣਾ ਕਦੋਂ ਕੰਮ ਆ ਜਾਵੇ?

ਕਿੰਗਸਟਨ ਦੀਆਂ ਕਾਮਨਵੈਲਥ ਖੇਡਾਂ-1966 ਲਈ ਪਟਿਆਲੇ 'ਚ ਲੱਗੇ ਕੋਚਿੰਗ ਕੈਂਪ ਵਿਚ ਇਕ ਦਿਨ ਉਹ ਕਹਿ ਰਿਹਾ ਸੀ, "ਗਰਮੀ ਬੜੀ ਆ।" ਮਝੈਲ ਪਰਵੀਨ ਕੁਮਾਰ ਨੇ ਆਖਿਆ ਸੀ, "ਤੇਰੇ ਅਰਗੇ ਬਾਹਰ ਫਲ੍ਹੇ ਹੱਕਣ ਡਹੇ ਆ ਤੇ ਤੈਨੂੰ ਗਰਮੀ ਲੱਗਣ ਡਹੀ ਆ, ਵੱਡੇ ਅੰਗਰੇਜ਼ ਨੂੰ!" ਮਹਿੰਦਰ ਬੋਲਿਆ, "ਜੇ ਮੂੰਹ ਕਾਲਾ ਤਾਂ ਗੱਲ ਤਾਂ ਸਟੈਂਡਰਡ ਦੀ ਕਰਿਆ ਕਰ।"

"ਮੈਂ ਜਾਣਦਾਂ ਤੇਰੇ ਸਟੈਂਡਰਡ ਨੂੰ। ਤੂੰ ਕਿਹੜਾ ਮਹਾਰਾਜੇ ਦੀ ਕੁੜੀ ਨਾਲ ਰਲਿਆ ਹੋਇਆਂ?" ਪਰਵੀਨ ਇੰਦਾਂ ਹੀ ਨਹਿਲੇ 'ਤੇ ਦਹਿਲੇ ਧਰਦਾ ਸੀ ਜਿਸ ਨਾਲ ਹਾਸਤ ਪੈ ਜਾਂਦੀ ਸੀ।

ਕਿਥੇ ਉਹ ਦਿਨ ਤੇ ਕਿਥੇ ਆਹ ਦਿਨ? ਮਹਿੰਦਰ ਸਿੰਘ 'ਅਲਸੀ ਦੇ ਫੁੱਲ' ਤੋਂ ਸਾਧ ਸੰਤ ਬਣਨ ਦੇ ਰਾਹ ਪੈ ਗਿਆ ਲੱਗਦਾ ਸੀ। ਕੀ ਪਤਾ, ਜਿੱਡਾ ਉਹ ਅਥਲੀਟ ਸੀ, ਓਡਾ ਵੱਡਾ ਸੰਤ ਵੀ ਬਣ ਜਾਵੇ। ਦੁਨੀਆਂ ਉਹਨੂੰ ਪੂਜਣ ਤੇ ਮੱਥੇ ਟੇਕਣ ਲੱਗ ਪਵੇ। ਤੇ ਕੀ ਪਤਾ ਮੈਨੂੰ ਉਹਦੇ ਬਾਰੇ ਲਿਖੇ ਜਾਣ ਵਾਲੇ ਕਿਸੇ ਲੇਖ ਦਾ ਸਿਰਲੇਖ ਕਿਸੇ ਵਕਤ 'ਸੰਤ ਬਾਬਾ ਮਹਿੰਦਰ ਸਿੰਘ' ਰੱਖਣਾ ਪਵੇ!




*ਮਹਿੰਦਰ ਸਿੰਘ ਗਿੱਲ ਮਾਈਕਲ ਜੈਕਸਨ ਦੇ ਪਿਤਾ ਜੋ ਜੈਕਸਨ ਨਾਲ*

ੴ ਸਤਿਗੁਰ ਪ੍ਰਸ਼ਾਦਿ॥

ਭਗਤਾ ਕੀ ਟੇਕ ਤੂੰ ਸੰਤਾ ਕੀ ਓਟ ਤੂੰ ਸਚਾ ਸਿਰਜਨਹਾਰਾ॥੧॥ ਰਹਾਉ॥








# Guru Gobind Singh Sikh Center

**1065 Old Country Rd, Plainview, NY 11803 Phone: (516) 931-9304**

# ਬਰਸੀ ਸਮਾਗਮ

ਬਾਬਾ ਜੀ ਦੇ ਇਲਾਕੇ ਦੀ ਸਮੂਹ ਸੰਗਤ ਅਤੇ ਗੁਰਦੁਆਰਾ ਗੁਰੂ ਗੋਬਿੰਦ ਸਿੰਘ ਸਿੱਖ ਸੈਂਟਰ ਦੀਆਂ ਸੰਗਤਾਂ, ਸੰਤ ਬਾਬਾ ਨਿਧਾਨ ਸਿੰਘ ਕਲਚਰਲ ਸੋਸਾਇਟੀ ਅਤੇ ਸਮੂਹ ਜਥੇਬੰਦੀਆਂ ਦੇ ਸਹਿਯੋਗ ਨਾਲ ਗੁਰਦੁਆਰਾ ਗੁਰੂ ਗੋਬਿੰਦ ਸਿੰਘ ਸਿੱਖ ਸੈਂਟਰ ਵਿਖੇ ਹਰ ਸਾਲ ਦੀ ਤਰ੍ਹਾਂ ਬਰਸੀ ਸਮਾਗਮ ਮਿਤੀ ੨੪ ਅਗਸਤ ਦਿਨ ਸ਼ੁਕਰਵਾਰ ਤੋਂ ੨੬ ਅਗਸਤ ਦਿਨ ਐਤਵਾਰ ਤੱਕ ਮਨਾਇਆ ਜਾ ਰਿਹਾ ਹੈ।

## Programe Detail: Friday August 24th, 2018

Arambh Sri Akhand Path Sahib : 10:30 am
Sunday Sri Akhand Path Sahib : 11:00 am
Kirtan Darbar : 11:30 am to 03:00 pm

ਸੰਤ ਭਗਤ ਜਨਮ ਜ਼ਰੂਰ ਕਿਸੇ ਇਕ ਧਰਮ ਜਾਤੀ (ਕੌਮ) ਵਿਚ ਲੈਂਦੇ ਹਨ ਪਰ ਉਹ ਉਪਦੇਸ਼ ਸਭ ਧਰਮਾਂ ਨੂੰ ਇੱਕੋ ਜਿਹਾ ਦੇ ਜਾਂਦੇ ਹਨ। ਐਸੇ ਹੀ ਮਹਾਨ ਭਗਤ ਹੋਏ ਨੇ ਪੂਰਨ ਸਿੰਘ ਜੀ ਜੋ ਹਿੰਦੂ ਧਰਮ ਵਿੱਚ ਰਾਮ ਜੀ ਦਾਸ ਦੇ ਨਾਮ ਨਾਲ ਜਨਮ ਲੈ ਕੇ ਸਿੱਖ ਧਰਮ ਵਿਚ ਸ਼ਾਮਿਲ ਹੋਏ ਅਤੇ ਅੰਮ੍ਰਿਤ ਛਕ ਕੇ ਬਿਨ੍ਹਾਂ ਕਿਸੇ ਭੇਦ ਅਤੇ ਜਾਤ ਬਿਰਾਦਰੀ ਦੇ ਗੂੰਗੇ ਬਹਿਰੇ ਲੰਗੜੇ ਲੂਲੇ ਤੇ ਪਿੰਗਲਿਆਂ ਦੀ ਸੇਵਾ ਕਰਕੇ ਭਗਤ ਪੂਰਨ ਸਿੰਘ ਜੀ ਬਾਨੀ ਪਿੰਗਲਵਾੜਾ ਅੰਮ੍ਰਿਤਸਰ ਦੇ ਨਾਮ ਲਈ ਲੋਕਾਂ ਦੇ ਦਿਲਾਂ ਵਿਚ ਜਗ੍ਹਾ ਲੈ ਗਏ ਉਨ੍ਹਾਂ ਦੀ ਸਾਲਾਨਾ ਬਰਸੀ ਤੇ ਉਨ੍ਹਾਂ ਨੂੰ ਯਾਦ ਕੀਤਾ ਜਾਂਦਾ ਹੈ।

ਇਸੇ ਤਰ੍ਹਾਂ ਸੰਤ ਬਾਬਾ ਨਿਧਾਨ ਸਿੰਘ ਜੀ ਪਿੰਡ ਨਡਾਲੋਂ ਜਿਲ੍ਹਾ ਹੁਸ਼ਿਆਰਪੁਰ ਸਿੱਖ ਧਰਮ ਵਿਚ ਜਨਮ ਲੈ ਕੇ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਆਸ਼ੀਰਵਾਦ ਅਤੇ ਵਰ ਹੱਥ ਤੇਰਾ ਖੀਸਾ ਮੇਰਾ ਦਾ ਲੈ ਕੇ ਬਿਨ੍ਹਾਂ ਕਿਸੇ ਮਤ-ਭੇਦ ਦੇ ਗਰੀਬਾਂ ਅਮੀਰਾਂ ਸਾਰਿਆਂ ਨੂੰ ਇਕ ਜਗ੍ਹਾ ਲੰਗਰ ਛਕਾ ਕੇ ਲੰਗਰਾਂ ਵਾਲੇ ਸੰਤ ਬਾਬਾ ਨਿਧਾਨ ਸਿੰਘ ਜੀ ਦੇ ਨਾਮ ਨਾਲ ਦੁਨੀਆਂ ਭਰ ਵਿਚ ਜਾਣੇ ਜਾਂਦੇ ਹਨ। ਉਨ੍ਹਾਂ ਦੀ ਸਾਲਾਨਾ ਬਰਸੀ ਤੇ ਉਨ੍ਹਾਂ ਨੂੰ ਯਾਦ ਕੀਤਾ ਜਾਂਦਾ ਹੈ। ਪੰਜਾਬ (ਇੰਡੀਆ) ਉਨ੍ਹਾਂ ਦੇ ਨਾਮ ਤੇ ਸੰਤ ਬਾਬਾ ਨਿਧਾਨ ਸਿੰਘ ਜੀ ਇੰਟਰਨੈਸ਼ਨਲ ਸੋਸਾਇਟੀ ਹੈ। ਜਿਸ ਦੀ ਸੇਵਾ ਪਰਮਜੀਤ ਸਿੰਘ ਜੀ ਸਰੋਆ ਨਿਭਾ ਰਹੇ ਹਨ। ਪਰਮਾਤਮਾ ਉਨ੍ਹਾਂ ਨੂੰ ਚੜ੍ਹਦੀਕਲਾ ਬਖਸ਼ੇ।

## ਵਿਸ਼ੇਸ਼ ਸੱਦੇ ਤੇ ਪਹੁੰਚ ਰਹੇ ਮਹਿਮਾਨ

# ਸਰਦਾਰ ਪਰਮਜੀਤ ਸਿੰਘ ਜੀ ਸਰੋਆ

(ਐਡੀਸ਼ਨਲ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ)

## ਪਹੁੰਚ ਰਹੇ ਕੀਰਤਨੀ ਜਥੇ, ਪ੍ਰਚਾਰਕ ਤੇ ਢਾਡੀ ਜਥੇ:

ਰਾਗੀ ਜਥਾ: ਭਾਈ ਸੇਵਕ ਜੀ ਲੁਧਿਆਣੇ ਵਾਲੇ

ਕਥਾਵਾਚਕ: ਗਿਆਨੀ ਮੁਖਤਿਆਰ ਸਿੰਘ ਜੀ ਫਲਸ਼ਿੰਗ ਵਾਲੇ ਅਤੇ ਭਾਈ ਅਮਰਜੀਤ ਸਿੰਘ ਜੀ (ਹੈੱਡ ਗ੍ਰੰਥੀ ਗੁਰਦੁਆਰਾ ਗੁਰੂ ਗੋਬਿੰਦ ਸਿੰਘ ਸਿੱਖ ਸੈਂਟਰ)

ਵਿਸ਼ੇਸ਼ ਸਹਿਯੋਗ: ਪ੍ਰਬੰਧਕ ਕਮੇਟੀ ਗੁਰਦੁਆਰਾ ਗੁਰੂ ਗੋਬਿੰਦ ਸਿੰਘ ਸਿੱਖ ਸੈਂਟਰ ਅਤੇ ਸਟਾਫ ਤੇ ਸਮੂਹ ਸੇਵਾਦਾਰ

ਧੰਨਵਾਦ ਸਹਿਤ: ਜਾਰੀ ਕਰਤਾ, ਸੁਰਿੰਦਰ ਸਿੰਘ ਮਿਨਹਾਸ (ਪਾਲਦੀ ਵਾਲੇ) HIcksville, NY. USA. Ph.: 516-342-0276

# ਸੁਰ ਤੇ ਸੰਗੀਤ 'ਚ ਬਰਕਤ ਸਿੱਧੂ ਦੀਆਂ ਬਰਕਤਾਂ

***ਸੂਫੀਆਨਾ ਕਲਾਮ ਗਾਉਣ ਵਾਲਿਆਂ ਵਿਚ ਬਰਕਤ ਸਿੱਧੂ ਦਾ ਨਾਂ ਬੜੇ ਮਾਣ ਨਾਲ ਲਿਆ ਜਾਂਦਾ ਹੈ। ਜਲੰਧਰ ਜ਼ਿਲ੍ਹੇ ਦੇ ਸ਼ਾਹਕੋਟ ਨੇੜਲੇ ਪਿੰਡ ਕੰਨੀਆਂ ਵਿਚ ਜਨਮੇ ਬਰਕਤ ਦਾ ਬਚਪਨ ਬਹੁਤ ਤੰਗੀਆਂ ਤੁਰਸ਼ੀਆਂ ਵਾਲਾ ਸੀ। ਫਿਰ ਇਕ ਦਿਨ ਉਹ ਆਪਣੇ ਨਾਨਕੇ ਪਿੰਡ ਸ਼ਾਹਕੋਟ ਪਹੁੰਚ ਗਿਆ। ਉਹਦੇ ਨਾਨਕੇ ਕਸਬੀ ਗਵੱਈਏ ਸਨ। ਉਘਾ ਗਾਇਕ ਪੂਰਨ ਸ਼ਾਹਕੋਟੀ ਉਸ ਦੇ ਮਾਮੇ ਦਾ ਪੁੱਤ, ਭਰਾ ਹੈ। ਛੇਤੀ ਹੀ ਉਸ ਨੇ ਵੀ ਸੁਰਾਂ ਨਾਲ ਸਾਂਝ ਪਾ ਲਈ। -ਸੰਪਾਦਕ***

**ਕਲਾ ਪਰਿਕਰਮਾ**

ਜਿਵੇਂ ਸੂਫੀ ਕਾਵਿ, ਪੰਜਾਬੀ ਕਾਵਿ ਦਾ ਅਹਿਮ ਪੱਖ ਹੈ, ਇਸੇ ਤਰ੍ਹਾਂ ਸੂਫੀਆਨਾ ਗਾਇਕੀ, ਪੰਜਾਬੀ ਗਾਇਕੀ ਦਾ ਮਹੱਤਵਪੂਰਨ ਰੂਪ ਹੈ। ਇਬਾਦਤ ਵਰਗੀ ਇਸ ਗਾਇਕੀ ਵਿਚ ਚਮਕ ਦਮਕ ਨਾ ਹੋਣ ਕਾਰਨ ਬਹੁਤ ਘੱਟ ਗਾਇਕ ਇਸ ਪਾਸੇ ਆਏ ਹਨ। ਕੇਵਲ ਉਹ ਦਰਵੇਸ਼ ਲੋਕ ਹੀ ਇਸ ਪਾਸੇ ਆਏ ਜਿਨ੍ਹਾਂ ਨੇ ਸੰਗੀਤ ਨੂੰ ਇਬਾਦਤ ਅਤੇ ਰੂਹ ਦੀ ਖੁਰਾਕ ਮੰਨਿਆ। ਇਸ ਲਈ ਇਨ੍ਹਾਂ ਦੀ ਗਿਣਤੀ ਨਾਂ-ਮਾਤਰ ਹੀ ਹੈ। ਅਜਿਹੇ ਦਰਵੇਸ਼ ਗਾਇਕਾਂ ਵਿਚੋਂ ਹੀ ਇਕ ਨਾਂ ਸੀ ਜਨਾਬ ਬਰਕਤ ਸਿੱਧੂ।



**ਹਰਦਿਆਲ ਸਿੰਘ ਥੂਹੀ**
**ਫੋਨ: 91-84271-00341**

ਬਰਕਤ ਸਿੱਧੂ ਦਾ ਜਨਮ 1940 ਦੇ ਨੇੜੇ ਤੇੜੇ ਜਲੰਧਰ ਜ਼ਿਲ੍ਹੇ ਦੇ ਸ਼ਾਹਕੋਟ ਨੇੜਲੇ ਪਿੰਡ ਕੰਨੀਆਂ ਵਿਖੇ ਪਿਤਾ ਲਾਲ ਚੰਦ ਤੇ ਮਾਤਾ ਪਠਾਣੀ ਦੇ ਘਰ ਹੋਇਆ। ਉਸ ਦਾ ਬਚਪਨ ਬਹੁਤ ਤੰਗੀਆਂ ਤੁਰਸ਼ੀਆਂ ਵਿਚ ਬੀਤਿਆ। ਕੰਮ ਕਾਰ ਦੇ ਸਿਲਸਿਲੇ ਵਿਚ ਪਿਤਾ ਪਰਿਵਾਰ ਸਮੇਤ ਕੰਨੀਆਂ ਤੋਂ ਸੁਲਤਾਨਪੁਰ ਲੋਧੀ ਆ ਗਏ। ਕੁਝ ਸਮੇਂ ਬਾਅਦ ਇਸ ਇਲਾਕੇ ਵਿਚ ਹੜ੍ਹ ਆ ਗਿਆ। ਚਾਰੇ ਪਾਸੇ ਪਾਣੀ ਭਰ ਗਿਆ। ਬਰਕਤ ਦਾ ਪਰਿਵਾਰ ਉਥੋਂ ਤੁਰ ਕੇ ਨਾਨਕੇ ਪਿੰਡ ਸ਼ਾਹਕੋਟ ਪਹੁੰਚ ਗਿਆ। ਇਸ ਤਰ੍ਹਾਂ ਉਸ ਦੇ ਬਚਪਨ ਦਾ ਜ਼ਿਆਦਾ ਸਮਾਂ ਇਥੇ ਹੀ ਬੀਤਿਆ। ਨਾਨਕੇ ਕਸਬੀ ਗਵੱਈਏ ਸਨ। ਬਰਕਤ ਦਾ ਨਾਨਾ ਸਰਦਾਰੀ ਲਾਲ ਅਤੇ ਮਾਮਾ ਨਿਰੰਜਣ ਦਾਸ ਕੱਵਾਲੀਆਂ ਗਾਉਂਦੇ ਸਨ। ਪੂਰਨ ਸ਼ਾਹਕੋਟੀ ਉਸ ਦੇ ਮਾਮੇ ਦਾ ਪੁੱਤ, ਭਰਾ ਹੈ। ਬਰਕਤ ਵੀ ਉਨ੍ਹਾਂ ਨਾਲ ਜਾਣ ਲੱਗਾ। ਇਸ ਤਰ੍ਹਾਂ ਉਸ ਅੰਦਰ ਗਾਇਕੀ ਦਾ ਅਵੱਲਾ ਸ਼ੌਕ ਪੈਦਾ ਹੋ ਗਿਆ। ਚੰਗੀ ਆਵਾਜ਼ ਅਤੇ ਗਾਇਕੀ ਪ੍ਰਤੀ ਰੁਚੀ ਨੂੰ ਦੇਖ ਕੇ ਪਿਤਾ ਲਾਲ ਚੰਦ ਨੇ ਉਸ ਨੂੰ ਸੰਗੀਤ ਉਸਤਾਦ ਜਨਾਬ ਕੇਸਰ ਚੰਦ ਨਕੋਦਰ ਵਾਲਿਆਂ ਦੇ ਚਰਨੀਂ ਲਾ ਦਿੱਤਾ। ਇਥੇ ਉਸ ਨੇ ਅੱਠ ਸਾਲ ਉਸਤਾਦ ਦੀ ਸੰਗਤ ਵਿਚ ਰਹਿ ਕੇ ਸਖਤ ਘਾਲਣਾ ਘਾਲੀ। ਰਾਗਾਂ ਅਤੇ ਸੁਰਾਂ ਦੀਆਂ ਬਾਰੀਕੀਆਂ ਬਾਰੇ ਜਾਣਿਆ। ਇਸ ਸਮੇਂ ਦੌਰਾਨ ਉਸ ਨੇ ਉਸਤਾਦ ਦੇ ਲੜਕੇ ਨਾਰੰਗ ਨਾਲ ਜਗਰਾਤਿਆਂ ਅਤੇ ਹੋਰ ਧਾਰਮਿਕ ਪ੍ਰੋਗਰਾਮਾਂ 'ਤੇ ਗਾਇਆ। ਇਸ ਤੋਂ ਬਾਅਦ ਲਗਾਤਾਰ ਬਾਰਾਂ ਸਾਲ ਭਾਰਤ ਸੇਵਕ ਸਮਾਜ ਡਰਾਮੈਟਿਕ ਕਲੱਬ ਲਈ ਸੰਗੀਤ ਦਿੱਤਾ ਅਤੇ ਗਾਇਆ। ਇਸ ਤਰ੍ਹਾਂ ਹੌਲੀ-ਹੌਲੀ ਬਰਕਤ ਦੀ ਬਤੌਰ ਗਾਇਕ ਲੋਕਾਂ ਵਿਚ ਪਛਾਣ ਬਣ ਗਈ ਅਤੇ ਉਹ ਅਜ਼ਾਦਾਨਾ ਤੌਰ 'ਤੇ ਪ੍ਰੋਗਰਾਮ ਕਰਨ ਲੱਗਾ।

ਬਰਕਤ ਸਿੱਧੂ ਦੀ ਬਹੁਤੀ ਰਿਕਾਰਡਿੰਗ ਰੇਡੀਓ 'ਤੇ ਹੀ ਹੋਈ। ਉਹ ਰੇਡੀਓ ਦਾ ਬੀ ਹਾਈ ਗਰੇਡ ਗਾਇਕ ਸੀ। ਉਸ ਨੇ ਪਹਿਲੀ ਵਾਰ ਰੇਡੀਓ 'ਤੇ ਉਸ ਸਮੇਂ ਗਾਇਆ ਜਦੋਂ ਦੂਰਦਰਸ਼ਨ ਦੀ ਨੀਂਹ ਰੱਖੀ ਜਾ ਰਹੀ ਸੀ। ਦੂਰਦਰਸ਼ਨ ਤੋਂ ਉਸ ਨੇ ਪਹਿਲੀ ਵਾਰ ਇਸ ਦੇ ਉਦਘਾਟਨੀ ਸਮਾਰੋਹ ਸਮੇਂ ਗਾਇਆ। ਇਹ ਸਾਰੀ ਰਿਕਾਰਡਿੰਗ ਦਿੱਲੀ ਹੀ ਹੋਈ ਸੀ। ਰੇਡੀਓ ਅਤੇ ਦੂਰਦਰਸ਼ਨ 'ਤੇ ਗਾਏ ਉਸ ਦੇ ਕਲਾਮਾਂ ਦੀ ਗਿਣਤੀ ਸੈਂਕੜਿਆਂ ਵਿਚ ਹੈ।

ਸਰਕਾਰ ਦਾ ਰਜਿਸਟਰਡ ਕਲਾਕਾਰ ਹੋਣ ਕਾਰਨ ਬਰਕਤ ਸਿੱਧੂ ਨੇ ਬਹੁਤ ਸਾਰੇ ਸਰਕਾਰੀ ਪ੍ਰੋਗਰਾਮ ਕੀਤੇ। ਸਾਊਂਡ ਐਂਡ ਡਰਾਮਾ ਡਵੀਜ਼ਨ, ਭਾਰਤ ਸਰਕਾਰ ਲਈ ਉਸ ਨੇ ਸਤਾਰਾਂ ਸਾਲ ਕੰਮ ਕੀਤਾ। ਖਾਸ ਤੌਰ 'ਤੇ ਫੌਜੀਆਂ ਲਈ ਦੇਸ਼ ਭਗਤੀ ਦੇ ਗੀਤ ਗਾਏ। ਇਨ੍ਹਾਂ ਪ੍ਰੋਗਰਾਮਾਂ ਰਾਹੀਂ ਦੇਸ਼ ਭਰ ਵਿਚ ਨਾਂ ਕਮਾਇਆ।

ਬਰਕਤ ਸਿੱਧੂ ਨੂੰ ਇਹ ਮਾਣ ਹਾਸਲ ਸੀ ਕਿ ਉਸ ਨੂੰ ਦੇਸ਼ ਭਰ ਦੇ ਚੋਟੀ ਦੇ ਕਲਾਕਾਰਾਂ ਨਾਲ ਸਟੇਜਾਂ ਸਾਂਝੀਆਂ ਕਰਨ ਦੇ ਮੌਕੇ ਮਿਲੇ। 2003 ਵਿਚ ਮੁੰਬਈ ਵਿਖੇ ਵੱਡਾ ਸੰਗੀਤ ਸਮਾਗਮ ਹੋਇਆ। ਇਸ ਵਿਚ ਭਾਰਤ ਭਰ ਦੇ ਸੰਗੀਤ ਘਰਾਣਿਆਂ ਦੇ ਕਲਾਕਾਰਾਂ ਨੂੰ ਬੁਲਾਇਆ ਗਿਆ। ਨਾਮਵਰ ਫਿਲਮੀ ਹਸਤੀਆਂ ਨੇ ਵੀ ਸ਼ਮੂਲੀਅਤ ਕੀਤੀ। ਜੰਮੂ ਕਸ਼ਮੀਰ, ਹਿਮਾਚਲ ਪ੍ਰਦੇਸ਼, ਹਰਿਆਣਾ, ਰਾਜਸਥਾਨ, ਕੇਰਲਾ, ਤਾਮਿਲਨਾਡੂ ਆਦਿ ਰਾਜਾਂ ਤੋਂ ਪਹੁੰਚੇ ਕਲਾਕਾਰਾਂ ਨੇ ਪ੍ਰਸਿਧ ਸੰਗੀਤਕਾਰਾਂ, ਕਲਾਕਾਰਾਂ ਹਰੀ ਪ੍ਰਸ਼ਾਦ ਚੌਰਸੀਆ, ਜਨਾਬ ਜ਼ਾਕਿਰ ਹੁਸੈਨ, ਉਸਤਾਦ ਬਿਸਮਿੱਲਾ ਖਾਨ, ਹਰੀ ਹਰਨ, ਅਨੁਰਾਧਾ ਪੌਡਵਾਲ ਆਦਿ ਸਾਹਮਣੇ ਆਪੋ ਆਪਣੀ ਕਲਾ ਦਾ ਪ੍ਰਦਰਸ਼ਨ



ਕੀਤਾ। ਇਸ ਪ੍ਰੀਖਿਆ ਵਿਚੋਂ ਬਰਕਤ ਸਿੱਧੂ ਨੂੰ ਦੇਸ਼ ਦਾ ਟੌਪ ਗਰੇਡ ਕਲਾਕਾਰ ਐਲਾਨਿਆ ਗਿਆ। ਇਸੇ ਤਰ੍ਹਾਂ ਮਿਊਜ਼ਿਕ ਟੂਡੇ ਵਾਲਿਆਂ ਨੇ ਦਿੱਲੀ ਵਿਖੇ ਇੰਡੀਆ ਗੇਟ 'ਤੇ ਸੰਗੀਤ ਪ੍ਰੋਗਰਾਮ ਕਰਾਇਆ ਸੀ ਜਿਸ ਵਿਚ ਬਰਕਤ ਸਿੱਧੂ ਨੇ ਦੇਸ਼ ਦੇ ਪ੍ਰਸਿਧ ਫਨਕਾਰਾਂ ਗੁਲਾਮ ਅਲੀ, ਅਜੇ ਚੱਕਰਵਰਤੀ, ਪੰਡਤ ਹਰੀ ਹਰਨ, ਪ੍ਰਸਿਧ ਸ਼ਹਿਨਾਈ ਵਾਦਕ ਉਸਤਾਦ ਬਿਸਮਿੱਲਾ ਖਾਨ ਆਦਿ ਨਾਲ ਸਾਂਝੀ ਸਟੇਜ 'ਤੇ ਗਾਇਆ।

ਬਰਕਤ ਸਿੱਧੂ ਨੇ ਜਿਥੇ ਬਾਬਾ ਫਰੀਦ, ਸ਼ਾਹ ਹੁਸੈਨ, ਸੁਲਤਾਨ ਬਾਹੂ, ਬੁੱਲ੍ਹੇ ਸ਼ਾਹ, ਹਾਸ਼ਮ ਸ਼ਾਹ ਆਦਿ ਸੂਫੀ ਕਵੀਆਂ ਦੇ ਕਲਾਮਾਂ ਨੂੰ ਗਾਇਆ, ਉਥੇ ਡਾ. ਜਗਤਾਰ, ਸ਼ਿਵ ਕੁਮਾਰ ਬਟਾਲਵੀ, ਸੁਰਜੀਤ ਪਾਤਰ ਆਦਿ ਆਧੁਨਿਕ ਕਵੀਆਂ ਦੀਆਂ ਰਚਨਾਵਾਂ ਨੂੰ ਵੀ ਆਪਣੀ ਆਵਾਜ਼ ਦਿੱਤੀ। ਇਸ ਤੋਂ ਇਲਾਵਾ ਉਸ ਨੇ ਸੱਸੀ ਦੀ ਲੋਕ ਗਾਥਾ ਨੂੰ ਆਪ ਕਿੱਸਾ ਰੂਪ ਵਿਚ ਰਚਿਆ।

ਬਰਕਤ ਸਿੱਧੂ ਨੇ ਭਾਵੇਂ ਆਮ ਗਾਇਕਾਂ ਵਾਂਗ ਕਿਸੇ ਰਿਕਾਰਡਿੰਗ ਕੰਪਨੀ ਵਿਚ ਰਿਕਾਰਡਿੰਗ ਨਹੀਂ ਕਰਵਾਈ, ਪਰ ਇਕ ਵਾਰ ਭੁੱਲ ਭੁਲੇਖੇ ਉਹ ਐਚ.ਐਮ.ਵੀ. ਕੰਪਨੀ ਦੀਆਂ ਪੌੜੀਆਂ ਜ਼ਰੂਰ ਚੜ੍ਹ ਗਿਆ ਸੀ। ਕੰਪਨੀ ਨੇ 1985 ਵਿਚ ਇਕ ਐਲ.ਪੀ. ਰਿਕਾਰਡ ਰਿਲੀਜ਼ ਕੀਤਾ ਸੀ ਜਿਸ ਦੀ ਇਕ ਸਾਈਡ 'ਤੇ ਉਸ ਦੇ ਜਮੀਲਾ ਬਾਨੋ ਨਾਲ ਛੇ ਦੋਗਾਣੇ ਸਨ। ਇਹ ਉਸ ਦੀ ਕੋਈ ਮਜਬੂਰੀ ਰਹੀ ਹੋਵੇਗੀ, ਕਿਉਂਕਿ ਇਹ ਗਾਇਕੀ ਉਸ ਦੇ ਫੱਕਰ ਦਰਵੇਸ਼ੀ ਸੁਭਾਅ ਦੇ ਅਨੁਕੂਲ ਨਹੀਂ ਸੀ। ਇਸ ਉਕਾਈ ਦਾ ਉਸ ਨੂੰ ਜ਼ਿੰਦਗੀ ਭਰ ਅਫਸੋਸ ਰਿਹਾ। ਇਸ ਬਾਰੇ ਅਕਸਰ ਉਹ ਕਿਹਾ ਕਰਦਾ ਸੀ, "ਇੱਕ ਵਾਰ ਮੈਥੋਂ ਗ਼ਲਤੀ ਹੋ ਗਈ ਸੀ, ਪਰ ਉਹ ਮੇਰੀ ਗਾਇਕੀ ਨਹੀਂ ਸੀ। ਮੈਂ ਮੂਲ ਰੂਪ ਵਿਚ ਸੂਫੀਆਨਾ ਤੇ ਕਲਾਸਿਕ ਗਾਇਕ ਹਾਂ।" ਇਸ ਤੋਂ ਇਲਾਵਾ ਲੋਕ ਸੰਗੀਤ ਮੰਡਲੀ ਭਦੌੜ ਵੱਲੋਂ ਮਾਸਟਰ ਰਾਮ ਕੁਮਾਰ ਦੇ ਯਤਨਾਂ ਨਾਲ ਉਸਾਰੂ ਗੀਤਾਂ ਦੀ ਕੈਸੇਟ 'ਜ਼ਿੰਦਗੀ ਦੇ ਗੀਤ' ਰਿਕਾਰਡ ਹੋਈ ਜਿਸ ਵਿਚ ਬਰਕਤ ਸਿੱਧੂ ਦੇ ਕੁਝ ਗੀਤ ਸ਼ਾਮਲ ਸਨ। ਉਸ ਦੀ ਇਕੋ ਇਕ ਸੰਪੂਰਨ ਕੈਸੇਟ ਹੈ 'ਸੁਰ ਉਤਸਵ'। ਇਸ ਨੂੰ ਮਿਊਜ਼ਿਕ ਟੂਡੇ ਕੰਪਨੀ ਨੇ ਰਿਲੀਜ਼ ਕੀਤਾ।

ਆਰਥਿਕ ਮੰਦਹਾਲੀ ਤੇ ਘਰੇਲੂ ਹਾਲਾਤ ਕਾਰਨ ਬਰਕਤ ਨੂੰ ਕਦੇ ਸਕੂਲ ਦਾ ਮੂੰਹ ਦੇਖਣਾ ਨਸੀਬ ਨਹੀਂ ਹੋਇਆ। ਇਸ ਦੇ ਬਾਵਜੂਦ ਉਸ ਨੇ ਆਪਣੀ ਲਗਨ ਤੇ ਮਿਹਨਤ ਸਦਕਾ ਘਰ ਹੀ ਧਰਤੀ 'ਤੇ ਸੁਆਹ ਖਿਲਾਰ ਕੇ ਪੈਂਤੀ ਸਿੱਖੀ। ਇਕ ਮਹੀਨੇ ਵਿਚ ਗੁਰਮੁਖੀ ਅੱਖਰ ਉਠਾਲਣ ਲੱਗ ਪਿਆ, ਬਾਅਦ ਵਿਚ ਹਿੰਦੀ ਸਿੱਖੀ ਤੇ ਫੇਰ ਉਰਦੂ।

ਗਾਇਕੀ ਜਿਥੇ ਉਸ ਦੀ ਰੋਜ਼ੀ ਰੋਟੀ ਦਾ ਵਸੀਲਾ ਬਣੀ, ਉਥੇ ਹੀ ਇਹ ਉਸ ਨੂੰ ਜੀਵਨ ਸਾਥੀ ਮਿਲਾਉਣ ਦਾ ਜ਼ਰੀਆ ਵੀ ਬਣੀ। ਕਿਸੇ ਪ੍ਰੋਗਰਾਮ 'ਤੇ ਮੋਗੇ ਨੇੜਲੇ ਪਿੰਡ ਤਾਰੇਵਾਲਾ ਨਿਵਾਸੀ ਮੀਰ ਆਲਮ ਕਰਮ ਸਿੰਘ ਨੇ ਬਰਕਤ ਨੂੰ ਗਾਉਂਦਿਆਂ ਸੁਣਿਆ ਸੀ। ਆਪਸ ਵਿਚ ਜਾਣ ਪਛਾਣ ਹੋਈ ਤੇ ਬਾਅਦ ਵਿਚ ਇਹ ਜਾਣ ਪਛਾਣ ਰਿਸ਼ਤੇਦਾਰੀ ਵਿਚ ਬਦਲ ਗਈ। ਇਸ ਤਰ੍ਹਾਂ ਕਰਮ ਸਿੰਘ ਦੀ ਧੀ ਹੰਸੋ ਨਾਲ ਬਰਕਤ ਦਾ ਵਿਆਹ ਹੋ ਗਿਆ। ਇਹ ਗੱਲ 1968 ਦੇ ਨੇੜੇ ਤੇੜੇ ਦੀ ਹੈ। ਬਰਕਤ ਸਿੱਧੂ ਦੇ ਪੁੱਤਰ ਵੀ ਕਿਸੇ ਨਾ ਕਿਸੇ ਰੂਪ ਵਿਚ ਸੰਗੀਤ ਨਾਲ ਹੀ ਜੁੜੇ ਹੋਏ ਹਨ।

ਬਰਕਤ ਸਿੱਧੂ ਤੋਂ ਸੰਗੀਤ ਜਗਤ ਨੂੰ ਅਜੇ ਵੱਡੀਆਂ ਆਸਾਂ ਸਨ, ਪਰ ਅੱਲਾ ਤਾਲਾ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਉਸ ਨੂੰ ਕੈਂਸਰ ਨੇ ਘੇਰ ਲਿਆ। ਕੁਝ ਸਮਾਂ ਉਹ ਸੀ.ਐਮ.ਸੀ. ਹਸਪਤਾਲ ਲੁਧਿਆਣਾ ਵਿਖੇ ਜ਼ੇਰੇ ਇਲਾਜ ਰਿਹਾ। ਆਖੀਰ 17 ਅਗਸਤ 2014 ਨੂੰ ਉਸ ਦੀ ਰੂਹ ਮਾਹੀ ਦਾ ਦੀਦਾਰ ਕਰਨ ਲਈ ਇਸ ਫਾਨੀ ਜਹਾਨ ਨੂੰ ਅਲਵਿਦਾ ਕਹਿ ਗਈ। ਉਸ ਦੀ ਸਾਫ ਸੁਥਰੀ ਗਾਇਕੀ ਨਵੀਂ ਪੀੜ੍ਹੀ ਲਈ ਹਮੇਸ਼ਾਂ ਰਾਹ ਦਿਸੇਰਾ ਬਣੀ ਰਹੇਗੀ।

# ਆਖ ਤਸਵੀਰਾਂ ਬੋਲਦੀਆਂ

***ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ ਪਹਿਲੀ ਸਤੰਬਰ 2018 ਹੈ। -ਸੰਪਾਦਕ***

## ਕੈਪਸ਼ਨ ਮੁਕਾਬਲਾ-340



***ਘਰ ਗ੍ਰਹਿਸਥੀ ਦੇ ਝਗੜੇ-ਝੇੜੇ, ਉਡ-ਪੁਡ ਗਏ ਇਕ ਪਾਸੇ।***
***ਚਿਰੀਂ ਵਿਛੁੰਨੀਆਂ ਭੈਣਾਂ ਨੂੰ ਜਦ, ਖਿੜ-ਖਿੜ ਆਏ ਹਾਸੇ।***

## ਕੈਪਸ਼ਨ ਮੁਕਾਬਲਾ-338



ਪੰਜਾਬੀ ਅਖਾਣ ਹੈ ਸੱਚਾ
ਅਕਲ ਬੜੀ ਕਿ ਮੱਝ।
ਅਕਲ ਨੇ ਹਾਥੀ ਬੰਨ ਦਿੱਤਾ
ਬਿਨਾ ਸੰਗਲ ਜਾਂ ਲੱਜ।
ਮਹਾਵਤ ਹੱਥ ਫੜ੍ਹ ਕੇ ਕੁੰਡਾ
ਹਾਥੀ ਨੂੰ ਪਿਆ ਘੁਮਾਵੇ।
ਖੋਭੇ ਸਿਰ 'ਤੇ ਵਾਰ ਵਾਰ
ਪੂਰਾ ਆਪਣਾ ਹੁਕਮ ਮਨਾਵੇ।
***-ਸੇਵਾ ਸਿੰਘ ਨੂਰਪੁਰੀ***

---

ਦੇਖੋ ਕੈਸੀ ਸ਼ੈਅ ਹੈ ਬੰਦਾ
ਭਿਆਨਕ ਜੀਵ ਗੁਲਾਮ ਬਣਾਏ।
ਆਪਣੀ ਰੋਜ਼ੀ ਤੋਰਨ ਖਾਤਰ
ਇਸ਼ਾਰਿਆਂ ਉਪਰ ਚੱਲਣ ਸਿਖਾਏ।
ਮਨ ਪ੍ਰਚਾਵੇ ਖਾਤਰ ਆਪਣੇ
ਸਵਾਰੀ ਕਰ ਫੋਟੋ ਖਿਚਵਾਏ।
***-ਜਗਮੀਤ ਸਿੰਘ ਪੰਧੇਰ***

---

ਹਾਥੀ ਕਹਿੰਦੇ ਬੜਾ ਸਿਆਣਾ
ਇਸ ਤੋਂ ਹੋਰ ਸਿਆਣੇ।
ਅਕਲਾਂ ਦੇ ਨਾਲ ਕਾਬੂ ਕਰ ਕੇ
ਪਾਲਣ ਆਪਣੇ ਨਿਆਣੇ।
ਜਿਉਂਦੇ ਨਾਲੋਂ ਮਰਿਆ ਮਹਿੰਗਾ
ਵੇਖ ਤਿਆਗ, ਤੱਕ ਹਾਥੀ ਕੰਨੀ।
ਤੇਰੇ ਪੱਲੇ ਰੋਟੀ ਪਾਵੇ
ਆਪਣੇ ਢਿੱਡ 'ਤੇ ਪੱਟੀ ਬੰਨੀ।
***-ਮਲਕੀਅਤ ਸਿੰਘ ਧਾਲੀਵਾਲ***

---

ਹਾਥੀ, ਊਠ ਮੇਲਿਆਂ ਦੇ ਵਿਚ
ਪੂਰੀ ਰੌਣਕ ਲਾਉਂਦੇ।
ਲੋਕੀਂ ਲੈਣ ਨਜ਼ਾਰੇ
ਮਾਲਕ ਪੈਸੇ ਚਾਰ ਕਮਾਉਂਦੇ।
ਸਦਕੇ ਓਸ ਅਕਲ ਦੇ
ਜਿਸ ਤੋਂ ਮਹਾਂਬਲੀ ਕਾਬੂ ਆਉਂਦੇ।
***-ਸੁਖਦੇਵ ਸ਼ਰਮਾ ਧੂਰੀ***

---

ਲਵਾ ਕੇ ਗੋਡਣੀਆਂ ਬਿਠਾਵੇ ਪਿੱਠ 'ਤੇ
ਹਾਥੀ ਨੂੰ ਗੁਲਾਮ ਬਣਾਇਆ।
ਸੈਲਾਨੀਆਂ ਨੂੰ ਝੂਟੇ ਦੇਵੇ
ਕਿੰਨਾ ਸੋਹਣਾ ਰੁਜ਼ਗਾਰ ਬਣਾਇਆ।
ਦਿਮਾਗੀ ਮਨੁੱਖ ਦੀ ਕਾਢ ਦੇਖ ਲਓ
ਬੈਠ ਗਰਦਨ 'ਤੇ, ਪਹਾੜ ਜਿੱਡੇ ਨੂੰ
ਕਿਵੇਂ ਹੈ ਉਸ ਨੂੰ ਥੱਲੇ ਲਾਇਆ।
***-ਦਵਿੰਦਰ ਕੌਰ***

---

ਜਾਨਵਰਾਂ ਲਈ ਹਾਲਾਤ ਸਾਜ਼ਗਾਰ ਨਾ ਰਹੇ
ਨਾ ਮਿਲਦੀ ਪੂਰੀ ਖੁਰਾਕ।
ਮਸ਼ੀਨੀ ਯੁਗ ਨੇ ਰੁਖ ਬਦਲ'ਤਾ
ਕਿਤੇ ਕਿਤੇ ਪੈਂਦੀ ਇਨ੍ਹਾਂ ਦੀ ਬਾਤ।
ਸ਼ੌਕੀਆ ਗੇੜੀ ਲਾਉਣ ਇਨ੍ਹਾਂ 'ਤੇ
ਨਵੀਂ ਪੀੜ੍ਹੀ ਦੇ ਜੁਆਕ।
***-ਅਮਰਜੀਤ ਸਿੰਘ ਤੂਰ***

---

ਆਵਾਜਾਈ ਦੇ ਸਾਧਨ ਸੀ ਨਾਂਮਾਤਰ
ਸਫਰਾਂ ਦੇ ਸਾਥੀ ਸੀ ਊਠ ਘੋੜੇ ਹਾਥੀ।
ਸ਼ੌਕੀਆ ਸਵਾਰੀ ਲਈ ਰਹਿ ਗਏ
ਕਲਾ ਨੇ ਛੱਡਿਆ ਨਾ ਕੋਈ ਕੰਮ ਬਾਕੀ।
ਟਾਂਵੇਂ ਟਾਂਵੇਂ ਬਾਰਡਰਾਂ 'ਤੇ ਕੰਮ ਆਉਂਦੇ
ਐਮਰਜੈਂਸੀ 'ਚ ਫੌਜ ਦੇ ਸਾਥੀ।
***-ਜਗਜੀਤ ਕੌਰ ਤੂਰ, ਚੰਡੀਗੜ੍ਹ***

---

ਸੁਘੜ ਸਿਆਣਾ ਪਾਰਖੂ ਹਾਥੀ
ਆਕਾਰ, ਅਕਲ, ਅਕਸ਼ 'ਚ ਅੱਗੇ
ਚੜ੍ਹਾ ਘਨ੍ਹੇੜੀ ਸੁੰਡ ਦੇ ਆਸਰੇ
ਆਪਣਾ ਲੁਤਫ ਦਿਖਾਵੇ।
ਭੂਤਰ ਜਾਵੇ ਜੇ ਹਾਥੀ
ਪੁੱਟ ਦੇਊ ਦਰਖਤ ਜੜੋਂ।
***-ਦਰਸ਼ਨਪਾਲ ਦੋਸਾਂਝ***

---

ਜਾਨਵਰ ਵੀ ਮੰਗਦੇ ਪਿਆਰ
ਪਿਆਰ ਦੀ ਖੇਡ ਹੈ ਨਿਆਰੀ।
ਬੰਦੇ ਦੀ ਹੈ ਅਕਲ ਵੱਡੀ
ਕਾਬੂ ਕਰੀ ਫਿਰਦਾ ਦੁਨੀਆਂ ਸਾਰੀ।
***-ਗੋਰਾ ਪ੍ਰਜਾਪਤ, ਨਿਊ ਯਾਰਕ***

# ਭਾਰਤੀ ਪਾੜ੍ਹਿਆਂ ਲਈ ਖੁਸ਼ੀ ਵਾਲੀ ਖਬਰ

**ਨਿਊ ਯਾਰਕ:** ਯੂਨਾਈਟਿਡ ਸਟੇਟਸ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ (ਯੂ.ਐਸ.ਸੀ.ਆਈ.ਐਸ.) ਨੇ ਆਪਣੇ ਪੁਰਾਣੇ ਨਿਯਮਾਂ ਵਿਚ ਬਦਲਾਅ ਕਰ ਕੇ ਵਿਦੇਸ਼ੀ ਵਿਦਿਆਰਥੀਆਂ ਨੂੰ ਵੱਡੀ ਰਾਹਤ ਦਿੱਤੀ ਹੈ।

ਯੂ.ਐਸ.ਸੀ.ਆਈ.ਐਸ. ਨੇ ਆਪਣੇ ਬਦਲੇ ਨਿਯਮਾਂ ਵਿਚ ਅਮਰੀਕਾ ਵਿਚ ਪੜ੍ਹਨ ਵਾਲੇ ਵਿਦਿਆਰਥੀ ਹੁਣ 12 ਮਹੀਨਿਆਂ ਦੀ ਆਪਸ਼ਨਲ ਪ੍ਰੈਕਟਿਲ ਟਰੇਨਿੰਗ (ਓ.ਪੀ.ਟੀ.) ਦੇ ਤਹਿਤ ਕੰਮ ਵੀ ਕਰ ਸਕਣਗੇ। ਅਮਰੀਕਾ ਵਿਚ ਪੜ੍ਹਨ ਵਾਲੇ ਦੂਜੇ ਦੇਸ਼ਾਂ ਦੇ ਉਹ ਵਿਦਿਆਰਥੀ, ਜੋ ਸਾਇੰਸ, ਟੈਕਨਾਲੋਜੀ, ਇੰਜੀਨੀਅਰਿੰਗ ਤੇ ਮੈਥੇਮੈਟਿਕਸ ਵਿਚ ਡਿਗਰੀ ਪੂਰੀ ਕਰ ਚੁੱਕੇ ਹਨ, ਉਹ ਹੁਣ 24 ਮਹੀਨੇ (ਦੋ ਸਾਲ) ਤੱਕ ਕੰਮ ਕਰ ਸਕਦੇ ਹਨ।

ਓਪਨ ਡੋਰਸ ਸਰਵੇ (2017) ਮੁਤਾਬਕ ਅਮਰੀਕਾ ਵਿਚ ਤਕਰੀਬਨ 1.9 ਲੱਖ ਭਾਰਤੀ ਵਿਦਿਆਰਥੀ ਹਨ। ਨਿਊ ਯਾਰਕ ਸਥਿਤ ਇਮੀਗ੍ਰੇਸ਼ਨ ਅਟਾਰਨੀ ਤੇ ਲਾਅ ਫਰਮ ਦੇ ਸੰਸਥਾਪਕ ਸਾਇਰਸ ਸਾਇਰਟ ਮਹਿਤਾ ਨੇ ਦੱਸਿਆ ਕਿ ਯੂ.ਐਸ.ਸੀ.ਆਈ.ਐਸ. ਨੇ ਐਸ.ਟੀ.ਈ.ਐਮ-ਓ.ਪੀ.ਟੀ. ਵਿਦਿਆਰਥੀਆਂ ਦੀ ਆਫਸਾਈਟ ਪਲੇਸਮੈਂਟ ਤੋਂ ਪਾਬੰਦੀ ਹਟਾ ਕੇ ਆਪਣੇ ਪਿਛਲੇ ਫੈਸਲੇ ਨੂੰ ਉਲਟ ਦਿੱਤਾ ਹੈ। ਭਾਰਤੀ ਵਿਦਿਆਰਥੀਆਂ ਲਈ ਇਹ ਵੱਡੀ ਰਾਹਤ ਵਾਲੀ ਖਬਰ ਹੈ।

ਸਾਲ 2004 ਤੋਂ 2016 ਵਿਚਾਲੇ ਅਮਰੀਕਾ ਵਿਚ ਆਪਸ਼ਨਲ ਟਰੇਨਿੰਗ ਪ੍ਰੋਗਰਾਮ ਤਹਿਤ ਕੰਮ ਕਰਨ ਵਾਲੇ ਵਿਦੇਸ਼ੀ ਵਿਦਿਆਰਥੀਆਂ ਵਿਚ ਭਾਰਤੀ ਗ੍ਰੈਜੂਏਟ ਦੀ ਗਿਣਤੀ ਸਭ ਤੋਂ ਵੱਧ ਹੈ। ਇਸੇ ਸਮੇਂ ਵਿਚ ਤਕਰੀਬਨ 15 ਲੱਖ ਵਿਦੇਸ਼ੀ ਵਿਦਿਆਰਥੀਆਂ ਨੇ ਅਮਰੀਕਾ ਵਿਚ ਕੰਮ ਕੀਤਾ। ਇਸ ਸੂਚੀ ਵਿਚ ਚੀਨ ਦੇ ਵਿਦਿਆਰਥੀ ਦੂਜੇ ਨੰਬਰ ਉਤੇ ਹਨ।

ਇਸ ਤੋਂ ਬਾਅਦ ਸੂਚੀ ਵਿਚ ਦੱਖਣੀ ਕੋਰੀਆਈ ਵਿਦਿਆਰਥੀਆਂ ਦਾ ਨੰਬਰ ਆਉਂਦਾ ਹੈ। ਇਸ ਸਰਵੇ ਵਿਚ ਆਖਿਆ ਗਿਆ ਹੈ ਕਿ ਓ.ਪੀ.ਟੀ. ਦੇ ਤਹਿਤ ਅਮਰੀਕਾ ਵਿਚ ਕੰਮ ਕਰਨ ਲਈ ਭਾਰਤੀ ਵਿਦਿਆਰਥੀਆਂ ਦੀ ਹਿੱਸੇਦਾਰੀ 4,41,400 (30 ਫੀਸਦੀ) ਰਹੀ ਹੈ। ਰਿਪੋਰਟ ਮੁਤਾਬਕ 2004 ਤੋਂ 2016 ਵਿਚਾਲੇ ਓ.ਪੀ.ਟੀ. ਵਿਚ ਹਿੱਸਾ ਲੈਣ ਵਾਲੇ ਤਕਰੀਬਨ 56 ਫੀਸਦੀ ਵਿਦਿਆਰਥੀਆਂ ਨੇ ਨਿੱਜੀ ਕਾਲਜ ਜਾਂ ਯੂਨੀਵਰਸਿਟੀ ਤੋਂ ਗਰੈਜੂਏਸ਼ਨ ਕੀਤੀ। ਚੀਨ ਦੇ ਵਿਦਿਆਰਥੀ ਇਸ ਸੂਚੀ ਵਿਚ 21 ਫੀਸਦੀ ਅੰਕੜੇ ਨਾਲ ਦੂਜੇ ਸਥਾਨ ਉਤੇ ਹਨ।

## ਨਿਊਜ਼ੀਲੈਂਡ ਵੱਲੋਂ ਭਾਰਤੀ ਵਿਦਿਆਰਥੀਆਂ ਲਈ ਵੱਡਾ ਐਲਾਨ

**ਨਵੀਂ ਦਿੱਲੀ:** ਨਿਊਜ਼ੀਲੈਂਡ ਦੇ ਰਾਜਦੂਤ ਜੋਆਨਾ ਕੈਂਪਕਰਜ਼ ਨੇ ਆਖਿਆ ਹੈ ਕਿ ਭਾਰਤੀ ਵਿਦਿਆਰਥੀਆਂ ਨੂੰ ਨਿਊਜ਼ੀਲੈਂਡ ਵੱਲ ਵਧੇਰੇ ਆਕਰਸ਼ਿਤ ਕਰਨ ਲਈ ਉਨ੍ਹਾਂ ਕੌਮਾਂਤਰੀ ਵਿਦਿਆਰਥੀਆਂ ਲਈ ਤਿੰਨ ਸਾਲਾ ਪੋਸਟ ਸਟੱਡੀ ਵਰਕ ਵੀਜ਼ਾ ਜਿਹੀਆਂ ਕਈ ਪੇਸ਼ਕਦਮੀਆਂ ਕੀਤੀਆਂ ਹਨ। ਭਾਰਤ ਵਿਚ ਨਿਊਜ਼ੀਲੈਂਡ ਦੀ ਹਾਈ ਕਮਿਸ਼ਨਰ ਨੇ ਕਿਹਾ ਕਿ ਉਨ੍ਹਾਂ ਦਾ ਮੁਲਕ ਹਰ ਸਾਲ ਲਗਭਗ ਵੀਹ ਹਜ਼ਾਰ ਭਾਰਤੀ ਵਿਦਿਆਰਥੀਆਂ ਨੂੰ ਆਕਰਸ਼ਿਤ ਕਰਦਾ ਹੈ। ਨਿਊਜ਼ੀਲੈਂਡ ਵਿਚ ਅੱਠ ਯੂਨੀਵਰਸਿਟੀਆਂ ਤੇ ਸਰਕਾਰੀ ਸਹਾਇਤਾ ਪ੍ਰਾਪਤ ਸੰਸਥਾਵਾਂ ਹਨ। ਭਾਰਤੀ ਵਿਦਿਆਰਥੀਆਂ ਨੂੰ ਖਿੱਚਣ ਲਈ ਸਰਕਾਰ ਨੇ ਅੰਡਰ ਗਰੈਜੂਏਟ ਡਿਗਰੀ ਕਰ ਰਹੇ ਸਾਰੇ ਕੌਮਾਂਤਰੀ ਵਿਦਿਆਰਥੀਆਂ ਲਈ ਨਵੇਂ ਤਿੰਨ ਸਾਲਾ ਓਪਨ ਪੋਸਟ ਸਟੱਡੀ ਵਰਕ ਵੀਜ਼ੇ ਦਾ ਐਲਾਨ ਕੀਤਾ ਹੈ।

# ਮੌੜ ਬੰਬ ਧਮਾਕੇ ਦੀ ਜਾਂਚ ਤਣ ਪੱਤਣ ਲੱਗਣ ਦੀ ਆਸ ਬੱਝੀ

**ਬਠਿੰਡਾ:** ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ (ਸਿੱਟ) ਮੌੜ ਬੰਬ ਧਮਾਕੇ ਦੀ ਜਾਂਚ ਨੂੰ ਹੁਣ ਤਣ ਪੱਤਣ ਲਾਏਗੀ। ਸਿੱਟ ਲਈ ਬਰਗਾੜੀ ਕਾਂਡ ਮਗਰੋਂ ਹੁਣ ਮੌੜ ਧਮਾਕੇ ਦੀ ਜਾਂਚ ਨੂੰ ਆਖਰੀ ਮੋੜ ਤੱਕ ਲਿਜਾਣਾ ਮੁੱਖ ਏਜੰਡਾ ਹੈ। ਕਰੀਬ ਪੰਜ ਮਹੀਨੇ ਤੋਂ ਮੌੜ ਕਾਂਡ ਦੀ ਜਾਂਚ ਠੰਢੇ ਬਸਤੇ ਵਿਚ ਪਈ ਹੋਈ ਸੀ ਕਿਉਂਕਿ ਇਸ ਕਾਂਡ ਦੀ ਪੈੜ ਡੇਰਾ ਸਿਰਸਾ ਦੇ ਬੂਹੇ ਤੱਕ ਪੁੱਜ ਗਈ ਸੀ। ਪੰਜਾਬ ਪੁਲਿਸ ਦੇ ਮੁਖੀ ਨੇ ਹੁਣ ਮੌੜ ਕਾਂਡ ਦੇ ਤਫਤੀਸ਼ੀ ਅਫਸਰ ਇੰਸਪੈਕਟਰ ਦਲਬੀਰ ਸਿੰਘ ਦਾ ਅਚਨਚੇਤ ਹੀ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਤੋਂ ਮੁੜ ਬਠਿੰਡਾ ਜ਼ਿਲ੍ਹੇ ਵਿਚ ਤਬਾਦਲਾ ਕਰ ਦਿੱਤਾ ਹੈ। ਤਫਤੀਸ਼ੀ ਅਫਸਰ ਨੂੰ ਪਹਿਲਾਂ 19 ਮਾਰਚ ਨੂੰ ਥਾਣਾ ਦਿਆਲਪੁਰਾ (ਬਠਿੰਡਾ) ਤੋਂ ਬਦਲ ਕੇ ਸੀ.ਆਈ.ਏ. ਸਟਾਫ ਸਰਹਿੰਦ ਤਾਇਨਾਤ ਕਰ ਦਿੱਤਾ ਗਿਆ ਸੀ।

ਪੰਜਾਬ ਪੁਲਿਸ ਵੱਲੋਂ ਮੌੜ ਕਾਂਡ ਦੀ ਜਾਂਚ ਲਈ ਚਾਰ ਮੈਂਬਰੀ ਵਿਸ਼ੇਸ਼ ਜਾਂਚ ਟੀਮ ਬਣਾਈ ਗਈ ਜਿਸ ਦੇ ਚੇਅਰਮੈਨ ਡੀ.ਆਈ.ਜੀ. ਰਣਬੀਰ ਸਿੰਘ ਖੱਟੜਾ ਹਨ ਜਦੋਂ ਕਿ ਐਸ.ਪੀ. ਰਜਿੰਦਰ ਸਿੰਘ ਸੋਹਲ, ਡੀ.ਐਸ.ਪੀ. ਸੁਲੱਖਣ ਸਿੰਘ ਅਤੇ ਇੰਸਪੈਕਟਰ ਦਲਬੀਰ ਸਿੰਘ ਟੀਮ ਦੇ ਮੈਂਬਰ ਹਨ। ਇੰਸਪੈਕਟਰ ਦਲਬੀਰ ਸਿੰਘ ਇਸ ਜਾਂਚ ਦੇ ਤਫਤੀਸ਼ੀ ਅਫਸਰ ਹਨ ਅਤੇ ਉਹ ਕਾਂਡ ਦੀ ਹਰ ਘੁਣਤਰ ਤੋਂ ਵਾਕਫ ਹਨ।

ਦੱਸ ਦਈਏ ਕਿ ਪਾਤੜਾਂ ਦੇ ਗੁਰਜੀਤ ਸਿੰਘ ਵਗੈਰਾ ਨੇ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕਰਕੇ ਮੌੜ ਧਮਾਕੇ ਦੀ ਜਾਂਚ ਸੀ.ਬੀ.ਆਈ. ਤੋਂ ਕਰਾਏ ਜਾਣ ਦੀ ਮੰਗ ਕੀਤੀ ਹੈ। ਇਨ੍ਹਾਂ ਹਾਲਾਤ ਵਿਚ ਮੌੜ ਧਮਾਕੇ ਦੀ ਜਾਂਚ ਨੂੰ ਕਿਸੇ ਤਣ ਪੱਤਣ ਲਾਉਣਾ ਸਰਕਾਰ ਦੀ ਮਜਬੂਰੀ ਜਾਪਣ ਲੱਗੀ ਹੈ। ਥਾਣਾ ਮੌੜ ਦੇ ਮੁੱਖ ਥਾਣਾ ਅਫਸਰ ਗੁਰਦੇਵ ਸਿੰਘ ਭੱਲਾ ਨੇ ਕਿਹਾ ਕਿ ਉਨ੍ਹਾਂ ਮੌੜ ਕਾਂਡ ਦੀ ਮਿਸਲ ਸਿੱਟ ਨੂੰ ਸੌਂਪ ਦਿੱਤੀ ਹੈ। ਦੱਸਣਯੋਗ ਹੈ ਕਿ ਵਿਧਾਨ ਸਭਾ ਚੋਣਾਂ ਦੇ ਪ੍ਰਚਾਰ ਦੌਰਾਨ 31 ਜਨਵਰੀ 2017 ਨੂੰ ਮੌੜ ਮੰਡੀ ਵਿਚ ਕਾਂਗਰਸੀ ਉਮੀਦਵਾਰ ਹਰਮਿੰਦਰ ਸਿੰਘ ਜੱਸੀ ਨੂੰ ਨਿਸ਼ਾਨਾ ਬਣਾ ਕੇ ਬੰਬ ਧਮਾਕਾ ਕੀਤਾ ਗਿਆ ਸੀ। ਜਾਂਚ ਦੌਰਾਨ ਪਤਾ ਲੱਗਾ ਸੀ ਕਿ ਬੰਬ ਧਮਾਕੇ 'ਚ ਵਰਤੀ ਕਾਰ ਨੂੰ ਡੇਰਾ ਸਿਰਸਾ ਦੀ ਵੀ.ਆਈ.ਪੀ. ਵਰਕਸ਼ਾਪ ਵਿਚ ਗੁਰਤੇਜ ਸਿੰਘ ਕਾਲਾ ਦੀ ਹਦਾਇਤ ਉਤੇ ਤਿਆਰ ਕਰਾਇਆ ਗਿਆ ਸੀ। ਸੂਤਰਾਂ ਨੇ ਦੱਸਿਆ ਕਿ ਜਾਂਚ ਟੀਮ ਨੂੰ ਗੁਰਤੇਜ ਕਾਲਾ ਦੇ ਹਿਸਾਰ ਵਿਚ ਹੋਣ ਦੀ ਸੂਹ ਮਿਲੀ ਸੀ।

# ਮੁਲਾਜ਼ਮ ਜਥੇਬੰਦੀਆਂ ਨੇ ਕੈਪਟਨ ਸਰਕਾਰ ਨੂੰ ਪਾਇਆ ਘੇਰਾ

**ਚੰਡੀਗੜ੍ਹ:** ਪੰਜਾਬ ਦੇ ਮੁਲਾਜ਼ਮ ਕੈਪਟਨ ਸਰਕਾਰ ਤੋਂ ਵੀ ਅੱਕ ਗਏ ਹਨ। ਡੇਢ ਸਾਲ ਬੀਤ ਜਾਣ ਦੇ ਬਾਵਜੂਦ ਮੁਲਾਜ਼ਮਾਂ ਦੀਆਂ ਸਮੱਸਿਆਵਾਂ ਹੱਲ ਨਹੀਂ ਹੋਈਆਂ। ਹੁਣ ਮੁਲਾਜ਼ਮਾਂ ਦੀ ਸਰਕਾਰ ਤੋਂ ਉਮੀਦ ਵੀ ਟੁੱਟ ਗਈ ਹੈ। ਪਿਛਲੇ 10 ਸਾਲ ਅਕਾਲੀ-ਭਾਜਪਾ ਸਰਕਾਰ ਤੋਂ ਅੱਕੇ ਮੁਲਾਜ਼ਮ ਹੁਣ ਕੈਪਟਨ ਸਰਕਾਰ ਖਿਲਾਫ ਆਰ-ਪਾਰ ਦੀ ਲੜਾਈ ਲੜਨ ਦੀ ਤਿਆਰੀ ਕਰ ਰਹੇ ਹਨ। ਇਸ ਤਹਿਤ ਸੂਬੇ ਦੀਆਂ 18 ਵੱਡੀਆਂ ਮੁਲਾਜ਼ਮ ਜਥੇਬੰਦੀਆਂ ਨੇ ਸਾਂਝਾ ਮੰਚ ਉਸਾਰਨ ਦਾ ਐਲਾਨ ਕੀਤਾ ਹੈ। ਮੁਲਾਜ਼ਮ ਜਥੇਬੰਦੀਆਂ ਨੇ ਕਿਹਾ ਕਿ ਜੇ ਹੁਣ ਵੀ ਮੁਲਾਜ਼ਮ ਜਥੇਬੰਦੀਆਂ ਇਕਜੁੱਟ ਹੋ ਕੇ ਸਰਕਾਰ ਦੇ ਮੁਲਾਜ਼ਮ ਵਿਰੋਧੀ ਵਰਤਾਰੇ ਨੂੰ ਠੱਲ੍ਹ ਪਾਉਣ ਵਿਚ ਕਾਮਯਾਬ ਨਾ ਹੋਈਆਂ ਤਾਂ ਮੁਲਾਜ਼ਮਾਂ ਦਾ ਬਹੁਤ ਨੁਕਸਾਨ ਹੋਵੇਗਾ।



ਇਸ ਮੌਕੇ 18 ਜਥੇਬੰਦੀਆਂ ਨੇ 'ਪੰਜਾਬ ਮੁਲਾਜ਼ਮ ਸਾਂਝਾ ਮੰਚ' ਦਾ ਗਠਨ ਕਰਕੇ ਪੰਜਾਬ ਸਿਵਲ ਸਕੱਤਰੇਤ ਸਟਾਫ ਐਸੋਸੀਏਸ਼ਨ ਦੇ ਪ੍ਰਧਾਨ ਸੁਖਚੈਨ ਸਿੰਘ ਖਹਿਰਾ ਨੂੰ ਮੰਚ ਦਾ ਕਨਵੀਨਰ ਐਲਾਨਿਆ ਹੈ। ਇਸ ਤੋਂ ਇਲਾਵਾ 7 ਕੋ-ਕਨਵੀਨਰ ਥਾਪੇ ਹਨ। ਸਾਂਝੀ ਮੀਟਿੰਗ ਵਿਚ ਫੈਸਲਾ ਕੀਤਾ ਹੈ ਕਿ ਸਾਰੇ ਮਤਭੇਦ ਭੁਲਾ ਕੇ ਇਕੋ ਮੰਚ ਤੋਂ ਸਰਕਾਰ ਨੂੰ ਘੇਰਿਆ ਜਾਵੇਗਾ। ਬੁਲਾਰਿਆਂ ਨੇ ਸਾਂਝੀਆਂ ਮੁੱਖ ਮੰਗਾਂ 'ਤੇ ਇਕਮੱਤ ਹੁੰਦਿਆਂ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਦੇ ਬਕਾਏ, ਖਜ਼ਾਨਿਆਂ ਵਿਚ ਜੀ.ਪੀ.ਐਫ. ਦੇ ਪੈਂਡਿੰਗ ਬਿੱਲਾਂ, ਮਹਿੰਗਾਈ ਭੱਤੇ ਦੀਆਂ 4 ਕਿਸ਼ਤਾਂ ਦੀ ਅਦਾਇਗੀ, ਬਰਾਬਰ ਕੰਮ ਬਰਾਬਰ ਤਨਖਾਹ ਦਾ ਸੁਪਰੀਮ ਕੋਰਟ ਦਾ ਫੈਸਲਾ ਲਾਗੂ ਕਰਨ, ਨਵੇਂ ਭਰਤੀ (ਜਨਵਰੀ 2015 ਤੋਂ) ਵਾਲੇ ਕਰਮਚਾਰੀਆਂ ਨੂੰ ਪੂਰੀ ਤਨਖਾਹ ਦਿੰਦੇ ਹੋਏ 3 ਸਾਲ ਦੇ ਪਰਖਕਾਲ ਨੂੰ ਘਟਾ ਕੇ 2 ਸਾਲ ਕਰਨ, ਜਨਵਰੀ 2004 ਤੋਂ ਭਰਤੀ ਕੀਤੇ ਕਰਮਚਾਰੀਆਂ ਨੂੰ ਪੁਰਾਣੀ ਪੈਨਸ਼ਨ ਸਕੀਮ ਅਧੀਨ ਲਿਆਉਣ, ਛੇਵੇਂ ਤਨਖਾਹ ਕਮਿਸ਼ਨ ਦੀ ਰਿਪੋਰਟ ਜਲਦੀ ਲਾਗੂ ਕਰਨ, ਕੱਚੇ/ ਵਰਕਚਾਰਜ/ ਆਊਟਸੋਰਸ ਕਰਮਚਾਰੀ ਪੱਕੇ ਕਰਨ ਸਬੰਧੀ ਐਕਟ 2016 ਨੂੰ ਲਾਗੂ ਕਰਨ, ਡੋਪ ਟੈਸਟ ਬੰਦ ਕਰਨ, ਸਿੱਖਿਆ ਵਿਭਾਗ ਵਿਚ ਬਦਲਾਖੋਰੀ ਨੀਤੀ ਨਾਲ ਕੀਤੀਆਂ ਮੁਅੱਤਲੀਆਂ/ਬਦਲੀਆਂ ਵਾਪਸ ਲੈਣ ਤੇ 200 ਰੁਪਏ ਵਿਕਾਸ ਟੈਕਸ ਬੰਦ ਕਰਵਾਉਣ ਲਈ ਸੰਘਰਸ਼ ਵਿੱਢਣ ਦਾ ਫੈਸਲਾ ਕੀਤਾ ਹੈ।

## ਬੰਗਲਾਦੇਸ਼ 'ਚ ਦੋ ਧੜਿਆਂ ਵਿਚਾਲੇ ਝੜਪਾਂ 'ਚ 7 ਮੌਤਾਂ

**ਢਾਕਾ:** ਬੰਗਲਾਦੇਸ਼ ਦੇ ਦੱਖਣੀ ਪਹਾੜੀ ਇਲਾਕੇ 'ਚ ਇਕ ਖੇਤਰੀ ਰਾਜਨੀਤਕ ਪਾਰਟੀ ਦੇ ਦੋ ਧੜਿਆਂ 'ਚ ਝੜਪਾਂ ਹੋਣ ਕਾਰਨ ਇਕ ਵਿਦਿਆਰਥੀ ਨੇਤਾ ਅਤੇ ਸਰਕਾਰੀ ਕਰਮਚਾਰੀ ਸਮੇਤ 7 ਲੋਕਾਂ ਦੀ ਮੌਤ ਹੋ ਗਈ।

ਘਟਨਾ ਉਸ ਸਮੇਂ ਵਾਪਰੀ ਜਦੋਂ ਘੱਟ ਗਿਣਤੀ ਜਾਤੀ ਵਾਲਾ ਸਮੂਹ, ਯੂਨਾਈਟਿਡ ਪੀਪਲਜ਼ ਡੈਮੋਕਰੇਟਿਕ ਫਰੰਟ (ਯੂ.ਪੀ.ਡੀ.ਐਫ.) ਦੇ ਮੈਂਬਰ ਜ਼ਿਲ੍ਹਾ ਖਾਗਰਾਚਰੀ ਦੇ ਇਲਾਕੇ ਸਵਾਨਿਰਭਰ ਦੀ ਮਾਰਕਿਟ 'ਚ ਇਕ ਰੈਲੀ ਦੌਰਾਨ ਮੰਚ 'ਤੇ ਇਕੱਠੇ ਸਨ। ਮੈਂਬਰਾਂ ਵੱਲੋਂ ਗੋਲੀਆਂ ਚਲਾਉਣ ਤੋਂ ਬਾਅਦ ਇਹ ਝੜਪ ਹਿੰਸਾ ਦੇ ਰੂਪ 'ਚ ਬਦਲ ਗਈ। ਮਾਰੇ ਗਏ ਵਿਦਿਆਰਥੀ ਨੇਤਾ ਦੀ ਪਛਾਣ ਤਾਪਨ ਚੱਕਮਾ ਦੇ ਰੂਪ 'ਚ ਹੋਈ ਜੋ ਯੂ.ਪੀ.ਡੀ.ਐਫ. ਦਾ ਜ਼ਿਲ੍ਹਾ ਇਕਾਈ ਦਾ ਪ੍ਰਧਾਨ ਸੀ। ਇਕ ਸਰਕਾਰੀ ਸਿਹਤ ਕਰਮਚਾਰੀ ਵੀ ਮਾਰਿਆ ਗਿਆ ਜੋ ਝੜਪ ਦੌਰਾਨ ਇਲਾਕੇ ਵਿਚੋਂ ਲੰਘ ਰਿਹਾ ਸੀ।

# ਬਾਜ਼ਾਰਾਂ 'ਚ ਵਿਕਣਗੇ ਜੇਲ੍ਹ ਵਿਚ ਬਣੇ ਬਿਸਕੁਟ ਤੇ ਨਮਕੀਨ

**ਲੁਧਿਆਣਾ:** ਦਿੱਲੀ ਦੀ ਤਿਹਾੜ ਜੇਲ੍ਹ ਦੀ ਤਰਜ਼ 'ਤੇ ਹੁਣ ਕੇਂਦਰੀ ਜੇਲ੍ਹ ਲੁਧਿਆਣਾ ਦੇ ਕੈਦੀਆਂ ਵੱਲੋਂ ਤਿਆਰ ਕੀਤੇ ਬਿਸਕੁਟ ਤੇ ਨਮਕੀਨ ਸ਼ਹਿਰ ਦੇ ਬਾਜ਼ਾਰਾਂ ਵਿਚ ਵੇਚੇ ਜਾਣਗੇ। ਇਸ ਸਬੰਧੀ ਕੱਚਾ ਮਾਲ ਦੇਣ ਤੇ ਤਿਆਰ ਮਾਲ ਬਾਜ਼ਾਰ ਵਿਚ ਵੇਚਣ ਲਈ ਪ੍ਰਾਈਵੇਟ ਕੰਪਨੀਆਂ ਨਾਲ ਸਮਝੌਤੇ ਲਈ ਸਬੰਧਤ ਮੰਤਰਾਲੇ ਨੇ ਮਨਜ਼ੂਰੀ ਦੇ ਦਿੱਤੀ ਹੈ। ਨਮਕੀਨ ਤੇ ਬਿਸਕੁਟ ਵੇਚਣ ਲਈ ਕਈ ਪ੍ਰਾਈਵੇਟ ਕੰਪਨੀਆਂ ਨੇ ਲੁਧਿਆਣਾ ਕੇਂਦਰੀ ਜੇਲ੍ਹ ਨਾਲ ਕਰਾਰ ਕਰਨ ਲਈ ਸੰਪਰਕ ਕਰਨਾ ਸ਼ੁਰੂ ਕਰ ਦਿੱਤਾ ਹੈ। ਅਗਸਤ ਦੇ ਅੰਤ ਤੱਕ ਕੰਪਨੀਆਂ ਨਾਲ ਸਮਝੌਤਾ ਕਰ ਲਿਆ ਜਾਵੇਗਾ।

ਦਰਅਸਲ, ਲੁਧਿਆਣਾ ਦੀ ਸੈਂਟਰਲ ਜੇਲ੍ਹ ਵਿਚ ਬਿਸਕੁਟ, ਨਮਕੀਨ, ਹੌਜ਼ਰੀ, ਸਾਬਣ, ਫਿਨਾਈਲ ਤੇ ਸਿਲਾਈ ਲਈ 7 ਵੱਖ-ਵੱਖ ਮਸ਼ੀਨਾਂ ਹਨ, ਜਿਨ੍ਹਾਂ ਤੋਂ ਇਹ ਸਾਮਾਨ ਤਿਆਰ ਹੁੰਦਾ ਸੀ, ਪਰ ਜੇਲ੍ਹ ਪ੍ਰਸ਼ਾਸਨ ਨੂੰ ਫੰਡ ਨਾ ਮਿਲਣ ਕਾਰਨ ਕੱਚਾ ਮਾਲ ਨਹੀਂ ਮਿਲ ਰਿਹਾ ਸੀ। ਇਸ ਲਈ ਪਿਛਲੇ 2 ਸਾਲਾਂ ਤੋਂ ਇਕ ਕਰੋੜ ਦੀ ਕੀਮਤ ਦੀ ਇਕ ਮਸ਼ੀਨਰੀ ਬੰਦ ਪਈ ਸੀ ਤੇ ਸਿਰਫ ਬਿਸਕੁਟ ਤੇ ਜਰਸੀਆਂ ਬਣਾਉਣ ਦਾ ਕੰਮ ਹੀ ਕੀਤਾ ਜਾ ਰਿਹਾ ਸੀ। ਉਹ ਤਿਆਰ ਮਾਲ ਸਿਰਫ ਜੇਲ੍ਹਾਂ 'ਚ ਹੀ ਸਪਲਾਈ ਕੀਤਾ ਜਾ ਰਿਹਾ ਸੀ। ਹੁਣ ਲੁਧਿਆਣਾ ਜੇਲ੍ਹ ਵੀ ਆਪਣਾ ਇਕ ਬਰਾਂਡ ਨਾਮ ਤਿਆਰ ਕਰੇਗੀ ਤੇ ਫਿਰ ਉਸ ਨਾਮ ਉਤੇ ਜੇਲ੍ਹ ਵਿਚ ਤਿਆਰ ਸਾਮਾਨ ਲੁਧਿਆਣਾ ਤੇ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿਚ ਵਿਕੇਗਾ।

ਲੁਧਿਆਣਾ ਜੇਲ੍ਹ ਵਿਚ ਬਿਸਕੁਟ ਤਿਆਰ ਕਰਨ ਲਈ 20 ਲੱਖ ਦੀ ਬੇਕਰੀ ਮਸ਼ੀਨ ਹੈ, ਜੋ ਕਿ ਇਕ ਦਿਨ ਵਿਚ 20 ਕੁਇੰਟਲ ਬਿਸਕੁਟ ਤਿਆਰ ਕਰਦੀ ਹੈ। ਨਮਕੀਨ ਬਣਾਉਣ ਲਈ 60 ਲੱਖ, ਲੱਕੜ ਦੇ ਕੰਮ ਲਈ 35 ਲੱਖ, 3 ਲੱਖ ਰੁਪਏ ਵੈਲਡਿੰਗ ਮਸ਼ੀਨ ਤੇ 4 ਲੱਖ ਦੀ ਮਸ਼ੀਨ ਫਿਨਾਈਲ ਤਿਆਰ ਕਰਨ ਲਈ ਹੈ।

# ਹੁਣ ਅੰਮ੍ਰਿਤਸਰ ਤੋਂ ਕੁਆਲਾਲੰਪਰ ਲਈ ਸਿੱਧੀ ਉਡਾਣ

**ਅੰਮ੍ਰਿਤਸਰ:** ਏਸ਼ੀਆ ਉਪ ਮਹਾਂਦੀਪ ਵਿਚ ਸਸਤੀ ਹਵਾਈ ਯਾਤਰਾ ਕਰ ਕੇ ਜਾਣੀ ਜਾਂਦੀ ਏਅਰ ਏਸ਼ੀਆ ਨੇ ਅੰਮ੍ਰਿਤਸਰ ਤੋਂ ਕੁਆਲਾਲੰਪਰ ਲਈ ਨਵੀਂ ਉਡਾਣ ਏਅਰ ਏਸ਼ੀਆ ਐਕਸ ਸ਼ੁਰੂ ਕਰ ਦਿੱਤੀ ਹੈ। ਡੀ7188 ਜਹਾਜ਼ ਕੁਆਲਾਲੰਪਰ ਤੋਂ ਚੱਲ ਕੇ ਆਪਣੇ ਮਿਥੇ ਸਮੇਂ ਤੋਂ 10 ਮਿੰਟ ਪਹਿਲਾਂ 10 ਵੱਜ ਕੇ 20 ਮਿੰਟ 'ਤੇ ਅੰਮ੍ਰਿਤਸਰ ਪੁੱਜਾ। ਵਾਪਸੀ ਉਤੇ ਇਹ ਉਡਾਣ ਪੌਣੇ ਬਾਰਾਂ ਵਜੇ ਅੰਮ੍ਰਿਤਸਰ ਤੋਂ ਰਵਾਨਾ ਹੋ ਕੇ ਸਵੇਰੇ 8 ਵਜ ਕੇ 5 ਮਿੰਟ ਤੇ ਕੁਆਲਾਲੰਪਰ ਪਹੁੰਚੀ। ਆਉਣ ਤੇ ਜਾਣ ਵਾਲੀਆਂ ਦੋਵੇਂ ਉਡਾਣਾਂ 80 ਫੀਸਦੀ ਭਰੀਆਂ ਹੋਈਆਂ ਸਨ।

ਸਥਾਨਕ ਸਰਕਾਰਾਂ ਤੇ ਸੈਰ ਸਪਾਟਾ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਅੰਮ੍ਰਿਤਸਰ ਤੋਂ ਇਹ ਉਡਾਣ ਸ਼ੁਰੂ ਕਰਨ ਵਾਸਤੇ ਏਅਰ ਲਾਈਨ ਪ੍ਰਬੰਧਕਾਂ ਦਾ ਧੰਨਵਾਦ ਕੀਤਾ। ਉਨ੍ਹਾਂ ਦੱਸਿਆ ਕਿ ਅੰਮ੍ਰਿਤਸਰ ਵਿਚ ਹਰ ਰੋਜ਼ ਡੇਢ ਲੱਖ ਦੇ ਕਰੀਬ ਯਾਤਰੀ ਵਿਸ਼ਵ ਭਰ ਵਿਚੋਂ ਆਉਂਦੇ ਹਨ। ਛੁੱਟੀਆਂ ਤੇ ਤਿਉਹਾਰਾਂ ਦੇ ਦਿਨਾਂ ਵਿਚ ਇਹ ਗਿਣਤੀ ਤਿੰਨ ਲੱਖ ਤੱਕ ਪਹੁੰਚ ਜਾਂਦੀ ਹੈ। ਉਨ੍ਹਾਂ ਕਿਹਾ ਕਿ ਇਹ ਉਡਾਣ ਸ਼ੁਰੂ ਹੋਣ ਨਾਲ ਜਿਥੇ ਅੰਮ੍ਰਿਤਸਰ ਤੋਂ ਸੈਰ ਸਪਾਟੇ ਲਈ ਕੁਆਲਾਲੰਪਰ, ਬਾਲੀ, ਮੈਲਬਰਨ, ਸਿਡਨੀ, ਸਿੰਘਾਪੁਰ ਤੇ ਬੈਂਕਾਕ ਅਸਾਨੀ ਨਾਲ ਜਾ ਸਕਣਗੇ, ਉਥੇ ਨਿਊਜ਼ੀਲੈਂਡ, ਆਸਟਰੀਆ ਅਤੇ ਹੋਰ ਦੇਸ਼ਾਂ ਵਿਚ ਵੱਸਦੇ ਪਰਵਾਸੀ ਪੰਜਾਬੀ ਵੀ ਇਸ ਉਡਾਣ ਦਾ ਲਾਭ ਉਠਾਉਣਗੇ ਤੇ ਉਨ੍ਹਾਂ ਨੂੰ ਦਿੱਲੀ ਜਾ ਕੇ ਖੱਜਲ ਨਹੀਂ ਹੋਣਾ ਪਵੇਗਾ।

ਉਨ੍ਹਾਂ ਕਿਹਾ ਕਿ ਇਸ ਨਾਲ ਜਿਥੇ ਵਿਦੇਸ਼ ਵੱਸਦੇ ਪਰਵਾਸੀ ਪੰਜਾਬੀ ਖੁਸ਼ ਹੋਣਗੇ, ਉਥੇ ਅੰਮ੍ਰਿਤਸਰ ਦੀ ਸੈਰ ਸਪਾਟਾ ਸਨਅਤ ਨੂੰ ਵੱਡਾ ਹੁੰਗਾਰਾ ਮਿਲੇਗਾ ਤੇ ਇਹ ਹੁਣ ਵਿਸ਼ਵ ਪ੍ਰਸਿੱਧ ਸੈਲਾਨੀ ਕੇਂਦਰਾਂ ਨਾਲ ਸਿੱਧੇ ਸੰਪਰਕ ਵਿਚ ਆ ਜਾਵੇਗਾ। ਉਨ੍ਹਾਂ ਦੱਸਿਆ ਕਿ ਵਿਸ਼ਵ ਭਰ ਵਿਚ ਅਸਾਨ ਦਰਾਂ 'ਤੇ ਹਵਾਈ ਯਾਤਰਾ ਮੁਹੱਈਆ ਕਰਵਾਉਣ ਲਈ ਜਾਣੀ ਜਾਂਦੀ ਏਅਰ ਏਸ਼ੀਆ ਨੇ ਹਫਤੇ ਵਿਚ ਚਾਰ ਦਿਨ ਮੰਗਲਵਾਰ, ਵੀਰਵਾਰ, ਸਨਿਚਰਵਾਰ ਤੇ ਐਤਵਾਰ ਨੂੰ ਇਹ ਉਡਾਣ ਅੰਮ੍ਰਿਤਸਰ ਤੋਂ ਕੁਆਲਾਲੰਪਰ ਲਈ ਚਲਾਈ ਹੈ।

# ਮੋਦੀ ਨੇ ਗਿਣਾਈਆਂ ਸਰਕਾਰ ਦੀਆਂ ਉਪਲਬਧੀਆਂ

**ਨਵੀਂ ਦਿੱਲੀ:** ਸੁਤੰਤਰਤਾ ਦਿਹਾੜੇ ਦੀ 72ਵੀਂ ਵਰ੍ਹੇਗੰਢ ਮੌਕੇ ਲਾਲ ਕਿਲ੍ਹੇ ਤੋਂ ਭਾਸ਼ਣ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਨਾ ਸਿਰਫ ਐਨ.ਡੀ.ਏ. ਸਰਕਾਰ ਦਾ ਰਿਪੋਰਟ ਕਾਰਡ ਪੇਸ਼ ਕੀਤਾ ਬਲਕਿ ਅਗਲੇ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ ਦਾ ਬਿਗੁਲ ਵਜਾ ਦਿੱਤਾ। ਲਾਲ ਕਿਲ੍ਹੇ 'ਤੇ ਤਿਰੰਗਾ ਲਹਿਰਾਉਣ ਉਪਰੰਤ ਆਪਣੇ ਕਾਰਜਕਾਲ ਦੇ ਆਖਰੀ ਸੁਤੰਤਰਤਾ ਦਿਹਾੜੇ ਪ੍ਰੋਗਰਾਮ ਦੇ ਸੰਬੋਧਨ ਦੌਰਾਨ ਮੋਦੀ ਨੇ ਹਾਈਵੇ ਨਿਰਮਾਣ, ਪਖਾਨੇ, ਆਈ.ਆਈ. ਟੀ., ਆਈ.ਆਈ. ਐਮ., ਏਮਜ਼ ਅਤੇ ਡਿਜੀਟਲ ਇੰਡੀਆ ਤੋਂ ਲੈ ਕੇ ਸਕਿੱਲ ਇੰਡੀਆ ਰਾਹੀਂ ਦੇਸ਼ 'ਚ ਆਏ ਬਦਲਾਅ ਦੇ ਸਹਾਰੇ ਖੁਦ ਨੂੰ ਚੋਣ ਵਾਅਦਿਆਂ ਉਤੇ ਖਰਾ ਸਾਬਤ ਕਰਨ ਦੀ ਕੋਸ਼ਿਸ਼ ਕੀਤੀ।



ਤਕਰੀਬਨ 82 ਮਿੰਟ ਦੇ ਭਾਸ਼ਣ 'ਚ ਮੋਦੀ ਨੇ 'ਆਯੁਸ਼ਮਾਨ ਭਾਰਤ', 'ਗਗਨਯਾਨ' ਤੇ ਸੈਨਾ 'ਚ ਮਰਦਾਂ ਦੀ ਤਰ੍ਹਾਂ ਔਰਤਾਂ ਨੂੰ ਸਥਾਈ ਸੇਵਾ ਦੇਣ ਦਾ ਐਲਾਨ ਕੀਤਾ। ਮੋਦੀ ਨੇ 2022 ਤੱਕ ਪੁਲਾੜ 'ਚ ਮਨੁੱਖ ਸਹਿਤ 'ਗਗਨਯਾਨ' ਭੇਜਣ ਦਾ ਐਲਾਨ ਕਰਦੇ ਹੋਏ ਕਿਹਾ ਕਿ 2022 ਤੱਕ ਕੋਈ ਭਾਰਤੀ ਪੁਲਾੜ 'ਚ ਜਾਵੇਗਾ। ਸਿਹਤ ਬੀਮਾ ਯੋਜਨਾ 'ਆਯੁਸ਼ਮਾਨ ਭਾਰਤ' ਤਹਿਤ 10 ਕਰੋੜ ਗਰੀਬ ਪਰਿਵਾਰਾਂ ਦਾ 5 ਲੱਖ ਰੁਪਏ ਤੱਕ ਦਾ ਗੰਭੀਰ ਬਿਮਾਰੀਆਂ ਦਾ ਮੁਫਤ ਇਲਾਜ ਹੋਵੇਗਾ।

# ਸੀ.ਬੀ.ਆਈ. ਵੱਲੋਂ ਦਾਭੋਲਕਰ ਦੇ ਹਤਿਆਰੇ ਨੂੰ ਦਬੋਚਣ ਦਾ ਦਾਅਵਾ

**ਨਵੀਂ ਦਿੱਲੀ:** ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਨੇ ਮਹਾਰਾਸ਼ਟਰ ਵਿਚ ਤਰਕਸ਼ੀਲ ਨਰੇਂਦਰ ਦਾਭੋਲਕਰ ਹੱਤਿਆ ਮਾਮਲੇ ਵਿਚ ਮੁੱਖ ਸ਼ੂਟਰ ਨੂੰ ਗ੍ਰਿਫਤਾਰ ਕਰ ਲਿਆ ਹੈ। ਸੀ.ਬੀ.ਆਈ. ਦੇ ਬੁਲਾਰੇ ਨੇ ਦੱਸਿਆ ਕਿ ਮਹਾਰਾਸ਼ਟਰ ਦੇ ਔਰੰਗਾਬਾਦ ਜ਼ਿਲ੍ਹੇ ਦੇ ਰਹਿਣ ਵਾਲੇ ਸਚਿਨ ਪ੍ਰਕਾਸ਼ਰਾਵ ਆਂਦੁਰੇ ਨੂੰ ਪੁਣੇ ਤੋਂ ਗ੍ਰਿਫਤਾਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਮੰਨਿਆ ਜਾਂਦਾ ਹੈ ਕਿ ਆਂਦੁਰੇ ਵੀ ਉਨ੍ਹਾਂ ਸ਼ੂਟਰਾਂ ਵਿਚ ਸ਼ਾਮਲ ਸੀ ਜਿਨ੍ਹਾਂ 20 ਅਗਸਤ, 2013 ਨੂੰ ਦਿਨ-ਦਿਹਾੜੇ ਦਾਭੋਲਕਰ 'ਤੇ ਗੋਲੀਆਂ ਚਲਾਈਆਂ ਸਨ।

ਮੁਲਜ਼ਮ ਦੀ ਗ੍ਰਿਫਤਾਰੀ 'ਤੇ ਦਾਭੋਲਕਰ ਦੀ ਧੀ ਨੇ ਕਿਹਾ ਕਿ ਇਹ ਕਤਲ ਵਿਚਾਰਧਾਰਾ ਤੋਂ ਵੱਖ ਰਾਏ ਰੱਖਣ ਕਾਰਨ ਹੋਇਆ ਸੀ। ਉਨ੍ਹਾਂ ਗੌਰੀ ਲੰਕੇਸ਼, ਗੋਵਿੰਦ ਪਾਨਸਰੇ ਤੇ ਐਮ.ਐਮ ਕਲਬੁਰਗੀ ਦੀ ਹੱਤਿਆ ਦਾ ਜ਼ਿਕਰ ਕਰਦਿਆਂ ਕਿਹਾ ਕਿ ਦਾਭੋਲਕਰ ਦੀ ਹੱਤਿਆ ਤੋਂ ਬਾਅਦ ਇਸੇ ਤਰ੍ਹਾਂ ਤਿੰਨ ਹੋਰ ਕਤਲ ਹੋਏ। ਜਾਂਚ ਏਜੰਸੀਆਂ ਦਾ ਕਹਿਣਾ ਹੈ ਕਿ ਸਾਰੇ ਕਤਲਾਂ ਦਾ ਲਿੰਕ ਇਕੋ ਹੈ ਤੇ ਇਹ ਵੱਡੀ ਸਾਜਿਸ਼ ਹੈ।

ਸਾਲ 2015 ਵਿਚ 81 ਸਾਲਾ ਗੋਵਿੰਦ ਪਾਨਸਰੇ, 2016 ਵਿਚ ਕਰਨਾਟਕ ਦੇ 77 ਸਾਲਾ ਐਮ.ਐਮ ਕਲਬੁਰਗੀ ਤੇ ਇਸ ਸਾਲ ਸੀਨੀਅਰ ਪੱਤਰਕਾਰ ਗੌਰੀ ਲੰਕੇਸ਼ ਦੀ ਹੱਤਿਆ ਹੋਈ। ਇਨ੍ਹਾਂ ਸਾਰਿਆਂ ਨੂੰ ਤਰਕਸ਼ਾਸਤਰੀ, ਅੰਧਵਿਸ਼ਵਾਸ ਵਿਰੋਧੀ, ਵਿਵੇਕਸ਼ੀਲ, ਧਰਮ ਨਿਰਪੱਖ, ਵਿਦਵਾਨ ਤੇ ਹਿੰਦੂਤਵ ਵਿਰੋਧੀ ਮੰਨਿਆ ਜਾਂਦਾ ਸੀ।

# ਕਿੰਨੇ ਕੁ ਪਾਣੀ ਵਿਚ ਹੈ ਭਾਜਪਾ ਵਿਰੋਧੀ ਗਠਜੋੜ?

**ਭਖਦੇ ਮਸਲੇ**

ਭਾਰਤੀ ਜਨਤਾ ਪਾਰਟੀ ਦੇ ਪ੍ਰਚਾਰਕਾਂ ਨੂੰ ਅਚਾਨਕ ਅਜਿਹਾ ਮਹਿਸੂਸ ਹੋਣ ਲੱਗਾ ਹੈ ਕਿ ਉਨ੍ਹਾਂ ਨੂੰ ਵਿਰੋਧੀ ਧਿਰ ਦੀ ਏਕਤਾ ਨੂੰ ਤੋੜਨ ਦਾ ਫਾਰਮੂਲਾ ਮਿਲ ਗਿਆ ਹੈ। ਇਸੇ ਫਾਰਮੂਲੇ ਅਨੁਸਾਰ ਉਹ ਬੜੀ ਤੇਜ਼ੀ ਨਾਲ ਖੇਤਰੀ ਪਾਰਟੀਆਂ ਨੂੰ ਆਪਣੇ ਵੱਲ ਖਿੱਚਣ ਦੀ ਕੋਸ਼ਿਸ਼ ਕਰਨ ਲੱਗ ਗਏ ਹਨ। ਪਹਿਲਾਂ ਬੇਵਸਾਹੀ ਮਤੇ 'ਤੇ ਹੋਈ ਬਹਿਸ ਅਤੇ ਫਿਰ ਰਾਜ ਸਭਾ ਵਿਚ ਉਪ ਸਭਾਪਤੀ ਦੀ ਚੋਣ ਦੀ ਪੇਸ਼ਬੰਦੀ ਵਿਚ ਉਨ੍ਹਾਂ ਨੂੰ ਆਪਣੇ ਮਨਸੂਬਿਆਂ ਵਿਚ ਸਫਲਤਾ ਮਿਲਦੀ ਦਿਖਾਈ ਦਿੱਤੀ ਹੈ ਪਰ ਇਨ੍ਹਾਂ ਕਾਮਯਾਬੀਆਂ ਤੋਂ ਇਕ ਤਰ੍ਹਾਂ ਦਾ ਮੁਗਾਲਤਾ ਵੀ ਪੈਦਾ ਹੋ ਸਕਦਾ ਹੈ, ਜੇ ਉਨ੍ਹਾਂ

**ਅਭੈ ਕੁਮਾਰ ਦੂਬੇ**

ਨੇ ਇਨ੍ਹਾਂ ਸਫਲਤਾਵਾਂ ਨੂੰ 2019 ਦੀਆਂ ਚੋਣਾਂ ਸਬੰਧੀ ਪ੍ਰੋਜੈਕਟ ਕਰਨ ਦੀ ਗ਼ਲਤੀ ਕੀਤੀ। ਦਰਅਸਲ ਰਾਜ ਸਭਾ ਦੀ ਘਟਨਾ ਨੇ ਦੱਸਿਆ ਹੈ ਕਿ ਭਾਜਪਾ, ਕਾਂਗਰਸ ਅਤੇ ਖੇਤਰੀ ਸ਼ਕਤੀਆਂ ਦਾ ਤਿਕੋਣ ਬੇਹੱਦ ਜਟਿਲ ਹੈ।

ਜਦੋਂ ਤੋਂ ਜਨਤਾ ਦਲ (ਸੰਯੁਕਤ) ਦੇ ਉਮੀਦਵਾਰ ਹਰੀਵੰਸ਼ ਨੂੰ ਰਾਜ ਸਭਾ ਦਾ ਉਪ ਸਭਾਪਤੀ ਚੁਣਿਆ ਗਿਆ ਹੈ, ਉਦੋਂ ਤੋਂ ਮੀਡੀਆ ਮੰਚਾਂ 'ਤੇ ਦੋ ਤਰ੍ਹਾਂ ਦੀਆਂ ਗੱਲਾਂ ਦੀ ਹੋੜ ਲੱਗੀ ਹੋਈ ਹੈ। ਹਰ ਕੋਈ ਇਹ ਦਿਖਾਉਣ ਵਿਚ ਰੁਝਿਆ ਹੋਇਆ ਹੈ ਕਿ ਵਿਰੋਧੀ ਧਿਰ ਦੀ ਏਕਤਾ ਪੂਰੀ ਤਰ੍ਹਾਂ ਬਿਖਰ ਗਈ ਹੈ। ਦੂਸਰਾ, ਕਾਂਗਰਸ ਨੂੰ ਵਧ-ਚੜ੍ਹ ਕੇ ਨਸੀਹਤ ਦਿੱਤੀ ਜਾ ਰਹੀ ਹੈ ਕਿ ਉਸ ਨੂੰ ਗੱਠਜੋੜ ਦੀ ਰਾਜਨੀਤੀ ਕਰਨ ਦੀ ਤਮੀਜ਼ ਭਾਜਪਾ ਤੋਂ ਸਿੱਖਣੀ ਚਾਹੀਦੀ ਹੈ। ਭਾਰਤੀ ਜਨਤਾ ਪਾਰਟੀ ਦੇ ਮਾਹਿਰਾਂ ਦਾ ਇਹ ਰਵੱਈਆ ਪੂਰੀ ਤਰ੍ਹਾਂ ਸਤਹੀ, ਜਲਦਬਾਜ਼ੀ ਵਾਲਾ ਅਤੇ ਬੇਲੋੜਾ ਹੈ। ਪਤਾ ਨਹੀਂ ਕਿਹੜੇ ਤਰਕ ਦੇ ਆਧਾਰ 'ਤੇ ਰਾਜ ਸਭਾ ਵਿਚ ਹੋਈ ਇਸ ਰਾਜਨੀਤਕ ਪੇਸ਼ਬੰਦੀ ਨੂੰ 2019 ਦੀਆਂ ਚੋਣਾਂ ਨਾਲ ਜੋੜਿਆ ਜਾ ਰਿਹਾ ਹੈ? ਆਮ ਆਦਮੀ ਪਾਰਟੀ ਦੇ ਇਕ ਨੇਤਾ ਦੇ ਬਿਆਨ ਨੇ ਇਸ ਬੌਧਿਕ ਕਵਾਇਦ ਨੂੰ ਇਕਤਰਫ਼ਾ ਰੂਪ ਦੇਣ ਵਿਚ ਬਿਨਾਂ ਵਜ੍ਹਾ ਹੀ ਆਪਣੀ ਭੂਮਿਕਾ ਨਿਭਾਅ ਦਿੱਤੀ ਹੈ।

ਕਾਂਗਰਸ ਨੂੰ ਨਸੀਹਤ ਦੇਣ ਵਾਲੇ ਦੋ ਮੁੱਖ ਅਤੇ ਮੰਨੇ-ਪ੍ਰਮੰਨੇ ਤੱਥਾਂ ਨੂੰ ਨਜ਼ਰਅੰਦਾਜ਼ ਕਰਨ ਵਿਚ ਲੱਗੇ ਹੋਏ ਹਨ। ਪਹਿਲਾ ਤੱਥ ਇਹ ਹੈ ਕਿ ਭਾਰਤੀ ਜਨਤਾ ਪਾਰਟੀ ਦੀ ਮੌਜੂਦਾ ਅਗਵਾਈ ਦੇ ਸਬੰਧ ਵਿਚ ਕੌਮੀ ਜਮਹੂਰੀ ਗੱਠਜੋੜ ਦੇ ਸਹਿਯੋਗੀ ਦਲਾਂ ਨਾਲ ਚੰਗੇ ਨਹੀਂ ਹਨ। ਅਜੇ ਕੁਝ ਦਿਨ ਪਹਿਲਾਂ ਹੀ ਸ਼ਿਵ ਸੈਨਾ ਨੇ ਬੇਵਸਾਹੀ ਮਤੇ 'ਤੇ ਹੋਈ ਰਾਜਨੀਤੀ ਵਿਚ ਮੋਦੀ ਸਰਕਾਰ ਦੇ ਪੱਖ ਵਿਚ ਵੋਟ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਅਕਾਲੀ ਦਲ ਦੇ ਆਗੂ ਪ੍ਰੇਮ ਸਿੰਘ ਚੰਦੂਮਾਜਰਾ



ਨੇ ਸੰਸਦ ਵਿਚ ਖੜ੍ਹੇ ਹੋ ਕੇ ਆਂਧਰਾ ਪ੍ਰਦੇਸ਼ ਦੀ ਹਮਾਇਤ ਕਰਨ ਲਈ ਮੋਦੀ ਸਰਕਾਰ ਦੀ ਆਲੋਚਨਾ ਕੀਤੀ ਸੀ। ਬੀਜੂ ਜਨਤਾ ਦਲ ਨੇ ਗ਼ੈਰ-ਹਾਜ਼ਰ ਰਹਿ ਕੇ ਭਾਜਪਾ ਸਰਕਾਰ ਦੀਆਂ ਵੋਟਾਂ ਵਿਚ ਵਾਧਾ ਕਰਨ ਤੋਂ ਪ੍ਰਹੇਜ਼ ਕੀਤਾ ਸੀ। ਸਮੀਖਿਅਕਾਂ ਨੂੰ ਇਹ ਸਵਾਲ ਪੁੱਛਣਾ ਚਾਹੀਦਾ ਹੈ ਕਿ ਇਹ ਸਾਰੇ ਖੇਤਰੀ ਦਲ ਕਿਹੜੀ ਵਜ੍ਹਾ ਨਾਲ ਸਰਕਾਰ ਦੇ ਪੱਖ ਵਿਚ ਚਲੇ ਗਏ? ਕੀ ਇਹ ਵਜ੍ਹਾ ਸਥਾਈ ਹੈ ਜਾਂ ਅਸਥਾਈ?

ਦੂਸਰਾ ਤੱਥ ਇਹ ਹੈ ਕਿ ਕਾਂਗਰਸ ਸ਼ੁਰੂ ਤੋਂ ਉਪ ਸਭਾਪਤੀ ਦੇ ਅਹੁਦੇ ਲਈ ਆਪਣੇ ਉਮੀਦਵਾਰ ਦੀ ਬਜਾਏ ਭਾਜਪਾ ਵਿਰੋਧੀ ਖੇਤਰੀ ਪਾਰਟੀ ਦਾ ਉਮੀਦਵਾਰ ਖੜ੍ਹਾ ਕਰਨਾ ਚਾਹੁੰਦੀ ਸੀ। ਇਸ ਲਈ ਰਾਸ਼ਟਰਵਾਦੀ ਕਾਂਗਰਸ ਪਾਰਟੀ ਦੀ ਵੰਦਨਾ ਚੌਹਾਨ ਦਾ ਨਾਂ ਵੀ ਤੈਅ ਹੋ ਗਿਆ ਸੀ ਪਰ ਜਦੋਂ ਸ਼ਰਦ ਪਵਾਰ ਨੇ ਉੜੀਸਾ ਦੇ ਮੁੱਖ ਮੰਤਰੀ ਨੂੰ ਸਮਰਥਨ ਦੇਣ ਲਈ ਫੋਨ ਕੀਤਾ ਤਾਂ ਉਨ੍ਹਾਂ ਨੂੰ ਪਤਾ ਲੱਗਾ ਕਿ ਉਨ੍ਹਾਂ ਨੇ ਪਹਿਲਾਂ ਹੀ ਨਿਤਿਸ਼ ਕੁਮਾਰ ਦੀ ਅਪੀਲ 'ਤੇ ਹਰੀਵੰਸ਼ ਨੂੰ ਸਮਰਥਨ ਦੇਣ ਦਾ ਵਾਅਦਾ ਕੀਤਾ ਹੋਇਆ ਹੈ। ਇਸ 'ਤੇ ਪਵਾਰ ਦੇ ਸਾਹਮਣੇ ਇਹ ਸਪਸ਼ਟ ਹੋ ਗਿਆ ਕਿ ਉਨ੍ਹਾਂ ਦਾ ਉਮੀਦਵਾਰ ਚੋਣ ਵਿਚ ਨਹੀਂ ਜਿੱਤ ਸਕਦਾ। ਇਸ ਤੋਂ ਬਾਅਦ ਉਨ੍ਹਾਂ ਨੇ ਆਪਣੇ ਨੇਤਾ ਦਾ ਨਾਂ ਵਾਪਸ ਲੈ ਲਿਆ ਅਤੇ ਕਾਂਗਰਸ ਨੂੰ ਮਜਬੂਰੀ ਵਿਚ ਆਪਣਾ ਉਮੀਦਵਾਰ ਖੜ੍ਹਾ ਕਰਨਾ ਪਿਆ।

ਹਕੀਕਤ ਇਹ ਹੈ ਕਿ ਵਿਧਾਨ ਸਭਾ ਚੋਣਾਂ ਵਿਚ ਜਿੱਤ ਹਾਸਲ ਕਰਕੇ ਭਾਜਪਾ ਨੇ ਰਾਜ ਸਭਾ ਵਿਚ ਆਪਣੇ ਮੈਂਬਰਾਂ ਦੀ ਗਿਣਤੀ ਵਿਚ ਵਾਧਾ ਕਰ ਲਿਆ ਹੈ। ਇਸ ਸਮੇਂ ਭਾਜਪਾ ਕੋਲ ਬਹੁਮਤ ਤਾਂ ਨਹੀਂ ਹੈ ਪਰ ਉਹ ਉਪਰਲੇ ਸਦਨ ਦੀ ਸਭ ਤੋਂ ਵੱਡੀ ਪਾਰਟੀ ਹੈ। ਇਹ ਸਥਿਤੀ ਹੀ ਉਸ ਦੇ ਜ਼ੋਰਦਾਰ ਪ੍ਰਬੰਧਾਂ ਦੀ ਮੁੱਖ ਵਜ੍ਹਾ ਹੈ। ਭਾਜਪਾ ਦੀ ਇਸੇ ਸਥਿਤੀ ਕਾਰਨ ਉਸ ਦੇ ਵਿਰੁਧ ਸੰਘਰਸ਼ ਕਰ ਰਹੀਆਂ ਖੇਤਰੀ ਪਾਰਟੀਆਂ ਆਪਣਾ ਕੋਈ ਉਮੀਦਵਾਰ ਦੇਣ ਲਈ ਰਾਜ਼ੀ ਨਹੀਂ ਹੋਈਆਂ ਅਤੇ ਇਹ ਜਾਣਦੇ ਹੋਏ ਵੀ ਕਿ ਹਾਰ ਨਿਸ਼ਚਿਤ ਹੈ, ਕਾਂਗਰਸ ਨੂੰ ਆਪਣਾ ਉਮੀਦਵਾਰ ਖੜ੍ਹਾ ਕਰਨਾ ਪਿਆ। ਮੈਂ ਕਾਂਗਰਸ ਦੀ ਰਾਜਨੀਤੀ ਦਾ ਕੱਟੜ ਆਲੋਚਕ ਰਿਹਾ ਹਾਂ ਪਰ ਇਸ ਮਾਮਲੇ ਵਿਚ ਮੈਂ ਇਸ ਪਾਰਟੀ ਦੀ ਤਾਰੀਫ਼ ਕਰਾਂਗਾ। ਜੇਕਰ ਉਸੇ ਸ਼ੁਰੂਆਤੀ ਰਣਨੀਤੀ ਅਨੁਸਾਰ, ਕੋਈ ਖੇਤਰੀ ਪਾਰਟੀ ਦਾ ਉਮੀਦਵਾਰ ਖੜ੍ਹਾ ਹੋ ਜਾਂਦਾ ਤਾਂ ਨਜ਼ਾਰਾ ਇਕਦਮ ਬਦਲ ਸਕਦਾ ਸੀ। ਬੀਜੂ ਜਨਤਾ ਦਲ ਦੇ ਵੋਟ ਭਾਜਪਾ ਨੂੰ ਨਾ ਮਿਲਦੇ ਅਤੇ ਸ਼ਿਵ ਸੈਨਾ ਇਕ ਵਾਰ ਫਿਰ ਗ਼ੈਰ-ਹਾਜ਼ਰ ਰਹਿ ਸਕਦੀ ਸੀ। ਆਮ ਆਦਮੀ ਪਾਰਟੀ ਖੁੱਲ੍ਹ ਕੇ ਸਾਹਮਣੇ ਆਉਂਦੀ ਅਤੇ ਵਿਰੋਧੀ ਧਿਰ ਦੇ ਉਮੀਦਵਾਰ ਨੂੰ ਉਸ ਦੇ ਤਿੰਨ ਵੋਟ ਵੀ ਮਿਲਦੇ। ਉਸ ਸਮੇਂ ਕਾਂਗਰਸ ਨੂੰ ਅਰਵਿੰਦ ਕੇਜਰੀਵਾਲ ਤੋਂ ਸਮਰਥਨ ਮੰਗਣ ਦੀ ਜ਼ਰੂਰਤ ਹੀ ਨਹੀਂ ਪੈਣੀ ਸੀ।

ਰਾਜ ਸਭਾ ਦੀ ਪੇਸ਼ਬੰਦੀ ਨੇ ਇਨ੍ਹਾਂ ਆਮ ਤੱਥਾਂ ਨੂੰ ਨਜ਼ਰਅੰਦਾਜ਼ ਕਰਨ ਦੇ ਨਾਲ-ਨਾਲ ਭਾਜਪਾ ਦੀ ਖੇਤਰੀ ਤਾਕਤਾਂ ਵਿਚਕਾਰ ਅਚਾਨਕ ਵਧੀ ਹਰਮਨ-ਪਿਆਰਤਾ ਦੀ ਤਾਰੀਫ਼ ਕਰਨ ਵਾਲਿਆਂ ਨੂੰ ਇਹ ਵੀ ਦੱਸਣਾ ਚਾਹੀਦਾ ਹੈ ਕਿ ਕੀ ਬੀਜੂ ਜਨਤਾ ਦਲ ਉੜੀਸਾ ਵਿਚ ਭਾਜਪਾ ਨਾਲ ਗੱਠਜੋੜ ਕਰਕੇ ਚੋਣ ਲੜੇਗਾ ਜਾਂ ਦੋਵੇਂ ਇਕ-ਦੂਜੇ ਦੇ ਵਿਰੁਧ ਲੜਨਗੇ? ਅਜਿਹਾ ਕਿਉਂ ਹੈ ਕਿ ਨਵੀਨ ਪਟਨਾਇਕ ਦੇ ਇਸ ਫ਼ੈਸਲੇ ਕਾਰਨ ਬੀਜੂ ਜਨਤਾ ਦਲ ਦੀਆਂ ਕਤਾਰਾਂ ਖ਼ੁਦ ਨੂੰ ਭਰਮ ਵਿਚ ਅਤੇ ਉਦਾਸ ਮਹਿਸੂਸ ਕਰ ਰਹੀਆਂ ਹਨ? ਇਸੇ ਤਰ੍ਹਾਂ ਉਨ੍ਹਾਂ ਨੂੰ ਇਸ ਤੱਥ 'ਤੇ ਵੀ ਰੌਸ਼ਨੀ ਪਾਉਣੀ ਚਾਹੀਦੀ ਹੈ ਕਿ ਮਹਾਰਾਸ਼ਟਰ ਵਿਚ ਕਿਉਂ ਸ਼ਿਵ ਸੈਨਾ ਨੇ ਭਾਜਪਾ ਵਿਰੁਧ ਚੋਣ ਲੜਨ ਦਾ ਆਪਣਾ ਪ੍ਰਸਤਾਵ ਵਾਪਸ ਲੈ ਲਿਆ ਹੈ? ਕਿਉਂ ਤਿਲੰਗਾਨਾ ਵਿਚ ਚੰਦਰ ਸ਼ੇਖਰ ਰਾਓ ਦੀ ਪਾਰਟੀ ਨੇ ਕੌਮੀ ਜਮਹੂਰੀ ਗੱਠਜੋੜ ਵਿਚ ਜਾਣ ਦਾ ਫ਼ੈਸਲਾ ਕਰ ਲਿਆ ਹੈ?

ਇਸ ਦੇ ਨਾਲ-ਨਾਲ ਇਸ ਘਟਨਾ ਰਾਹੀਂ ਵਿਰੋਧੀ ਧਿਰ ਦੀ ਏਕਤਾ (ਜਿਸ ਨੂੰ ਵਿਅੰਗ ਨਾਲ ਮਹਾਂ ਗੱਠਜੋੜ ਜਾਂ ਮਹਾਂ ਠੱਗਜੋੜ ਕਿਹਾ ਜਾਂਦਾ ਹੈ) ਦਾ ਜਿਹੜਾ ਦ੍ਰਿਸ਼ ਪੇਸ਼ ਕੀਤਾ ਜਾ ਰਿਹਾ ਹੈ, ਉਸ 'ਤੇ ਵੀ ਇਕ ਨਜ਼ਰ ਪਾਉਣੀ ਜ਼ਰੂਰੀ ਹੈ। ਅਕਸ ਇਹੋ ਬਣਾਇਆ ਜਾ ਰਿਹਾ ਹੈ ਕਿ ਸਾਰੇ ਦੇਸ਼ ਵਿਚ ਵਿਰੋਧੀ ਪਾਰਟੀਆਂ ਇਕ ਮੰਚ 'ਤੇ ਆ ਜਾਣਗੀਆਂ ਅਤੇ ਇਕੱਠੀਆਂ ਹਰ ਜਗ੍ਹਾ 'ਤੇ ਭਾਜਪਾ ਵਿਰੁਧ ਆਪਣਾ ਇਕ ਉਮੀਦਵਾਰ ਖੜ੍ਹਾ ਕਰਨਗੀਆਂ। ਰਾਜਨੀਤੀ ਦਾ ਆਮ ਗਿਆਨ ਰੱਖਣ ਵਾਲਾ ਵਿਅਕਤੀ ਵੀ ਜਾਣਦਾ ਹੈ ਕਿ ਅਜਿਹਾ ਕੁਝ ਨਹੀਂ ਹੋਣ ਵਾਲਾ। ਜੇਕਰ ਅਜਿਹਾ ਹੋਇਆ ਤਾਂ ਵੀ ਇਹ ਭਾਜਪਾ ਦੇ ਪੱਖ ਵਿਚ ਚਲਾ ਜਾਵੇਗਾ, ਕਿਉਂਕਿ ਉਦੋਂ ਨਰੇਂਦਰ ਮੋਦੀ ਨੂੰ 2019 ਦੀ ਚੋਣ ਲੋਕਮਤ ਵਿਚ ਬਦਲਣ ਦੀ ਸਹੂਲਤ ਮਿਲ ਜਾਵੇਗੀ। ਅਸਲੀਅਤ ਇਹ ਹੈ ਕਿ ਵਿਰੋਧੀ ਧਿਰ ਦਾ ਗੱਠਜੋੜ ਸੂਬਿਆਂ ਦੇ ਪੱਧਰ 'ਤੇ ਹੋਵੇਗਾ ਅਤੇ ਜਿਥੇ ਜ਼ਰੂਰੀ ਹੋਵੇਗਾ, ਉਥੇ ਹੀ ਇਸ ਦੀ ਕੋਸ਼ਿਸ਼ ਕੀਤੀ ਜਾਵੇਗੀ।

ਜ਼ਾਹਰ ਹੈ, ਇਹ ਸਮਝਣਾ ਅਸੰਭਵ ਹੈ ਕਿ ਰਾਜ ਸਭਾ ਦੀ ਇਹ ਪੇਸ਼ਬੰਦੀ ਕਿਸ ਤਰ੍ਹਾਂ ਨਾਲ ਉਤਰ ਪ੍ਰਦੇਸ਼ ਵਿਚ ਸਮਾਜਵਾਦੀ ਪਾਰਟੀ, ਬਹੁਜਨ ਸਮਾਜ ਪਾਰਟੀ ਦੇ ਗੱਠਜੋੜ ਦੀਆਂ ਸੰਭਾਵਨਾਵਾਂ ਨੂੰ ਨੁਕਸਾਨ ਪਹੁੰਚਾਉਂਦੀ ਹੈ? ਸਾਰੇ ਗੱਠਜੋੜਾਂ ਵਿਚ ਭਾਜਪਾ ਸਭ ਤੋਂ ਜ਼ਿਆਦਾ ਇਸੇ ਗੱਠਜੋੜ ਦੀਆਂ ਸੰਭਾਵਨਾਵਾਂ ਤੋਂ ਚਿੰਤਤ ਹੈ। ਇਹ ਉਡਦੀ-ਉਡਦੀ ਖ਼ਬਰ ਹੈ ਕਿ ਕਾਂਗਰਸ ਅਤੇ ਅਜੀਤ ਸਿੰਘ ਦੀ ਪਾਰਟੀ ਨੇ ਸਪਾ-ਬਸਪਾ ਨਾਲ ਹੱਥ ਮਿਲਾਉਣ 'ਤੇ ਸਿਧਾਂਤਕ ਸਹਿਮਤੀ ਕਰ ਲਈ ਹੈ ਜੋ ਭਾਜਪਾ ਦੀ ਕਿਸ਼ਤੀ ਨੂੰ ਲੜਖੜਾਉਣ ਲਈ ਕਾਫੀ ਸਾਬਤ ਹੋ ਰਹੀ ਹੈ। ਇਸੇ ਤਰ੍ਹਾਂ ਮਹਾਰਾਸ਼ਟਰ ਵਿਚ ਕਾਂਗਰਸ ਅਤੇ ਰਾਸ਼ਟਰਵਾਦੀ ਕਾਂਗਰਸ ਪਾਰਟੀ ਵਿਚਕਾਰ ਗੱਠਜੋੜ ਹੋਣਾ ਲਗਪਗ ਤੈਅ ਹੈ, ਜਿਸ ਦੇ ਟੁੱਟਣ ਕਾਰਨ ਭਾਜਪਾ ਨੂੰ ਉਥੇ ਜਿੱਤਣ ਦਾ ਮੌਕਾ ਮਿਲਿਆ ਸੀ। ਕਰਨਾਟਕ ਵਿਚ ਜੇਕਰ ਕਾਂਗਰਸ ਅਤੇ ਜਨਤਾ ਦਲ (ਸੈਕੂਲਰ) ਵਿਚਕਾਰ ਸੀਟਾਂ ਦਾ ਤਾਲਮੇਲ ਹੋ ਗਿਆ ਤਾਂ ਭਾਜਪਾ ਨੂੰ ਉਥੇ 5 ਸੀਟਾਂ ਜਿੱਤਣੀਆਂ ਵੀ ਮੁਸ਼ਕਿਲ ਹੋ ਜਾਣਗੀਆਂ। ਤਾਮਿਲਨਾਡੂ ਵਿਚ ਕਾਂਗਰਸ ਦਾ ਡੀ.ਐਮ.ਕੇ. ਨਾਲ ਗੱਠਜੋੜ ਤਕਰੀਬਨ ਤੈਅ ਹੈ ਅਤੇ ਏ.ਆਈ.ਏ.ਡੀ.ਐਮ.ਕੇ. ਵਿਚ ਬਿਖਰਾਅ ਦੀ ਸਥਿਤੀ ਕਾਰਨ ਡੀ.ਐਮ.ਕੇ. ਇਸ ਸਮੇਂ ਸੂਬੇ ਦੀ ਸੰਗਠਿਤ ਸ਼ਕਤੀ ਹੈ।

ਪੱਛਮੀ ਬੰਗਾਲ ਵਿਚ ਕਾਂਗਰਸ ਅਤੇ ਤ੍ਰਿਣਮੂਲ ਕਾਂਗਰਸ ਵਿਚਕਾਰ ਗੱਠਜੋੜ ਦੀ ਚਰਚਾ ਹਵਾਵਾਂ ਵਿਚ ਹੈ। ਉਂਜ ਤਾਂ ਮਮਤਾ ਬੈਨਰਜੀ ਦੀ ਪਾਰਟੀ ਉਥੇ ਪਹਿਲਾਂ ਤੋਂ ਹੀ ਮਜ਼ਬੂਤ ਹੈ ਅਤੇ ਜੇਕਰ ਕਾਂਗਰਸ ਉਸ ਨਾਲ ਜੁੜ ਗਈ ਤਾਂ ਹੋਰ ਸਾਰੇ ਦਲਾਂ ਦਾ ਸਫ਼ਾਇਆ ਹੋ ਸਕਦਾ ਹੈ। ਇਹ ਕੋਈ ਭਵਿਖਵਾਣੀ ਨਹੀਂ ਹੈ। ਇਹ ਸਾਰੀਆਂ ਸੰਭਾਵਨਾਵਾਂ ਹਨ, ਜਿਹੜੀਆਂ ਬਦਲ ਵੀ ਸਕਦੀਆਂ ਹਨ ਪਰ ਇਨ੍ਹਾਂ ਦੇ ਵਿਕਾਸ ਦੀ ਦਿਸ਼ਾ ਦੱਸਦੀ ਹੈ ਕਿ ਭਾਜਪਾ ਨੂੰ ਸੂਬਿਆਂ ਦੇ ਪੱਧਰ 'ਤੇ ਇਸ ਵਾਰ ਵਿਰੋਧੀ ਧਿਰ ਦੀ ਏਕਤਾ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਰਾਜ ਸਭਾ ਦੇ ਉਪ ਸਭਾਪਤੀ ਦੀ ਚੋਣ ਵਿਚ ਕੀ ਹੋਇਆ, ਇਸ ਤੋਂ ਇਹ ਰਾਜਨੀਤੀ ਪੂਰੀ ਤਰ੍ਹਾਂ ਨਾਲ ਆਜ਼ਾਦ ਹੈ। ਅਕਤੂਬਰ-ਨਵੰਬਰ ਵਿਚ ਹੋਣ ਵਾਲੀਆਂ ਰਾਜਸਥਾਨ ਅਤੇ ਮੱਧ ਪ੍ਰਦੇਸ਼ ਦੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਇਕ ਵਾਰ ਫਿਰ ਤੋਂ ਤੈਅ ਹੋਵੇਗਾ ਕਿ ਖੇਤਰੀ ਤਾਕਤਾਂ ਕੌਮੀ ਜਮਹੂਰੀ ਗੱਠਜੋੜ ਵਿਚ ਭਰੋਸਾ ਜਤਾਉਣਗੀਆਂ ਜਾਂ ਸਾਂਝੇ ਪ੍ਰਗਤੀਸ਼ੀਲ ਗੱਠਜੋੜ ਵਿਚ। ਉਦੋਂ ਸਾਨੂੰ ਇਕ ਵਾਰ ਰਾਜਨੀਤਕ ਸ਼ਕਤੀਆਂ ਦੇ ਬਦਲੇ ਹੋਏ ਸੰਤੁਲਨ ਦਾ ਅੰਦਾਜ਼ਾ ਲਗਾਉਣਾ ਹੋਵੇਗਾ। ਉਦੋਂ ਤੱਕ ਅਸੀਂ ਚਾਹੀਏ ਤਾਂ ਇਨ੍ਹਾਂ ਅਖੌਤੀ ਮਾਹਿਰਾਂ ਦੀਆਂ ਗ਼ੈਰ-ਗੰਭੀਰ ਬਿਆਨਬਾਜ਼ੀਆਂ ਨਾਲ ਆਪਣਾ ਮਨੋਰੰਜਨ ਕਰ ਸਕਦੇ ਹਾਂ।

# ਪਾਕਿਸਤਾਨ ਦੀ ਰੂਸ ਵੱਲ ਕਰਵਟ

ਅਮਰੀਕਾ ਦੇ ਕੌਮੀ ਸੁਰੱਖਿਆ ਸਲਾਹਕਾਰਾਂ ਨੇ ਹਾਲ ਹੀ ਵਿਚ ਨਾਟੋ ਗਠਜੋੜ ਨੂੰ ਬਚਾਉਣ ਲਈ ਵਾਹਵਾ ਭਜ-ਨਠ ਕੀਤੀ ਤਾਂ ਕਿ ਰੂਸ ਨੂੰ ਪੂਰਬੀ ਯੂਰਪ ਵਿਚ ਆਪਣਾ ਪੁਰਾਣਾ ਅਸਰ ਮੁੜ ਕਾਇਮ ਕਰਨ ਦਾ ਮੌਕਾ ਹਾਸਲ ਹੋ ਸਕੇ। ਇਸੇ ਦੌਰਾਨ ਅਮਰੀਕੀ ਮੀਡੀਆ ਅਤੇ ਨੀਤੀਘਾੜਿਆਂ ਨੇ ਵੀ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਪਾਕਿਸਤਾਨ ਨੂੰ ਐਵੇਂ ਅਲੱਗ-ਥਲੱਗ ਨਾ ਕਰਨ ਦੀ ਰਾਇ ਦਿੱਤੀ। ਉਨ੍ਹਾਂ ਦਾ ਖ਼ਦਸ਼ਾ ਸੀ ਕਿ ਅਲਗ-ਥਲਗ ਹੋਇਆ ਪਾਕਿਸਤਾਨ ਸਿੱਧਾ ਹੀ ਰੂਸ ਦੀ ਝੋਲੀ ਜਾ ਪਵੇਗਾ। ਅਮਰੀਕੀ ਰਾਸ਼ਟਰਪਤੀ, ਜੋ ਅੱਜ ਕੱਲ੍ਹ ਗੋਰੇ ਨਸਲਪ੍ਰਸਤਾਂ ਦੇ ਅਖੌਤੀ ਹੀਰੋ ਹਨ, ਨੇ ਇਸ ਗੱਲ ਦੀ ਰੱਤੀ ਪ੍ਰਵਾਹ ਨਹੀਂ ਕੀਤੀ।

ਵਾਸ਼ਿੰਗਟਨ ਵਿਚਲੇ ਹਮਲਾਵਰ ਰੁਖ਼ ਵਾਲੇ

**ਸ਼ਹਿਜ਼ਾਦ ਰਜ਼ਾ**

ਲੀਡਰ ਕਈ ਮਹੀਨਿਆਂ ਤੋਂ ਟਰੰਪ ਪ੍ਰਸ਼ਾਸਨ ਤੋਂ ਮੰਗ ਕਰ ਰਹੇ ਸਨ ਕਿ ਪਾਕਿਸਤਾਨ ਨੂੰ ਫ਼ੌਜੀ ਇਮਦਾਦ ਅਤੇ ਫੰਡ ਰੋਕੇ ਜਾਣ। ਇਨ੍ਹਾਂ ਦਾ ਦੋਸ਼ ਹੈ ਕਿ ਪਾਕਿਸਤਾਨ ਦਹਿਸ਼ਤਪਸੰਦੀ ਨੂੰ ਹੱਲਾਸ਼ੇਰੀ ਦੇ ਰਿਹਾ ਹੈ ਅਤੇ ਅਫ਼ਗਾਨਿਸਤਾਨ ਵਿਚ ਗ਼ੈਰ-ਰਾਜਕੀ ਅਨਸਰਾਂ ਦੀ ਮਦਦ ਕਰ ਰਿਹਾ ਹੈ। ਦੱਖਣੀ ਏਸ਼ੀਆ ਬਾਰੇ ਨਵੀਂ ਨੀਤੀ ਮੁਤਾਬਿਕ, ਟਰੰਪ ਪ੍ਰਸ਼ਾਸਨ ਨੂੰ ਜਾਪਦਾ ਹੈ ਕਿ ਅਫ਼ਗਾਨ ਸੰਕਟ ਨੂੰ ਕੱਟਣ ਲਈ ਪਾਕਿਸਤਾਨ ਦੀ ਥਾਂ ਭਾਰਤ ਵਧੇਰੇ ਇਤਬਾਰਯੋਗ ਭਾਈਵਾਲ ਹੋ ਸਕਦਾ ਹੈ। ਉਂਜ, ਇਸ ਤੋਂ ਉਨ੍ਹਾਂ ਦੀ ਦੂਰ-ਦ੍ਰਿਸ਼ਟੀ ਦੀ ਘਾਟ ਪ੍ਰਤੱਖ ਹੋ ਗਈ ਹੈ।

ਪਾਕਿ-ਅਮਰੀਕਾ ਰਿਸ਼ਤੇ ਹੁਣ ਪ੍ਰੋਫ਼ੈਸਰ ਸੋਧ ਵਾਲੇ ਜ਼ਮਾਨੇ ਜਿੰਨੀ ਨਿਵਾਣ ਹੰਢਾਅ ਰਹੇ ਹਨ। ਵੱਖ-ਵੱਖ ਨੁਕਤਿਆਂ ਤੋਂ ਦੋਵੇਂ ਮੁਲਕ ਇਕ-ਦੂਜੇ ਨੂੰ ਦੋਸ਼ੀ ਠਹਿਰਾ ਰਹੇ ਹਨ। ਬੇਅੰਤ ਗ਼ਲਤਫ਼ਹਿਮੀਆਂ ਹਨ। ਆਸਾਂ-ਉਮੀਦਾਂ ਵੀ ਕਲਪਨਾ ਤੋਂ ਬਾਹਰ ਦੀਆਂ ਬਾਤਾਂ ਹਨ। ਟਰੰਪ ਪ੍ਰਸ਼ਾਸਨ ਨੇ ਪਾਕਿਸਤਾਨੀ ਫ਼ੌਜ ਨੂੰ ਵਿੱਤੀ ਇਮਦਾਦ ਹੀ ਬੰਦ ਨਹੀਂ ਕੀਤੀ, ਸਗੋਂ ਅਮਰੀਕੀ ਅਕਾਦਮਿਕ ਅਤੇ ਫ਼ੌਜੀ ਸੰਸਥਾਵਾਂ ਅੰਦਰ ਪਾਕਿਸਤਾਨੀ ਫ਼ੌਜ ਦੇ ਸੀਨੀਅਰ ਅਫ਼ਸਰਾਂ ਦੀ ਸਿਖਲਾਈ ਤੋਂ ਵੀ ਨਾਂਹ ਕਰ ਦਿੱਤੀ ਹੈ। 2001 ਤੋਂ ਬਾਅਦ ਹਰ ਸਾਲ ਪਾਕਿਸਤਾਨੀ ਫ਼ੌਜ ਦੇ ਸੈਂਕੜੇ ਅਫ਼ਸਰ ਆਧੁਨਿਕ ਜੰਗਾਂ ਬਾਰੇ ਸਿਖਲਾਈ ਹਾਸਲ ਕਰਨ ਲਈ ਅਮਰੀਕਾ ਗਏ ਹਨ। ਦਹਾਕਾ ਲੰਮੀਆਂ ਇਨ੍ਹਾਂ ਮਸ਼ਕਾਂ ਦਾ ਮਕਸਦ ਦਹਿਸ਼ਤਪਸੰਦੀ ਨਾਲ ਟਾਕਰੇ ਲਈ ਫ਼ੌਜ ਨੂੰ ਲੈਸ ਕਰਨਾ ਸੀ।

ਰਾਸ਼ਟਰਪਤੀ ਟਰੰਪ ਵੱਲੋਂ ਨਵੇਂ ਸਾਲ ਮੌਕੇ ਕੀਤੇ ਟਵੀਟ ਤੋਂ ਬਾਅਦ ਇਸਲਾਮਾਬਾਦ ਨੂੰ ਟਰੰਪ ਪ੍ਰਸ਼ਾਸਨ ਦੀ ਸਖ਼ਤੀ ਦੀ ਪਹਿਲਾਂ ਹੀ ਕਨਸੋਅ ਮਿਲ ਗਈ ਸੀ, ਸਿੱਟੇ ਵਜੋਂ ਇਸ ਨੇ ਮਾਸਕੋ ਨਾਲ ਰਿਸ਼ਤੇ ਗੰਢਣੇ ਆਰੰਭ ਕਰ ਦਿੱਤੇ। ਟਰੰਪ ਨੇ ਪਾਕਿਸਤਾਨ ਉਤੇ ਧੋਖਾ ਦੇਣ, ਫ਼ਰੇਬ ਕਰਨ ਅਤੇ ਪਿੱਠ ਵਿਚ ਛੁਰਾ ਮਾਰਨ ਦੇ ਦੋਸ਼ ਲਾਏ।

ਪਿਛਲੇ ਹਫ਼ਤੇ ਇਸਲਾਮਾਬਾਦ ਨੇ ਮਾਸਕੋ ਨਾਲ ਉਸੇ ਤਰ੍ਹਾਂ ਦਾ ਸਮਝੌਤਾ ਨੇਪਰੇ ਚਾੜ੍ਹਿਆ ਹੈ ਜਿਹੋ ਜਿਹਾ ਇਸ ਨੇ 9/11 ਤੋਂ ਬਾਅਦ ਅਮਰੀਕਾ ਨਾਲ ਕੀਤਾ ਸੀ। ਹੁਣ ਰੂਸੀ ਸੰਸਥਾਵਾਂ ਵਿਚ ਸਿਖਲਾਈ ਲਈ ਪਾਕਿਸਤਾਨੀ ਫ਼ੌਜ ਦੇ ਅਫ਼ਸਰ ਉਥੇ ਜਾਣਗੇ। ਆਉਣ ਵਾਲੇ ਸਾਲਾਂ ਦੌਰਾਨ ਫ਼ੌਜੀ ਸਾਜ਼ੋ-ਸਾਮਾਨ ਦੀ ਸਪਲਾਈ ਵਧਣ ਦੀ ਵੀ ਆਸ ਹੈ। ਮਾਸਕੋ ਨੇ ਪਾਕਿਸਤਾਨ ਵਿਚ ਆਪਣੇ ਸਫ਼ੀਰ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਉਤੇ ਬਿਰਾਜਮਾਨ ਹੋ ਰਹੇ ਇਮਰਾਨ ਖਾਨ ਨੂੰ ਉਨ੍ਹਾਂ ਦੇ ਘਰੇ ਮਿਲਣ ਲਈ ਭੇਜਿਆ। ਸਫ਼ੀਰ ਨੇ ਦੋਹਾਂ ਮੁਲਕਾਂ ਵਿਚਕਾਰ ਰਿਸ਼ਤੇ ਤੇਜ਼ੀ ਨਾਲ ਹੋਰ ਮਜ਼ਬੂਤ ਕਰਨ ਲਈ ਇਮਰਾਨ ਖਾਨ ਨੂੰ ਤਾਕੀਦ ਕੀਤੀ ਹੈ। ਇਮਰਾਨ ਖਾਨ ਨੇ ਵੀ ਆਰਥਿਕ ਸਹਿਯੋਗ ਵਧਾਉਣ ਵਿਚ ਦਿਲਚਸਪੀ ਦਿਖਾਈ ਹੈ ਅਤੇ ਸਫ਼ੀਰ ਨੂੰ ਦੱਸਿਆ ਕਿ ਰੂਸੀ ਡ੍ਰਿਲਿੰਗ ਕੰਪਨੀਆਂ ਪਾਕਿਸਤਾਨ ਆ ਕੇ ਤੇਲ ਅਤੇ ਗੈਸ ਦੀ ਖੋਜ ਕਰ ਸਕਦੀਆਂ ਹਨ।

ਦੋਵੇਂ ਮੁਲਕ ਅਫ਼ਗਾਨਿਸਤਾਨ ਵਿਚ ਇਸਲਾਮਿਕ ਸਟੇਟ ਦੀ ਲਗਾਤਾਰ ਵਧ ਰਹੀ ਚੜ੍ਹਤ ਤੋਂ ਵੀ ਖ਼ਬਰਦਾਰ ਹਨ ਜਿਸ ਨਾਲ ਰੂਸ ਦੇ ਇਰਾਨ ਅਤੇ ਕੇਂਦਰੀ ਏਸ਼ੀਆ ਵਿਚਲੇ ਹਿਤਾਂ ਨੂੰ ਧੱਕਾ ਲੱਗ ਸਕਦਾ ਹੈ। ਇਸਲਾਮਾਬਾਦ ਅਤੇ ਮਾਸਕੋ ਦੇ ਰਿਸ਼ਤੇ ਭਾਵੇਂ 70 ਸਾਲ ਪੁਰਾਣੇ ਹਨ ਪਰ ਇਹ ਰਿਸ਼ਤੇ ਕਦੀ ਕੂਟਨੀਤਕ ਰਸਮਾਂ ਤੋਂ ਅਗਾਂਹ ਨਹੀਂ ਵਧ ਸਕੇ। ਪਾਕਿਸਤਾਨ ਦੀ ਅਮਰੀਕਾ ਨਾਲ ਨੇੜਤਾ ਕਾਰਨ ਕਈ ਦੌਰਾਂ ਦੌਰਾਨ ਇਨ੍ਹਾਂ ਰਿਸ਼ਤਿਆਂ ਅੰਦਰ ਤਲਖ਼ੀ ਆਉਂਦੀ ਰਹੀ ਹੈ। 1980ਵਿਆਂ ਵਿਚ ਜਦੋਂ ਸੋਵੀਅਤ ਯੂਨੀਅਨ ਦੀ ਲਾਲ ਫ਼ੌਜ, ਅਫ਼ਗਾਨਿਸਤਾਨ ਵਿਚ ਆਪਣੇ ਕਮਿਊਨਿਸਟ ਭਾਈਵਾਲ ਦੀ ਇਮਦਾਦ ਕਰ ਰਹੀ ਸੀ ਤਾਂ ਪਾਕਿਸਤਾਨ ਨੇ ਵਾਸ਼ਿੰਗਟਨ ਅਤੇ ਰਿਆਧ ਨੂੰ ਉਸ ਖ਼ਿਲਾਫ਼ ਜਹਾਦ ਛੇੜਨ ਵਿਚ ਮਦਦ ਕੀਤੀ ਸੀ। ਸਰਹੱਦੀ ਮੁਲਕ ਹੋਣ ਕਾਰਨ ਪਾਕਿਸਤਾਨ ਨੇ ਰੂਸੀ ਫ਼ੌਜ ਨੂੰ ਹਰਾਉਣ ਵਿਚ ਅਹਿਮ ਰੋਲ ਅਦਾ ਕੀਤਾ ਸੀ। ਬਾਅਦ ਵਿਚ ਇਸ ਦਾ ਅੰਤਿਮ ਸਿੱਟਾ ਸੋਵੀਅਤ ਯੂਨੀਅਨ ਦੇ ਟੁੱਟਣ ਦੇ ਰੂਪ ਵਿਚ ਨਿਕਲਿਆ ਸੀ।

ਅਸਲ ਵਿਚ, ਮਾਸਕੋ ਦੀ ਇਸਲਾਮਾਬਾਦ ਨਾਲ ਖਿਝ ਅਫ਼ਗਾਨਿਸਤਾਨ ਵਿਚ ਰੂਸੀ ਦਖ਼ਲ ਤੋਂ ਪਹਿਲਾਂ ਦੀ ਹੀ ਸੀ। ਮਸਲਨ, ਸੋਵੀਅਤ ਫ਼ੌਜਾਂ ਨੇ 1960 ਵਿਚ ਪਾਕਿਸਤਾਨੀ ਏਅਰਬੇਸ ਤੋਂ ਉਡਿਆ ਅਮਰੀਕੀ ਜਸੂਸੀ ਜਹਾਜ਼ ਯੂ-2 ਆਪਣੇ ਖੇਤਰ ਅੰਦਰ ਆਉਣ 'ਤੇ ਫੁੰਡ ਲਿਆ ਸੀ। ਉਸ ਵਕਤ ਰੂਸ ਨੇ ਪਾਕਿਸਤਾਨ ਨੂੰ ਭਿਅੰਕਰ ਨਤੀਜੇ ਭੁਗਤਣ ਲਈ ਵੀ ਖ਼ਬਰਦਾਰ ਕੀਤਾ ਸੀ। ਪਹਿਲੀ ਅਫ਼ਗਾਨ ਜੰਗ ਦੌਰਾਨ, ਪਾਕਿਸਤਾਨ ਵਿਚ ਤੱਥਾਤਮਿਕ ਤੌਰ 'ਤੇ ਗ਼ਲਤ ਪ੍ਰਚਾਰ ਕੀਤਾ ਗਿਆ ਕਿ ਸੋਵੀਅਤ ਯੂਨੀਅਨ ਪਾਕਿਸਤਾਨ ਰਾਹੀਂ ਅਰਬ ਸਾਗਰ ਤੱਕ ਪਹੁੰਚ ਕਰਨਾ ਚਾਹੁੰਦਾ ਹੈ। ਮਗਰੋਂ ਜੋ ਕੁਝ ਹੋਇਆ-ਵਾਪਰਿਆ, ਉਹ ਪਾਕਿਸਤਾਨ ਲਈ ਤਬਾਹਕੁਨ ਸੀ। ਸੋਵੀਅਤ ਫ਼ੌਜਾਂ ਵਾਪਸ ਚਲੀਆਂ ਗਈਆਂ। ਅਫ਼ਗਾਨਿਸਤਾਨ ਵਿਚ ਵੱਡਾ ਖ਼ੁਆੜਾ ਪੈ ਗਿਆ ਅਤੇ ਪਾਕਿਸਤਾਨ ਨੂੰ ਇਸ ਦਾ ਖਮਿਆਜ਼ਾ 60 ਹਜ਼ਾਰ ਤੋਂ ਵੱਧ ਜਾਨਾਂ ਦੇ ਕੇ ਅਤੇ ਅਰਬਾਂ ਡਾਲਰ ਦੇ ਵਿੱਤੀ ਘਾਟੇ ਨਾਲ ਭੁਗਤਣਾ ਪਿਆ।

ਪਾਕਿਸਤਾਨ ਵਲੋਂ ਰੂਸੀ ਮਦਦ ਲੈਣ ਦਾ ਇਕ ਹੋਰ ਵੱਡਾ ਕਾਰਨ ਇਸ ਦੀ ਨਾਜ਼ੁਕ ਆਰਥਿਕ ਹਾਲਤ ਹੈ। ਵਿਦੇਸ਼ੀ ਕਰਜ਼ਿਆਂ ਦੀਆਂ ਸਿਰ ਆਈਆਂ ਕਿਸ਼ਤਾਂ ਲਈ ਦੇਣ ਲਈ ਇਸ ਨੂੰ ਕੌਮਾਂਤਰੀ ਮੁਦਰਾ ਕੋਸ਼ (ਆਈ.ਐਮ.ਐਫ਼.) ਤੋਂ 5 ਅਰਬ ਡਾਲਰ ਤੋਂ ਵੀ ਵੱਧ ਦਾ ਪੈਕੇਜ ਲੈਣਾ ਪਵੇਗਾ ਹੈ। ਮੁਲਕ ਦਾ ਮੁੱਖ ਦਾਰੋਮਦਾਰ ਹੁਣ ਚੀਨ ਉਤੇ ਹੈ ਅਤੇ ਇਸ ਸੰਕਟ ਵਿਚੋਂ ਨਿਕਲਣ ਲਈ ਇਹ ਇਸ ਤੋਂ ਇਲਾਵਾ ਹਰ ਦਰਵਾਜ਼ਾ ਖੜਕਾ ਰਿਹਾ ਹੈ। ਇਨ੍ਹਾਂ ਵਿਚੋਂ ਇਕ ਦਰਵਾਜ਼ਾ ਮਾਸਕੋ ਹੈ। ਦੂਜੇ, ਜਿਥੋਂ ਤੱਕ ਫ਼ੌਜੀ ਸਾਜ਼ੋ-ਸਾਮਾਨ ਦਾ ਸਬੰਧ ਹੈ, ਵਾਸ਼ਿੰਗਟਨ ਵੱਲੋਂ ਕੋਰੀ ਨਾਂਹ ਕਰਨ 'ਤੇ ਪਾਕਿਸਤਾਨ ਨੂੰ ਪੇਈਚਿੰਗ ਅਤੇ ਮਾਸਕੋ ਵੱਲ ਦੇਖਣਾ ਪੈ ਰਿਹਾ ਹੈ। ਪਾਕਿਸਤਾਨੀ ਫ਼ੌਜ ਦੇ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਦੀ ਪਿਛਲੀ ਮਾਸਕੋ ਫੇਰੀ ਦੌਰਾਨ ਉਨ੍ਹਾਂ ਚੀਨੀ ਲੜਾਕੂ ਜਹਾਜ਼ਾਂ ਲਈ ਰੂਸੀ ਇੰਜਣ ਖ਼ਰੀਦਣ ਬਾਰੇ ਵਿਚਾਰ-ਵਟਾਂਦਰਾ ਕੀਤਾ। ਪਾਕਿਸਤਾਨ ਰੂਸ ਤੋਂ ਰੱਖਿਆ ਸਿਸਟਮ ਅਤੇ ਟੀ-90 ਟੈਂਕ ਵੀ ਖ਼ਰੀਦਣਾ ਚਾਹੁੰਦਾ ਹੈ। ਰੂਸ ਦੇ ਲੜਾਕੂ ਜਹਾਜ਼ ਸੁਖੋਈ-35 ਬਾਰੇ ਸੌਦੇ ਲਈ ਵਿਚਾਰਾਂ ਵੀ ਆਰੰਭ ਹੋ ਗਈਆਂ ਹਨ।

ਪਾਕਿਸਤਾਨ ਵਿਚ ਰੂਸੀ ਖ਼ੁਫ਼ੀਆ ਤੰਤਰ ਅਤੇ ਇਸ ਦੀ ਹੋਂਦ ਹੌਲੀ ਹੌਲੀ ਵਧ ਰਹੇ ਹਨ। ਰੂਸ ਨੇ ਖ਼ੈਬਰ ਪਖ਼ਤੂਨਖਵਾ ਵਿਚ ਕੌਂਸਲਖਾਨਾ ਖੋਲ੍ਹ ਲਿਆ ਹੈ। ਇਹ ਉਹੀ ਸੂਬਾ ਹੈ ਜਿਸ ਦੀ ਕਾਫ਼ੀ ਲੰਮੀ ਸਰਹੱਦ ਅਫ਼ਗਾਨਿਸਤਾਨ ਨਾਲ ਲੱਗਦੀ ਹੈ। ਤਹਿਰੀਕ-ਏ-ਇਨਸਾਫ਼ ਪਾਰਟੀ ਦੀ ਨਵੀਂ ਬਣ ਰਹੀ ਸਰਕਾਰ ਦੌਰਾਨ ਰੂਸੀ ਕੰਪਨੀਆਂ ਤੇਲ ਅਤੇ ਗੈਸ ਦੀ ਖੋਜ ਲਈ ਆਉਣਗੀਆਂ। ਜੇ ਇਹ ਸਮਝੌਤਾ ਸਿਰੇ ਚੜ੍ਹਦਾ ਹੈ ਤਾਂ ਇਹ 1971 ਵਿਚ ਸਟੀਲ ਮਿੱਲ ਸਮਝੌਤੇ ਤੋਂ ਬਾਅਦ ਦੂਜਾ ਸਭ ਤੋਂ ਵੱਡਾ ਵਿੱਤੀ ਸਹਿਯੋਗ ਹੋਵੇਗਾ।

ਪਾਕਿਸਤਾਨ ਅਤੇ ਰੂਸ ਦੇ ਰਿਸ਼ਤੇ ਅਗਾਂਹ ਵਧਣ ਦੀ ਰਫ਼ਤਾਰ ਫ਼ਿਲਹਾਲ ਮੱਠੀ ਹੈ, ਇਸੇ ਕਾਰਨ ਵਾਸ਼ਿੰਗਟਨ ਜਾਂ ਨਵੀਂ ਦਿੱਲੀ ਨੂੰ ਇਸ ਬਾਰੇ ਕੋਈ ਇਤਰਾਜ਼ ਨਹੀਂ ਜਾਂ ਖ਼ਤਰਾ ਨਹੀਂ ਜਾਪਦਾ। ਉਂਜ, ਰੂਸ ਨਾਲ ਰਿਸ਼ਤੇ ਸੁਧਾਰਨੇ ਇਮਰਾਨ ਖਾਨ ਦੀ ਵਿਦੇਸ਼ ਨੀਤੀ ਦਾ ਅਹਿਮ ਅੰਗ ਹੋਵੇਗਾ। ਇਸ ਮਾਮਲੇ 'ਤੇ ਫ਼ੌਜ ਦਾ ਉਸ ਨੂੰ ਪੂਰਾ ਥਾਪੜਾ ਹੈ।

###

# ਪੰਜਾਬ ਹਿਤੈਸ਼ੀਓ! ਆਓ ਖੁਰਦੇ ਜਾਂਦੇ ਪੰਜਾਬ ਨੂੰ ਬਚਾਈਏ



**ਸੁਕੰਨਿਆ ਭਾਰਦਵਾਜ ਨਾਭਾ**
**ਫੋਨ: 815-307-3112**

ਪੰਜਾਬ ਦੇ ਹਾਲਾਤ ਦਿਨ ਬਦਿਨ ਬਦਤਰ ਹੁੰਦੇ ਜਾ ਰਹੇ ਹਨ। ਹਰੇ ਇਨਕਲਾਬ ਦੇ ਨਾਂ 'ਤੇ ਪੰਜਾਬ ਦੀ ਧਰਤੀ, ਇਸ ਦੇ ਹਵਾ-ਪਾਣੀ, ਖਾਧ-ਖੁਰਾਕ ਪਲੀਤ ਹੋ ਚੁਕੇ ਹਨ। ਸਿੱਟਾ ਵਜੋਂ ਪੰਜਾਬੀ ਜ਼ਿਹਨੀ ਤੌਰ 'ਤੇ ਵੀ ਬਿਮਾਰ ਹੋ ਗਏ ਹਨ। ਡਾਕਟਰਾਂ ਨੇ ਪੰਜਾਬ ਨੂੰ ਮੰਡੀ ਬਣਾਇਆ ਹੋਇਆ ਹੈ ਪਰ ਤੰਦਰੁਸਤੀ ਨਾਂ ਦੀ ਚੀਜ਼ ਖੰਭ ਲਾ ਕੇ ਉਡ ਚੁਕੀ ਹੈ। ਦਵਾਈ ਲੋਕਾਂ ਨੂੰ ਸਰੀਰਕ ਮਾਨਸਿਕ ਤੌਰ 'ਤੇ ਕੋਈ ਰਾਹਤ ਦੇਣ ਦੀ ਥਾਂ ਕਰਜਈ ਕਰ ਰਹੀ ਹੈ। ਧੜਾਧੜ ਖੁਲ੍ਹ ਰਹੇ ਮਹਿੰਗੇ ਸਿੱਖਿਆ ਅਦਾਰੇ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਵਿਚ ਅਸਮਰਥ ਹਨ। ਪੰਜਾਬ ਦੇ ਕੁਦਰਤੀ ਸੋਮੇ ਪਾਣੀ 'ਤੇ ਡਾਕੇ ਵੱਜ ਰਹੇ ਹਨ। ਨਹਿਰਾਂ, ਕੱਸੀਆਂ, ਸੂਏ ਸਭ ਸੁੱਕ ਗਏ ਹਨ। ਮਜਬੂਰੀਵਸ ਨੌਜਵਾਨ ਭਾਰੀ ਕਰਜੇ ਚੁਕ ਕੇ ਤੇ ਹਰ ਹੀਲਾ ਵਸੀਲਾ ਵਰਤ ਕੇ ਵਿਦੇਸ਼ਾਂ ਵੱਲ ਵਹੀਰਾਂ ਘੱਤ ਚੁਕੇ ਹਨ। ਪਹਿਲਾਂ ਤਾਂ ਵਿਦੇਸ਼ੀ ਧਰਤੀ 'ਤੇ ਪਹੁੰਚਣਾ ਸੌਖਾ ਨਹੀਂ। ਦਿਨ ਰਾਤ ਦੀ ਮਿਹਨਤ ਕਰਜੇ ਦੀ ਭਾਰੀ ਪੰਡ ਨੂੰ ਹੌਲੇ ਕਰਨ ਵਿਚ ਸਾਰੀ ਜੁਆਨੀ ਲੱਗ ਜਾਂਦੀ ਹੈ। ਪਿਛੇ ਰਹਿ ਜਾਂਦੇ ਨੇ ਵਿਲਕਦੇ ਬਜੁਰਗ ਮਾਪੇ। ਬੱਚੇ ਮਾਪਿਆਂ ਦੀ ਕਿਵੇਂ ਡੰਗੋਰੀ ਬਣਨ?

ਖੇਤੀ ਆਧਾਰਤ ਇਸ ਸੂਬੇ ਦੇ ਬੀਜਾਂ, ਖਾਦਾਂ, ਕੀੜੇਮਾਰ ਦੁਆਈਆਂ, ਮਸ਼ੀਨਰੀ 'ਤੇ ਸਿਆਸੀ/ਧਨਾਢ ਲੋਕਾਂ ਦਾ ਕਬਜ਼ਾ ਹੈ। ਫਸਲਾਂ ਨੂੰ 'ਚਿੱਟੇ, ਨੀਲੇ, ਪੀਲੇ' ਕੀੜੇ ਫਲ ਦੇਣ ਤੋਂ ਪਹਿਲਾਂ ਹੀ ਚੱਟ ਕਰ ਜਾਂਦੇ ਹਨ। ਰਹਿੰਦੀ ਕਸਰ ਮੰਡੀ ਵਿਚ ਨਿਕਲ ਜਾਂਦੀ ਹੈ, ਜਦੋਂ ਵੇਚਣ ਲਈ ਲਿਆਂਦੀ ਫਸਲ ਦਾ ਵਾਜਬ ਭਾਅ ਨਹੀਂ ਮਿਲਦਾ। ਹਰੇ ਇਨਕਲਾਬ ਰਾਹੀਂ ਪੰਜਾਬ ਨੇ ਕੇਂਦਰ ਦੇ ਖੁਰਾਕ ਭੰਡਾਰ ਤਾਂ ਭਰ ਦਿੱਤੇ ਪਰ ਆਪ ਕੰਗਾਲ ਹੋ ਗਿਆ। ਜੇ ਕਿਸਾਨ ਕੇਂਦਰ ਤੋਂ ਇਸ ਖੇਤੀ ਅਧੋਗਤੀ ਲਈ ਕੁਝ ਮਦਦ ਮੰਗਦਾ ਹੈ ਤਾਂ ਅੱਗੋਂ ਢੀਠਤਾਈ ਨਾਲ ਜੁਆਬ ਮਿਲਦਾ ਹੈ ਕਿ ਖੇਤੀ ਕਰਜ਼ੇ ਕੇਂਦਰੀ ਅੰਨ ਭੰਡਾਰ ਕਰਕੇ ਨਹੀਂ ਹੈ, ਇਸ ਲਈ ਉਹ ਕੋਈ ਮਦਦ ਨਹੀਂ ਕਰਨਗੇ। ਦੱਸੋ ਪੰਜਾਬ ਦੇਸ਼ ਦਾ ਹਿੱਸਾ ਨਹੀਂ? ਦੇਸ਼ ਲਈ ਕੀਤੀਆਂ ਕੁਰਬਾਨੀਆਂ ਤੇ ਅੰਨ ਭੰਡਾਰਾਂ ਨੂੰ ਭਰਨ ਵਾਲੇ ਪੰਜਾਬੀ ਅੰਨਦਾਤਾ ਨੂੰ ਕਿੰਜ ਖੁਦਕਸ਼ੀ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ। ਦੇਸ਼ ਦੇ ਆਗੂਆਂ ਦਾ ਇੱਕ ਨੁਕਾਤੀ ਪ੍ਰੋਗਰਾਮ ਹੈ ਕਿ ਇੱਕ ਦੂਜੇ ਨੂੰ ਠਿੱਬੀ ਲਾ ਕੇ ਸੱਤਾ ਕਿਵੇਂ ਹਾਸਲ ਕਰਨੀ ਹੈ? ਨੋਟਬੰਦੀ, ਜੀ. ਐਸ. ਟੀ. ਅਤੇ ਹੋਰ ਟੈਕਸਾਂ ਤੇ ਗਲਤ ਉਦਯੋਗਿਕ ਨੀਤੀਆਂ ਨੇ ਵਪਾਰ ਨੂੰ ਵੀ ਥੱਲੇ ਲਾ ਦਿੱਤਾ ਹੈ। ਪੰਜਾਬ ਵਿਚ ਨਵੇਂ ਉਦਯੋਗ ਤਾਂ ਕੀ ਲੱਗਣੇ ਸਨ, ਪੁਰਾਣੇ ਉਦਯੋਗਾਂ ਦੀ ਵੀ ਪਿਛਲੇ ਲਗਭਗ 30 ਸਾਲਾਂ ਤੋਂ ਹਿਜਰਤ ਜਾਰੀ ਹੈ। ਅੱਜ ਪੰਜਾਬ ਦੀ ਬਾਂਹ ਫੜ੍ਹਨ ਵਾਲਾ ਕੋਈ ਨਹੀਂ।

ਜੇ ਪਿਛਲਝਾਤੀ ਮਾਰੀਏ, ਗੁਰੂਆਂ-ਪੀਰਾਂ ਦੀ ਧਰਤੀ ਪੰਜਾਬ ਨੂੰ ਕਿਸੇ ਸਮੇ ਇੱਕ ਦੇਸ਼ ਦਾ ਦਰਜਾ ਪ੍ਰਾਪਤ ਸੀ, ਜਿਸ ਨੂੰ ਅੰਗਰੇਜਾਂ ਨੇ 1849 ਵਿਚ ਜ਼ਬਤ ਕਰ ਲਿਆ। ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਅੰਗਰੇਜ਼ ਗਵਰਨਰ ਹਾਰਡਿੰਗ ਤੇ ਲਾਰਡ ਦਾ ਦਫਤਰ ਕਲਕੱਤੇ ਵਿਚ ਸੀ, ਪੰਜਾਬ ਵਿਚ ਨਹੀਂ। ਕਵੀ ਸ਼ਾਹ ਮੁਹੰਮਦ 'ਜੰਗਨਾਮੇ' ਵਿਚ ਲਿਖਦਾ ਹੈ, "ਜੰਗ ਹਿੰਦ ਪੰਜਾਬ ਦਾ ਹੋਣ ਲੱਗਾ ਦੋਵੇਂ ਪਾਤਸ਼ਾਹੀ ਫੌਜਾਂ ਭਾਰੀਆਂ ਨੇ, ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ।"

ਸ਼ਾਹ ਮੁਹੰਮਦ ਨੇ ਇਹ ਜੰਗਨਾਮਾ ਸੰਨ 1900 ਤੋਂ ਪਹਿਲਾਂ ਲਿਖਿਆ, ਜਿਸ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦਾ ਜ਼ਿਕਰ ਹੈ। ਮਹਾਰਾਜਾ ਰਣਜੀਤ ਸਿੰਘ 19 ਸਾਲ ਦੀ ਉਮਰ ਵਿਚ ਸੰਨ 1799 ਵਿਚ ਲਾਹੌਰ ਦੀ ਗੱਦੀ ਉਤੇ ਬੈਠਦੇ ਹਨ। ਉਸ ਵੇਲੇ ਦਾ ਪੰਜਾਬ ਬਹੁਤ ਵੱਡਾ ਸੀ। ਲਹਿੰਦਾ ਪੰਜਾਬ (ਸਾਰਾ ਪਾਕਿਸਤਾਨ), ਕਾਬਲ ਕੰਧਾਰ, ਪਖਤੂਨ, ਬਗਦਾਦ, ਮੁਲਤਾਨ, ਦੱਰਾ ਖੈਬਰ, ਜੰਮੂ ਕਸ਼ਮੀਰ, ਰਾਜਸਥਾਨ, ਹਿਮਾਚਲ, ਹਰਿਆਣਾ, ਦਿੱਲੀ, ਚੜ੍ਹਦਾ ਪੰਜਾਬ ਸਿੱਖ ਰਾਜ ਦੇ ਅਹਿਮ ਹਿੱਸੇ ਸਨ। ਮੋਹੰਜੋਦੜਾ, ਹੜੱਪਾ, ਸਿੰਧ ਘਾਟੀ ਦੀ ਸਭਿਅਤਾ ਪੰਜਾਬ ਦਾ ਕੀਮਤੀ ਸਰਮਾਇਆ ਸੀ। ਚੀਨ ਦੇ ਅਹਿਲਕਾਰ ਆਖਦੇ ਸਨ ਕਿ ਸਾਡੀ ਭਾਰਤ ਨਾਲ ਕੋਈ ਸੰਧੀ ਨਹੀਂ, ਸਾਡੀ ਤਾਂ ਸਿੱਖ ਰਾਜੇ ਮਹਾਰਾਜਾ ਰਣਜੀਤ ਸਿੰਘ ਨਾਲ ਸੀ। ਭਾਰਤ ਦੀਆਂ ਕਈ ਦੇਸ਼ਾਂ ਨਾਲ ਵਪਾਰਕ ਸੰਧੀਆਂ ਅੱਜ ਵੀ ਸਿੱਖ ਰਾਜ ਦੇ ਨਾਂ 'ਤੇ ਚਲ ਰਹੀਆਂ ਹਨ।

ਐਡੇ ਵੱਡੇ ਅਮੀਰ ਵਿਰਸੇ ਦੇ ਮਾਲਕ ਸਾਡਾ ਪੰਜਾਬ ਕਿਥੋਂ ਚਲਿਆ ਸੀ ਤੇ ਕਿਥੇ ਪਹੁੰਚ ਗਿਆ। ਇਸ ਦੀ ਅੱਜ ਦੀ ਦੁਰਦਸ਼ਾ ਲਈ ਕੇਂਦਰ ਦੀਆਂ ਮਤਰੇਈ ਮਾਂ ਵਾਲੀਆਂ ਚਾਲਾਂ, ਇਸ ਦੇ ਜਾਇਆਂ ਦਾ ਗੈਰਾਂ ਦੇ ਹੱਥਾਂ ਵਿਚ ਖੇਡਣਾ ਤੇ ਪੰਜਾਬ ਦੇ ਵਕੀਲਾਂ ਦੀ ਲਗਦੀ ਬੋਲੀ ਦੇ ਨਾਲ ਨਾਲ ਅਸੀਂ ਖੁਦ ਵੀ ਜਿੰਮੇਵਾਰ ਹਾਂ। ਭਾਵੇਂ ਧੁਰ ਦੱਖਣ-ਪੱਛਮ ਵਲੋਂ ਆਉਂਦੇ ਧਾੜਵੀਆਂ ਦਾ ਇਸ ਨੂੰ ਹਮੇਸ਼ਾ ਸਾਹਮਣਾ ਕਰਨਾ ਪਿਆ। "ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ" ਕਾਰਨ ਇਹ ਜਰਵਾਣਿਆਂ ਦੀ ਕੌਮ ਕਹਾਈ। ਇਹ ਬਹੁਤ ਪੁਰਾਣੀਆਂ ਗੱਲਾਂ ਨਹੀਂ। ਸਪਤ ਸਿੰਧੂ ਤੇ ਪੰਜ ਦਰਿਆਵਾਂ ਦੀ ਧਰਤੀ ਕਹਾਉਂਦੇ ਸਾਂਝੇ ਪੰਜਾਬ ਦੀ ਹੱਦਬੰਦੀ ਚੜ੍ਹਦੇ (ਪੂਰਬ) ਵੱਲ ਯਮੁਨਾ ਤੇ ਲਹਿੰਦੇ (ਪੱਛਮ) ਵੱਲ ਸਿੰਧ ਦਰਿਆ ਦੀ ਸੀ ਤੇ ਵਿਚਾਲੇ 5 ਦਰਿਆ ਵਗਦੇ ਸਨ। ਅੱਜ ਇਹ ਢਾਈ ਦਰਿਆਵਾਂ ਤਕ ਹੀ ਸਿਮਟ ਕੇ ਰਹਿ ਗਿਆ ਹੈ। ਢਾਈ ਦਰਿਆ ਪਾਕਿਸਤਾਨ ਚਲੇ ਗਏ। ਸੰਨ 1947 ਤੇ 1966 ਵਿਚ ਪੰਜਾਬ ਦੀ ਦੋ ਵਾਰ ਵੰਡ ਹੋ ਗਈ। ਅੱਜ ਸਾਡਾ 'ਰੰਗਲਾ ਪੰਜਾਬ' ਸਿਆਸਤਦਾਨਾਂ ਦੀ ਭੁੱਖ ਕਾਰਨ 'ਕੰਗਲਾ ਪੰਜਾਬ' ਬਣ ਕੇ ਰਹਿ ਗਿਆ ਹੈ। ਸੋਚੀ ਸਮਝੀ ਸਾਜਿਸ਼ ਤਹਿਤ ਇਸ ਨੂੰ ਰਸਾਤਲ ਵੱਲ ਧੱਕਿਆ ਜਾ ਰਿਹਾ ਹੈ। ਇਸ ਚੱਕਰਵਿਊ ਨੂੰ ਸਮਝਣ ਦੀ ਲੋੜ ਹੈ।

ਅੱਜ ਪੰਜਾਬ ਜਿਸ ਕਗਾਰ 'ਤੇ ਖੜ੍ਹਾ ਹੈ, ਛੋਟਾ ਜਿਹਾ ਗਲਤ ਫੈਸਲਾ ਵੀ ਇਸ ਨੂੰ ਕਿਤੇ ਦਾ ਕਿਤੇ ਲਿਜਾ ਕੇ ਸੁੱਟ ਸਕਦਾ ਹੈ। ਸਾਲਾਂ ਬੱਧੀ ਸਿਆਸਤਦਾਨ ਪਾਣੀਆਂ, ਪੰਜਾਬੀ ਬੋਲਦੇ ਇਲਾਕੇ ਵਾਪਸ ਲਿਆਉਣ, ਨੀਲਾ ਤਾਰਾ ਆਪਰੇਸ਼ਨ, ਦਿੱਲੀ ਕਤਲੇਆਮ ਆਦਿ ਮੁੱਦਿਆਂ 'ਤੇ ਪੰਜਾਬੀਆਂ 'ਤੇ ਜਜ਼ਬਾਤੀ ਵੋਟ ਸਿਆਸਤ ਨਾਲ ਰਾਜ ਕਰਦੇ ਰਹੇ। ਫਿਰ ਪੰਜਾਬ ਦੇ ਪਾਣੀਆਂ ਦਾ ਇੱਕ ਅਖੌਤੀ ਰਾਖਾ ਹੱਥ ਵਿਚ ਗੁਟਕਾ ਸਾਹਿਬ ਲੈ ਕੇ ਸਹੁੰ ਖਾ ਕੇ ਪੰਜਾਬ ਦੇ ਕਿਸਾਨਾਂ ਦਾ ਹਰ ਤਰ੍ਹਾਂ ਦਾ ਕਰਜਾ ਮੁਆਫ, ਘਰ ਘਰ ਨੌਕਰੀ, ਚਾਰ ਦਿਨ ਵਿਚ ਨਸ਼ਾ ਖਤਮ ਸਮੇਤ ਬਹੁਤ ਸਾਰੇ ਲੁਭਾਉਣੇ ਵਾਅਦਿਆਂ ਨਾਲ ਸੂਬੇ ਦੀ ਜਨਤਾ ਦੀ ਤ੍ਰਾਸਦੀ ਨੂੰ ਆਪਣੀ ਸਰਕਾਰ ਬਣਾਉਣ ਲਈ ਪੱਤਾ ਖੇਡ ਗਿਆ। ਜਨਤਾ ਨੇ ਧੜਾ ਧੜ ਵੋਟਾਂ ਪਾ ਕੇ ਉਸ ਨੂੰ ਆਪਣੀ ਹੋਣੀ ਦਾ ਸ਼ਾਹ ਸਵਾਰ ਬਣਾ ਦਿੱਤਾ। ਪਰ ਹੋਇਆ ਕੀ? ਵਾਅਦਿਆਂ ਨੂੰ ਭੁਲਾ ਕੇ ਉਹ ਗੈਰਾਂ ਨਾਲ ਪਹਾੜਾਂ ਦੀਆਂ ਵਾਦੀਆਂ ਵਿਚ ਸੂਬੇ ਦੀ ਜਨਤਾ ਨੂੰ ਅੰਗੂਠਾ ਦਿਖਾਉਂਦਾ ਰਿਹਾ ਤੇ ਇਧਰ ਕਿਸਾਨ ਨੇ ਨਿਰਾਸ਼ਾ ਵਿਚ ਫਾਂਸੀ ਦੇ ਫੰਦਿਆਂ ਨੂੰ ਹੀ ਆਪਣਾ ਮੁਕਤੀ ਦਾਤਾ ਬਣਾ ਲਿਆ। ਨਸ਼ੇ ਵਧ ਗਏ। ਸਿਆਸੀ ਤੇ ਪੁਲਿਸ ਅਧਿਕਾਰੀਆਂ ਨੇ ਲੋਕਾਂ ਦੇ ਜੁਆਨ ਧੀਆਂ ਪੁੱਤਾਂ ਨੂੰ ਰੁਜ਼ਗਾਰ ਦੀ ਥਾਂ ਚਿੱਟੇ 'ਤੇ ਲਾ ਲਿਆ। ਨਸ਼ਿਆਂ ਦੀ ਓਵਰ ਡੋਜ਼ ਨਾਲ ਜੁਆਨ ਬੱਚੇ ਦੁਨੀਆਂ ਤੋਂ ਰੁਖਸਤ ਹੋਣ ਲੱਗੇ। ਸਾਰੇ ਹਾਹਾਕਾਰ ਮੱਚ ਗਈ। ਫਿਰ ਕਿਤੇ ਸਰਕਾਰ ਦੀ ਅੱਖ ਖੁਲ੍ਹੀ ਪਰ ਨਸ਼ੇ ਖਿਲਾਫ ਉਠੀ ਲਹਿਰ ਨੂੰ ਸਰਕਾਰੀ ਹੱਥਕੰਡਿਆਂ ਨਾਲ ਦਬਾਉਣ ਦਾ ਹੀਲਾ ਵਸੀਲਾ ਕੀਤਾ ਗਿਆ।




ਤੀਜੀ ਧਿਰ ਨੇ ਵੀ ਜਨਤਾ ਨੂੰ 'ਸਵਰਾਜ ਦੇ ਸੁਪਨੇ' ਦਿਖਾ ਕੇ ਪੰਜਾਬ ਨੂੰ ਬਲੀ ਦਾ ਬੱਕਰਾ ਬਣਾਉਣ ਦੀ ਕੋਸ਼ਿਸ ਕੀਤੀ। ਪੰਜਾਬ ਵਾਸੀ ਤੇ ਇਸ ਦੇ ਐਨ. ਆਰ. ਆਈ. ਪੁੱਤਰਾਂ ਨੂੰ ਲਗਦਾ ਸੀ ਕਿ ਸ਼ਾਇਦ ਪੰਜਾਬ ਦੀ ਹੋਣੀ ਦਾ ਕੋਈ ਦਰਦੀ ਬਹੁੜ ਪਿਆ ਹੈ ਪਰ ਇਹ ਤੀਜੀ ਧਿਰ ਪਹਿਲੀਆਂ ਰਵਾਇਤੀ ਪਾਰਟੀਆਂ ਦੇ ਪਦ ਚਿੰਨਾਂ 'ਤੇ ਚਲਦਿਆਂ ਕੋਈ ਜਲਵਾ ਦਿਖਾਉਣ ਵਿਚ ਅਸਮਰਥ ਰਹੀ। ਫਿਰ ਜਦੋਂ ਇਸ ਲੁੱਟੇ ਪੁੱਟੇ ਖਿੱਤੇ 'ਤੇ ਹਕੂਮਤ ਕਰਨ ਦੀ ਰੀਝ ਪੂਰੀ ਨਾ ਹੋਈ ਤਾਂ ਸਵਰਾਜ ਦਾ ਬੋਰੀਆ ਬਿਸਤਰਾ ਲਪੇਟ ਕੇ ਚਲਦੀ ਬਣੀ। ਪੰਜਾਬ ਚੈਪਟਰ ਹੀ ਉਸ ਦੀ ਡਿਕਸ਼ਨਰੀ ਵਿਚੋਂ ਅਲੋਪ ਹੋ ਗਿਆ। ਲੋਕ ਠੱਗੇ ਗਏ।

ਇਹ ਪਹਿਲਾ ਮੌਕਾ ਨਹੀਂ, ਜਦੋਂ ਪੰਜਾਬ ਨੇ ਇਹ ਫਰੇਬ ਭਰੇ ਹਾਲਾਤ ਦੇਖੇ ਹਨ। ਸਮੇਂ ਸਮੇਂ ਸਿਰ ਮਾਰਕਸਵਾਦੀ, ਲੋਕ ਭਲਾਈ, ਬਸਪਾ, ਬਸਮੋ, ਮਾਨ ਦਲ, ਪੀ. ਪੀ. ਪੀ., 'ਆਪ' ਆਦਿ ਨੇ ਲੋਕਾਂ ਨੂੰ ਸਬਜਬਾਗ ਦਿਖਾਏ। ਕਮਿਊਨਿਜ਼ਮ, ਪਰਜਾਤੰਤਰ ਲਹਿਰ, ਨਕਸਲਬਾੜੀ ਲਹਿਰ, ਵਿਦਿਆਰਥੀ ਲਹਿਰ, ਖਾੜਕੂ ਲਹਿਰ ਸਮੇਤ ਕਈ ਵੱਡੀਆਂ ਲੋਕ ਲਹਿਰਾਂ ਸਮੇਂ ਸਮੇਂ ਉਠਦੀਆਂ ਰਹੀਆਂ ਜਿਨ੍ਹਾਂ ਦਾ ਹਸ਼ਰ ਤਕਰੀਬਨ ਇੱਕੋ ਜਿਹਾ ਰਿਹਾ, ਸਿਵਾਏ ਪੰਜਾਬ ਦੀ ਜੁਆਨੀ ਨੂੰ ਕੁਰਾਹੇ ਪਾਉਣ ਅਤੇ ਉਨ੍ਹਾਂ ਨੂੰ ਸ਼ਹੀਦੀਆਂ ਦੇ ਨਾਂ 'ਤੇ ਵਰਗਲਾਉਣ ਦੇ। ਕੀ ਸਿੱਟਾ ਨਿਕਲਿਆ ਇਨ੍ਹਾਂ ਲਹਿਰਾਂ ਦਾ? ਇਨ੍ਹਾਂ ਸਮਿਆਂ ਵਿਚ ਪੰਜਾਬ ਨੂੰ ਜੋ ਸੰਤਾਪ ਭੋਗਣਾ ਪਿਆ ਹੈ, ਕਿਸੇ ਤੋਂ ਭੁੱਲਿਆ ਨਹੀਂ।

ਕੰਜਕਾਂ ਨੂੰ ਪੂਜਣ ਵਾਲੇ ਇਸ ਦੇਸ਼ ਵਿਚ ਨਿੱਕੀਆਂ ਬੱਚੀਆਂ ਨੂੰ ਹਵਸ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ। ਭ੍ਰਿਸ਼ਟਾਚਾਰ, ਕਤਲੋਗਾਰਦ, ਗੁੰਡਾਗਰਦੀ, ਲੁੱਟ ਖੋਹ, ਧੋਖਾ ਫਰੇਬ, ਨਸ਼ਿਆਂ ਦਾ ਬੋਲਬਾਲਾ ਹੈ। ਔਰਤਾਂ, ਬੱਚੇ ਤਾਂ ਕੀ ਆਦਮੀ ਵੀ ਰਾਤ ਨੂੰ ਬਾਹਰ ਜਾਣ ਤੋਂ ਕਤਰਾਉਂਦਾ ਹੈ। ਦਿਨ ਦਿਹਾੜੇ ਗੁੰਡਾਗਰਦੀ ਦਾ ਤਾਂਡਵ ਨਾਚ ਹੁੰਦਾ ਹੈ। ਆਮ ਆਦਮੀ ਦਾ ਜੀਣਾ ਦੁੱਭਰ ਹੋ ਗਿਆ ਹੈ।

ਪੰਜਾਬ ਨੂੰ ਗਰਦਿਸ਼ ਵਿਚੋਂ ਕੱਢਣ ਤੇ ਰਹਿਣਯੋਗ ਬਣਾਉਣ ਲਈ ਇਸ ਦੇ ਜਾਇਆਂ ਨੂੰ ਹੀ ਅੱਗੇ ਆਉਣਾ ਪਵੇਗਾ। ਆਓ, ਪੰਜਾਬ ਨੂੰ ਦੇਸ਼ ਦੇ ਨਕਸ਼ੇ ਤੋਂ ਮਿਟਾਉਣ ਦੇ ਮਨਸੂਬਿਆਂ ਦਾ ਮੂੰਹ ਤੋੜ ਜੁਆਬ ਦੇਈਏ। ਅਸੀਂ ਇੰਨੇ ਵੀ ਨਿਕੰਮੇ ਨਹੀਂ ਹੋਏ ਕਿ ਆਪਣਾ ਘਰ ਨਾ ਸੰਵਾਰ ਸਕੀਏ। ਉਠੋ, ਹੰਭਲਾ ਮਾਰੀਏ। ਪੰਜਾਬ ਨੂੰ ਮੁੜ ਪੈਰ-ਸਿਰ ਕਰਨ ਲਈ ਇਸ ਦੇ ਸਰਬਪੱਖੀ ਉਥਾਨ ਦਾ ਕੋਈ ਲਿਖਤੀ ਦਸਤਾਵੇਜ਼ ਬਣਾਇਆ ਜਾਵੇ ਜੋ ਲੋਕਾਂ ਦੀ ਕਚਹਿਰੀ ਅਤੇ ਸੂਬੇ ਦੀਆਂ ਅਦਾਲਤਾਂ ਵਿਚ ਚੈਲੰਜ ਕੀਤਾ ਜਾ ਸਕੇ ਤੇ ਉਸ ਦੀ ਸਜਾ ਕਾਨੂੰਨ ਦੇ ਨਾਲ ਸਮਾਜਕ ਜਵਾਬਦੇਹੀ ਦੀ ਵੀ ਹੋਵੇ। ਚੁਣੇ ਪੰਚ ਸਰਪੰਚ, ਕੌਂਸਲਰ, ਵਿਧਾਨਕਾਰ, ਸੰਸਦ ਮੈਂਬਰ ਨੂੰ ਵਾਪਸ ਬੁਲਾਉਣ ਦਾ ਹੱਕ ਹੋਵੇ। ਬੁਨਿਆਦੀ ਲੋੜਾਂ-ਮੁਫਤ ਸਿਹਤ ਸਹੂਲਤਾਂ, ਸਿੱਖਿਆ, ਕੁਦਰਤੀ ਤੇ ਸਿਹਤਮੰਦ ਖੁਰਾਕ ਦਾ ਹੱਕ ਹਾਸਲ ਹੋਵੇ, ਅਮਨ ਕਾਨੂੰਨ ਜਾਨਮਾਲ ਦੀ ਰਾਖੀ, ਮਹਿੰਗੀਆਂ ਦੁਆਈਆਂ ਖਾਦਾਂ ਮਸ਼ੀਨਰੀ ਨਾਲ ਕੀਤੀ ਜਾ ਰਹੀ ਖੇਤੀ ਦਾ ਕੋਈ ਕੁਦਰਤੀ ਸਸਤਾ ਢੰਗ ਤਰੀਕਾ ਅਪਨਾਇਆ ਜਾਵੇ। ਕਿਸਾਨ ਦੇ ਗੁਜਾਰੇ ਲਾਇਕ ਫਸਲ ਦੀ ਪੈਦਾਵਾਰ ਨਾ ਹੋਣ 'ਤੇ, ਕੁਦਰਤੀ ਆਫਤਾਂ ਜਾਂ ਕਿਸੇ ਹੋਰ ਤਰੀਕੇ ਨਾਲ ਫਸਲਾਂ ਦੇ ਖਰਾਬੇ 'ਤੇ ਸਰਕਾਰ ਇਸ ਦੀ ਭਰਪਾਈ ਕਰੇ। ਖੇਤੀ ਆਧਾਰਤ ਉਦਯੋਗਾਂ ਨੂੰ ਉਤਸ਼ਾਹਿਤ ਕੀਤਾ ਜਾਵੇ। ਭ੍ਰਿਸ਼ਟਾਚਾਰ ਤੇ ਨਸ਼ਿਆਂ ਦੀ ਵਬਾ ਨੂੰ ਨੱਥ ਪਾਈ ਜਾਵੇ ਅਤੇ ਕੁਦਰਤੀ ਨਸ਼ਿਆਂ ਦੀ ਖੇਤੀ ਨੂੰ ਲਾਇਸੰਸਸ਼ੁਦਾ ਕਰਕੇ ਇਸ ਦੇ ਮੰਡੀਕਰਨ ਦਾ ਵਿਸ਼ੇਸ਼ ਪ੍ਰਬੰਧ ਕੀਤਾ ਜਾਵੇ।

ਕੁਦਰਤੀ ਖੇਤੀ ਦੱਖਣੀ ਸੂਬਿਆਂ ਵਿਚ ਜੋਰ ਸ਼ੋਰ ਨਾਲ ਕੀਤੀ ਜਾ ਰਹੀ ਹੈ। ਦੱਖਣੀ ਭਾਰਤ ਨੇ ਤਾਂ 'ਮਗਨਰੇਗਾ' ਨੂੰ ਹੀ ਅਪਨਾ ਕੇ ਆਪਣੇ ਸੂਬਿਆਂ ਨੂੰ ਵਿਕਾਸ ਦੇ ਰਾਹ ਤੋਰ ਲਿਆ ਹੈ। ਗ੍ਰਾਮ ਸਭਾਵਾਂ ਰਾਹੀਂ ਜਿਥੇ ਲੋਕਤੰਤਰ ਦੀ ਪਹਿਲੀ ਪੌੜੀ ਇਜਾਦ ਕੀਤੀ ਹੈ, ਉਥੇ ਪਿੰਡਾਂ ਵਿਚੋਂ ਧੜੇਬੰਦੀ ਵੀ ਖਤਮ ਕਰ ਲਈ ਹੈ। ਲੋਕ ਆਪਣੇ ਪੱਧਰ 'ਤੇ ਬਾਰਸ਼ਾਂ ਦਾ ਪਾਣੀ ਇਕੱਠਾ ਕਰਕੇ ਪੀਣ ਤੇ ਖੇਤੀ ਲਈ ਵਰਤ ਰਹੇ ਹਨ।

ਪਰਵਾਸੀ ਵੀਰਾਂ ਦੀ ਪੰਜਾਬ ਲਈ ਚਿੰਤਾ ਜਾਇਜ਼ ਹੈ। ਉਹ ਆਪਣੀ ਜੰਮਣ ਭੋਂਇ ਤੋਂ ਦੂਰ ਹੋ ਕੇ ਜਜ਼ਬਾਤੀ ਤੌਰ 'ਤੇ ਵੱਧ ਜੁੜੇ ਹੋਏ ਹਨ। ਉਨ੍ਹਾਂ ਲਈ ਵਿਦੇਸ਼ੀ ਧਰਤੀ ਦੀ ਜ਼ਿੰਦਗੀ ਫੁੱਲਾਂ ਦੀ ਸੇਜ ਨਹੀਂ। ਉਹ ਵੀ ਆਪਣੀ ਪੱਧਰ 'ਤੇ ਪੰਜਾਬ ਹਿਤੈਸ਼ੀ ਮਾਡਲ ਦੇਣ ਤੇ ਜਿਸ ਦੀ ਮਦਦ ਕਰਨੀ ਹੈ, ਉਸ ਨੂੰ ਹਰ ਪੱਖ ਤੋਂ ਪਰਖ ਕੇ ਮਦਦ ਕਰੋ ਤਾਂ ਕਿ ਵਾਰ ਵਾਰ ਠੱਗੇ ਜਾਣ ਦੀ ਪ੍ਰਕ੍ਰਿਆ ਬੰਦ ਹੋਵੇ। ਪਿੰਡਾਂ ਸ਼ਹਿਰਾਂ ਤੋਂ ਲੈ ਕੇ ਬਾਕਾਇਦਾ ਇੱਕ ਸਰਬਪ੍ਰਵਾਨਤ ਜਥੇਬੰਦਕ ਢਾਂਚਾ ਖੜ੍ਹਾ ਕੀਤਾ ਜਾਵੇ। ਪੰਜਾਬ ਵਿਚ ਹਾਲੇ ਚੋਣਾਂ ਨੂੰ 4 ਸਾਲ ਬਾਕੀ ਹਨ, ਉਦੋਂ ਤਕ ਜ਼ਮੀਨੀ ਪੱਧਰ 'ਤੇ ਬਹੁਤ ਕੰਮ ਹੋ ਸਕਦਾ ਹੈ। ਪੰਜਾਬ ਵਾਸੀਆਂ ਦੇ ਨਾਲ ਨਾਲ ਉਹ ਵੀ ਆਪਣੀ ਖੂਨ ਪਸੀਨੇ ਦੀ ਕਮਾਈ ਪਾਣੀ ਵਾਂਗੂੰ ਹੜਾ ਦਿੰਦੇ ਹਨ ਪਰ ਸਾਰਾ ਕੁਝ ਰਾਹਤ ਦੇਣ ਦੀ ਥਾਂ ਸੰਤਾਪ ਬਣ ਜਾਂਦਾ ਹੈ। ਜੇ ਆਪਾਂ ਹੋਸ਼ ਤੋਂ ਕੰਮ ਨਾ ਲਿਆ ਤਾਂ ਭੇਸ ਬਦਲ ਬਦਲ ਕੇ ਆ ਰਹੇ ਸੱਤਾ ਦੇ ਲੋਭੀਆਂ ਨੇ ਪੰਜਾਬ ਨੂੰ ਨਕਸ਼ੇ ਤੋਂ ਹੀ ਮਿਟਾ ਦੇਣਾ ਹੈ। ਧੜੇਬੰਦੀਆਂ ਛੱਡ ਕੇ ਪੰਜਾਬ ਹਿਤੈਸ਼ੀਆਂ ਦਾ ਇੱਕ ਗਰੁਪ ਬਣਾਇਆ ਜਾਵੇ। ਉਨ੍ਹਾਂ ਨੂੰ ਕੁਰਸੀ ਮੋਹ ਤੋਂ ਮੁਕਤ ਕਰਕੇ ਪੰਜਾਬ ਦੇ ਵਿਕਾਸਮੁਖੀ ਮਾਡਲ ਦੇ ਪ੍ਰਾਜੈਕਟ ਨਾਲ ਪੰਜਾਬ ਨੂੰ ਆਧੁਨਿਕ ਤਰਜ ਦਾ ਸੂਬਾ ਬਣਾਉਣ ਦੇ ਤਰਜੀਹੀ ਕਾਰਜ ਸੌਂਪੇ ਜਾਣ। ਜਿਹੜੇ ਕੁਰਸੀ ਮੋਹ ਨੂੰ ਮੁਖ ਰੱਖ ਕੇ ਪੰਜਾਬ ਵਿਚ ਆਉਣਗੇ, ਉਹ ਪੰਜਾਬ ਲਈ ਕੁਝ ਨਹੀਂ ਕਰਨਗੇ।

ਸੱਤਾ ਦੇ ਲੋਭੀਆਂ ਦੇ ਲਾਰਿਆਂ, ਝੂਠੇ ਵਾਅਦਿਆਂ, ਦਿਨ ਬਦਿਨ ਜਮਹੂਰੀ ਸੰਸਥਾਵਾਂ ਦੇ ਹੋ ਰਹੇ ਘਾਣ, ਸਭ ਕਦਰਾਂ-ਕੀਮਤਾਂ ਨੂੰ ਛਿੱਕੇ ਟੰਗ ਕੇ ਅਸੀਂ ਕਿਹੋ ਜਿਹਾ ਸਮਾਜ ਸਿਰਜ ਰਹੇ ਹਾਂ। ਜੇ ਪੰਜਾਬ ਦਾ ਕੁਝ ਕਰਨਾ ਹੈ ਤਾਂ ਪੰਜਾਬ ਹਿਤੈਸ਼ੀ ਹੋਣ ਦਾ ਦਾਅਵਾ ਕਰਨ ਵਾਲੇ ਪੰਜਾਬੀਆਂ ਨੂੰ ਕੁਰਸੀ ਮੋਹ, ਚੌਧਰ, ਤੂੰ-ਤੂੰ ਮੈਂ-ਮੈਂ ਨੂੰ ਮੁਕੰਮਲ ਤਿਲਾਂਜਲੀ ਦੇ ਕੇ "ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥" ਦੇ ਸਿਧਾਂਤ ਨੂੰ ਅਮਲੀ ਰੂਪ ਵਿਚ ਅਪਨਾਉਣਾ ਪਵੇਗਾ।

# ਪੰਜਾਬ ਪੁਲਿਸ ਦੀ ਦਹਿਸ਼ਤ

**ਜਸਪਾਲ ਸਿੰਘ ਨਾਗਰਾ**
**ਵੈਨਕੂਵਰ, ਵਾਸ਼ਿੰਗਟਨ**
**ਫੋਨ: 360-448-1989**

ਪਟਿਆਲਾ ਵਿਚ ਪੰਜਾਬ ਪੁਲਿਸ ਦੇ ਨੌਜੁਆਨਾਂ 'ਤੇ ਅੰਨੇ ਤਸ਼ੱਦਦ ਨੇ 1987 ਦੀ ਇੱਕ ਦਿਲ ਕੰਬਾਊ ਘਟਨਾ ਯਾਦ ਕਰਵਾ ਦਿੱਤੀ। ਉਨ੍ਹੀਂ ਦਿਨੀਂ ਪੰਜਾਬ ਦੇ ਹਾਲਾਤ ਬਹੁਤ ਖਰਾਬ ਸਨ। ਅਤਿਵਾਦ ਦੇ ਨਾਂ 'ਤੇ ਪੰਜਾਬ ਦੇ ਨੌਜੁਆਨਾਂ ਨੂੰ ਝੂਠੇ ਮੁਕਾਬਲਿਆਂ ਵਿਚ ਮਾਰਿਆ ਜਾ ਰਿਹਾ ਸੀ। ਦਿਨ ਛੁਪਣ ਤੋਂ ਪਹਿਲਾਂ-ਪਹਿਲਾਂ ਘਰ ਪਹੁੰਚਣ ਵਿਚ ਹੀ ਭਲਾ ਸਮਝਿਆ ਜਾਂਦਾ ਸੀ। ਕਿਸੇ ਨੌਜੁਆਨ ਦੇ ਸਿਰ 'ਤੇ ਕੇਸਰੀ ਰੰਗ ਦਾ ਪਰਨਾ ਵੇਖ ਕੇ ਹੀ ਪੁਲਿਸ ਅਤਿਵਾਦੀ ਸਮਝ ਲੈਂਦੀ ਸੀ।

ਘਟਨਾ ਕੁਝ ਇੰਜ ਵਾਪਰੀ ਕਿ ਮੇਰਾ ਇੱਕ ਦੋਸਤ ਮੈਨੂੰ ਮਿਲਣ ਮੇਰੇ ਪਿੰਡ ਮਹਿੰਦਪੁਰ ਆਇਆ ਹੋਇਆ ਸੀ। ਉਸ ਨੇ ਕਿਸੇ ਕੰਮ ਸਬੰਧੀ ਥਾਣਾ ਬਲਾਚੌਰ ਵਿਚ ਤਾਇਨਾਤ ਇੱਕ ਐਸ. ਐਚ. ਓ., ਜੋ ਉਨ੍ਹਾਂ ਦੇ ਇਲਾਕੇ ਦਾ ਸੀ, ਨੂੰ ਮਿਲਣਾ ਸੀ। ਉਹ ਮੈਨੂੰ ਨਾਲ ਲੈ ਕੇ ਥਾਣੇ ਚਲਾ ਗਿਆ। ਜਦੋਂ ਅੰਦਰ ਗਏ ਤਾਂ ਇੱਕ ਨੌਜੁਆਨ 'ਤੇ ਪਟਿਆਂ ਦਾ ਮੀਂਹ ਵਰ੍ਹਾਇਆ ਜਾ ਰਿਹਾ ਸੀ। ਕੁੱਟ ਉਸ ਨੌਜੁਆਨ ਦੇ ਪੈ ਰਹੀ ਸੀ, ਦਿਲ ਮੇਰਾ ਕੰਬ ਰਿਹਾ ਸੀ। ਇੰਜ ਮਹਿਸੂਸ ਹੋਣ ਲੱਗਾ ਕਿ ਇਹ ਹੁਣ ਸਾਨੂੰ ਵੀ ਇੰਜ ਹੀ ਢਾਹ ਕੇ ਕੁੱਟਣਗੇ। ਪੁਲਿਸ ਮੁਲਾਜ਼ਮਾਂ ਦੀ ਗੱਲਬਾਤ ਤੋਂ ਸਪੱਸ਼ਟ ਜਾਪਦਾ ਸੀ ਕਿ ਉਹ ਪਟਿਆਲਾ ਸ਼ਹਿਰ ਦੇ ਨੇੜੇ ਵਾਪਰੀ ਕਿਸੇ ਵਾਰਦਾਤ ਸਬੰਧੀ ਉਸ ਨੌਜਵਾਨ ਤੋਂ ਉਸ ਵਾਰਦਾਤ ਵਿਚ ਸ਼ਾਮਿਲ ਹੋਣ ਦੀ ਗੱਲ ਉਸ ਦੇ ਮੂੰਹੋਂ ਕਢਾਉਣਾ ਚਾਹੁੰਦੀ ਸੀ। ਨੌਜਵਾਨ ਮੰਨਣ ਨੂੰ ਤਿਆਰ ਨਹੀਂ ਸੀ। ਜਿਉਂ ਹੀ ਉਹ ਕਹਿੰਦਾ ਕਿ ਮੈਂ ਉਸ ਵਾਰਦਾਤ ਵਿਚ ਨਹੀਂ ਸੀ ਤਾਂ ਪਿੱਠ 'ਤੇ ਪਟਾ ਪੈਂਦਾ ਤੇ ਉਹ ਦਰਦ ਨਾਲ ਕੁਰਲਾ ਉਠਦਾ। ਦਰਦ ਦੀ ਮਾਰ ਨਾ ਸਹਾਰਦਾ ਉਹ ਕਈ ਵਾਰ ਕਹਿ ਵੀ ਦਿੰਦਾ, ਹਾਂ ਮੈਂ ਵਾਰਦਾਤ ਵਿਚ ਸ਼ਾਮਿਲ ਸੀ। ਨੌਜਵਾਨ ਨੂੰ ਪੈਂਦੀ ਕੁੱਟ ਤੋਂ ਮੈਨੂੰ ਵੀ ਮਹਿਸੂਸ ਹੋਣ ਲੱਗਾ ਕਿ ਜੇ ਇਹ ਮੈਨੂੰ ਲੰਮਾ ਪਾ ਲੈਣ ਤਾਂ ਮੈਂ ਇਨ੍ਹਾਂ ਦਾ ਇੱਕ ਪਟਾ ਵੱਜਣ ਤੋਂ ਪਹਿਲਾਂ ਹੀ ਕਹਿ ਦੇਣਾ ਕਿ ਜਨਾਬ ਮੈਂ ਸਭ ਵਾਰਦਾਤਾਂ ਵਿਚ ਸ਼ਾਮਿਲ ਹਾਂ। ਪਤਾ ਨਹੀਂ, ਉਹ ਨੌਜੁਆਨ ਸੱਚਾ ਸੀ ਜਾਂ ਝੂਠਾ ਪਰ ਪੰਜਾਬ ਪੁਲਿਸ ਦਾ ਡੰਡਾ ਉਸ ਕੋਲੋਂ ਹਰ ਗੱਲ ਮੰਨਵਾ ਰਿਹਾ ਸੀ। ਮੈਂ ਆਪਣੇ ਦੋਸਤ ਨੂੰ ਫਟਾਫਟ ਥਾਣੇ ਤੋਂ ਬਾਹਰ ਜਾਣ ਲਈ ਕਹਿਣ ਲੱਗਾ। ਤਸ਼ੱਦਦ ਮੇਰੇ ਤੋਂ ਵੇਖ ਨਾ ਹੋਇਆ। ਉਸ ਘਟਨਾ ਪਿਛੋਂ ਮੈਂ ਅੱਜ ਵੀ ਕਿਸੇ ਪੁਲਿਸ ਵਾਲੇ ਕੋਲੋਂ ਲੰਘਣ ਵੇਲੇ ਘਬਰਾ ਜਾਂਦਾ ਹਾਂ। ਮੈਨੂੰ ਜੇ ਪੁਲਿਸ ਵਾਲੇ ਕਿਸੇ ਨਾਕੇ 'ਤੇ ਮੇਰੇ ਵਾਹਨ ਦੇ ਕਾਗਜ-ਪੱਤਰ ਚੈਕ ਕਰਨ ਲਈ ਰੁਕਣ ਦਾ ਇਸ਼ਾਰਾ ਕਰਨ ਤਾਂ ਸਾਰੇ ਕਾਗਜ਼ ਕੋਲ ਹੋਣ ਦੇ ਬਾਵਜੂਦ ਮੈਨੂੰ ਘਬਰਾਹਟ ਜਿਹੀ ਹੋ ਜਾਂਦੀ ਹੈ। ਜਮਾਨਾ ਬਦਲ ਗਿਆ ਹੈ ਪਰ ਪੰਜਾਬ ਪੁਲਿਸ ਨਹੀਂ ਬਦਲੀ। ਕਈ ਮੁਲਾਜ਼ਮ ਚੰਗੇ ਵੀ ਹਨ ਪਰ ਲੋਕਾਂ ਦੇ ਮਨਾਂ 'ਚ ਪੁਲਿਸ ਦਾ ਮਾੜਾ ਅਕਸ ਉਨ੍ਹਾਂ ਨੂੰ ਵੀ ਬਦਨਾਮ ਕਰ ਰਿਹਾ ਹੈ।

ਪੁਲਿਸ ਵਾਲੇ ਭਾਵੇਂ ਸਾਰੇ ਨਿਯਮਾਂ ਨੂੰ ਛਿੱਕੇ ਟੰਗ ਦੇਣ, ਉਨ੍ਹਾਂ 'ਤੇ ਕੋਈ ਵੀ ਕਾਰਵਾਈ ਨਹੀਂ ਹੁੰਦੀ ਪਰ ਜੇ ਕੋਈ ਹਮਾਤੜ੍ਹ ਮਾੜੀ-ਮੋਟੀ ਵੀ ਗਲਤੀ ਕਰ ਦੇਵੇ ਤਾਂ ਉਸ 'ਤੇ ਕਾਨੂੰਨ ਦੀਆਂ ਸਭ ਧਾਰਾਵਾਂ ਲਾ ਦਿੱਤੀਆਂ ਜਾਂਦੀਆਂ ਹਨ। ਭਾਰਤ ਵਿਚ ਕਾਨੂੰਨ ਲਾਗੂ ਕਰਨ ਵਾਲਾ ਇਹ ਸਮਝਦਾ ਹੈ ਕਿ ਸਾਰੇ ਕਾਨੂੰਨ ਦੂਜਿਆਂ 'ਤੇ ਲਾਗੂ ਕਰਨ ਲਈ ਹਨ, ਉਨ੍ਹਾਂ 'ਤੇ ਤਾਂ ਕੋਈ ਵੀ ਕਾਨੂੰਨ ਲਾਗੂ ਨਹੀਂ ਹੁੰਦਾ। ਪੰਜਾਬ ਪੁਲਿਸ ਦੀ ਵੀ ਇਹੋ ਹੀ ਪ੍ਰਵਿਰਤੀ ਹੈ। ਪਟਿਆਲੇ ਵਾਪਰੀ ਉਹ ਘਟਨਾ ਵੀ ਇਸੇ ਦਾ ਹੀ ਪ੍ਰਤੱਖ ਸਬੂਤ ਹੈ।

ਅਜਿਹੀ ਵਾਰਦਾਤ ਦਾ ਚਾਰ ਦਿਨ ਮੀਡੀਆ ਵਿਚ ਰੌਲਾ-ਰੱਪਾ ਰਹੇਗਾ। ਫਿਰ ਕੋਈ ਹੋਰ ਘਟਨਾ ਵਾਪਰ ਜਾਵੇਗੀ, ਇਹ ਆਪਣੇ-ਆਪ ਦਫਨ ਹੋ ਜਾਏਗੀ। ਸੁਧਾਰ ਦੀ ਆਸ ਰੱਖਣਾ ਮੂਰਖਤਾ ਹੀ ਹੋਵੇਗੀ। ਪੰਜਾਬ ਪੁਲਿਸ ਦਾ ਰਵੱਈਆ ਅੱਜ ਵੀ ਉਹੀ ਹੈ, ਜੋ ਤੀਹ ਸਾਲ ਪਹਿਲਾਂ ਸੀ। ਇਹ ਗੱਲ ਸਪੱਸ਼ਟ ਹੈ ਕਿ ਪੁਲਿਸ ਦਾ ਮਾੜਾ ਸਲੂਕ ਤੇ ਨਾਜਾਇਜ਼ ਕੁੱਟਮਾਰ ਹੀ ਨੌਜਵਾਨਾਂ ਨੂੰ ਹਥਿਆਰ ਚੁੱਕਣ ਲਈ ਮਜਬੂਰ ਕਰਦੀ ਹੈ, ਜਿਸ ਨੂੰ ਬਾਅਦ ਵਿਚ ਅਤਿਵਾਦ ਦਾ ਨਾਂ ਦੇ ਕੇ ਉਨ੍ਹਾਂ ਨੂੰ ਮਾਰ ਦਿੱਤਾ ਜਾਂਦਾ ਹੈ। ਪਟਿਆਲਾ ਵਾਰਦਾਤ ਦੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦੇ ਕੇ ਇੱਕ ਮਿਸਾਲ ਪੈਦਾ ਕੀਤੀ ਜਾਵੇ ਤਾਂ ਕਿ ਅੱਗੇ ਤੋਂ ਗਲਤ ਕੰਮ ਕਰਨ ਦਾ ਕਿਸੇ ਦਾ ਹੀਆ ਹੀ ਨਾ ਪਵੇ।

## ਗਦਰ ਦੀਆਂ ਗੱਲਾਂ


# ਰਾਜਨੀਤੀ ਦੀ ਸੱਥਾ, ਕਿਸਾਨ ਦੇ ਦੁਸ਼ਮਣ

*ਗਦਰ ਲਹਿਰ ਦਾ ਇਤਿਹਾਸ ਆਪਣੇ ਨਾਵਲਾਂ ਅੰਦਰ ਸਮੋ ਕੇ ਪਾਠਕਾਂ ਅੱਗੇ ਪੇਸ਼ ਕਰਨ ਵਾਲੇ ਉਘੇ ਲੇਖਕ ਕੇਸਰ ਸਿੰਘ ਨਾਵਲਿਸਟ ਨੇ ਗਦਰ ਲਹਿਰ ਦੀ ਵਾਰਤਕ ਲੱਭਣ ਅਤੇ ਸੰਭਾਲਣ ਦਾ ਔਖੇਰਾ ਕਾਰਜ ਵੀ ਨੇਪਰੇ ਚਾੜ੍ਹਿਆ ਸੀ। ਗਦਰ ਲਹਿਰ ਭਾਰਤ ਦੀ ਆਜ਼ਾਦੀ ਦੇ ਇਤਿਹਾਸ ਦਾ ਅਹਿਮ ਪੰਨਾ ਹੈ। ਗਦਰ ਲਹਿਰ ਸ਼ੁਰੂ ਹੋਣ ਤੋਂ ਪਹਿਲਾਂ ਕੈਨੇਡਾ ਵਿਚ ਕਿਸ ਤਰ੍ਹਾਂ ਦੀ ਸਰਗਰਮੀ ਅੰਗਰੇਜ਼ ਹਕੂਮਤ ਖਿਲਾਫ ਹੋ ਰਹੀ ਸੀ, ਉਸ ਦਾ ਜ਼ਿਕਰ 'ਪੰਜਾਬ ਟਾਈਮਜ਼' ਦੇ ਪਾਠਕਾਂ ਨੇ ਉਸ ਵਕਤ ਛਪਦੇ ਰਹੇ ਦੋ ਪਰਚਿਆਂ 'ਸੁਦੇਸ਼ ਸੇਵਕ' ਅਤੇ 'ਸੰਸਾਰ' ਵਿਚ ਛਪੀਆਂ ਲਿਖਤਾਂ ਰਾਹੀਂ ਪੜ੍ਹਿਆ ਹੈ। ਇਸ ਵਾਰ ਅਸੀਂ ਗਦਰ ਲਹਿਰ ਦੇ ਸਰਕਰਦਾ ਆਗੂ ਲਾਲਾ ਹਰਦਿਆਲ ਦੀ ਰਚਨਾ ਛਾਪ ਰਹੇ ਹਾਂ। ਇਸ ਲਿਖਤ ਵਿਚ ਉਨ੍ਹਾਂ ਭਾਰਤ ਦੇ ਕਿਸਾਨਾਂ ਦੀ ਦੁਰਦਸ਼ਾ ਦਾ ਜ਼ਿਕਰ ਕੀਤਾ ਹੈ। ਹੈਰਾਨੀ ਵਾਲੀ ਗੱਲ ਇਹ ਹੈ ਕਿ ਅੱਜ ਇਕ ਸਦੀ ਬਾਅਦ ਵੀ ਕਿਸਾਨਾਂ ਦਾ ਹਾਲ ਇਸ ਤੋਂ ਕੋਈ ਬਹੁਤਾ ਵੱਖਰਾ ਨਹੀਂ। ਆਉਂਦੇ ਅੰਕਾਂ ਵਿਚ ਅਸੀਂ ਗਦਰ ਨਾਲ ਜੁੜੀਆਂ ਅਜਿਹੀਆਂ ਹੋਰ ਅਹਿਮ ਲਿਖਤਾਂ ਪਾਠਕਾਂ ਨਾਲ ਸਾਂਝੀਆਂ ਕਰਾਂਗੇ। -ਸੰਪਾਦਕ*

ਵਿਚਾਰੇ ਕਿਸਾਨ ਦਾ ਹਾਲ ਕੁਝ ਨਾ ਪੁੱਛੋ, ਸਾਰੀ ਦੁਨੀਆਂ ਦਾ ਗਜ਼ਬ ਦਾ ਭਾਰ ਉਹਦੀ ਧੌਣ 'ਤੇ ਹੈ, ਉਹ ਸਾਰੇ ਦੇਸ਼ ਦਾ ਅੰਨਦਾਤਾ ਅਤੇ ਪਾਲਣਹਾਰ ਹੈ, ਉਸ ਦਾ ਆਪਣਾ ਪੇਟ ਕਦੇ ਨਹੀਂ ਭਰਦਾ। ਇਹ ਬੜੀ ਅਚੰਭੇ ਦੀ ਗੱਲ ਹੈ।

ਜ਼ਰਾ ਸੋਚੋ ਤਾਂ ਸਹੀ ਕਿ ਕਿਸਾਨ ਜ਼ਮੀਨ ਵਾਹੁੰਦਾ ਹੈ, ਬੀਜ ਬੀਜਦਾ ਹੈ, ਗਰਮੀ ਹੋਵੇ-ਸਰਦੀ ਹੋਵੇ, ਖੇਤ ਵਿਚ ਕੰਮ ਕਰਦਾ ਹੈ ਅਤੇ ਫਸਲ ਵੱਢਦਾ ਹੈ, ਪਰ ਗਰੀਬ ਹੀ ਰਹਿੰਦਾ ਹੈ। ਕਿਸਾਨ ਨੂੰ ਅਸੀਂ ਹਮੇਸ਼ਾ ਪਾਟੇ ਕੱਪੜੇ ਪਾਏ ਹੀ ਵੇਖਦੇ ਹਾਂ। ਅਨਾਜ ਪੈਦਾ ਕਰਨ ਵਾਲੇ ਨੂੰ ਦਾਣਾ ਨਹੀਂ ਮਿਲਦਾ, ਇਹ ਭੀ ਅਜੀਬ ਗੱਲ ਹੈ।

ਕਿਸਾਨ ਸਾਰੇ ਦੇਸ਼ ਦਾ ਧਨ ਪੈਦਾ ਕਰਦਾ ਹੈ। ਧਨ ਸਿਰਫ ਸੋਨੇ-ਚਾਂਦੀ ਦਾ ਨਾਂ ਨਹੀਂ ਹੈ, ਧਨ ਦੇਸ਼ ਦੀ ਪੈਦਾਵਾਰ ਨੂੰ ਆਖਦੇ ਹਨ। ਕਣਕ, ਛੋਲੇ, ਜੌਂ, ਰੂਈ, ਕਮਾਦ, ਦਾਲਾਂ, ਚਾਹ, ਫਲ, ਲੱਕੜੀ-ਇਨ੍ਹਾਂ ਸਭ ਚੀਜ਼ਾਂ ਦਾ ਨਾਂ ਧਨ ਹੈ। ਕਿਸਾਨ ਦੇ ਹੱਥਾਂ ਵਿਚ ਸਾਰਾ ਦਿਨ ਧਨ ਇਸ ਤਰ੍ਹਾਂ



ਲਾਲਾ ਹਰਦਿਆਲ

ਨਿਕਲਦਾ ਹੈ ਜਿਸ ਤਰ੍ਹਾਂ ਪਹਾੜ ਵਿਚੋਂ ਨਦੀਆਂ, ਪਰ ਕਿਸਾਨ ਕੋਲ ਧਨ ਨਹੀਂ ਰਹਿੰਦਾ। ਇਹ ਬੜੀ ਅਚੰਭੇ ਦੀ ਵੀ ਗੱਲ ਹੈ। ਕਿਸਾਨ ਨੂੰ ਦੇਖ ਕੇ ਇਹ ਕਹਾਵਤ ਯਾਦ ਆਉਂਦੀ ਹੈ, ਦੱਸੋ ਦੁਨੀਆਂ ਵਿਚ ਵੱਡਾ ਮੂਰਖ ਕੌਣ ਹੈ? ਉਤਰ, ਕਿਸਾਨ। ਵਜ੍ਹਾ ਇਹ ਹੈ ਕਿ ਸਾਰਾ ਅਨਾਜ ਪੈਦਾ ਕਰਕੇ ਭੀ ਆਪ ਭੁੱਖਾ ਮਰਦਾ ਹੈ। ਇਹ ਭੀ ਅਚੰਭੇ ਦੀ ਗੱਲ ਹੈ।

ਜਦੋਂ ਕਾਲ ਪੈਂਦਾ ਹੈ ਤਾਂ ਕੌਣ ਦੁੱਖ ਸਹਿੰਦੇ ਹਨ? ਕੀ ਸ਼ਹਿਰ ਦੇ ਸੇਠ ਸ਼ਾਹੂਕਾਰ ਭੁੱਖੇ ਮਰਦੇ ਹਨ? ਕੀ ਰਾਜੇ ਮਹਾਰਾਜੇ ਸੁੱਕੀ ਰੋਟੀ ਖਾਂਦੇ ਹਨ? ਕੀ ਤਹਿਸੀਲਦਾਰ, ਜਿਮੀਂਦਾਰ, ਜਾਗੀਰਦਾਰ ਭੀਖ ਮੰਗਦੇ ਹਨ? ਨਹੀਂ ਨਹੀਂ! ਇਨ੍ਹਾਂ ਲੋਕਾਂ ਨੂੰ ਤਾਂ ਪਤਾ ਭੀ ਨਹੀਂ ਹੁੰਦਾ ਕਿ ਕਾਲ ਕਿਸ ਸ਼ੈਅ ਦਾ ਨਾਂ ਹੈ। ਕਾਲ ਵਿਚ ਤਾਂ ਪਿੰਡਾਂ ਦੇ ਲੋਕ ਮਰਦੇ ਹਨ, ਛੋਲੇ ਚੱਬਦੇ ਹਨ, ਗਾਜਰ, ਮੂਲੀ, ਪੱਤੇ, ਘਾਹ ਦੀ ਭਾਜੀ ਨਾਲ ਗੁਜ਼ਾਰਾ ਕਰਦੇ ਹਨ। ਸ਼ਹਿਰਾਂ ਵਿਚ ਫਕੀਰ ਬਣ ਕੇ ਧੱਕੇ ਖਾਂਦੇ ਹਨ। ਸਰਕਾਰੀ ਕੰਮ 'ਤੇ ਲੱਗ ਕੇ ਚਾਰ ਪੈਸੇ ਕਮਾਉਂਦੇ ਹਨ। ਪਰ ਰਾਜਿਆਂ ਦੇ ਮਹੱਲਾਂ ਵਿਚ ਗੋਸ਼ਤ, ਸ਼ਰਾਬ, ਦੁੱਧ, ਅੰਡੇ, ਮੇਵਾ, ਮਿਸ਼ਰੀ ਦਾ ਦੇਗਚਾ ਹੱਦ ਤਕ ਚਲਦਾ ਰਹਿੰਦਾ ਹੈ। ਡਿਪਟੀ ਕਮਿਸ਼ਨਰ ਦੇ ਬੰਗਲੇ ਵਿਚ ਬ੍ਰਾਂਡੀ, ਸੋਡਾ, ਬਿਸਕੁਟ, ਅੰਗੂਰ, ਅਨਾਰ ਦੀ ਹੱਦ ਹੋਈ ਹੈ। ਤਹਿਸੀਲਦਾਰ ਸਾਹਿਬ ਦੇ ਪੁੱਤਰ ਭੀ ਸਵੇਰੇ ਜਲੇਬੀ ਲੱਡੂ ਤੋਂ ਬਿਨਾ ਗੱਲ ਨਹੀਂ ਕਰਦੇ।

ਸੋ ਗੱਲਾਂ ਵਿਚ ਇਕ ਗੱਲ ਇਹ ਹੈ ਕਿ ਕਾਲ ਪੈਂਦਾ ਹੈ ਤਾਂ ਕਿਸਾਨਾਂ ਦੇ ਪੇਟ ਵਾਸਤੇ, ਕਿਸਾਨ ਦੇ ਕੋਲ ਧਨ ਅਤੇ ਦਾਣਾ ਕਿਤੇ ਨਹੀਂ ਰਹਿੰਦਾ। ਇਸ ਸਵਾਲ ਦਾ ਜਵਾਬ ਇਹ ਹੈ ਕਿ ਇਸ ਵਿਚਾਰੇ ਨੂੰ ਲੁੱਟ ਲੈਂਦੇ ਹਨ। ਕੌਣ ਲੁੱਟ ਲੈਂਦੇ ਹਨ? ਉਹਦੇ ਦੁਸ਼ਮਣ। ਉਹ ਕੌਣ ਹਨ? ਉਹ ਬਹੁਤ ਹਨ, ਉਨ੍ਹਾਂ ਦੇ ਵੱਖਰੇ ਵੱਖਰੇ ਨਾਂ ਹਨ, ਜੋ ਵੰਨ-ਸੁਵੰਨੀਆਂ ਚਾਲਾਂ ਚਲਦੇ ਹਨ, ਪਰ ਇਨ੍ਹਾਂ ਸਭ ਦਾ ਕੰਮ ਇਹੋ ਹੈ ਕਿ ਕਿਸਾਨ ਨੂੰ ਲੁੱਟਣਾ, ਜਿਸ ਤਰ੍ਹਾਂ ਲਮਢੀਂਗ ਇੱਲਾਂ ਆਦਿ ਉਡਣ ਵਾਲੇ ਸਰਕਾਰੀ ਜਾਨਵਰ ਹਨ ਅਤੇ ਸ਼ੇਰ, ਚੀਤਾ, ਬਘਿਆੜ ਆਦਿਕ ਜੰਗਲਾਂ ਦੇ ਰਹਿਣ ਵਾਲੇ ਸਰਕਾਰੀ ਜਾਨਵਰ ਹਨ। ਇਸੇ ਤਰ੍ਹਾਂ ਕਿਸਾਨ ਦੇ ਦੁਸ਼ਮਣ ਭੀ ਅਣਗਿਣਤ ਹਨ।

ਦੁਨੀਆਂ ਨੂੰ ਜੇ ਅੱਖਾਂ ਖੋਲ੍ਹ ਕੇ ਦੇਖੋ ਤਾਂ ਅਜੀਬ ਤਮਾਸ਼ਾ ਨਜ਼ਰ ਆਵੇਗਾ। ਭਾਂਤ-ਭਾਂਤ ਦੇ ਜੀਵ ਜੰਤੂ ਚੱਲਦੇ ਫਿਰਦੇ ਨਜ਼ਰ ਆਉਂਦੇ ਹਨ, ਪਰ ਕੋਈ ਇਹ ਨਹੀਂ ਪੁੱਛਦਾ ਕਿ ਭਾਈ ਤੇਰਾ ਕੀ ਕੰਮ ਹੈ, ਤੂੰ ਕਿਸ ਦੁੱਖ ਦਾ ਮਾਰੂ ਹੈ? ਸਾਰੇ ਲੋਕ ਜਿਸ ਤਰ੍ਹਾਂ ਮੁਢੋਂ ਚਲੀ ਆਈ, ਉਸ ਨੂੰ ਮੰਨ ਲੈਂਦੇ ਹਨ ਤੇ ਦੁੱਖ ਤੇ ਗਮੀ ਵਿਚ ਡੁੱਬੇ ਰਹਿੰਦੇ ਹਨ। ਕਿਸਾਨ ਦਾ ਪਹਿਲਾ ਦੁਸ਼ਮਣ ਰਾਜਾ ਹੈ, ਯਾਨਿ ਰਾਜਾ, ਰਾਣਾ, ਮਹਾਰਾਜਾ, ਮਹਾਰਾਣਾ, ਮਹਾਰਾਜ, ਅਧਿਰਾਜ, ਨਵਾਬ, ਬਾਦਸ਼ਾਹ, ਸ਼ਹਿਨਸ਼ਾਹ, ਲਫਟੈਣ, ਗਵਰਨਰ, ਗਵਰਨਰ ਲਾਟ, ਕੰਸਰ ਆਜ਼ਮ ਸਾਥੀ ਹੀ ਤਮਾਮ ਬੱਚੇ ਅਤੇ ਰਿਸ਼ਤੇਦਾਰਾਂ ਦੇ ਅਣਵਾਂ ਰਾਣੀ, ਮਹਾਰਾਣੀ, ਬੇਗਮ, ਲਾਟਣੀ, ਮਲਕਾ ਆਦਿ ਤੇ ਰਾਜਕੁਮਾਰ, ਸ਼ਹਿਜ਼ਾਦਾ, ਪ੍ਰਿੰਸ ਆਫ ਵੇਲਜ਼ ਆਦਿ। ਇਹ ਸਾਰੀ ਭੂੰਡਾਂ ਦੀ ਖੱਖਰ ਕਿਸਾਨ ਦਾ ਪਹਿਲਾ ਦੁਸ਼ਮਣ ਹੈ।

ਰਾਜਾ, ਬਾਦਸ਼ਾਹ, ਲਾਟ ਇਹ ਵੱਖਰੀ-ਵੱਖਰੀ ਜ਼ਬਾਨ ਦੇ ਅੱਖਰ ਹਨ, ਪਰ ਇਨ੍ਹਾਂ ਦਾ ਮਤਲਬ ਇਕ ਹੀ ਹੈ। ਅਥਵਾ ਇਹ ਚੋਰ, ਕੰਮਚੋਰ, ਡਾਕੂ, ਮਹਾਜਨ; ਕਿਉਂਕਿ ਚੋਰ ਅਤੇ ਰਾਜਾ ਵਿਚ ਇਹ ਫਰਕ ਹੈ ਕਿ ਚੋਰ ਤਾਂ ਰਾਤ ਨੂੰ ਮਾਲ ਚੁਰਾਉਂਦਾ ਹੈ ਤੇ ਰਾਜਾ ਦਿਨ ਦਿਹਾੜੇ ਦੂਜਿਆਂ ਦੇ ਮਾਲ ਉਤੇ ਕਬਜ਼ਾ ਕਰਦਾ ਹੈ। ਚੋਰ ਤਾਂ ਕੁਝ ਗਹਿਣਾ ਜਾਂ ਹਜ਼ਾਰ-ਦੋ ਹਜ਼ਾਰ ਰੁਪਏ ਚੁਰਾਂਦਾ ਹੈ, ਪਰ ਰਾਜਾ ਲੱਖਾਂ-ਕਰੋੜਾਂ ਰੁਪਿਆ ਲੈਂਦਾ ਹੈ। ਚੋਰ ਤਾਂ ਫੜ੍ਹਿਆ ਜਾਂਦਾ ਹੈ, ਮਾਰ ਸਹਿੰਦਾ ਹੈ, ਕੈਦ ਭੁਗਤਦਾ ਹੈ, ਪਰ ਰਾਜਾ ਮੂੰਹ ਚੁੱਕੀ ਫਿਰਦਾ ਹੈ, ਇੱਜਤ ਪਾਉਂਦਾ ਹੈ, ਸਾਰੇ ਉਹਦੇ ਸਾਹਮਣੇ ਸਿਰ ਨੀਵਾਂ ਕਰਦੇ ਹਨ।

"ਦੋ ਨਰ ਹਮ ਨੇ ਏਕ ਸੇ ਦੇਖੇ
ਸੁਨ ਅਚਰਜ ਦੀ ਬਾਤ।
ਰਾਜਾ ਕੋ ਸਭ ਸੀਸ ਨਵਾਵੇ
ਚੋਰ ਕੇ ਬਾਂਧੇ ਹਾਥ।"

ਦੱਸੋ! ਰਾਜਾ ਅਤੇ ਚੋਰ ਇਕੋ ਜਿਹੇ ਕਿਉਂ ਹਨ? ਅੱਛਾ, ਅਸੀਂ ਪੁੱਛਦੇ ਹਾਂ ਕਿ ਚੋਰ ਕਿਸ ਨੂੰ ਆਖਦੇ ਹਨ? ਚੋਰ ਨੂੰ ਤੁਸੀਂ ਕਿਉਂ ਬੁਰਾ ਸਮਝਦੇ ਹੋ? ਤੁਸੀਂ ਜਵਾਬ ਦਿਉਗੇ ਕਿ ਚੋਰ ਉਹ ਆਦਮੀ ਹੈ, ਜੋ ਦੂਜਿਆਂ ਦੀ ਕਮਾਈ ਦਾ ਫਲ ਭੋਗਦਾ ਹੋਵੇ ਅਤੇ ਆਪ ਕੰਮ ਨਾ ਕਰੇ। ਇਕ ਆਦਮੀ ਤਾਂ ਸਾਰਾ ਦਿਨ ਮੁੜ੍ਹਕੋ-ਮੁੜ੍ਹਕੀ ਹੋ ਕੇ ਰੁਪਏ ਕਮਾਉਂਦਾ ਹੈ, ਪਰ ਚੋਰ ਰਾਤ ਨੂੰ ਆ ਕੇ ਉਹਦੀ ਮਿਹਨਤ ਦਾ ਫਲ ਲੈ ਜਾਂਦਾ ਹੈ ਤੇ ਸਾਰਾ ਦਿਨ ਵਿਹਲਾ ਠਿੱਚਾ ਮਾਰਦਾ ਹੈ। ਇਸੇ ਤਰ੍ਹਾਂ ਦੂਜੇ ਪੁਰਸ਼ ਦੀ ਮਿਹਨਤ ਦੇ ਵਸੀਲੇ ਖੁਦ ਐਸ਼ ਉਡਾਉਣ ਦਾ ਨਾਂ ਚੋਰੀ ਹੈ। ਇਨਸਾਫ ਦੇ ਲਿਹਾਜ਼ ਨਾਲ ਹਰ ਇਕ ਆਦਮੀ ਨੂੰ ਕੰਮ ਕਰਨਾ ਚਾਹੀਦਾ ਹੈ ਅਤੇ ਆਪਣੀ ਕਮਾਈ ਨਾਲ ਰੋਟੀ ਖਾਣੀ ਚਾਹੀਦੀ ਹੈ। ਕਿਉਂਕਿ ਅਨਾਜ, ਕੱਪੜਾ, ਮਕਾਨ-ਇਹ ਚੀਜ਼ਾਂ ਕੁਦਰਤ ਮੁਫਤ ਨਹੀਂ ਦਿੰਦੀ। ਇਨ੍ਹਾਂ ਨੂੰ ਪ੍ਰਾਪਤ ਕਰਨ ਵਾਸਤੇ ਇਨਸਾਨ ਨੂੰ ਰਾਤ ਦਿਨ ਤਕਲੀਫ ਉਠਾਉਣੀ ਪੈਂਦੀ ਹੈ, ਜਿਸਮਾਨੀ ਤੇ ਦਿਮਾਗੀ ਮਿਹਨਤ ਕਰਨ ਦੀ ਆਦਮੀ ਨੂੰ ਜਾਂਚ ਸਿੱਖਣੀ ਪੈਂਦੀ ਹੈ, ਜ਼ਮੀਨ ਵਿਚ ਬੀਜ ਬੀਜਣਾ ਪੈਂਦਾ ਹੈ, ਫਲ ਅਤੇ ਫਸਲ ਵੱਢਣੀ ਪੈਂਦੀ ਹੈ। ਡੰਗਰ ਚਾਰਨੇ ਪੈਂਦੇ ਹਨ, ਭੇਡਾਂ ਉਤੋਂ ਉਨ ਲਾਹੁਣੀ ਪੈਂਦੀ ਹੈ, ਦੁੱਧ ਰਿੜਕ ਕੇ ਮੱਖਣ ਕੱਢਣਾ ਪੈਂਦਾ ਹੈ। ਮਿੱਟੀ ਨੂੰ ਸਾੜ ਕੇ ਇੱਟਾਂ ਬਣਾਉਣੀਆਂ ਪੈਂਦੀਆਂ ਹਨ, ਦਰੱਖਤ ਵੱਢ ਕੇ ਲੱਕੜੀ ਲਿਆਉਣੀ ਪੈਂਦੀ ਹੈ, ਰੂੰ ਨੂੰ ਕਤਣਾ ਪੈਂਦਾ ਹੈ, ਫੇਰ ਧਾਗਾ ਬਣਾ ਕੇ ਕਾਰਖਾਨੇ ਵਿਚ ਥਾਨ ਬਣਾਉਣੇ ਪੈਂਦੇ ਹਨ। ਬਾਗਾਂ ਵਿਚੋਂ ਫਲ ਤੋੜ ਕੇ ਘਰ ਲੈ ਆਉਣੇ ਪੈਂਦੇ ਹਨ।


ਗੱਲ ਕੀ, ਆਦਮੀ ਇਕ ਬੁਰਕੀ ਖੁਰਾਕ ਨਹੀਂ ਖਾ ਸਕਦਾ, ਜਦ ਤਕ ਪਹਿਲਾਂ ਉਹਦੇ ਦਿਮਾਗ ਅਤੇ ਹੱਥਾਂ ਨੇ ਕੰਮ ਨਾ ਕੀਤਾ ਹੋਵੇ। ਇਨਸਾਨ ਕੱਪੜੇ ਦਾ ਇਕ ਟੋਟਾ ਨਹੀਂ ਪਹਿਨ ਸਕਦਾ, ਜਦ ਤਕ ਉਸ ਨੇ ਮਿਹਨਤ ਨਾ ਕੀਤੀ ਹੋਵੇ। ਇਨਸਾਨ ਇਕ ਕੁੱਲੀ ਵਿਚ ਨਹੀਂ ਰਹਿ ਸਕਦਾ ਜਦ ਤੱਕ ਉਸ ਨੇ ਪਹਿਲਾਂ ਆਪਣੇ ਸਰੀਰ ਨੂੰ ਨਾ ਥਕਾਇਆ ਹੋਵੇ। ਆਰਾਮ ਤੋਂ ਪਹਿਲੇ ਕੰਮ, ਸੁੱਖ ਤੋਂ ਪਹਿਲੇ ਦੁੱਖ, ਗਮੀ ਤੋਂ ਪਹਿਲਾਂ ਮਿਹਨਤ-ਇਹ ਕੁਦਰਤੀ ਕਾਨੂੰਨ ਹੈ। ਇਨਸਾਨ ਨੂੰ ਕੁਦਰਤ ਨੇ ਸਭ ਤਰ੍ਹਾਂ ਦਾ ਮਸਾਲਾ ਦਿੱਤਾ ਹੈ ਅਤੇ ਉਹਨੂੰ ਸਰੀਰ ਤੇ ਦਿਮਾਗ ਦੀ ਤਾਕਤ ਬਖਸ਼ੀ ਹੈ ਅਤੇ ਆਖਿਆ ਹੈ ਕਿ ਇਸ ਮਸਾਲੇ ਨਾਲ ਆਪਣੇ ਵਾਸਤੇ ਖੁਸ਼ੀ ਦੇ ਸਾਮਾਨ ਪੈਦਾ ਕਰੇ। ਜੇ ਨਹੀਂ ਕਰਦਾ ਤੇ ਝਖ ਮਾਰ। ਆਦਮੀ ਨੇ ਹਜ਼ਾਰਾਂ ਯਤਨ ਕਰਕੇ ਭੁੱਖ, ਪਿਆਸ, ਸਰਦੀ, ਗਰਮੀ, ਬੀਮਾਰੀ ਤੋਂ ਬਚਣ ਵਾਸਤੇ ਇੰਤਜ਼ਾਮ ਕੀਤਾ ਹੈ ਅਤੇ ਉਸੇ ਇੰਤਜ਼ਾਮ ਦਾ ਨਾਂ ਆਦਮੀਅਤ ਹੈ। ਜਦ ਅਸੀਂ ਇਸ ਅਸੂਲ ਨੂੰ ਮੰਨਦੇ ਹਾਂ ਤਾਂ ਕਿ ਆਰਾਮ ਤੋਂ ਪਹਿਲਾਂ ਕੰਮ ਅਤੇ ਚੋਰ ਨੂੰ ਇਸ ਵਾਸਤੇ ਬੁਰਾ ਸਮਝਦੇ ਹਾਂ ਕਿ ਉਹ ਕੰਮ ਤੋਂ ਬਗੈਰ ਆਰਾਮ ਲੈਣਾ ਚਾਹੁੰਦਾ ਹੈ, ਇਸ ਤੋਂ ਸਾਫ ਪਤਾ ਲੱਗਦਾ ਹੈ ਕਿ ਰਾਜਾ ਸਭ ਚੋਰਾਂ ਤੋਂ ਵੱਡਾ ਚੋਰ ਹੈ।

ਸੋਚੋ! ਇਹ ਰਾਜਾ, ਬਾਦਸ਼ਾਹ, ਲਾਟ ਆਦਿਕ ਕਰਦੇ ਕੀ ਹਨ, ਰਾਤ ਦਿਨ ਵਿਹਲੇ ਬੁੱਲੇ ਲੁਟਦੇ ਹਨ, ਸੁਬਾਹ ਉਠਦਿਆਂ ਹੀ ਚੰਗੇ ਤੋਂ ਚੰਗੇ ਖਾਣੇ ਮੰਗਾ ਲਏ; ਉਹ ਮੈਂ ਭੁੱਲ ਗਿਆ; ਸਵੇਰ ਦੇ ਖਾਣ ਤੋਂ ਪਹਿਲਾਂ ਹੀ ਹਜ਼ਰਤ (ਲੁਟੇਰਾ) ਨੂੰ ਜਗਾਉਣ ਵਾਸਤੇ ਮਹੱਲਾਂ ਵਿਚ ਕਈ ਗਵੱਈਏ ਮਿੱਠੇ ਮਿੱਠੇ ਰਾਗ ਗਾਉਂਦੇ ਹਨ ਕਿ ਚੋਰ ਸਾਹਿਬ ਉਠਣ। ਇਹ ਰਾਜੇ ਨਾ ਖੁਦ ਕੰਮ ਕਰਦੇ ਹਨ, ਨਾ ਦੂਜਿਆਂ ਨੂੰ ਕੋਈ ਕੰਮ ਕਰਨ ਦਿੰਦੇ ਹਨ। ਕਈ ਭਲੇ ਮਾਨਸਾਂ ਨੂੰ ਸਵੇਰੇ ਸਵੇਰੇ ਗਾਉਣ ਵਾਸਤੇ ਜਿਦ ਕਰਨਾ ਕਿਹੜੀ ਭਲਮਾਣਸੀ ਦੀ ਗੱਲ ਹੈ? ਅੱਛਾ, ਗਾੜੀ ਲੈ ਆਓ; ਸੈਰ ਨੂੰ ਜਾਂਦੇ ਹਨ, ਉਧਰੋਂ ਰਾਣੀ ਸਾਹਿਬਾਂ ਭੀ ਆਪਣੇ ਢਟਿਆਂ (ਪੁੱਤਰਾਂ) ਨੂੰ ਨਾਲ ਲੈ ਕੇ ਆ ਗਈ। ਹੁਣ ਚਾਰ ਘੋੜੇ ਇਕ ਬੱਗੀ, ਚਾਰ ਕੋਚਵਾਨ, ਦਸ ਸਵਾਰ ਆਦਿ ਸਾਰਾ ਝੁੰਡ ਸਿਰਫ ਇਕ ਬੇਵਕੂਫ ਅਤੇ ਉਸ ਦੀ ਬੀਵੀ ਬੱਚਿਆਂ ਦੀ ਸੈਰ ਵਾਸਤੇ ਤਿਆਰ ਕੀਤਾ ਜਾਂਦਾ ਹੈ। ਅਰੇ ਭਈ; ਇਨ ਸਾਈ ਸੋ ਕੋ ਕੋਈ ਹੋਰ ਕੰਮ ਨਹੀਂ ਹੈ ਤੇ ਇਹ ਫੌਜੀ ਸਵਾਰ ਕਿਉਂ ਹਨ? ਅਜੀ ਸਾਹਿਬ, ਇਹ ਰਾਜਾ ਦੇ ਨੌਕਰ ਹਨ ਅਤੇ ਰਾਜੇ ਦੀ ਰਾਖੀ ਵਾਸਤੇ ਹਨ। ਓ ਹੋ, ਰਾਜੇ ਨੂੰ ਕੋਈ ਡਰ ਹੈ? ਕਿਉਂ ਨਹੀਂ, ਸ਼ਾਇਦ ਕੋਈ ਦੁਖੀ ਦਿਲ ਵਾਲਾ ਪਰਜਾ ਭਗਤ ਇਸ ਨੂੰ ਮਾਰ ਨਾ ਦੇਵੇ।

ਅੱਛਾ, ਸੈਰ ਤੋਂ ਮੁੜ ਕੇ ਆਏ ਤਾਂ ਦੁਪਹਿਰ ਦੇ ਖਾਣੇ ਦਾ ਵਕਤ ਆ ਗਿਆ। ਖਾਣਾ ਪਕਾਉਣ ਵਾਲੇ ਗਰੀਬ ਬਾਵਰਚੀ ਸਵੇਰੇ ਤੋਂ ਹੀ ਅੱਗ ਅੱਗੇ ਸੜ ਰਹੇ ਸਨ। ਇਕ ਆਦਮੀ ਵਾਸਤੇ ਇਤਨੇ ਆਦਮੀ ਕਿਉਂ ਖਾਣਾ ਬਣਾ ਰਹੇ ਹਨ? ਇਹ ਕੀ ਗੱਲ ਹੈ? ਦੁਪਹਿਰ ਦੇ ਖਾਣੇ ਦਾ ਹਾਲ ਕੀ ਪੁੱਛਦੇ ਹੋ? ਕਈ ਅਹਿਲਕਾਰ ਅਤੇ ਰਿਸ਼ਤੇਦਾਰ ਹਾਜ਼ਿਰ ਹਨ। ਨੌਕਰ ਪੱਖੇ ਝੱਲ ਰਹੇ ਹਨ, ਦੋ ਚਾਰ ਰੰਡੀਆਂ ਭੀ ਆ ਗਈਆਂ ਹਨ, ਸ਼ਰਾਬ ਦਾ ਕੋਈ ਅੰਤ ਨਹੀਂ, ਖਾਣੇ ਬੇਗਿਣਤ ਹਨ, ਦਸ ਤਰ੍ਹਾਂ ਦੇ ਗੋਸ਼ਤ ਹਨ ਤੇ ਪੰਦਰਾਂ ਤਰ੍ਹਾਂ ਦੀਆਂ ਭਾਜੀਆਂ ਹਨ-ਅੰਡੇ, ਮੁਰਗੇ, ਵਲੈਤੀ ਫਲ, ਬਦੇਸ਼ੀ ਮਠਿਆਈਆਂ, ਫਰਾਂਸ ਦੀਆਂ ਸ਼ਰਾਬਾਂ ਹਨ ਅਤੇ ਸਵਿਟਜ਼ਰਲੈਂਡ ਦੇ ਚੌਕਲੇਟ ਹਨ, ਸਲਹਟ ਨਾਮੀ ਸ਼ਹਿਰ ਦੇ ਸੰਗਤਰੇ ਹਨ ਤਾਂ ਅਲਾਹਬਾਦ ਦੇ ਅਮਰੂਦ, ਬੰਬਈ ਦੇ ਅੰਬ ਹਨ ਤਾਂ ਦਿੱਲੀ ਦਾ ਕਲਾਕੰਦ। ਬਹਿਸ਼ਤ ਦਾ ਸਮਾਂ ਬੱਝਾ ਹੋਇਆ ਹੈ ਸਗੋਂ ਬਹਿਸ਼ਤ ਤਾਂ ਕਿਸੇ ਸੁਣਿਆ ਹੀ ਹੁੰਦਾ ਹੈ, ਇਹ ਤਾਂ ਅੱਖਾਂ ਦੇ ਸਾਹਮਣੇ ਪ੍ਰਤੱਖ ਹੈ। ਇਸ ਵਾਸਤੇ ਦਿੱਲੀ ਦੇ ਬਾਦਸ਼ਾਹਾਂ ਨੇ ਆਪਣੇ ਮਹੱਲਾਂ ਦੀਆਂ ਕੰਧਾਂ ਉਤੇ ਇਹ ਅੱਖਰ ਲਿਖਵਾਏ ਹਨ:

ਅਗਰ ਫਰਦੋਸ ਬਰ ਰੂਏ ਜ਼ਮੀ ਅਸਤ,
ਹਮੀ ਅਸਤੋ ਹਮੀ ਅਸਤੋ ਹਮੀ ਅਸਤੋ।
ਅਰਥਾਤ
ਅਗਰ ਸਵਰਗ ਇਸ ਦੁਨੀਆਂ 'ਤੇ ਹੈ
ਤਾਂ ਇਹੀ ਹੈ, ਇਹੀ ਹੈ, ਇਹੀ ਹੈ।

ਖਾਣੇ ਇਤਨੇ ਬਹੁਤ ਹਨ ਕਿ ਰਾਜਾ ਸਾਹਿਬ ਇਕ ਰਕਾਬੀ ਚੱਖਦੇ ਹਨ ਤੇ ਦੂਜੇ ਨੂੰ ਸੁੰਘਦੇ ਹਨ ਕਿਉਂਕਿ ਅਮੀਰ ਵਿਚ ਪੇਟ ਤਾਂ ਇਕ ਹੈ। ਇਸੇ ਤਰ੍ਹਾਂ ਜ਼ਬਾਨ ਦੇ ਹੀ ਚਟਖਾਰੇ ਲੈਂਦੇ ਹਨ, ਕਈ ਘੰਟੇ ਗੁਜ਼ਰ ਜਾਂਦੇ ਹਨ, ਛੇਤੀ ਭੀ ਕਿਉਂ ਕਰਨ, ਕੋਈ ਕੰਮ ਤਾਂ ਹੈ ਹੀ ਨਹੀਂ। ਖੈਰ, ਖਾਣੇ ਦਾ ਸਮਾਨ ਚੁੱਕਿਆ ਜਾਂਦਾ ਹੈ ਤਾਂ ਦੁਪਹਿਰ ਦੇ ਵੇਲੇ ਰਾਜਾ ਸਾਹਿਬ ਜਰਾ ਆਰਾਮ ਕਰਦੇ ਹਨ (ਕੋਈ ਪੁੱਛਣ ਵਾਲਾ ਹੋਵੇ, ਆਰਾਮ ਕਾਹਦੇ ਲਈ? ਸਵੇਰ ਦਾ ਤੂੰ ਕੋਈ ਕੰਮ ਕੀਤਾ ਹੈ?) ਬਸ, ਇਕ ਕਮਰੇ ਵਿਚ ਰਾਣੀਆਂ ਤੇ ਰੰਡੀਆਂ ਦੇ ਨਾਲ ਚਲੇ ਗਏ। ਜੇ ਗਰਮੀ ਹੈ ਤਾਂ ਕਮਰੇ ਵਿਚ ਪੱਖਾ ਹੈ। ਬਾਹਰੋਂ ਗਰੀਬ ਵਿਚਾਰੇ ਨੌਕਰ ਪੱਖਾ ਖਿੱਚ ਰਹੇ ਹਨ ਜਾਂ ਬਿਜਲੀ ਦੇ ਪੱਖੇ ਲੱਗੇ ਹੋਏ ਹਨ, ਕੋਲ ਵੰਨ-ਸੁਵੰਨੇ ਸ਼ਰਬਤ ਪਏ ਹਨ। ਜੇ ਸਰਦੀ ਦਾ ਮੌਸਮ ਹੈ ਤਾਂ ਕਿਉੜੇ ਦੀਆਂ ਬੋਤਲਾਂ ਖੁੱਲ੍ਹੀਆਂ ਹੋਈਆਂ ਹਨ, ਧੁੱਪ ਖੂਬ ਆ ਰਹੀ ਹੈ, ਕਮਰਾ ਤਸਵੀਰਾਂ ਨਾਲ ਖੂਬ ਸਜਾਇਆ ਹੋਇਆ ਹੈ। ਇਸੇ ਤਰ੍ਹਾਂ ਹਜ਼ਰਤ ਚੋਰ-ਚੋਰਨੀਆਂ ਨੂੰ ਨਾਲ ਲੈ ਕੇ ਦੁਪਹਿਰ ਨੂੰ ਉਂਘ ਰਿਹਾ ਹੈ, ਸ਼ਾਮ ਨੂੰ ਉਠੇ ਤਾਂ ਫੇਰ ਉਹਨੂੰ ਜਾਂ ਬਾਗ ਵਿਚ ਚਹਿਲ ਕਦਮੀ ਕਰੋ ਜਾਂ ਗਵੱਈਆਂ ਨੂੰ ਸ਼ਾਮਤ ਕਿ ਕੋਈ ਕਵੀਸ਼ਰ ਕਵਿਤਾ ਪੜ੍ਹੇ ਜਾਂ ਸਰਦਾਰਾਂ ਦੀਆਂ ਭੇਟਾਂ ਕਬੂਲ ਕਰੇ।



*ਭਾਰਤ ਵਿਚ ਚਰਸ ਰਾਹੀਂ ਪਾਣੀ ਕੱਢਣ ਦੀ ਇਕ ਪੇਂਟਿੰਗ*

ਫੇਰ ਸ਼ਾਮ ਨੂੰ ਅਜਿਹਾ ਹੀ ਖਾਣਾ ਖਾਇਆ ਜਾਂਦਾ ਹੈ ਜਿਸ ਨੂੰ ਪਕਾਉਣ ਵਾਸਤੇ ਬਾਵਰਚੀ ਦੁਪਹਿਰ ਤੋਂ ਲੱਗੇ ਹੋਏ ਹਨ। ਮਜਲਸ ਲੱਗੀ ਹੋਈ ਹੈ, ਰੰਡੀਆਂ ਨਾਚ ਕਰ ਰਹੀਆਂ ਹਨ, ਸ਼ਰਾਬ ਕਬਾਬ ਉਡ ਰਿਹਾ ਹੈ, ਰਾਜਾ ਸਾਹਿਬ ਭੀ ਮਸਤੀਆਂ ਕਰ ਰਹੇ ਹਨ। ਕਈ ਬਹੁਤ ਪੀ ਕੇ ਉਰਲੀਆਂ ਪਰਲੀਆਂ ਗੱਲਾਂ ਕਰਨ ਲੱਗੇ ਤਾਂ ਅਹਿਲਕਾਰ ਅਤੇ ਮਸਾਹਿਬ ਆਖਣ ਲੱਗੇ ਕਿ ਇਹ ਸੰਤਾਂ ਦੀ ਬਾਣੀ ਹੈ। ਇਸੇ ਤਰ੍ਹਾਂ ਰਾਤ ਆ ਗਈ। ਰਾਜਾ ਸਾਹਿਬ ਨਰਮ ਗਦੇਲੇ ਦੇ ਬਿਸਤਰੇ ਉਤੇ ਲੇਟਦੇ ਹਨ। ਮੱਛਰ, ਗਰਦ ਉਥੋਂ ਸੈਂਕੜੇ ਮੀਲ ਦੂਰ ਹੈ।

ਅਗਰ ਇਕ ਮੱਛਰ ਕਿਤੇ ਰਾਜਾ ਸਾਹਿਬ ਦੇ ਕੰਨ ਵਿਚ ਆ ਕੇ ਅੱਖ ਉਖੇੜੇ ਤਾਂ ਸਭ ਨੌਕਰਾਂ ਦੀ ਜਾਨ ਉਤੇ ਬਣ ਜਾਂਦੀ ਹੈ। ਬਿਸਤਰਾ ਤਾਂ ਪਹਿਲਾਂ ਹੀ ਵਿਛਿਆ ਹੋਇਆ ਸੀ। ਆਪਣੇ ਹੱਥ ਨਾਲ ਤਾਂ ਨਰਮ ਗਦੇਲੇ ਭੀ ਨਹੀਂ ਵਿਛਾਏ ਜਾਂਦੇ। ਇਨ੍ਹਾਂ ਦਾ ਫਰਜ਼ ਤਾਂ ਸਿਰਫ ਲੇਟਣਾ ਅਤੇ ਸੋਣਾ ਹੀ ਹੈ (ਇਹ ਅਸੀਂ ਪਹਿਲਾਂ ਹੀ ਲਿਖ ਆਏ ਹਾਂ ਕਿ ਰਾਜਾ ਸਾਹਿਬ; ਆਪਣੇ ਹੱਥ ਨਾਲ ਕੋਈ ਕੰਮ ਨਹੀਂ ਕਰਦੇ। ਇਹ ਇਨ੍ਹਾਂ ਦੀ ਪਿਤਾ ਪੁਰਖੀ ਆਦਤ ਹੈ)। ਰਾਣੀ ਅਤੇ ਰੰਡੀਆਂ ਨਾਲ ਰਾਤ ਨੂੰ ਚੋਹਲ ਮੋਹਲ ਹੁੰਦਾ ਹੈ, ਉਹਦਾ ਹਾਲ ਕਲਮ ਨਹੀਂ ਲਿਖ ਸਕਦੀ। ਤਮਾਮ ਮੁਲਕਾਂ ਦੀਆਂ ਹੂਰਾਂ ਅਤੇ ਪਰੀਆਂ ਇਕੱਠੀਆਂ ਕਰਦੇ ਹਨ। ਮਹੱਲ ਕੀ ਹੁੰਦਾ ਹੈ, ਕੋਹ ਕਾਫ ਹੈ ਜਾਂ ਰਾਜੇ ਇੰਦਰ ਦਾ ਅਖਾੜਾ; ਫੇਰ ਕਹਿਣਾ ਹੀ ਕੀ ਹੈ, ਮਜ਼ੇ ਹੀ ਮਜ਼ੇ ਹਨ:

"ਸੁਰਗ ਦਾ ਸੁਖ ਦੇਖਾ ਨਹੀਂ,
ਸੁਨਾ ਹੈ ਕੇਵਲ ਨਾਮ।
ਸੁਰਗ ਦਾ ਸੁਖ ਹੋ ਦੇਖਨਾ,
ਚਲ ਰਾਜਾ ਕੇ ਧਾਮ।"

ਇਸ ਤਰ੍ਹਾਂ ਇਕੋ ਆਦਮੀ ਤਾਂ ਮਜ਼ੇ ਨਾਲ ਵਕਤ ਲੰਘਾਉਂਦਾ ਹੈ ਤੇ ਲੱਖਾਂ ਕਰੋੜਾਂ ਕਿਸਾਨ ਟੈਕਸ ਦਿੰਦੇ ਹਨ, ਪਰ ਹੁਣ ਅੰਗਰੇਜ਼ੀ ਇਲਮ ਕਰਕੇ ਰਾਜੇ ਨਵਾਬਾਂ ਦੇ ਖਰਚੇ ਹੋਰ ਭੀ ਵਧ ਗਏ ਹਨ। ਦੋ ਇਕ ਦਿਨ, ਸਾਲ ਮਗਰੋਂ ਇਹ ਅਮਰੀਕਾ ਦੀ ਸੈਰ ਕੀਤੇ ਬਿਨਾ ਤਾਂ ਰਾਜੇ ਨਵਾਬ ਬਚ ਨਹੀਂ ਸਕਦੇ। ਹਰ ਸਾਲ ਬੜੇ ਠਾਠ-ਬਾਠ ਨਾਲ ਯੂਰਪ ਅਮਰੀਕਾ ਦੀ ਸੈਰ ਕਰਦੇ ਹਨ। ਸ਼ਾਨਦਾਰ ਹੋਟਲਾਂ ਵਿਚ ਰਹਿ ਕੇ ਪੈਰਸ ਦੀਆਂ ਠੰਡੀਆਂ ਹਵਾਵਾਂ ਨਾਲ ਕੁਕਰਮ ਕਰਦੇ ਹਿੰਦੁਸਤਾਨੀ ਕਿਸਾਨਾਂ ਦਾ ਰੁਪਿਆ ਬਰਬਾਦ ਕਰਦੇ ਹਨ। ਅੰਗਰੇਜ਼ਾਂ ਨੂੰ ਬੜੀਆਂ ਬੜੀਆਂ ਦਾਅਵਤਾਂ (ਮਮਾਨੀਆਂ) ਦਿੰਦੇ ਹਨ ਅਤੇ ਇਸ ਤਰ੍ਹਾਂ ਰੁਪਿਆ ਉਜਾੜ ਦਿੰਦੇ ਹਨ, ਪਰ ਇਨ੍ਹਾਂ ਨੂੰ ਕੋਈ ਪੁੱਛ ਨਹੀਂ ਸਕਦਾ ਕਿ ਇਹ ਕਿਸ ਦਾ ਪੈਸਾ ਹੈ ਤੇ ਐਨਾ ਖਰਚ ਕੌਣ ਦਿੰਦਾ ਹੈ? ਹਰ ਇਕ ਚੁੱਪ ਚਾਪ ਲੁੱਟ ਦਾ ਤਮਾਸ਼ਾ ਦੇਖਦਾ ਹੈ।


ਇਸ ਤੋਂ ਬਗੈਰ ਇਨ੍ਹਾਂ ਰਾਜੇ ਨਵਾਬਾਂ ਦਾ ਚਾਲ-ਚਲਨ ਬਹੁਤ ਨੀਚ ਅਤੇ ਗੰਦਾ ਹੁੰਦਾ ਹੈ। ਕਿਉਂਕਿ ਜਦ ਇਨ੍ਹਾਂ ਦੀ ਸਾਰੀ ਉਮਰ ਬੇਈਮਾਨੀ ਉਤੇ ਹੀ ਹੈ, ਤਾਂ ਇਨ੍ਹਾਂ ਵਿਚ ਇਕ ਗੱਲ ਭੀ ਅੱਛੀ ਨਹੀਂ ਹੋ ਸਕਦੀ। ਬਸ ਇਸ ਗੱਲ ਤੋਂ ਤਵਾਰੀਖ ਸਾਬਤ ਕਰਦੀ ਹੈ ਕਿ ਸਭ ਰਾਜੇ ਨਵਾਬ ਬਾਦਸ਼ਾਹ ਹਰਾਮਖੋਰ, ਫਜ਼ੂਲ ਖਰਚ ਅਤੇ ਬਦਮਾਸ਼ ਹੁੰਦੇ ਹਨ। ਇਕ ਔਰਤ ਨਾਲ ਇਨ੍ਹਾਂ ਨੂੰ ਸਬਰ ਨਹੀਂ ਆਉਂਦਾ, ਕਈ ਔਰਤਾਂ ਨਾਲ ਸ਼ਾਦੀ ਕਰਦੇ ਹਨ। ਬੀਸੀਉਂ ਰੰਡੀਆਂ ਰੱਖਦੇ ਹਨ। ਰਾਜੇ ਨਵਾਬ ਤਾਂ ਘੋੜਿਆਂ ਦੇ ਤਬੇਲੇ ਵਾਂਗ ਔਰਤਾਂ ਨਾਲ ਘਰ ਭਰ ਲੈਂਦੇ ਹਨ। ਰਾਜੇ ਨਵਾਬ ਪਰਜਾ ਦੀਆਂ ਧੀਆਂ-ਭੈਣਾਂ ਨੂੰ ਬੁਰੀ ਨਜ਼ਰ ਨਾਲ ਵੇਖਦੇ ਹਨ ਅਤੇ ਸਿਰਫ ਮੋਟੇ ਸੰਢਿਆਂ (ਮਾਲੀ) ਵਾਂਗ ਹਮਦਰਦੀ ਤੋਂ ਬਿਨਾ ਹੋਰ ਕੋਈ ਕੰਮ ਨਹੀਂ ਹੈ। ਇਸ ਗੱਲ ਦੀ ਬਾਬਤ ਨਵਾਬ ਵਜਦ ਅਲੀ ਸ਼ਾਹ ਦੀਆਂ ਤਾਂ ਕਹਾਣੀਆਂ ਅੱਜ ਤਕ ਮਸ਼ਹੂਰ ਹਨ ਅਤੇ ਇਨ੍ਹਾਂ ਸਾਰੀਆਂ ਔਰਤਾਂ ਦਾ ਖਰਚ ਪਰਜਾ ਦੀ ਮਿਹਨਤ ਵਿਚੋਂ ਆਉਂਦਾ ਹੈ, ਯਾਨਿ ਕਿਸਾਨ ਅਤੇ ਮਜ਼ਦੂਰ ਹੀ ਸਾਰੇ ਦੇਸ਼ ਦਾ ਧਨ ਪੈਦਾ ਕਰਦੇ ਹਨ।

ਜਦੋਂ ਇਕ ਰਾਜਾ ਜਾਂ ਬਾਦਸ਼ਾਹ ਮਰ ਜਾਂਦਾ ਹੈ ਤਾਂ ਉਸ ਦਾ ਲੜਕਾ ਗੱਦੀ ਉਤੇ ਬੈਠਦਾ ਹੈ। ਜੇ ਉਹ ਦੋ ਬਰਸ ਦਾ ਹੋਵੇ ਤਾਂ ਸੋਲ੍ਹਾਂ ਸਾਲ ਇਕ ਕੌਂਸਲ ਨੀਅਤ ਕੀਤੀ (ਜਾਂਦੀ) ਹੈ। ਇਹ ਅਜਬ ਤਮਾਸ਼ਾ ਹੈ। ਅਸੂਲ ਤਾਂ ਇਉਂ ਬਣਾਇਆ ਹੋਇਆ ਹੈ ਕਿ ਰਿਆਸਤ ਅਤੇ ਰਾਜਾ ਪਰਜਾ ਦੇ ਜ਼ਰ ਖਰੀਦ ਸਮਝੇ ਹੋਏ ਹਨ। ਜਿਸ ਤਰ੍ਹਾਂ ਕਿਸੇ ਦਾ ਮਕਾਨ ਜਾਂ ਗਹਿਣਾ; ਜਿਸ ਤਰ੍ਹਾਂ ਇਕ ਆਦਮੀ ਦੇ ਮਰਨ ਪਿੱਛੋਂ ਉਹਦਾ ਮਕਾਨ ਉਹਦੇ ਪੁੱਤਰ ਨੂੰ ਮਿਲ ਜਾਂਦਾ ਹੈ, ਇਸੇ ਤਰ੍ਹਾਂ ਰਾਜਾ ਦੇ ਮਰਨ ਪਿਛੋਂ ਗੱਦੀ ਉਹਦੇ ਪੁੱਤਰ ਨੂੰ ਮਿਲ ਜਾਂਦੀ ਹੈ, ਭਾਵੇਂ ਉਹ ਲੜਕਾ ਲੂਲਾ ਲੰਗੜਾ, ਬਦਮਾਸ਼ ਹੋਵੇ। ਛੋਟੀ ਉਮਰ ਜਾਂ ਕਾਲਾ ਚੋਰ ਹੀ ਕਿਉਂ ਨਾ ਹੋਵੇ। ਦੇਸ਼ ਦੇ ਲੋਕਾਂ ਨੂੰ ਰਾਜੇ ਦੀ ਜਗੀਰ ਸਮਝਿਆ ਜਾਂਦਾ ਹੈ। ਇਸ ਅਸੂਲ ਕਾਰਨ ਪਰਜਾ ਨੂੰ ਰਿਆਸਤ ਦਾ ਕੋਈ ਵੱਡਾ ਅਫਸਰ ਬਣਾਉਣ ਦਾ ਕੋਈ ਹੱਕ ਨਹੀਂ ਹੁੰਦਾ ਸਗੋਂ ਬਾਪ ਪਿੱਛੋਂ ਪੁੱਤ ਤੇ ਪੋਤਾ ਆਪਣੇ ਆਪ ਹੀ ਤਖਤ ਦੇ ਮਾਲਕ ਬਣ ਜਾਂਦੇ ਹਨ।

(ਬਾਕੀ ਅਗਲੇ ਸਫੇ 'ਤੇ)

# ਸ਼ਬਦਾਂ ਦਾ ਖੱਟਿਆ ਖਾਣ ਵਾਲਾ

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਸ੍ਰੀ ਨਰੇਂਦਰ ਦਮੋਦਰ ਮੋਦੀ ਕੁਦਰਤ ਵਲੋਂ ਭਾਰਤੀਆਂ ਨੂੰ ਬਖਸ਼ਿਆ ਅਜ਼ੀਮ ਤੋਹਫਾ ਹਨ। ਜਿਸ ਨੂੰ ਕੋਈ ਦੇਸ਼ ਵੀਜ਼ਾ ਨਹੀਂ ਸੀ ਦਿੰਦਾ, ਉਹ ਗੱਦੀ ਸੰਭਾਲਦੇ ਹੀ ਵਿਸ਼ਵ ਵੀਜ਼ਾ-ਧਾਰੀ ਹੋ ਗਏ। ਉਹ ਖੁਦਾ ਵਾਂਗ ਸਰਬਵਿਆਪੀ, ਸਰਬਗਿਆਤਾ ਅਤੇ ਸਰਬਸ਼ਕਤੀਮਾਨ ਹਨ। ਖੁਦਾ ਤਾਂ ਕਦੀ ਬੋਲਦਾ ਨਹੀਂ ਸੁਣਿਆ ਪਰ ਮੋਦੀ ਸਾਹਿਬ ਦੀ ਬੋਲਤੀ ਕਦੇ ਬੰਦ ਹੀ ਨਹੀਂ ਹੁੰਦੀ। ਇਸ ਤਰ੍ਹਾਂ ਉਹ ਖੁਦਾ ਦੀਆਂ ਤਿੰਨਾਂ ਸਿਫਤਾਂ ਨੂੰ ਪਛਾੜ ਕੇ ਸਰਬਬੋਲਤੀਵਾਨ ਵੀ ਬਣੇ ਹੋਏ ਹਨ।

ਹਾਲ ਹੀ ਵਿਚ ਕਿਸੇ ਨੇ ਉਨ੍ਹਾਂ ਦੀਆਂ ਬਹੁ-ਭਾਂਤੀ ਖੂਬੀਆਂ ਦਾ ਨੋਟਿਸ ਲੈਂਦਿਆਂ, ਉਨ੍ਹਾਂ ਨੂੰ ਸਾਰੇ ਦੇ ਸਾਰੇ ਨੋਬਲ ਪੁਰਸਕਾਰਾਂ ਦਾ ਹੱਕਦਾਰ ਗਰਦਾਨਿਆ। ਉਨ੍ਹਾਂ ਗੰਦੀਆਂ ਨਾਲੀਆਂ ਅਤੇ ਨਾਲਿਆਂ ਤੋਂ ਪੈਦਾ ਹੁੰਦੀ ਸੜ੍ਹਿਆਂਦ ਦੀ ਰਸੋਈ ਗੈਸ ਵਜੋਂ ਵਰਤੋਂ ਕਰਨ ਦਾ ਸੁਝਾਅ ਦਿੱਤਾ ਹੈ। ਗੰਦੀ ਨਾਲੀ ਕੰਢੇ ਬੈਠ ਕੇ ਉਸ ਉਪਰ ਛੇਕ ਵਾਲਾ ਭਾਂਡਾ ਰੱਖੋ ਤੇ ਇਸ ਰਾਹੀਂ ਨਿਕਲਦੀ ਗੈਸ ਨੂੰ ਪਾਈਪ ਰਾਹੀਂ ਚੁੱਲ੍ਹੇ ਹੇਠਾਂ ਲਿਆ ਕੇ ਅੱਗ ਬਾਲੋ ਤੇ ਚਾਹ-ਚੂਹ, ਜੋ ਚਾਹੋ ਬਣਾ ਲਵੋ। ਕਿੰਨਾ ਮੌਲਿਕ ਵਿਚਾਰ ਹੈ! ਭਾਰਤ ਵਿਚ ਖੁੱਲ੍ਹੇ ਤੇ ਗੰਦੇ ਨਾਲਿਆਂ-ਨਾਲੀਆਂ ਦੀ ਕਮੀ ਨਹੀਂ। ਨਿਸਚੇ ਹੀ ਉਨ੍ਹਾਂ ਨੂੰ ਕੈਮਿਸਟਰੀ ਦਾ ਨੋਬਲ ਇਨਾਮ ਮਿਲਣਾ ਚਾਹੀਦਾ ਹੈ।




ਮੋਦੀ ਜੀ ਸ਼ਾਂਤੀ ਪੁਰਸਕਾਰ ਦੇ ਵੀ ਹੱਕਦਾਰ ਹਨ ਜੋ ਮਹਾਤਮਾ ਕਹਾਉਂਦਾ ਗਾਂਧੀ ਵੀ ਹਾਸਲ ਨਹੀਂ ਸੀ ਕਰ ਸਕਿਆ। 2002 ਵਿਚ ਗੁਜਰਾਤ ਦੇ ਗੋਧਰਾ ਕਾਂਡ ਵਿਚ ਉਦੋਂ ਰਹੇ ਮੁੱਖ ਮੰਤਰੀ ਮੋਦੀ ਦਾ ਰੋਲ 1947 ਵਿਚ ਗਾਂਧੀ ਵਲੋਂ ਕਲਕੱਤੇ ਨੂੰ ਸ਼ਾਂਤ ਕਰਨ ਵਾਲੇ ਰੋਲ ਨਾਲੋਂ ਘੱਟ ਨਹੀਂ ਸੀ। ਕੌਣ ਨਹੀਂ ਜਾਣਦਾ, ਉਦੋਂ ਗੁਜਰਾਤ ਪ੍ਰਸ਼ਾਸਨ ਵਲੋਂ ਭੋਲੇ ਭਾਲੇ ਭਾਰਤੀਆਂ ਨੂੰ ਕਿਵੇਂ ਬਾਹਰ ਕੱਢਣ ਦਾ ਉਪਰਾਲਾ ਕੀਤਾ ਗਿਆ ਸੀ। ਦੇਸ਼ ਭਗਤ ਭਾਰਤੀਆਂ ਨੇ 2002 ਦੇ ਉਨ੍ਹਾਂ ਦੇ ਕਾਰਨਾਮਿਆਂ ਨੂੰ ਦਿਲ ਵਿਚ ਬਿਠਾਉਂਦਿਆਂ ਮੋਦੀ ਸਾਹਿਬ ਨੂੰ 2014 ਵਿਚ ਦੇਸ਼ ਦੀ ਵਾਗਡੋਰ ਸੰਭਾਲ ਦਿੱਤੀ। ਥੋੜ੍ਹੇ ਸਮੇਂ ਵਿਚ ਹੀ ਉਨ੍ਹਾਂ ਡਾਕਟਰੀ ਵਿਚ ਲਾਮਿਸਾਲ ਖੋਜ ਕੀਤੀ ਤੇ ਇਸ ਵਿਸ਼ੇ ਵਿਚ ਵੀ ਨੋਬਲ ਪੁਰਸਕਾਰ ਦੇ ਦਾਅਵੇਦਾਰ ਬਣੇ। ਉਨ੍ਹਾਂ ਦੀਆਂ ਖੋਜਾਂ ਯਾਦ ਕਰੋ: ਮਹਾਂਭਾਰਤ ਦਾ ਕਰਣ ਮਾਂ ਦੀ ਬੱਚੇਦਾਨੀ ਵਿਚੋਂ ਪੈਦਾ ਨਹੀਂ ਸੀ ਹੋਇਆ, ਮਤਲਬ ਉਦੋਂ ਜੈਨਿਟਕ ਵਿਗਿਆਨ ਮੌਜੂਦ ਸੀ। ਗਣੇਸ਼ ਦੇ ਹਾਥੀ ਵਾਲਾ ਸਿਰ ਸਾਬਤ ਕਰਦਾ ਹੈ ਕਿ ਉਦੋਂ ਭਾਰਤ ਵਿਚ ਪਲਾਸਟਿਕ ਸਰਜਰੀ ਆਮ ਸੀ। ਕਿਸੇ ਦਾ ਕੋਈ ਅੰਗ ਖੁੱਸ ਜਾਵੇ, ਕਿਸੇ ਹੋਰ ਜਾਨਵਰ ਦਾ ਵੱਢ ਕੇ ਲਾ ਦਿਉ ਭਾਵੇਂ ਗਊ ਹੀ ਕਿਉਂ ਨਾ ਹੋਵੇ। ਉਨ੍ਹਾਂ ਨੋਟਬੰਦੀ ਕਰਕੇ ਸਾਰਾ ਕਾਲਾ ਧਨ ਚਿੱਟਾ ਕਰ ਦਿੱਤਾ ਤੇ ਛੋਟੇ ਕਾਰੋਬਾਰ ਬੰਦ ਕਰ ਦਿੱਤੇ, ਇਸ ਕਰਕੇ ਉਹ ਅਰਥ-ਸ਼ਾਸਤਰ ਦੇ ਨੋਬਲ ਇਨਾਮ ਨੂੰ ਹੱਥ ਮਾਰ ਸਕਦੇ ਹਨ। ਲਾਈਨਸ ਪੌਲਿੰਗ ਨੂੰ ਤਾਂ ਸਿਰਫ ਕੈਮਿਸਟਰੀ ਅਤੇ ਸ਼ਾਂਤੀ ਦੇ ਦੋ ਨੋਬਲ ਪੁਰਸਕਾਰ ਹੀ ਮਿਲੇ ਸਨ, ਮੋਦੀ ਸਾਹਿਬ ਦੀਆਂ ਖੋਜਾਂ ਕਾਰਨ ਉਨ੍ਹਾਂ ਦੀਆਂ ਪੰਜੇ ਘਿਉ ਵਿਚ ਹਨ।

ਮੋਦੀ ਸਾਹਿਬ ਅਦੁੱਤੀ ਸ਼ਬਦ-ਘਾੜੇ ਹਨ। ਉਨ੍ਹਾਂ ਦੀ ਟਕਸਾਲ ਤਿੰਨਾਂ ਸ਼ਿਫਟਾਂ ਵਿਚ ਲਗਾਤਾਰ ਨਵੇਂ ਤੋਂ ਨਵੇਂ ਬੋਲ-ਕਬੋਲ ਉਗਲਦੀ ਰਹਿੰਦੀ ਹੈ। ਮੇਰੀ ਜਾਚੇ ਉਨ੍ਹਾਂ ਨੂੰ ਭਾਸ਼ਾ ਵਿਚ ਸਰਬੋਤਮ ਉਪਲਬਧੀਆਂ ਕਾਰਨ ਸਾਹਿਤ ਦਾ ਨੋਬਲ ਇਨਾਮ ਵੀ ਮਿਲਣਾ ਚਾਹੀਦਾ ਹੈ। ਅਮਰੀਕਾ ਵਿਚ ਮੋਦੀ ਦੇ ਭਾਸ਼ਾਈ ਸਾਂਢੂ ਡੋਨਲਡ ਜੌਹਨ ਟਰੰਪ ਅੰਗਰੇਜ਼ੀ ਦੇ ਮਾਮਲੇ ਵਿਚ ਨਵੇਂ ਚੰਦ ਚਾੜ੍ਹਨ ਦੇ ਮਾਹਰ ਹਨ ਪਰ ਮੋਦੀ ਸਾਹਿਬ ਤਾਂ ਨਵੇਂ ਨਵੇਂ ਸੂਰਜ ਹੀ ਚਾੜ੍ਹ ਰਹੇ ਹਨ। ਉਨ੍ਹਾਂ ਹਰ ਆਏ ਦਿਨ ਨਵੇਂ ਲਫਜ਼, ਨਵੇਂ ਜੁਮਲੇ, ਨਵੇਂ ਨਾਅਰੇ, ਨਵੀਆਂ ਉਕਤੀਆਂ, ਨਵੀਆਂ ਟਾਹਰਾਂ ਘੜ ਕੇ ਸਾਡੀਆਂ ਭਾਸ਼ਾਵਾਂ ਦੀ ਪ੍ਰਗਟਾਊ-ਸਮਰਥਾ ਵਿਚ ਢੇਰ ਵਾਧਾ ਕੀਤਾ ਹੈ, ਬਲਕਿ ਇਸ ਪਾਸੇ ਇਕ ਲਹਿਰ ਜਿਹੀ ਹੀ ਪੈਦਾ ਕਰ ਦਿੱਤੀ ਹੈ। ਮੋਦੀ ਜੀ ਦੇ ਗੱਦੀ ਬੈਠਦਿਆਂ ਹੀ ਭਗਤਾਂ ਨੇ ਨਮੋ ਨਮੋ ਨ (ਰੇਂਦਰ) + ਮੋ (ਦੀ) ਦਾ ਜਾਪ ਸ਼ੁਰੂ ਕਰ ਦਿੱਤਾ। ਨਮੋ ਸ਼ਬਦ ਦਾ ਅਰਥ ਨਿਵਣਾ, ਝੁਕਣਾ, ਪ੍ਰਣਾਮ ਕਰਨਾ ਵੀ ਹੁੰਦਾ ਹੈ।





ਕਿਸੇ ਵੀ ਸ਼ਖਸ ਜਾਂ ਇਸ਼ਟ ਦੇ ਕੱਟੜ ਸ਼ਰਧਾਲੂਆਂ ਨੂੰ ਭਗਤ ਕਿਹਾ ਜਾਂਦਾ ਹੈ, ਪਰ ਅੱਜ ਭਗਤ ਸ਼ਬਦ ਦਾ ਮਤਲਬ ਮੋਦੀ ਦਾ ਅਨਿਨ ਸ਼ਰਧਾਲੂ ਹੋ ਕੇ ਰਹਿ ਗਿਆ ਹੈ। ਇਹ ਭਗਤ ਰਾਹੁਲ ਨੂੰ ਪੱਪੂ ਪੱਪੂ ਕਰਨ ਲੱਗੇ। ਉਨ੍ਹਾਂ ਅਨੁਸਾਰ ਮੋਦੀ ਦੀ ਪ੍ਰੌੜ ਸਮਝ ਦੇ ਟਾਕਰੇ ਜਬਰੀ ਉਭਾਰੇ ਜਾ ਰਹੇ ਕਾਂਗਰਸੀ ਨੇਤਾ ਦੀ ਸਮਝ ਬਹੁਤ ਬਚਗਾਨਾ ਹੈ। ਕਾਂਗਰਸ ਨੂੰ ਖਾਂਗਰਸ (ਖਾਣ ਵਾਲੀ) ਅਤੇ ਸਕੈਮਗਰਸ ਕਿਹਾ ਜਾਣ ਲੱਗਾ ਕਿਉਂਕਿ ਮੋਦੀ ਜੀ ਨੇ ਪ੍ਰਧਾਨ ਸੇਵਕ ਦਾ ਅਹੁਦਾ ਸੰਭਾਲਦਿਆਂ ਹੀ ਕਿਹਾ ਸੀ, "ਮੈਂ ਨਾ ਖਾਊਂਗਾ, ਨਾ ਖਾਨੇ ਦੂੰਗਾ।"

ਪ੍ਰਧਾਨ ਮੰਤਰੀ ਬਣਦਿਆਂ ਹੀ ਮੋਦੀ ਜੀ ਨੇ ਆਪਣੇ ਆਪ ਨੂੰ 'ਪ੍ਰਧਾਨ ਚੌਕੀਦਾਰ' ਐਲਾਨਿਆ ਹਾਲਾਂਕਿ ਇਹ ਲਕਬ ਵੀ ਉਨ੍ਹਾਂ ਨਹਿਰੂ ਤੋਂ ਚੋਰੀ ਕੀਤਾ ਹੈ, ਜਿਸ ਨੇ ਕਦੇ ਆਪਣੇ ਆਪ ਨੂੰ 'ਪ੍ਰਥਮ ਚੌਕੀਦਾਰ' ਕਿਹਾ ਸੀ। ਮੋਦੀ ਸਾਹਿਬ ਬੇਹੱਦ ਊਰਜਾਵਾਨ ਹਨ। ਉਨ੍ਹਾਂ ਦੇ ਅੰਗ-ਅੰਗ ਵਿਚੋਂ, ਜ਼ਾਲ ਜ਼ਾਲ ਵਿਚੋਂ ਅਬੋਲ ਬੋਲਾਂ ਦੇ ਚੰਗਿਆੜੇ ਫੁੱਟਦੇ ਹਨ। ਅਸਲ ਵਿਚ ਉਹ ਨਾ ਸਿਰਫ ਖਾਂਦੇ ਤੇ ਖਾਣ ਦਿੰਦੇ ਹਨ ਬਲਕਿ ਗੱਲਾਂ ਦਾ ਖੱਟਿਆ ਵੀ ਰੱਜ ਕੇ ਖਾਂਦੇ ਹਨ। ਸਦੀਆਂ ਤੋਂ ਗੁਰਬਤ ਹੰਢਾਉਂਦੇ ਭਾਰਤੀ ਬੁੱਤ-ਪੂਜ ਲੋਕ ਇਸ ਗਲੋਧੜ ਮੂਰਤੀ ਤੋਂ ਲਗਾਤਾਰ ਭਰਮਾਏ ਜਾਂਦੇ ਹਨ।

ਮੋਦੀ ਸਾਹਿਬ ਐਕਰੋਨਿਮ ਘੜਨ ਦੇ ਪੱਕੇ ਮਾਹਰ ਹਨ। ਐਕਰੋਨਿਮ ਉਹ ਸਾਰਥਕ ਸ਼ਬਦ ਹੈ ਜੋ ਕਿੰਨੇ ਸਾਰੇ ਸ਼ਬਦਾਂ ਦੇ ਪਹਿਲੇ ਅੱਖਰ ਜੋੜ ਕੇ ਬਣਾਇਆ ਹੋਵੇ। ਆਪਣੀ ਭਾਸ਼ਾ ਵਿਚ ਮੈਂ ਐਕਰੋਨਿਮ ਲਈ ਅੰਤਾਕਸ਼ਰੀ ਦੀ ਤਰਜ਼ ਤੇ ਪ੍ਰਥਮਾਕਸ਼ਰੀ ਸ਼ਬਦ ਚਲਾਉਣ ਦਾ ਸੁਝਾਅ ਦਿੰਦਾ ਹਾਂ। ਗਲਾਧੜ ਸਾਹਿਬ ਦੀ ਟਕਸਾਲ ਨੇ ਦੇਵਨਾਗਰੀ ਅਤੇ ਅੰਗਰੇਜ਼ੀ ਅੱਖਰਾਂ ਦੀ ਵਰਤੋਂ ਕਰਕੇ ਅਨੇਕਾਂ ਪ੍ਰਥਮਾਕਸ਼ਰੀਆਂ ਵਿਕਸਿਤ ਕੀਤੀਆਂ ਹਨ। ਕੁਝ ਕੁ ਸਰਵਣ ਕਰ ਲਈਏ। ਦਿੱਲੀ ਦੀਆਂ ਚੋਣਾਂ ਸਮੇਂ 3AK ਵੱਲ ਸੰਕੇਤ ਕਰਦਿਆਂ ਕੇਜਰੀਵਾਲ ਨੂੰ ਅਰਾਜਕਤਾ ਫੈਲਾਉਣ ਵਾਲਾ AK49 ਦਾ ਠੱਪਾ ਲਾ ਦਿੱਤਾ। ਉਸ ਭਲੇ ਪੁਰਸ਼ ਨੂੰ 'ਉਪੱਦਰਵੀ ਗੋਤਰ' ਵੀ ਕਿਹਾ ਗਿਆ ਸੀ। ਵਿਕਾਸ-ਪੁਰਸ਼ ਦੀ ਮਸ਼ਹੂਰ ਪੇਸ਼ਕਸ਼ ਹੈ, 'ਵਿਕਾਸ' ਜੋ ਵਿਦਯੁਤ (ਬਿਜਲੀ), ਕਾਨੂੰਨ ਅਤੇ ਸੜਕ ਦੇ ਪਹਿਲੇ ਅੱਖਰ ਜੋੜ ਕੇ ਬਣਾਇਆ ਗਿਆ। ਕਿਸਾਨ ਹਿਤਾਂ ਪ੍ਰਤੀ ਆਪਣੀ ਸਿਖਰ ਦੀ ਤਰਜੀਹ ਦੱਸਦਿਆਂ ਉਨ੍ਹਾਂ ਇਕ ਚੋਟੀ ਦੀ ਪ੍ਰਥਮਾਕਸ਼ਰੀ ਘੜੀ- 'ਟੌਪ' (ਟੌਪ) ਯਾਨਿ ਟੋਮੈਟੋ+ਅਨੀਅਨ+ਪੋਟੈਟੋ। ਉਨ੍ਹਾਂ IT + IT = IT ਜਿਹਾ ਫਾਰਮੂਲਾ ਘੜ ਕੇ ਇੱਟ ਨਾਲ ਇੱਟ ਵੀ ਖੜਕਾਈ ਹੈ, ਮਤਲਬ, 'ਇੰਡੀਅਨ ਟੇਲੈਂਟ+ ਇਨਫਰਮੇਸ਼ਨ ਟੈਕਨਾਲੋਜੀ= ਇੰਡੀਆ ਟੁਮਾਰੋ।' ਹੁਣ ਖਾਣ ਵਾਲੇ ਜੈਮ ਦਾ ਅਰਥ ਬਦਲ ਕੇ 'ਜਨਧਨ+ਆਧਾਰ+ ਮੋਬਾਇਲ' ਬਣਾ ਦਿੱਤਾ। ਜੀ. ਐਸ. ਟੀ. 'ਗੁੱਡ ਐਂਡ ਸਿੰਪਲ ਟੈਕਸ' ਬਣ ਗਿਆ ਅਤੇ ਭੀਮ 'ਭਾਰਤ ਇੰਟਰਫੇਸ ਫਾਰ ਮਨੀ।' (ਕਥਿਤ) ਨੀਵੀਂ ਜਾਤ ਦੇ ਕਾਰੀਗਰਾਂ ਨੂੰ ਉਪਰ ਚੁੱਕਣ ਲਈ 'ਉਸਤਾਦ' ਬਣਾਇਆ। ਸ਼ਹਿਰਾਂ ਨੂੰ ਆਧੁਨਿਕ ਬਣਾਉਣ ਲਈ 'ਅਮਰੁਤ' ਅਤੇ ਸਭਿਆਚਾਰਕ ਵਿਰਾਸਤ ਉਚਿਆਉਣ ਲਈ 'ਹਰਿਦਯ' ਜਿਹੀਆਂ ਪ੍ਰਥਮਾਕਸ਼ਰੀਆਂ ਘੜੀਆਂ। ਉਨ੍ਹਾਂ ਪਲੈਨਿੰਗ ਕਮਿਸ਼ਨ ਢਾਹ ਕੇ ਨੀਤੀ ਆਯੋਗ ਲੈ ਆਂਦਾ।

ਗਾਂਧੀ ਪਰਿਵਾਰ ਅਤੇ ਕਾਂਗਰਸ ਪ੍ਰਤੀ ਉਨ੍ਹਾਂ ਦੀ ਅਦੁੱਤੀ ਸਿਰਜਣਾਤਮਕ ਸ਼ਕਤੀ ਸਿਰ ਚੜ੍ਹ ਬੋਲਦੀ ਹੈ। ਉਨ੍ਹਾਂ 'ਰਾਹੁਲ, ਸੋਨੀਆ, ਵਾਡਰਾ, ਪ੍ਰਿਯੰਕਾ' ਨੂੰ RSVP ਬਣਾ ਦਿੱਤਾ; ਇਨ੍ਹਾਂ ਦੇ ਘੁਟਾਲਿਆਂ ਵੱਲ ਸੰਕੇਤ ਕਰਦਾ ਐਕਰੋਨਿਮ ਠੋਕਿਆ, ABCD ਯਾਨਿ 'ਆਦਰਸ਼, ਬੋਫੋਰਜ਼, ਕੋਲਾ, ਦਾਮਾਦ।' ਸਕੈਮ ਸ਼ਬਦ ਨੂੰ ਨਵੇਂ ਅਰਥ ਦਿੱਤੇ ਗਏ, 'ਸਮਾਜਵਾਦੀ (ਪਾਰਟੀ), ਕਾਂਗਰਸ, ਅਖਿਲੇਸ਼, ਮਾਇਆਵਤੀ।'

ਨਿਊਟਨ ਦਾ ਨਿਯਮ ਹੈ, 'ਕ੍ਰਿਆ ਤੇ ਪ੍ਰਤਿਕ੍ਰਿਆ ਬਰਾਬਰ ਦੀ ਅਤੇ ਉਲਟ ਦਿਸ਼ਾ ਵਾਲੀ ਹੁੰਦੀ ਹੈ।' ਸੋ ਵਿਰੋਧੀ ਵੀ ਘੱਟ ਨਾ ਨਿਕਲੇ। ਬਦਲੇ ਵਿਚ ਮੋਦੀ ਦੇ ਅਨੇਕਾਂ ਨਾਂ-ਕੁਨਾਂ ਪਾਏ ਗਏ ਜਿਵੇਂ ਫੇਕੂ, ਫਕੇਂਦਰ, ਚਾਏ ਵਾਲਾ, ਜੁਮਲੇਬਾਜ਼, ਜੁਮਲੇਂਦਰ, ਜੁਮਲੇ ਵਾਲਾ ਬਾਬਾ, ਮੁਹੰਮਦ ਬਿਨ ਤੁਗਲਕ, ਪਕੌੜਾ ਦਾਸ, ਹਰਿਦਾਸ (ਮਮਤਾ ਬੈਨਰਜੀ ਵਲੋਂ ਨਾਢੂ ਖਾਂ ਜਿਹਾ ਦਿੱਤਾ ਨਾਂ) ਤੇ ਹੋਰ ਪਤਾ ਨਹੀਂ ਕਿਹੜੇ ਕਿਹੜੇ। ਜੇਤਲੀ ਸਾਹਿਬ ਝੂਠਲੀ ਬਣ ਗਏ। ਸਰਕਾਰ ਦਾ ਹੱਥ-ਠੋਕਾ ਬਣਿਆ ਮੋਦੀ ਦੀ ਗੋਦੀ ਵਿਚ ਬੈਠਾ ਮੀਡੀਆ 'ਗੋਦੀ ਮੀਡੀਆ' ਬਣਾ ਦਿੱਤਾ ਗਿਆ। ਰਾਹੁਲ ਨੇ ਮੋਦੀ ਸਰਕਾਰ ਨੂੰ 'ਸੂਟ-ਬੂਟ ਕੀ ਸਰਕਾਰ' ਕਿਹਾ; ਆਰ. ਐਸ. ਐਸ. ਨੂੰ ਚੱਡੀ ਦਾ ਮਿਹਣਾ ਮਾਰਿਆ ਜਾਣ ਲੱਗਾ; ਪੂਰੇ ਲਾਣੇ ਨੂੰ ਭਗਵਾਂ ਬ੍ਰਿਗੇਡ ਆਖਿਆ ਜਾਣ ਲੱਗਾ। ਇਸ ਦੌਰ ਵਿਚ ਚੱਲੇ ਕੁਝ ਹੋਰ ਸ਼ਬਦ ਹਨ, ਘਰ-ਵਾਪਸੀ, ਰਾਮਜ਼ਾਦੇ, ਗਾਯ ਰਕਸ਼ਕ, ਲਿੰਚਿੰਗ।




ਇਹ ਵੀ ਖੁਲਾਸਾ ਹੋਇਆ ਹੈ ਕਿ ਮੋਦੀ ਨੇ ਆਪਣੀ ਟਕਸਾਲ ਵਿਚ ਚਾਰ ਕਰਮਚਾਰੀ ਰੱਖੇ ਹੋਏ ਹਨ ਜੋ ਥੋਥੀ ਸ਼ਬਦਸਾਜੀ ਦਾ ਕੰਮ ਕਰਦੇ ਹਨ। ਮੋਦੀ ਸਾਹਿਬ ਖੁਦ ਤਾਂ ਘੜੇ ਗਏ ਸ਼ਬਦ ਰੂਪੀ ਸਿੱਕੇ 'ਤੇ ਸਿਰਫ ਝਾਲ ਫੇਰਦੇ ਹਨ। ਜੱਗ ਜਾਹਰ ਹੋਏ ਕਰਮਚਾਰੀਆਂ ਦੇ ਨਾਂ ਹਨ: ਜਗਦੀਸ਼ ਠੱਕਰ, ਯਸ਼ ਗਾਂਧੀ, ਨੀਰਵ ਸ਼ਾਅ ਅਤੇ ਹਿਰੇਨ ਜੋਸ਼ੀ। ਹਿਰੇਨ ਜੋਸ਼ੀ ਨੇ ਤਾਂ ਇਕ ਪ੍ਰਥਮਾਕਸ਼ਰੀ ਐਸੀ ਵੀ ਘੜੀ ਹੈ ਜਿਸ ਵਿਚ 'ਪ੍ਰਧਾਨ ਮੰਤਰੀ' ਅਤੇ 'ਬੀ. ਜੇ. ਪੀ.' ਦੋਨੋਂ ਇਕੱਠੇ ਨਰੜੇ ਗਏ ਹਨ, ਸੁਣੋ, 'ਪ੍ਰਧਾਨ ਮੰਤਰੀ ਭਾਰਤੀਆ ਜਨਔਸ਼ਧੀ ਪਰਿਯੋਜਨਾ' (PMBJP).

ਪਰ ਇਸ ਸ਼ਬਦ-ਖੇਡ ਦੇ ਅਮਲੀ ਬਣੇ ਉਹ ਖੁਦ ਇਸ ਦੇ ਜਾਲ ਵਿਚ ਵੀ ਫਸ ਗਏ। ਹਾਲ ਹੀ ਵਿਚ ਰਾਜ ਸਭਾ ਦੇ ਡਿਪਟੀ ਚੇਅਰਮੈਨ ਦੀ ਚੋਣ ਹੋਈ। ਸਰਕਾਰੀ ਉਮੀਦਵਾਰ ਦਾ ਨਾਂ ਸੀ ਹਰਿਵੰਸ਼ ਨਰਾਇਣ ਸਿੰਘ ਅਤੇ ਕਾਂਗਰਸੀ ਉਮੀਦਵਾਰ ਦਾ ਨਾਂ ਸੀ ਬੀ. ਕੇ. ਹਰਿਪ੍ਰਸਾਦ ਮਤਲਬ ਦੋਨਾਂ ਦੇ ਨਾਂਵਾਂ ਵਿਚ 'ਹਰਿ' ਆਉਂਦਾ ਹੈ। ਸਰਕਾਰੀ ਉਮੀਦਵਾਰ ਹਰਿਵੰਸ਼ ਦੇ ਚੋਣ ਜਿੱਤ ਜਾਣ ਬਾਅਦ ਮੋਦੀ ਜੀ ਨੇ ਉਸ ਨੂੰ ਵਧਾਈ ਦਿੰਦਿਆ ਵਿਰੋਧੀ ਉਮੀਦਵਾਰ 'ਤੇ ਤਨਜ਼ ਕੱਸਿਆ, "ਦੋਨੋਂ ਤਰਫ ਹਰਿ ਥੇ, ਏਕ ਕੇ ਆਗੇ ਬੀਕੇ ਥਾ, ਬੀਕੇ ਹਰੀ। ਯਹਾਂ ਪੇ ਜੋ ਹਰਿ ਕੋਈ ਬੀਕੇ ਬੀਕੇ ਨਹੀਂ ਥਾ।" ਭਾਵ ਕਾਂਗਰਸੀ ਉਮੀਦਵਾਰ (ਬੀਕੇ) ਬਿਕਿਆ ਹੋਇਆ ਹੈ ਤੇ ਸਾਡਾ ਉਮੀਦਵਾਰ ਬਿਕਿਆ ਨਹੀਂ ਕਿਉਂਕਿ ਉਸ ਦੇ ਨਾਂ ਅੱਗੇ ਬੀਕੇ ਨਹੀਂ। ਨਾਂ ਨਾਲ ਇਹ ਇਕ ਘਟੀਆ ਬਚਗਾਨਾ ਕਿਸਮ ਦੀ ਛੇੜ-ਛਾੜ ਹੈ ਜੋ ਪ੍ਰਧਾਨ ਸੇਵਕ ਨੂੰ ਸ਼ੋਭਦੀ ਨਹੀਂ। ਆਪੋਜ਼ੀਸ਼ਨ ਦੇ ਜ਼ੋਰ ਦੇਣ 'ਤੇ ਇਸ ਟਿੱਪਣੀ ਨੂੰ ਸਦਨ ਦੀ ਕਾਰਵਾਈ 'ਚੋਂ ਖਾਰਜ ਕਰਨਾ ਪਿਆ। ਸੰਸਦੀ ਇਤਿਹਾਸ ਵਿਚ ਪਹਿਲੀ ਵਾਰ ਕਿਸੇ ਪ੍ਰਧਾਨ ਮੰਤਰੀ ਦੀ ਟਿੱਪਣੀ ਨੂੰ ਡਿਲੀਟ ਕੀਤਾ ਗਿਆ ਹੈ।

ਮੋਦੀ ਦਾ ਸ਼ਾਸਨ ਕਾਲ ਸ਼ਬਦ-ਉਤਪਾਦਨ ਦੇ ਮਾਮਲੇ ਵਿਚ ਸੁਨਹਿਰਾ ਕਾਲ ਗਿਣਿਆ ਜਾਵੇਗਾ।

---

ਸ਼ਰਾਬ ਵਾਲੇ ਲੇਖ ਵਿਚ ਮੈਥੋਂ ਕੀਬੋਰਡ ਦੀ ਚੁੱਕ ਕਾਰਨ ਸ਼ਰਾਬ ਦਾ ਧਾਤੂ ਅਰਬੀ ਅੱਖਰਾਂ ਅਨੁਸਾਰ 'ਸ਼ੀਨ ਰੇ ਬੇ' ਲਿਖਣ ਦੀ ਥਾਂ 'ਸ਼ੀਨ ਨੂਨ ਮੀਮ' ਲਿਖਿਆ ਗਿਆ। ਇਸ ਨਾਲ ਤਾਂ 'ਸ਼ਨਮ' ਬਣਦਾ ਹੈ, ਜੋ ਕੁਥਾਂ ਹੈ। ਸ਼ਾਇਦ ਇਸ ਕਰਕੇ ਗਲਤੀ ਹੋਈ ਕਿ ਮੈਂ ਨਾਲੋ ਨਾਲ ਇੱਕ ਹੋਰ ਵਿੰਡੋ ਖੋਲ੍ਹ ਕੇ 'ਸਨਮ' ਸ਼ਬਦ 'ਤੇ ਵੀ ਕੰਮ ਕਰ ਰਿਹਾ ਸਾਂ।

ਹੀਰ ਦੇ ਹੁਸਨ ਦੀ ਸਿਫਤ ਵਿਚ ਵਾਰਸ ਦੇ ਬੋਲ 'ਸੁਰਖ ਰੰਗ ਜਿਉ ਰੰਗ ਸ਼ਰਾਬ ਦਾ ਏ' ਵਿਚ ਸ਼ਰਾਬ ਦੀ ਥਾਂ ਕਈ 'ਹੀਰਾਂ' ਵਿਚ 'ਸ਼ਹਾਬ' (ਲਾਟ) ਲਿਖਿਆ ਵੀ ਮਿਲਦਾ ਹੈ। ਕੈਲੀਫੋਰਨੀਆ ਤੋਂ ਵੀਰ ਸਿੰਘ ਲਾਂਬੜਾ ਨੇ ਦੋਨੋਂ ਤੱਥਾਂ ਵੱਲ ਧਿਆਨ ਦਿਵਾਇਆ ਹੈ।

---

ਚਾਬੀ ਵਾਲੇ ਲੇਖ ਵਿਚ ਮੈਂ ਜਾਣਕਾਰ ਪਾਠਕਾਂ ਤੋਂ ਕਵਿਤਾ ਵਿਚ ਫਾਲਤੂ ਪਾਏ ਸ਼ਬਦ ਲਈ ਢੁਕਵਾਂ ਪਦ ਜਾਣਨ ਦੀ ਮੰਗ ਕੀਤੀ ਸੀ। ਵੈਨਕੂਵਰ, ਕੈਨੇਡਾ ਦੇ ਨਾਮਵਰ ਗਜ਼ਲਗੋ ਗੁਰਦਰਸ਼ਨ ਸਿੰਘ ਬਾਦਲ ਨੇ ਇਸ ਲਈ 'ਭਰਤੀ' ਪਦ ਸੁਝਾਇਆ ਹੈ। ਦੋਨੋਂ ਵਿਦਵਾਨ ਪਾਠਕਾਂ ਦਾ ਧੰਨਵਾਦੀ ਹਾਂ।

# ਰਾਜਨੀਤੀ ਦੀ ਸੰਥਾ, ਕਿਸਾਨ ਦੇ ਦੁਸ਼ਮਣ

(ਪਿਛਲੇ ਸਫੇ ਦੀ ਬਾਕੀ)

ਹੁਣ ਰਾਜੇ ਦੇ ਇਖਤਿਆਰਾਂ ਵੱਲ ਦੇਖੀਏ ਤਾਂ ਮਾਲੂਮ ਹੁੰਦਾ ਹੈ ਕਿ ਇਹ ਪੂਜ ਜਾਂ ਕਾਲਾ ਨਾਗ ਹੈ, ਰਾਜੇ ਨੂੰ ਇਖਤਿਆਰ ਹੈ ਕਿ ਜਿਵੇਂ ਚਾਹੇ ਕਾਨੂੰਨ ਬਣਾਵੇ। ਕਾਨੂੰਨ ਅਜਿਹਾ ਕਾਇਦਾ ਹੈ ਜੋ ਸਭ ਨੂੰ ਜ਼ਰੂਰ ਮੰਨਣਾ ਪੈਂਦਾ ਹੈ। ਜੇ ਕੋਈ ਨਾ ਮੰਨੇ ਤਾਂ ਜੁਰਮਾਨਾ ਕੈਦ ਆਦਿ ਦੀ ਸਜ਼ਾ ਮਿਲਦੀ ਹੈ। ਹੁਣ ਸੋਚੋ! ਇਕ ਆਦਮੀ ਨੂੰ ਇਤਨੀ ਤਾਕਤ ਦੇਣੀ ਕਿੱਡੀ ਬੇਵਕੂਫੀ ਦੀ ਗੱਲ ਹੈ। ਇਕ ਆਦਮੀ ਨੂੰ ਅਜਿਹੇ ਇਖਤਿਆਰ ਕਦੇ ਨਹੀਂ ਦੇਣੇ ਚਾਹੀਦੇ, ਭਾਵੇਂ ਉਹ ਵੱਡਾ ਪਰਮਾਤਮਾ ਕਿਉਂ ਨਾ ਹੋਵੇ ਕਿਉਂਕਿ ਅੱਛੇ ਤੋਂ ਅੱਛੇ ਸਾਧੂ ਨੂੰ ਭੀ ਸਾਰੀ ਦੁਨੀਆਂ ਦੀਆਂ ਗੱਲਾਂ ਦਾ ਪਤਾ ਨਹੀਂ ਹੁੰਦਾ। ਉਹ ਕਾਨੂੰਨ ਬਣਾਉਣ ਵੇਲੇ ਜ਼ਰੂਰ ਗਲਤੀ ਕਰ ਜਾਵੇਗਾ ਜਿਸ ਤੋਂ ਪਰਜਾ ਨੂੰ ਨੁਕਸਾਨ ਪਹੁੰਚੇਗਾ, ਪਰ ਰਾਜੇ ਨਵਾਬ ਤਾਂ ਕਦੀ ਕਿਸੇ ਨੇ ਪਰਮਾਤਮਾ ਨਹੀਂ ਸੁਣੇ। ਫੇਰ ਕਿਉਂ ਅਜਿਹੇ ਬਦਮਾਸ਼ ਅਤੇ ਹਰਾਮਜ਼ਦਗੀ ਕਰਨ ਵਾਲੇ ਰਾਜੇ ਨਵਾਬਾਂ ਨੂੰ ਕਰੋੜਾਂ ਆਦਮੀਆਂ ਦੇ ਵਾਸਤੇ ਕਾਨੂੰਨ ਬਣਾਉਣ ਦਾ ਹੱਕ ਹਾਸਿਲ ਹੈ। ਅਥਵਾ ਇਕ ਰਾਜਾ ਜਾਂ ਨਵਾਬ ਇਹ ਕਾਨੂੰਨ ਬਣਾ ਦੇਵੇ ਕਿ ਫਲਾਣੀ ਕਿਤਾਬ ਨਾ ਪੜ੍ਹੋ ਤਾਂ ਹਰ ਵਿਦਵਾਨ ਪੁਰਸ਼ ਨੂੰ ਇਹ ਹੁਕਮ ਮੰਨਣਾ ਪਵੇਗਾ ਭਾਵੇਂ ਉਹ ਕਿੱਡਾ ਹੀ ਵਿਦਵਾਨ ਕਿਉਂ ਨਾ ਹੋਵੇ। ਜੇ ਉਹ ਇਕ ਬੇਵਕੂਫ ਅਨਪੜ੍ਹ ਰਾਜੇ ਦੇ ਹੁਕਮ 'ਤੇ ਨਹੀਂ ਚੱਲੇਗਾ ਤਾਂ ਪੁਲਿਸ ਉਸ ਨੂੰ ਪਕੜ ਲਵੇਗੀ। ਉਸ ਦੀ ਆਜ਼ਾਦੀ ਖੋਹ ਕੇ ਦੁੱਖ ਦਿੱਤਾ ਜਾਵੇਗਾ ਅਤੇ ਕੈਦ ਕੀਤਾ ਜਾਵੇਗਾ। ਇਹ ਕਿੱਡਾ ਅੰਧੇਰ ਹੈ ਕਿ ਇਕ ਖੋਤੇ ਨੂੰ ਇਤਨੀ ਤਾਕਤ ਹਾਸਲ ਹੋਵੇ।

ਹਿੰਦੁਸਤਾਨ ਦੀ ਤਾਰੀਖ 'ਚ ਲਿਖਿਆ ਹੈ ਕਿ ਇਕ ਬਾਦਸ਼ਾਹ ਨੇ ਆਪਣੀ ਰਾਜਧਾਨੀ ਬਦਲੀ ਤਾਂ ਹਜ਼ਾਰਾਂ ਆਦਮੀਆਂ ਨੂੰ ਉਸ ਦੇ ਹੁਕਮ ਨਾਲ ਦੂਜੀ ਨਵੀਂ ਰਾਜਧਾਨੀ ਵਿਚ ਜਾਣਾ ਪਿਆ ਅਤੇ ਬਹੁਤ ਸਾਰੇ ਪੁਰਸ਼ ਰਸਤੇ ਵਿਚ ਮਰ ਗਏ। ਅਜਿਹੇ ਕਾਰਨ ਕਰਕੇ ਕਾਨੂੰਨ ਬਣਾਉਣ ਦਾ ਇਖਤਿਆਰ ਸਾਰੀ ਪਰਜਾ ਨੂੰ ਹੋਣਾ ਚਾਹੀਦਾ ਹੈ ਅਤੇ ਜਿਨ ਪਰਜਾ ਭਗਤ ਲੋਕਾਂ ਨੂੰ ਪਰਜਾ ਮੰਨੇ, ਉਹ ਕਾਨੂੰਨ ਦੀ ਤਜਵੀਜ਼ ਬਣਾਇਆ ਕਰਨ। ਇਹ ਨਹੀਂ ਹੋਣਾ ਚਾਹੀਦਾ ਕਿ ਅੰਧੇਰ ਨਗਰ ਚੁਪਟ ਰਾਜਾ; ਰਾਜਾ ਜਾਂ ਨਵਾਬ ਨੂੰ ਇਹ ਵੀ ਇਖਤਿਆਰ ਹੈ ਕਿ ਕਿਸੇ ਆਦਮੀ ਉਤੇ ਜਿੰਨਾ ਚਾਹੇ ਟੈਕਸ ਲਾ ਦੇਵੇ ਅਤੇ ਉਸ ਨੂੰ ਜਿਥੇ ਚਾਹੇ, ਖਰਚ ਕਰ ਦੇਵੇ। ਖਜ਼ਾਨੇ ਦਾ ਸਾਰਾ ਬੰਦੋਬਸਤ ਉਹਦਾ ਹੋਣਾ ਹੁੰਦਾ ਹੈ। ਪਰਜਾ ਨੂੰ ਹਿਸਾਬ ਲੈਣ ਦਾ ਕੋਈ ਹੱਕ ਨਹੀਂ ਹੈ। ਜੇ ਰਾਜਾ ਸੌ ਵਿਚ ਪੰਜਾਹ ਰੁਪਏ ਲਗਾਨ ਲਾ ਦੇਵੇ ਤਾਂ ਗਰੀਬ ਕਿਸਾਨ ਨੂੰ ਦੇਣਾ ਪੈਂਦਾ ਹੈ। ਜੇ ਸੌ ਵਿਚੋਂ ਸੱਤਰ ਲੱਗ ਗਿਆ ਤਾਂ ਵੀ ਕਿਸਾਨ ਨੂੰ ਚੂੰ ਚਰਾਂ ਨਹੀਂ ਕਰਨੀ ਮਿਲਦੀ। ਜੋ ਅੱਗੇ ਬੋਲੇ, ਉਹ ਕੈਦ ਕੀਤਾ ਜਾਂਦਾ ਹੈ। ਇਹ ਕਿੱਡੀ ਬੇਇਨਸਾਫੀ ਦੀ ਗੱਲ ਹੈ ਕਿ ਰਿਆਸਤ ਤੇ ਪ੍ਰਬੰਧ ਵਾਸਤੇ ਰੁਪਿਆ ਇਕੱਠਾ ਕਰਕੇ ਇਕ ਆਦਮੀ ਨੂੰ ਦਿੱਤਾ ਜਾਵੇ।

ਕੀ ਇਕ ਆਦਮੀ ਅਕਲ ਤੇ ਇਲਮ ਦਾ ਪੁਤਲਾ ਹੋ ਸਕਦਾ ਹੈ? ਕੀ ਉਹ ਇੰਨਾ ਵੱਡਾ ਕੰਮ ਪੂਰਾ ਕਰ ਸਕਦਾ ਹੈ? ਕਦਾਚਿਤ ਨਹੀਂ, ਕਦਾਚਿਤ ਨਹੀਂ। ਰਿਆਸਤ ਦੀ ਜਾਂ ਲੋੜਾਂ ਵਾਸਤੇ ਸਾਰਿਆਂ ਦੀ ਮਰਜ਼ੀ ਨਾਲ ਰੁਪਿਆ ਇਕੱਠਾ ਹੋਣਾ ਚਾਹੀਦਾ ਹੈ। ਪਰਜਾ ਦੇ ਮੰਨੇ ਪ੍ਰਮੰਨੇ ਆਦਮੀ ਮਿਲ ਕੇ ਟੈਕਸ ਇਕੱਠਾ ਕਰਿਆ ਕਰਨ ਅਤੇ ਪਰਜਾ ਹਰ ਇਕ ਤਜਵੀਜ਼ ਨੂੰ ਮਨਜ਼ੂਰ ਕਰੇ। ਸਭ ਦੀ ਸਲਾਹ ਨਾਲ ਕੰਮ ਹੋਵੇ। ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ ਕਿ ਰਾਜਾ ਸਾਹਿਬ ਦਾ ਮਾਲ ਖੂਬ ਲੁਟਿਆ ਜਾਂਦਾ ਸੀ, ਗੱਲ ਕੀ ਉਹ ਸਰਦਾਰ ਦੇਸ਼, ਅਸੂਲ 'ਤੇ ਕੰਮ ਕਰਦੇ ਸਨ ਕਿ ਜੋ ਦਿਲ ਕੀਤਾ, ਸੋ ਸਹੀ।

ਹਰ ਜ਼ਮਾਨੇ ਵਿਚ ਅਮੀਰਾਂ ਤੇ ਜਗੀਰਦਾਰਾਂ ਦਾ ਇਹੋ ਹਾਲ ਰਿਹਾ ਹੈ। ਯੂਰਪ ਦੇ ਹਰ ਮੁਲਕ ਵਿਚ ਇਕੋ ਜਿਹਾ ਹਾਲ ਸੀ। ਸਪੇਨ ਵਿਚ ਸਰਦਾਰਾਂ, ਪੁਜਾਰੀਆਂ, ਮਹੰਤਾਂ ਦੀ ਜ਼ਮੀਨ ਉਤੇ ਕੁਝ ਟੈਕਸ ਨਹੀਂ ਲਾਇਆ ਜਾਂਦਾ ਸੀ। ਹੰਗਰੀ ਵਿਚ ਵਿਚਾਰੇ ਵਪਾਰੀਆਂ ਅਤੇ ਮਜ਼ਦੂਰਾਂ ਨੂੰ ਸੜਕਾਂ ਦਾ ਮਹਿਸੂਲ ਦੇਣਾ ਪੈਂਦਾ ਸੀ, ਪਰ ਵੱਡੇ ਆਦਮੀ ਮੁਫਤ ਸਫਰ ਕਰਦੇ ਸਨ। ਫਰਾਂਸ ਵਿਚ ਸੰਨ 1789 ਦੇ ਗਦਰ ਤੋਂ ਪਹਿਲੇ ਟੈਕਸਾਂ ਦਾ ਭਾਰ ਕਿਸਾਨਾਂ ਦੀ ਧੌਣ 'ਤੇ ਪਾਇਆ ਜਾਂਦਾ ਸੀ। ਸਕਾਟਲੈਂਡ 'ਚ ਜਗੀਰਦਾਰ ਗਰੀਬਾਂ ਨੂੰ ਬਦੋਬਦੀ ਕੈਦ ਕਰਕੇ ਗੁਲਾਮਾਂ ਵਾਂਗ ਅਗਾਂਹ ਦਿੰਦੇ ਹਨ। ਆਇਰਲੈਂਡ ਵਿਚ ਭੀ ਜਗੀਰਦਾਰਾਂ ਨੇ ਕਿਸਾਨਾਂ ਨੂੰ ਆਪਣੀ ਜ਼ਮੀਨ ਦੀ ਮਾਲਕੀ ਦਾ ਹੱਕ ਮੰਗਣ ਸਦਕੇ ਪਸੂਆਂ ਵਾਂਗ ਕਤਲ ਕੀਤਾ। ਅਸਲਾ ਜ਼ਿਆਦਾ ਦੇਣ ਦੀ ਜ਼ਰੂਰਤ ਹੀ ਨਹੀਂ। ਇਹ ਸਵਾਲ ਪੁੱਛਣ ਦੀ ਲੋੜ ਹੀ ਕੀ ਹੈ ਕਿ ਰਾਜ ਬਲ ਰੱਖਣ ਵਾਲੇ ਲੋਕਾਂ ਨੇ ਕਿਉਂ ਉਸ ਬਲ ਨੂੰ ਆਪਣੇ ਫਾਇਦੇ ਵਾਸਤੇ ਵਰਤਿਆ?

ਗੱਲ ਇਹ ਹੈ ਕਿ ਆਦਮੀ ਦਾ ਸੁਭਾ ਐਸਾ ਹੀ ਬਣਿਆ ਹੈ ਕਿ ਬੇਲਗਾਮ ਹਾਕਮ ਹਮੇਸ਼ਾ ਪਰਜਾ ਦੇ ਫਾਇਦੇ ਨੂੰ ਪੈਰਾਂ ਹੇਠ ਰੋਲ ਕੇ ਆਪਣਾ ਮਤਲਬ ਪੂਰਾ ਕਰਦੇ ਹਨ ਭਾਵੇਂ ਉਹ ਕਿੰਨੇ ਹੀ ਇਕਰਾਰ ਕਰਨ, ਕਿੰਨੇ ਹੀ ਬਚਨ ਦੇਣ। ਭਾਵੇਂ ਕਿੰਨੇ ਹੀ ਪ੍ਰਬੰਧ ਉਨ੍ਹਾਂ ਦੇ ਰੋਕਣ ਵਾਸਤੇ ਕੀਤੇ ਜਾਣ। ਸਭ ਦਲੀਲਾਂ ਫਜ਼ੂਲ ਹਨ। ਉਨ੍ਹਾਂ ਦੀ ਖੁਦਗਰਜ਼ੀ ਕੋਈ ਨਾ ਕੋਈ ਰਾਹ ਕੱਢ ਹੀ ਲਵੇਗੀ।

# ਅੱਤਾਤੁਰਕ ਦਾ ਸੈਕੂਲਰ ਤੁਰਕੀ

***ਲੰਡਨ ਵੱਸਦਾ ਰਣਜੀਤ ਧੀਰ 1966 ਵਿਚ ਇੰਗਲੈਂਡ ਪੁੱਜਣ ਤੋਂ ਪਹਿਲਾਂ ਮੁਕਤਸਰ ਦੇ ਸਰਕਾਰੀ ਕਾਲਜ ਵਿਚ ਅੰਗਰੇਜ਼ੀ ਪੜ੍ਹਾਉਂਦਾ ਹੁੰਦਾ ਸੀ। ਪਿਛਲੇ 35 ਵਰ੍ਹਿਆਂ ਦੌਰਾਨ ਉਹ ਲੰਡਨ ਦੀ ਈਲਿੰਗ ਕੌਂਸਲ ਦੀ ਸਿਆਸਤ ਵਿਚ ਖੂਬ ਸਰਗਰਮ ਰਿਹਾ ਅਤੇ ਉਹ ਕੈਬਨਿਟ ਮੈਂਬਰ ਤੇ ਮੇਅਰ ਦੇ ਅਹੁਦੇ ਸੰਭਾਲ ਚੁਕਾ ਹੈ। ਘੁੰਮਣ-ਫਿਰਨ ਦਾ ਸ਼ੌਕੀਨ ਰਣਜੀਤ ਧੀਰ 'ਵਤਨੋਂ ਦੂਰ', 'ਪਰਦੇਸਨਾਮਾ' ਅਤੇ 'ਸਾਊਥਾਲ ਦਾ ਸੂਰਜ' ਕਿਤਾਬਾਂ ਛਪਵਾ ਚੁਕਾ ਹੈ। ਹੁਣੇ-ਹੁਣੇ ਉਸ ਦੀ ਚੌਥੀ ਕਿਤਾਬ 'ਜੇਰੂਸੱਲਮ ਅਜੇ ਦੂਰ ਹੈ' ਛਪੀ ਹੈ। ਇਸ ਸਫਰਨਾਮੇ ਦਾ ਇਕ ਕਾਂਡ ਅਸੀਂ ਦੋ ਕਿਸ਼ਤਾਂ ਵਿਚ ਆਪਣੇ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ ਜਿਸ ਵਿਚ ਤੁਰਕੀ ਦੀਆਂ ਦੇਖਣਯੋਗ ਥਾਂਵਾਂ ਦੇ ਨਾਲ-ਨਾਲ ਸਿਆਸਤ ਅਤੇ ਇਤਿਹਾਸ ਬਾਰੇ ਵਿਸਥਾਰ ਸਹਿਤ ਚਰਚਾ ਕੀਤੀ ਗਈ ਹੈ। -ਸੰਪਾਦਕ***

ਲੰਡਨ ਤੋਂ ਉਡ ਕੇ ਅਸੀਂ ਤੁਰਕੀ ਦੇ ਦੱਖਣੀ ਹਿੱਸੇ ਵਿਚ ਪੈਂਦੀ ਬੰਦਰਗਾਹ ਅੰਤਾਲੀਆ ਪਹੁੰਚ ਗਏ। ਵਿਸ਼ਾਲ ਸਮੁੰਦਰ ਦੇ ਐਨ ਕੰਢੇ 'ਤੇ ਵੱਡੇ ਮਹਿਲ ਵਰਗਾ ਸਾਡਾ ਹੋਟਲ ਅੰਦਰੋਂ-ਬਾਹਰੋਂ ਇਉਂ ਲਗਦਾ ਸੀ, ਜਿਵੇਂ ਯੂਰਪ ਦਾ ਹੀ ਸ਼ਹਿਰ ਹੋਵੇ।

ਸ਼ੀਸ਼ੇ ਦੇ ਲੰਮੇ-ਉਚੇ ਦਰਵਾਜ਼ਿਆਂ ਵਿਚੋਂ ਲੰਘ, ਅਸੀਂ ਪੌੜੀਆਂ ਉਤਰਦੇ ਰੇਤਲੇ ਤੱਟ 'ਤੇ ਛੱਤਰੀਆਂ ਹੇਠਾਂ ਜਾ ਬੈਠੇ। ਭਾਰਤ ਵਾਂਗ ਤਿੱਖੜ ਦੁਪਹਿਰ ਵਰਗੀ ਗਰਮੀ ਪਰ ਤੇਜ਼ ਸਮੁੰਦਰੀ ਹਵਾਵਾਂ ਕਰਕੇ ਚੁਭਦੀ ਨਹੀਂ ਸੀ। ਦੂਰ ਦਿਸਹੱਦੇ 'ਤੇ ਆਉਂਦੇ-ਜਾਂਦੇ ਜਹਾਜ਼ ਪਾਣੀ ਉਤੇ ਤਰਦੇ ਖਿਡੌਣਿਆਂ ਵਾਂਗ ਲੱਗ ਰਹੇ ਸਨ।


'ਤੁਰਕੀ' ਦਾ ਅਰਥ ਹੈ- ਚੜ੍ਹਦੇ ਸੂਰਜ ਦੀ ਧਰਤੀ। ਕਦੀ ਤੁਰਕੀ ਬਹੁਤ ਵੱਡਾ ਸਾਮਰਾਜ ਹੁੰਦਾ ਸੀ, ਜਿਸ ਵਿਚ ਸੀਰੀਆ, ਇਰਾਕ, ਜੌਰਡਨ, ਮਿਸਰ, ਫਲਸਤੀਨ, ਸਾਰੇ ਉਤਰੀ ਅਫਰੀਕੀ ਦੇਸ਼-ਅਲਜੀਰੀਆ, ਲਿਬੀਆ, ਟਿਊਨੀਸ਼ੀਆ ਅਤੇ ਮੋਰਾਕੋ ਸ਼ਾਮਲ ਸਨ। ਇਸੇ ਤਰ੍ਹਾਂ ਉਤਰ ਵੱਲ ਪੈਂਦੇ ਸਨ, ਕੋਹਕਾਫੀ ਦੇਸ਼ ਆਰਮੀਨੀਆ ਅਤੇ ਜੌਰਜੀਆ। ਇਸ ਤੋਂ ਬਿਨਾ ਸਾਰਾ ਪੂਰਬੀ ਯੂਰਪ, ਦੱਖਣ ਵਿਚ ਯੂਨਾਨ ਤੋਂ ਲੈ ਕੇ ਵੀਆਨਾ ਤੀਕ ਸਾਰਾ ਇਲਾਕਾ ਇਸ ਸਾਮਰਾਜ ਦਾ ਹੀ ਹਿੱਸਾ ਹੁੰਦਾ ਸੀ।



ਰਣਜੀਤ ਧੀਰ

ਉਂਜ, ਜਿਸ ਤੁਰਕੀ ਵਿਚ ਅਸੀਂ ਆਏ ਹਾਂ, ਉਹ ਉਸ ਵੱਡੇ ਸਾਮਰਾਜ ਦਾ ਛੋਟਾ ਜਿਹਾ ਹਿੱਸਾ ਹੀ ਬਚਿਆ ਹੈ। ਸੱਤਵੀਂ-ਅੱਠਵੀਂ ਸਦੀ ਮਗਰੋਂ ਇਸਲਾਮ ਚਾਰੇ ਪਾਸੇ ਫੈਲਣਾ ਸ਼ੁਰੂ ਹੋ ਗਿਆ। ਇਹ ਸਾਰਾ ਇਲਾਕਾ ਉਦੋਂ ਇਸਾਈ ਵਸੋਂ ਵਾਲਾ ਸੀ। ਰੋਮ ਤੋਂ ਦੂਰ ਹੋਣ ਕਰਕੇ ਹੌਲੀ-ਹੌਲੀ ਸਥਾਨਕ ਇਸਾਈ ਕਬੀਲਿਆਂ ਨੇ ਪੋਪ ਨੂੰ ਛੱਡ ਕੇ ਆਪਣਾ ਪੂਰਬੀ ਇਸਾਈਅਤ ਦਾ ਫਿਰਕਾ ਕਾਇਮ ਕਰ ਲਿਆ। ਇਸ ਇਲਾਕੇ ਦੇ ਬਾਦਸ਼ਾਹ ਕੌਨਸਟੈਂਟਾਈਨ ਨੇ ਧਾਰਮਿਕ ਮੁਖੀ ਬਣ ਕੇ ਪੋਪ ਦੇ ਮੁਕਾਬਲੇ ਪੂਰਬੀ ਇਸਾਈਆਂ ਦਾ ਪੱਖ ਖੜ੍ਹਾ ਕਰ ਦਿੱਤਾ ਸੀ। ਇਸੇ ਕਰਕੇ ਸੁੰਨੀ ਅਤੇ ਸ਼ੀਆ ਮੁਸਲਮਾਨਾਂ ਵਾਂਗ ਇਸਾਈ ਜਗਤ ਵਿਚ ਵੀ ਪੋਪ ਦੇ ਰੋਮਨ ਕੈਥੋਲਿਕ ਅਤੇ ਪੂਰਬੀ ਰੂੜ੍ਹੀਵਾਦੀ ਇਸਾਈਆਂ ਵਿਚ ਸਦੀਆਂ ਤੋਂ ਆਪਸੀ ਵਿਰੋਧ ਤੁਰਿਆ ਆ ਰਿਹਾ ਹੈ। ਇਤਿਹਾਸ ਇਹ ਵੀ ਦੱਸਦਾ ਹੈ ਕਿ ਇਸੇ ਵਿਰੋਧ ਸਦਕਾ ਜਦ ਤੁਰਕਾਂ ਨੇ ਰਾਜਧਾਨੀ ਕੌਨਸਟੈਂਟੀਨੋਪਲ ਉਤੇ ਹੱਲੇ ਕੀਤੇ ਤਾਂ ਪੱਛਮੀ ਰੋਮਨ ਕੈਥੋਲਿਕ ਦੇਸ਼ਾਂ ਅਤੇ ਪੋਪ ਨੇ ਇਸੇ ਵਿਰੋਧ ਕਰਕੇ ਉਨ੍ਹਾਂ ਦੀ ਮਦਦ ਨਾ ਕੀਤੀ। ਜੇ ਫਰਾਂਸ, ਸਪੇਨ ਅਤੇ ਪੋਪ ਦੀਆਂ ਸ਼ਕਤੀਸ਼ਾਲੀ ਫੌਜਾਂ ਦੀ ਮਦਦ ਮਿਲ ਜਾਂਦੀ ਤਾਂ ਤੁਰਕੀ ਦੀਆਂ ਫੌਜਾਂ ਕੌਨਸਟੈਂਟੀਨੋਪਲ ਨੂੰ ਕਦੀ ਜਿੱਤ ਨਾ ਸਕਦੀਆਂ।

ਸੰਨ 1453 ਵਿਚ ਕੌਨਸਟੈਂਟੀਨੋਪਲ ਨੂੰ ਜਿੱਤਣ ਮਗਰੋਂ ਤੁਰਕਾਂ ਦੀ ਚੜ੍ਹਤ ਹੋ ਗਈ। ਉਨ੍ਹਾਂ ਨੇ ਇਸਾਈਆਂ ਦੀ ਵੱਡੀ ਨਗਰੀ ਦਾ ਨਾਂ ਬਦਲ ਕੇ 'ਇਸਤੰਬੋਲ' ਰੱਖ ਦਿੱਤਾ। ਉਨ੍ਹਾਂ ਦੇ ਵੱਡੇ ਗਿਰਜੇ 'ਹੈਗੀਆ ਸੋਫੀਆ' ਨੂੰ ਮਸਜਿਦ ਬਣਾ ਦਿੱਤਾ।



ਤੁਰਕੀ ਦੀ ਰਾਜਧਾਨੀ ਅੰਕਾਰਾ ਵਿਚ ਕਮਾਲ ਪਾਸ਼ਾ ਅੱਤਾਤੁਰਕ ਦਾ ਸਮਾਰਕ।

ਪਰ ਕੋਈ ਵੀ ਸਾਮਰਾਜ ਹਮੇਸ਼ਾ ਨਹੀਂ ਚਲਦਾ ਰਹਿੰਦਾ। ਤੁਰਕਾਂ ਦਾ ਸਾਮਰਾਜ ਵੀ 450 ਸਾਲਾਂ ਮਗਰੋਂ ਪਹਿਲੀ ਸੰਸਾਰ ਜੰਗ ਦੇ ਖਾਤਮੇ ਵੇਲੇ ਖਤਮ ਹੋ ਗਿਆ। ਅਗਲੇ ਦੋ ਹਫਤੇ ਅਸੀਂ ਇਸ ਵੱਡੇ ਸਾਮਰਾਜ ਦੀਆਂ ਪੈੜਾਂ ਕੱਢ ਕੇ ਦੱਖਣ ਵਿਚ ਅੰਤਾਲੀਆ ਤੋਂ ਚੱਲ ਕੇ ਉਤਰ ਪੱਛਮ ਵਿਚ ਪੈਂਦੇ ਵੱਡੇ ਨਗਰ ਇਸਤੰਬੋਲ ਪਹੁੰਚਣਾ ਸੀ।

ਹੋਟਲ ਦੀ ਲੌਬੀ ਵਿਚ ਆ ਕੇ ਅਸੀਂ ਸੂਚਨਾ ਸੈਂਟਰ 'ਤੇ ਬੈਠੀ ਬੀਬੀ ਨੂੰ ਪੁੱਛਿਆ ਕਿ ਰਾਤ ਦੀ ਰੋਟੀ ਤੋਂ ਪਹਿਲਾਂ ਅਸੀਂ ਸ਼ਹਿਰ ਦਾ ਕਿਹੜਾ ਹਿੱਸਾ ਦੇਖਣ ਜਾਈਏ? ਉਹਨੇ ਕਿਹਾ, ਪੁਰਾਣੀ ਬੰਦਰਗਾਹ ਚਲੇ ਜਾਓ। ਸ਼ਾਮ ਨੂੰ ਉਥੇ ਰੌਣਕ ਹੁੰਦੀ ਹੈ।

ਬੰਦਰਗਾਹ ਦਾ ਸਾਰਾ ਮਾਹੌਲ ਮੱਧਯੁਗੀ ਲੱਗਾ। ਭੀੜੀਆਂ ਗਲੀਆਂ, ਟੁੱਟੀਆਂ-ਭੱਜੀਆਂ ਸੜਕਾਂ ਅਤੇ ਆਸੇ-ਪਾਸੇ ਗੁਦਾਮਾਂ ਵਰਗੀਆਂ ਇਮਾਰਤਾਂ। ਪੁਰਾਣੇ ਸ਼ਹਿਰ ਵਿਚ ਉਚੀਆਂ ਰਿਹਾਇਸ਼ੀ ਇਮਾਰਤਾਂ ਇਕ ਦੂਜੇ ਦੇ ਐਨੀਆਂ ਨੇੜੇ ਕਿ ਸਮਝੋ ਇਕ-ਦੂਜੇ ਉਤੇ ਚੜ੍ਹੀਆਂ ਹੋਈਆਂ। ਅਸੀਂ ਸੋਚਿਆ, ਇਨ੍ਹਾਂ ਵਿਚ ਧੁੱਪ ਅਤੇ ਹਵਾ ਕਿਧਰੋਂ ਆਉਂਦੀ ਹੋਵੇਗੀ? ਖੈਰ, ਦੁਨੀਆਂ ਦੇ ਸਾਰੇ ਪੁਰਾਣੇ ਸ਼ਹਿਰਾਂ ਦਾ ਇਹੋ ਹਾਲ ਹੈ ਪਰ ਯੂਰਪ ਦੀਆਂ ਡੋਵਰ, ਨੀਸ ਵਰਗੀਆਂ ਪੁਰਾਣੀਆਂ ਬੰਦਰਗਾਹਾਂ ਵਾਂਗ ਇਥੇ ਆਧੁਨਿਕ ਕਿਸਮ ਦਾ ਤਾਣਾ-ਬਾਣਾ ਨਹੀਂ ਸੀ।

ਇਸ ਪੁਰਾਣੇ ਇਲਾਕੇ ਦੇ ਮੁਕਾਬਲੇ ਸਾਡੇ ਹੋਟਲ ਵਾਲਾ ਇਲਾਕਾ ਬਹੁਤ ਮਾਡਰਨ ਸੀ। ਹੋਟਲ ਦੇ ਬਾਹਰ ਵਧੀਆ ਸਟੋਰ ਅਤੇ ਚੌੜੀਆਂ ਸੜਕਾਂ ਦੇ ਆਸੇ-ਪਾਸੇ ਰੁੱਖ ਅਤੇ ਫੁੱਲ ਸਨ। ਢਾਬਿਆਂ ਅਤੇ ਹੋਰ ਦੁਕਾਨਾਂ ਦੇ ਬਾਹਰ ਵੱਡੀਆਂ ਛਤਰੀਆਂ ਹੇਠ ਬੈਠੇ ਲੋਕ ਖਾਂਦੇ-ਪੀਂਦੇ ਵੱਡੇ ਹੁੱਕੇ ਪੀਂਦੇ ਵੀ ਦੇਖੇ।

ਇਸ ਸਫਰ ਦੀ ਸਾਡੀ ਗਾਈਡ ਮਿਰੀਅਮ ਸੀ। ਬਹੁਤ ਸੋਹਣੀ, ਲੰਮੀ, ਉਚੀ ਹਰ ਪਾਸੇ ਹਸੂੰ-ਹਸੂੰ ਕਰਦੀ। ਬਹੁਤ ਮਿਲਣਸਾਰ ਸੀ ਅਤੇ ਸਭ ਦਾ ਖਿਆਲ ਰੱਖਦੀ। ਸਾਰੇ ਮੁਸਾਫਿਰ ਉਹਨੂੰ ਆਪਣੀ ਬੇਟੀ ਵਾਂਗ ਸਮਝਦੇ। ਰਾਤ ਦੇ ਖਾਣੇ ਸਮੇਂ ਉਹਨੇ ਸਫਰ ਦਾ ਸਾਰਾ ਨਕਸ਼ਾ ਸਮਝਾ ਦਿੱਤਾ ਸੀ। ਕੋਨੀਆ, ਕੈਪਾਡੋਕੀਆ, ਅੰਕਾਰਾ ਆਦਿ ਸ਼ਹਿਰਾਂ ਵਿਚ ਦੀ ਕੋਚ ਦਾ ਸਫਰ ਕਰਦਿਆਂ ਅਸੀਂ ਬਾਰ੍ਹਾਂ ਦਿਨਾਂ ਬਾਅਦ ਇਸਤੰਬੋਲ ਪਹੁੰਚਣਾ ਸੀ।

ਪਹਿਲਾ ਪੜਾਅ ਸਾਡਾ ਕੋਨੀਆ ਦਾ ਸੀ। ਅੰਤਾਲੀਆ ਤੋਂ ਬਾਹਰ ਨਿਕਲਦਿਆਂ ਹੀ ਬੰਜਰ ਜਿਹਾ ਇਲਾਕਾ ਸ਼ੁਰੂ ਹੋ ਗਿਆ। ਸੜਕ ਚੌੜੀ ਜ਼ਰੂਰ ਸੀ ਪਰ ਟਰੈਫਿਕ ਬਹੁਤ ਘੱਟ। ਆਸੇ-ਪਾਸੇ ਰੋੜੇ ਜਿਹੇ ਖੇਤ ਸਨ ਜਿਨ੍ਹਾਂ ਵਿਚ ਕੋਈ ਫਸਲ ਨਹੀਂ ਸੀ। ਮਿਰੀਅਮ ਨੇ ਦੱਸਿਆ ਕਿ ਦੱਖਣੀ ਇਲਾਕੇ ਵਿਚ ਮੀਂਹ ਬਹੁਤ ਘੱਟ ਪੈਂਦਾ ਹੈ ਅਤੇ ਖੇਤੀਬਾੜੀ ਲਈ ਪਾਣੀ ਦਾ ਪ੍ਰਬੰਧ ਨਹੀਂ। ਪੇਂਡੂ ਵਸੋਂ ਬਹੁਤ ਗਰੀਬ ਹੈ। ਰਾਹ ਵਿਚ ਅਸੀਂ 'ਲੂਣ' ਦੀਆਂ ਝੀਲਾਂ ਦੇਖੀਆਂ ਜੋ ਕਈ ਥਾਂਈਂ ਸੁੱਕੀਆਂ ਹੋਈਆਂ ਸਨ। ਇਕ ਪੜਾਅ ਉਤੇ ਚਾਹ ਪੀਣ ਸਮੇਂ ਅਸੀਂ ਲੂਣ ਦੀ ਸੁੱਕੀ ਝੀਲ ਉਤੇ ਤੁਰ ਕੇ ਦੇਖਿਆ। ਪੈਰਾਂ ਹੇਠ ਲੂਣ ਦੀ ਕਿਰਚ-ਕਿਰਚ ਹੁੰਦੀ ਸੀ।

ਪ੍ਰਾਚੀਨ ਸਮਿਆਂ ਵਿਚ ਕੋਨੀਆ ਤੁਰਕ ਰਾਜਿਆਂ ਦੀ ਰਾਜਧਾਨੀ ਹੁੰਦਾ ਸੀ। ਰੋਮਨ ਰੰਗ-ਮੰਚ ਅਤੇ ਮਾਰਕੀਟਾਂ ਦੇ ਖੰਡਰ ਹਾਲੇ ਵੀ ਦਿਸਦੇ ਹਨ। ਇਹ ਸ਼ਹਿਰ ਤੁਰਕੀ ਦੇ ਮਸ਼ਹੂਰ ਦਰਵੇਸ਼ ਸੂਫੀ ਕਵੀ ਰੂਮੀ ਮਲਵਾਨੀ ਦਾ ਡੇਰਾ ਸੀ। ਇਥੇ ਮਲਵਾਨੀ ਸਮਾਰਕ ਬਣਿਆ ਹੋਇਆ ਹੈ ਜਿਸ ਨੂੰ ਤਿਦੇਸੀ ਕਹਿੰਦੇ ਹਨ। ਰੂਮੀ ਆਪਣੀ ਰੂਹਾਨੀ ਸ਼ਾਇਰੀ ਦੀ ਰਚਨਾ 'ਮਥਾਨਵੀ' ਕਰਕੇ ਮਸ਼ਹੂਰ ਹੈ।



ਸੂਫੀ ਸੰਤ ਰੂਮੀ

ਰੂਮੀ ਦੇ ਸੂਫੀ ਆਪਣੇ ਰੱਬ ਨਾਲ ਇਕ ਹੋਣ ਦੀ ਤਾਂਘ ਵਿਚ ਲੀਨ ਹੋ ਕੇ ਨੱਚਦੇ ਹਨ। ਸੂਫੀ ਮੱਤ ਦੀ ਧਾਰਨਾ ਹੈ ਕਿ ਆਪਣੇ ਰੱਬ ਨਾਲ ਸਿੱਧਾ ਰੂਹਾਨੀ ਰਿਸ਼ਤਾ ਬਣਾਇਆ ਜਾ ਸਕਦਾ ਹੈ। ਰੱਬ ਨਾਲ ਇਕਮਿਕ ਹੋਣ ਲਈ ਤੁਹਾਨੂੰ ਮੁੱਲਾਂ-ਮੁਲਾਣਿਆਂ ਦੀ ਲੋੜ ਨਹੀਂ। ਇਨ੍ਹਾਂ ਦਰਵੇਸ਼ਾਂ ਨੂੰ ਚਿੱਟੇ ਚੋਲੇ ਪਾਈ ਨੱਚਦਿਆਂ ਦੇਖਿਆ। ਰੱਬ ਦੇ ਸੂਫੀ ਉਪਾਸ਼ਕ ਅੱਜ ਤੀਕ ਨੱਚ ਕੇ ਰੱਬ ਦੀ ਉਸਤਤ ਕਰਦੇ ਹਨ। ਰੂਹਾਨੀ ਨਾਚ ਅਤੇ ਸੰਗੀਤ ਦਾ ਇਹ ਨਜ਼ਾਰਾ ਕਮਾਲ ਦਾ ਸੀ।

ਸ਼ਾਮ ਨੂੰ ਰੋਟੀ ਤੋਂ ਪਹਿਲਾਂ ਸਾਨੂੰ ਇਕ ਕਿਲ੍ਹੇ ਵਿਚ ਤੁਰਕਿਸ਼ ਨਾਚ (ਬੈਲੀ ਡਾਂਸ) ਦਾ ਸ਼ੋਅ ਦਿਖਾਉਣ ਲੈ ਗਏ। ਕਿਲ੍ਹੇ ਅੰਦਰ ਗੋਲਾਕਾਰ ਪੰਡਾਲ ਦੇ ਆਲੇ-ਦੁਆਲੇ ਕਈ ਤੰਗ ਕਮਰੇ ਬਣੇ ਹੋਏ ਸਨ ਜਿਵੇਂ ਪੁਰਾਣੇ ਸਮਿਆਂ ਵਿਚ ਘੋੜੇ ਬੰਨ੍ਹਣ ਵਾਲੇ ਤਬੇਲੇ ਹੋਣ। ਕਿਲ੍ਹੇ ਦੇ ਪੰਡਾਲ ਵਿਚ ਸਾਥੋਂ ਬਿਨਾ ਸੈਂਕੜੇ ਹੋਰ ਦਰਸ਼ਕ ਵੀ ਸਨ। ਹਰ ਕਮਰੇ ਵਿਚਾਲੇ ਮੇਜ਼ ਉਤੇ ਤਰ੍ਹਾਂ-ਤਰ੍ਹਾਂ ਦੀ ਵਾਈਨ, ਵਿਸਕੀ, ਬੀਅਰ ਅਤੇ ਜੂਸ ਰੱਖੇ ਹੋਏ ਸਨ। ਨਾਲ ਛੋਟੀਆਂ-ਛੋਟੀਆਂ ਪਕਾਈਆਂ ਮੱਛੀਆਂ ਅਤੇ ਖਾਣ-ਪੀਣ ਦਾ ਹੋਰ ਨਿੱਕ-ਸੁੱਕ ਸੀ।

ਨਾਚ ਦਾ ਨਾਟਕ ਬੋਲੀਵੁੱਡ ਫਿਲਮਾਂ ਦੇ ਦ੍ਰਿਸ਼ ਵਾਂਗ ਲੱਗਾ। ਡਾਕੂਆਂ ਦੀ ਟੋਲੀ ਦੋ ਸੋਹਣੀਆਂ ਕੁੜੀਆਂ ਨੂੰ ਚੁੱਕ ਕੇ ਲੈ ਆਉਂਦੀ ਹੈ। ਬਾਅਦ ਵਿਚ ਕੁੜੀਆਂ ਖੁੱਲ੍ਹੇ ਛੋਟੇ ਪਜਾਮੇ ਪਾਈ ਚਾਕੂ ਅਤੇ ਤਲਵਾਰਾਂ ਸਮੇਤ ਨਾਚ ਕਰਦੀਆਂ ਹਨ। ਸੋਹਣੀਆਂ ਤੁਰਕ ਕੁੜੀਆਂ ਦੇ ਨਾਚ ਦੀ ਲੈਅ ਅਤੇ ਸੁਰਤਾਲ ਭਾਰਤੀ ਫਿਲਮਾਂ ਵਾਂਗ ਹੀ ਮਨਮੋਹਣੀ ਸੀ।

ਰੋਟੀ ਖਾਂਦਿਆਂ-ਪੀਂਦਿਆਂ ਅੱਧੀ ਰਾਤ ਹੋ ਗਈ। ਸਾਰੇ ਦਿਨ ਦੇ ਥੱਕੇ ਹੋਏ ਸਾਰੇ ਸੈਲਾਨੀ ਕੋਚ ਵਿਚ ਬੈਠਦਿਆਂ ਸਾਰ ਊਂਘਣ ਲੱਗੇ। ਮਿਰੀਅਮ ਨੇ ਮਾਈਕ ਉਤੇ ਕਿਹਾ ਕਿ ਆਪਣੇ ਹੋਟਲ ਤੀਕ ਘੰਟੇ-ਡੇਢ ਘੰਟੇ ਦਾ ਸਫਰ ਹੈ। ਇੰਜ ਸਭ ਦਾ ਸੌਣਾ ਡਰਾਈਵਰ ਵਾਸਤੇ ਠੀਕ ਨਹੀਂ। ਉਹਨੇ ਹਾਸੇ ਵਾਲੀਆਂ ਕਈ ਗੱਲਾਂ ਕਰਦਿਆਂ ਸੁਝਾਅ ਦਿੱਤਾ ਕਿ ਹਰ ਬੰਦਾ, ਔਰਤ ਕੁਝ ਨਾ ਕੁਝ ਗਾ ਕੇ ਸੁਣਾਵੇ। ਸਾਰੇ ਪਾਸੇ ਘੁਸਰ-ਮੁਸਰ ਸ਼ੁਰੂ ਹੋ ਗਈ। ਕਈ ਆਦਮੀ-ਔਰਤਾਂ ਕਹਿਣ, ਅਸੀਂ ਤਾਂ ਕਦੇ ਗਾ ਕੇ ਦੇਖਿਆ ਹੀ ਨਹੀਂ ਪਰ ਮਿਰੀਅਮ ਹੱਸਦੀ ਹੱਸਦੀ ਕਹਿੰਦੀ, ਮੈਂ ਨਹੀਂ ਮੰਨਦੀ।

ਖੈਰ, ਕੋਚ ਵਿਚ ਗਾਉਣ-ਵਜਾਉਣ ਦਾ ਕੰਮ ਸ਼ੁਰੂ ਹੋ ਗਿਆ। ਅੰਗਰੇਜ਼ਾਂ ਨੇ ਅੰਗਰੇਜ਼ੀ ਵਿਚ ਗੀਤ ਗਾਏ। ਮੈਂ ਗਾਇਆ 'ਜੁੱਤੀ ਕਸੂਰੀ ਪੈਰੀਂ ਨਾ ਪੂਰੀ।' ਨਾਲ ਹੀ ਅੰਗਰੇਜ਼ੀ ਵਿਚ ਤਰਜਮਾ ਕਰਕੇ ਸਮਝਾ ਦਿੱਤਾ। ਸਾਡੇ ਸਾਥੀਆਂ ਨੂੰ ਜਦ ਸਮਝ ਆਈ ਤਾਂ ਉਨ੍ਹਾਂ ਇਕ ਵਾਰ ਫੇਰ ਤਾੜੀਆਂ ਮਾਰ ਕੇ ਮੇਰਾ ਹੌਸਲਾ ਵਧਾਇਆ।

ਜਦ ਮਿਰੀਅਮ ਦੀ ਵਾਰੀ ਆਈ ਤਾਂ ਅਸੀਂ ਹੈਰਾਨ ਹੋ ਗਏ। ਉਹਨੇ ਸੰਸਕ੍ਰਿਤ ਵਿਚ ਗਾਇਤਰੀ ਮੰਤਰ ਗਾ ਕੇ ਸੁਣਾਇਆ; ਬਹੁਤ ਪਿਆਰੀ ਆਵਾਜ਼ ਵਿਚ। ਅੰਗਰੇਜ਼ ਸਾਥੀਆਂ ਨੂੰ ਤਾਂ ਪਤਾ ਨਹੀਂ ਸੀ ਪਰ ਅਸੀਂ ਸਮਝ ਗਏ। ਉਹਨੂੰ ਪੁੱਛਿਆ ਕਿ ਇਹ ਮੰਤਰ ਉਹਨੇ ਕਿੱਥੋਂ ਸਿੱਖਿਆ ਸੀ?

ਮਿਰੀਅਮ ਨੇ ਦੱਸਿਆ ਕਿ ਤੁਰਕੀ ਵਿਚ ਯੂਨੀਵਰਸਿਟੀ ਦੀ ਡਿਗਰੀ ਪਾਸ ਕਰਨ ਮਗਰੋਂ ਉਹਨੇ ਗਾਈਡ ਬਣਨ ਦਾ ਫੈਸਲਾ ਕੀਤਾ। ਇਸ ਨੌਕਰੀ ਵਾਸਤੇ ਇਕ ਸ਼ਰਤ ਇਹ ਸੀ ਕਿ ਤਿੰਨ-ਚਾਰ ਮੁੱਖ ਸਭਿਅਤਾਵਾਂ ਵਾਲੇ ਦੇਸ਼ਾਂ ਵਿਚ ਛੇ-ਛੇ ਮਹੀਨੇ ਰਹਿ ਕੇ ਉਥੋਂ ਦੇ ਸਭਿਆਚਾਰਾਂ ਨੂੰ ਸਮਝੋ। ਉਹਨੇ ਚੀਨ, ਭਾਰਤ ਅਤੇ ਬਰਤਾਨੀਆ ਦੀਆਂ ਸਭਿਅਤਾਵਾਂ ਚੁਣੀਆਂ। ਗਾਇਤਰੀ ਮੰਤਰ ਉਹਨੇ ਬਨਾਰਸ ਵਿਚ ਇਕ ਬ੍ਰਾਹਮਣ ਕੋਲੋਂ ਸਿੱਖਿਆ ਸੀ।

ਇਸ ਤਰ੍ਹਾਂ ਤੁਰਦਿਆਂ-ਫਿਰਦਿਆਂ ਸਾਡੇ ਮਨਾਂ ਵਿਚ ਤੁਰਕੀ ਬਾਰੇ ਜਾਤੀ ਤਜਰਬਿਆਂ ਉਤੇ ਆਧਾਰਤ ਇਸ ਦੀ ਤਸਵੀਰ ਬਣਦੀ ਰਹੀ। ਪਿੰਡਾਂ, ਸ਼ਹਿਰਾਂ ਵਿਚ ਟਰੈਫਿਕ ਨਿਯਮਬੱਧ ਹੈ। ਸੜਕਾਂ, ਪੇਂਡੂ ਇਲਾਕਿਆਂ ਵਿਚ ਠੀਕ-ਠਾਕ ਹਨ। ਸ਼ਹਿਰਾਂ ਨੇੜੇ ਅਤੇ ਸ਼ਹਿਰਾਂ ਅੰਦਰ ਸੜਕਾਂ ਬਿਲਕੁਲ ਯੂਰਪ ਵਾਂਗ ਹੀ ਲੱਗਦੀਆਂ ਹਨ। ਲੋਕ ਸਿਹਤਮੰਦ ਲੱਗਦੇ ਹਨ। ਮਰਦਾਂ ਵਿਚ ਕੁਝ ਕੁ ਮੋਟਾਪਾ ਹੈ, ਔਰਤਾਂ ਵਿਚ ਨਹੀਂ। ਉਂਜ ਵੀ ਉਹ ਬਹੁਤ ਸੋਹਣੀਆਂ ਹੁੰਦੀਆਂ ਹਨ, ਜਿਵੇਂ ਤੁਰਕੀ ਦੀਆਂ ਔਰਤਾਂ ਨੂੰ 'ਹੂਰਾਂ' ਕਹਿੰਦੇ ਸੁਣਦੇ ਹੁੰਦੇ ਸਾਂ। ਇਨ੍ਹਾਂ ਦਾ ਰੰਗ ਬਿਲਕੁਲ ਯੂਰਪੀ ਔਰਤਾਂ ਵਰਗਾ, ਕੋਈ ਫਰਕ ਨਹੀਂ ਲੱਗਦਾ। ਮਰਦਾਂ ਵਿਚ ਦਾੜ੍ਹੀ ਰੱਖਣ ਦਾ ਰਿਵਾਜ ਹੈ। ਜੇ ਦਾੜ੍ਹੀ ਨਹੀਂ ਤਾਂ ਮੋਟੀ-ਮੋਟੀ ਮੁੱਛ ਜ਼ਰੂਰੀ ਹੈ। ਮਰਦਾਂ ਦਾ ਰੰਗ ਥੋੜ੍ਹਾ ਘਸਮੈਲਾ ਲਗਦਾ ਹੈ। ਲੋਕ ਸਿਗਰਟ ਬਹੁਤ ਪੀਂਦੇ ਹਨ। ਮਿਲਣਸਾਰ ਬਹੁਤ ਹਨ। ਯੂਰਪੀ ਔਰਤਾਂ ਵਾਂਗ ਤੁਰਕ ਔਰਤਾਂ ਹੋਟਲਾਂ, ਦਫਤਰਾਂ, ਏਅਰਪੋਰਟਾਂ ਅਤੇ ਪਬਲਿਕ ਦਫਤਰਾਂ ਵਿਚ ਬਾਕਾਇਦਾ ਕੰਮ ਕਰਦੀਆਂ ਹਨ। ਮੱਧ ਪੂਰਬੀ ਅਤੇ ਖਾੜੀ ਦੇਸ਼ਾਂ ਵਾਂਗ ਬੁਰਕੇ ਦਾ ਰਿਵਾਜ ਬਹੁਤ ਘੱਟ ਹੈ। ਪਿੰਡਾਂ ਵਿਚ ਔਰਤਾਂ ਬੁਰਕਾ ਪਹਿਨਦੀਆਂ ਦੇਖੀਆਂ ਪਰ ਸ਼ਹਿਰਾਂ ਵਿਚ ਬਹੁਤ ਘੱਟ।

ਤੁਰਕੀ ਦੀ ਵਸੋਂ ਮੁਸਲਮਾਨ ਹੈ ਪਰ ਖਾਣ-ਪੀਣ ਪੱਖੋਂ ਬੀਅਰ, ਸ਼ਰਾਬ ਪੀਣ ਦੀ ਕੋਈ ਮਨਾਹੀ ਨਹੀਂ। ਜਿਥੇ ਕਿਤੇ ਮਸਜਿਦ ਨੇੜੇ ਹੋਵੇ ਜਾਂ ਸਾਹਮਣੇ ਹੋਵੇ ਤਾਂ ਰੈਸਟੋਰੈਂਟਾਂ ਵਿਚ ਸ਼ਰਾਬਨੋਸ਼ੀ ਦੀ ਮਨਾਹੀ ਹੈ। ਖਾਣ-ਪੀਣ ਪੱਖੋਂ ਤੁਰਕੀ ਵੀ ਯੂਨਾਨ ਅਤੇ ਦੱਖਣੀ ਯੂਰਪੀ ਦੇਸ਼ਾਂ ਵਾਂਗ ਬਹੁਤ ਖੁਸ਼ਕਿਸਮਤ ਹੈ। ਭਾਰਤ ਵਾਂਗ ਸੰਤਰਿਆਂ, ਅੰਗੂਰਾਂ ਤੋਂ ਲੈ ਕੇ ਹਰ ਫਲ ਹਰ ਅਨਾਜ ਇਥੇ ਪੈਦਾ ਹੁੰਦਾ ਹੈ। ਦੱਖਣੀ ਯੂਰਪੀ ਦੇਸ਼ਾਂ ਦੇ ਲੋਕਾਂ ਵਾਂਗ ਤੁਰਕ ਵੀ ਔਲੇ, ਲਸਣ, ਅਦਰਕ ਬਹੁਤ ਖਾਂਦੇ ਹਨ। ਪੁਦੀਨੇ ਦੀ ਚਾਹ ਦਾ ਬਹੁਤ ਰਿਵਾਜ ਹੈ। ਦੁਕਾਨਾਂ ਫਲਾਂ ਅਤੇ ਹਰੀਆਂ ਸਬਜ਼ੀਆਂ ਨਾਲ ਲੱਦੀਆਂ ਹੋਈਆਂ ਦਿਸਦੀਆਂ ਹਨ। ਦਸ-ਦਸ ਕਿਲੋ ਦੇ ਵੱਡੇ ਤਰਬੂਜ਼ ਅਤੇ ਖਰਬੂਜ਼ੇ ਦੁਕਾਨਾਂ ਦੇ ਬਾਹਰ ਆਮ ਪਏ ਦਿਸਦੇ ਹਨ। ਤਰਬੂਜ਼ ਸਾਨੂੰ ਸਵੇਰੇ ਨਾਸ਼ਤੇ ਨਾਲ ਵੀ ਦਿੰਦੇ ਅਤੇ ਕਈ ਵਾਰ ਮਿੱਠੇ ਦੇ ਤੌਰ 'ਤੇ ਮੇਜ਼ ਉਤੇ ਰੱਖਦੇ। ਔਲਿਆਂ ਦਾ ਸੇਵਨ ਹਰ ਖਾਣੇ ਨਾਲ ਹੁੰਦਾ ਹੈ। ਇਹ ਲੋਕ ਬਤਾਊਂ ਬਹੁਤ ਖਾਂਦੇ ਹਨ। ਆਮ ਤੌਰ 'ਤੇ ਕੌਮਾਂਤਰੀ ਹੋਟਲਾਂ ਵਿਚ ਸਾਰੇ ਖਾਣੇ ਪਰੋਸਣ ਦਾ ਢੰਗ 'ਸੈਲਫ ਸਰਵਿਸ' ਹੁੰਦਾ ਹੈ। ਅਨੇਕਾਂ ਪ੍ਰਕਾਰ ਦੇ ਤਾਜ਼ੇ ਖਾਣੇ ਪਕਾ ਕੇ ਰੱਖੇ ਹੁੰਦੇ ਹਨ। ਕਈ ਥਾਂਵਾਂ ਉਤੇ ਤੁਹਾਡੇ ਸਾਹਮਣੇ ਪਕਾ ਕੇ ਪਰੋਸਣ ਦਾ ਇੰਤਜ਼ਾਮ ਵੀ ਹੁੰਦਾ ਹੈ। ਖੜ੍ਹੇ-ਖੜ੍ਹੇ ਤੁਹਾਡੇ ਮੁਤਾਬਕ ਮਿਰਚ, ਮਸਾਲੇ ਤੜਕਾ ਲਾ ਕੇ ਤੁਹਾਨੂੰ ਖਾਣਾ ਬਣਾ ਦਿੰਦੇ ਹਨ। ਮਿਰਚ ਮਸਾਲੇ ਭਾਰਤ ਦੇ ਮੁਕਾਬਲੇ ਬਹੁਤ ਘੱਟ ਖਾਂਦੇ ਹਨ।

ਮਿਰੀਅਮ ਦੀ ਕੁਮੈਂਟਰੀ ਕੋਚ ਵਿਚ ਬਹਿੰਦਿਆਂ ਦੀ ਸ਼ੁਰੂ ਹੋ ਜਾਂਦੀ, ਜੋ ਸਾਨੂੰ ਤੁਰਕੀ ਬਾਰੇ ਅਹਿਮ ਜਾਣਕਾਰੀ ਦਿੰਦੀ। ਕੋਈ ਤਿੰਨ ਹਜ਼ਾਰ ਸਾਲਾਂ ਤੋਂ ਤੁਰਕੀ ਦੀ ਧਰਤੀ, ਦੁਨੀਆਂ ਦਾ ਚੌਰਾਹਾ ਬਣੀ ਤੁਰੀ ਆਉਂਦੀ ਹੈ। ਫਾਰਸੀ, ਯੂਨਾਨੀ ਅਤੇ ਰੋਮਨ। ਇਸ ਤੋਂ ਪਹਿਲਾਂ ਸੈਲਜ਼ੁਕ, ਤੁਰਕ ਤੇ ਮੰਗੋਲੀ ਕਾਫਲੇ ਅਤੇ ਹਮਲੇ। ਹਰ ਨਵਾਂ ਹਮਲਾਵਰ ਆਪਣੀਆਂ ਕੁਝ ਨਿਸ਼ਾਨੀਆਂ ਇਸ ਧਰਤੀ 'ਤੇ ਛੱਡ ਜਾਂਦਾ ਰਿਹਾ। ਯੂਨਾਨੀਆਂ ਦੇ ਕਲਾਸਕੀ ਭਵਨ ਅਤੇ ਰੰਗਮੰਚ। ਰੋਮਨਾਂ ਦੀਆਂ ਸੜਕਾਂ ਅਤੇ ਪਬਲਿਕ ਗੁਸਲਖਾਨੇ, ਜੋ ਤੁਰਕ ਸੁਲਤਾਨਾਂ ਦੇ ਸਮਿਆਂ ਵਿਚ 'ਹਮਾਮ' ਕਹੇ ਜਾਣ ਲੱਗੇ। ਯੂਨਾਨ ਅਤੇ ਰੋਮ ਵਾਂਗ ਤੁਰਕੀ ਦੇ ਛੋਟੇ-ਛੋਟੇ ਪਿੰਡਾਂ, ਸ਼ਹਿਰਾਂ ਵਿਚ ਸਿਕੰਦਰ ਅਤੇ ਰੋਮਨਾਂ ਦੇ ਕਿਲ੍ਹੇ। ਸੁਲਤਾਨਾਂ ਦੇ ਕਿਲ੍ਹੇ ਅਤੇ ਉਨ੍ਹਾਂ ਦੇ ਖੰਡਰ ਥਾਂ-ਥਾਂ ਦਿਸਦੇ ਹਨ। ਇਸਤੰਬੋਲ ਦੇ ਕੇਂਦਰ ਵਿਚ ਹਾਲੇ ਵੀ ਰੋਮਨਾਂ ਦੇ ਇਕ ਪੁਰਾਤਨ ਪੁਲ ਦੀ ਢੱਠੀ ਕੰਧ ਸਾਂਭ ਕੇ ਰੱਖੀ ਹੋਈ ਹੈ। ਯੂਨਾਨੀ ਅਤੇ ਰੋਮਨ ਕਲਾਸਕੀ ਦੌਰ ਦੀ ਭਵਨ ਕਲਾ ਦਾ ਅਸਰ ਹਰ ਪਾਸੇ ਹੈ।



ਕਮਾਲ ਪਾਸ਼ਾ ਅੱਤਾਤੁਰਕ

—

ਕੱਪਾਡੋਕੀਆ ਇਲਾਕੇ ਵਿਚ ਬੜਾ ਅਨੋਖਾ ਨਜ਼ਾਰਾ ਦੇਖਿਆ। ਚਾਰੇ ਪਾਸੇ ਘਸਮੈਲੇ ਜਿਹੇ ਰੰਗ ਦੀਆਂ ਛੋਟੀਆਂ-ਵੱਡੀਆਂ ਪਥਰੀਲੀਆਂ ਪਹਾੜੀਆਂ। ਇਨ੍ਹਾਂ ਦੀ ਸ਼ਕਲ ਦੂਰੋਂ ਖੁੰਬਾਂ ਵਰਗੀ ਲੱਗਦੀ ਹੈ। ਤਿੱਖੜ ਦੁਪਹਿਰ ਸੀ। ਪਥਰੀਲੀ ਧਰਤੀ ਹੋਣ ਕਰਕੇ ਪੈਰ ਹੇਠਾਂ ਨਹੀਂ ਸੀ ਲੱਗਦੇ। ਅਸੀਂ ਨਿੱਕਰਾਂ ਤੇ ਚੱਪਲਾਂ ਪਾ ਕੇ ਧੁੱਪ ਤੋਂ ਬਚਣ ਲਈ ਛੱਤਰੀਆਂ

(ਬਾਕੀ ਅਗਲੇ ਸਫੇ 'ਤੇ)

ਕੱਢ ਲਈਆਂ।

ਇਸ ਧਰਤੀ ਦਾ ਭੂਗੋਲਿਕ ਇਤਿਹਾਸ ਲੱਖਾਂ ਸਾਲ ਪਹਿਲਾਂ ਫੁੱਟੇ ਲਾਵੇ ਵਾਲੇ ਜਵਾਲਾਮੁਖੀ ਪਹਾੜਾਂ ਦਾ ਸੀ। ਪਹਾੜਾਂ ਦਾ ਅੱਗ ਵਰਗਾ ਲਾਵਾ ਸ਼ਾਂਤ ਹੋ ਕੇ ਸੁਆਹ ਬਣਿਆ ਤਾਂ ਚਿੱਕੜ ਸਮੇਤ ਇਹ ਸਭ ਕੁਝ ਠਰ ਗਿਆ। ਠਰਿਆ ਲਾਵਾ ਇਸ ਤਰ੍ਹਾਂ ਦੇ ਘਸਮੈਲੇ ਚਿੱਟੇ ਟਿੱਬਿਆਂ ਵਿਚ ਬਦਲ ਗਿਆ। ਲਾਵੇ ਦੀ ਸੁਆਹ ਤੋਂ ਬਣੀਆਂ ਇਨ੍ਹਾਂ ਪਹਾੜੀਆਂ ਉਤੇ ਲੱਖਾਂ ਸਾਲਾਂ ਦੀਆਂ ਧੁੱਪਾਂ, ਮੀਂਹਾਂ ਅਤੇ ਹਵਾਵਾਂ ਨੇ ਉਤਲੀਆਂ ਪਰਤਾਂ ਖੋਰ ਖੋਰ ਕੇ ਇਸ ਨੂੰ ਹੁਣ ਵਰਗੀਆਂ ਖੁੰਬਾਂ ਵਾਲੀਆਂ ਪਹਾੜੀਆਂ ਦੀ ਸ਼ਕਲ ਦੇ ਦਿੱਤੀ। ਦੂਰ-ਦੂਰ ਤੀਕ ਉਘੜ-ਦੁਘੜ ਆਕਾਰ ਦੀਆਂ ਘਸਮੈਲੀਆਂ ਜਿਹੀਆਂ ਖੁੰਬਾਂ ਵਰਗੀਆਂ ਪਹਾੜੀਆਂ ਭੂਤ-ਪ੍ਰੇਤ ਲੱਗਦੀਆਂ ਹਨ। ਰਾਤ ਨੂੰ ਇਨ੍ਹਾਂ ਤੋਂ ਡਰ ਜ਼ਰੂਰ ਲਗਦਾ ਹੋਵੇਗਾ।

ਈਸਾ ਮਸੀਹ ਦੀ ਸ਼ਹਾਦਤ ਬਾਅਦ ਇਸ ਇਲਾਕੇ ਦੇ ਲੋਕਾਂ ਨੇ ਇਸਾਈ ਮੱਤ ਅਪਨਾ ਲਿਆ। ਮਗਰੋਂ ਇਸਲਾਮੀ ਯੁਗ ਵਿਚ ਅਰਬੀ ਕਬੀਲੇ ਇਨ੍ਹਾਂ ਉਤੇ ਹੱਲੇ ਕਰਦੇ ਰਹੇ। ਇਸ ਹਿੰਸਾ ਤੋਂ ਬਚਣ ਲਈ ਸਾਨੂੰ ਪਤਾ ਲੱਗਾ ਕਿ ਬਹੁਤ ਇਸਾਈ ਕਬੀਲੇ ਇਨ੍ਹਾਂ ਪਹਾੜੀ ਗੁਫਾਵਾਂ ਵਿਚ ਵਸ ਗਏ। ਇਨ੍ਹਾਂ ਗੁਫਾਵਾਂ ਵਿਚ ਇਸਾਈ ਮੱਤ ਦੀਆਂ ਸਾਖੀਆਂ ਦੇ ਚਿੱਤਰ ਹਾਲੇ ਤੀਕ ਸਾਫ ਸਪਸ਼ਟ ਦਿਸਦੇ ਹਨ।

ਮੁਲਕ ਦੀ ਰਾਜਧਾਨੀ ਆਂਕਰਾ ਪਹੁੰਚੇ ਤਾਂ ਸਭ ਤੋਂ ਪਹਿਲਾਂ ਸਾਨੂੰ ਸਾਰੇ ਸ਼ਹਿਰ ਦੀ ਸੈਰ ਕਰਵਾਈ। ਸ਼ਹਿਰ ਸੋਹਣਾ ਹੈ। ਵੱਡੇ-ਵੱਡੇ ਸਰਕਾਰੀ ਭਵਨ ਦਿਸਦੇ ਹਨ ਜਿਹੜੇ ਅੱਤਾਤੁਰਕ ਦੇ ਸਮਿਆਂ ਵਿਚ ਬਣੇ ਕਿਉਂਕਿ ਉਹਨੇ ਇਸਤੰਬੁਲ ਜਾਣ ਤੋਂ ਨਾਂਹ ਕਰ ਦਿੱਤੀ ਸੀ। ਇਹ ਸ਼ਹਿਰ ਉਨ੍ਹੀਂ ਦਿਨੀਂ ਸੁਲਤਾਨ ਦੀ ਨਿੱਘਰ ਰਹੀ ਕਮਜ਼ੋਰ ਸਰਕਾਰ ਅਤੇ ਮੁਲਕ ਦੇ ਪਿਛੜੇ ਹੋਏ ਅਕਸ ਦਾ ਕੇਂਦਰ ਸੀ।

ਅੱਤਾਤੁਰਕ ਸ਼ਬਦ ਦਾ ਮਤਲਬ ਹੈ 'ਅਤਾ' ਯਾਨਿ ਪਿਤਾ ਅਤੇ 'ਤੁਰਕ' ਦਾ ਮਤਲਬ ਤਾਂ ਸਪਸ਼ਟ ਹੀ ਹੈ। ਸੋ, ਅੱਤਾਤੁਰਕ ਨੂੰ ਤੁਰਕੀ ਦਾ ਰਾਸ਼ਟਰਪਿਤਾ ਕਹਿੰਦੇ ਹਨ। ਮਿਰੀਅਮ ਨੇ ਦਸਿਆ ਕਿ ਦੇਸ਼ ਦੇ ਹਰ ਸਰਕਾਰੀ ਦਫਤਰ ਵਿਚ ਉਸ ਦੀ ਤਸਵੀਰ ਲੱਗੀ ਹੋਈ ਹੈ। ਨੋਟਾਂ 'ਤੇ ਵੀ ਉਹਦੀ ਤਸਵੀਰ ਅਤੇ ਇਸਤੰਬੁਲ ਦੇ ਹਵਾਈ ਅੱਡੇ ਦਾ ਨਾਂ ਵੀ 'ਅੱਤਾਤੁਰਕ ਏਅਰਪੋਰਟ' ਹੈ।

ਅੱਤਾਤੁਰਕ ਦਾ ਜੀਵਨ ਤੁਰਕੀ ਦੀ ਵੀਹਵੀਂ ਸਦੀ ਦੀ ਕਿਸਮਤ ਨਾਲ ਬੱਝਾ ਹੋਇਆ ਹੈ। ਪਹਿਲੀ ਵੱਡੀ ਜੰਗ ਵਿਚ ਤੁਰਕੀ ਬਹੁਤ ਬੁਰੀ ਤਰ੍ਹਾਂ ਹਾਰ ਗਿਆ ਪਰ ਫੌਜੀ ਜਰਨੈਲ ਦੇ ਤੌਰ 'ਤੇ ਅੱਤਾਤੁਰਕ ਨੇ ਬਹੁਤ ਨਾਮਣਾ ਖੱਟਿਆ। ਉਦੋਂ ਉਹਦਾ ਨਾਂ ਜਨਰਲ ਕਮਾਲ ਪਾਸ਼ਾ ਸੀ। ਬੌਸਫੋਰਸ ਦੀ ਖਾੜੀ ਨੂੰ ਕੰਟਰੋਲ ਕਰਨ ਖਾਤਰ ਬਰਤਾਨੀਆ ਅਤੇ ਫਰਾਂਸ ਨੇ ਗੈਲੀਪੋਲੀ ਦੀ ਜੰਗ ਵਿਚ ਲੱਖਾਂ ਫੌਜੀ ਝੋਕ ਦਿੱਤੇ ਤਾਂ ਜਨਰਲ ਕਮਾਲ ਪਾਸ਼ਾ ਨੇ ਵੀ ਮੂੰਹ ਤੋੜ ਜਵਾਬ ਦਿੱਤਾ। ਮਹੀਨਿਆਂ-ਬੱਧੀ ਇਹ ਜੰਗ ਚਲਦੀ ਰਹੀ। ਬਰਤਾਨੀਆ, ਫਰਾਂਸ ਦੇ ਢਾਈ ਲੱਖ ਫੌਜੀ ਮਾਰੇ ਗਏ। ਤੁਰਕੀ ਦੇ ਕੋਈ ਡੇਢ ਲੱਖ, ਪਰ ਕਮਾਲ ਪਾਸ਼ਾ ਨੇ ਜਿੱਤ ਪ੍ਰਾਪਤ ਕਰਕੇ ਤੁਰਕਾਂ ਦੇ ਮਨ ਵਿਚ ਨਾਂ ਬਣਾ ਲਿਆ। ਤੁਰਕੀ ਦੀ ਇੱਜਤ ਬਚਾਉਣ ਖਾਤਰ ਲੋਕ ਸੁਲਤਾਨ ਨੂੰ ਛੱਡ ਕੇ ਕਮਾਲ ਪਾਸ਼ਾ ਦੇ ਸ਼ਰਧਾਲੂ ਬਣ ਗਏ।

ਮੁਲਕ ਦਾ ਇਤਿਹਾਸ ਦੱਸਦਿਆਂ ਮਿਰੀਅਮ ਨੇ ਕਿਹਾ ਕਿ ਤੇਰ੍ਹਵੀਂ ਸਦੀ ਤੋਂ ਤੁਰਕ ਕਬੀਲਿਆਂ ਨੂੰ ਇਕੱਠੇ ਕਰਕੇ 'ਔਟੋਮਨ ਸਾਮਰਾਜ' ਦੀ ਸ਼ੁਰੂਆਤ ਹੋਈ। 1453 ਵਿਚ ਇਸਾਈ ਬਾਦਸ਼ਾਹ ਕੌਨਸਟੈਂਟਾਈਨ ਨੂੰ ਹਰਾ ਕੇ ਤੁਰਕਾਂ ਦਾ ਪਲੜਾ ਬਹੁਤ ਭਾਰੀ ਹੋ ਗਿਆ ਪਰ ਮੁਲਕ ਦੇ ਸਿਆਸੀ ਅਤੇ ਵਿਦਿਅਕ ਢਾਂਚਿਆਂ ਦੀ ਬਣਤਰ ਇਸ ਤਰ੍ਹਾਂ ਦੀ ਸੀ ਕਿ ਦੇਸ਼ ਇਨ੍ਹਾਂ ਜਿੱਤਾਂ ਦੇ ਬਾਵਜੂਦ ਤਰੱਕੀ ਦੇ ਰਾਹ ਨਾ ਪੈ ਸਕਿਆ। ਮੁਲਕ ਦਾ ਬਾਦਸ਼ਾਹ ਸੁਲਤਾਨ ਸਾਰੇ ਇਸਲਾਮੀ ਜਗਤ ਦਾ ਮੁਖੀਆ ਖਲੀਫਾ ਵੀ ਸੀ। ਇਸ ਕਰਕੇ ਦੇਸ਼ ਦੀ ਸਾਰੀ ਰਾਜਨੀਤੀ, ਸਮਾਜੀ ਪਰੰਪਰਾਵਾਂ, ਸਭਿਆਚਾਰ ਅਤੇ ਵਿਦਿਆ ਦੇ ਖੇਤਰਾਂ ਵਿਚ ਮਜ਼ਹਬ ਦਾ ਗਲਬਾ ਰਿਹਾ। ਸੈਕੂਲਰ ਸੋਚ, ਯੂਨੀਵਰਸਿਟੀਆਂ ਵਿਚ ਤਕਨੀਕੀ ਖੋਜ ਉਤੇ ਮਜ਼ਹਬੀ ਪਾਬੰਦੀਆਂ ਨੇ ਗਿਆਨ-ਵਿਗਿਆਨ ਨੂੰ ਅੱਗੇ ਨਾ ਵਧਣ ਦਿੱਤਾ।



ਅੰਕਾਰਾ ਸ਼ਹਿਰ ਦਾ ਇਕ ਨਜ਼ਾਰਾ।

ਪੰਦਰ੍ਹਵੀਂ-ਸੋਲ੍ਹਵੀਂ ਸਦੀ ਤੀਕ ਤੁਰਕੀ ਹਿਸਾਬ, ਨਛੱਤਰ ਵਿਦਿਆ ਅਤੇ ਹਿਕਮਤ ਦੇ ਖੇਤਰਾਂ ਵਿਚ ਯੂਰਪ ਨਾਲੋਂ ਅੱਗੇ ਸੀ। ਤੁਰਕੀ ਦੇ ਸੁਲਤਾਨਾਂ ਦੀਆਂ ਲਾਇਬ੍ਰੇਰੀਆਂ ਗਿਆਨ ਦੇ ਭੰਡਾਰ ਸਨ। ਯੂਰਪੀ ਵਿਦਵਾਨ ਇਨ੍ਹਾਂ ਲਾਇਬ੍ਰੇਰੀਆਂ ਵਿਚ ਪੜ੍ਹਨ ਆਉਂਦੇ ਪਰ ਤੁਰਕੀ ਦੇ ਆਪਣੇ ਅੰਦਰ ਵਿਦਿਅਕ ਢਾਂਚਾ ਮਦਰੱਸਿਆਂ ਦੇ ਕੰਟਰੋਲ ਵਿਚ ਹੀ ਸੀਮਤ ਹੋ ਗਿਆ।

ਸਤਾਰ੍ਹਵੀਂ-ਅਠਾਰ੍ਹਵੀਂ ਸਦੀ ਵਿਚ ਸੁਲਤਾਨ ਸਲੀਮ-ਤੀਜੇ ਨੇ ਮੁੱਲਾਂ-ਮੁਲਾਣਿਆਂ ਦੇ ਵਿਰੋਧ ਦੇ ਬਾਵਜੂਦ ਦੇਸ਼ ਵਿਚ ਪੱਛਮੀ ਵਿਦਿਆ ਸ਼ੁਰੂ ਕਰਨ ਦੀ ਕੋਸ਼ਿਸ਼ ਕੀਤੀ ਪਰ ਉਹਨੂੰ ਮਜਬੂਰ ਕਰ ਦਿੱਤਾ ਗਿਆ ਅਤੇ ਉਹ ਆਪਣਾ ਤਖਤ ਛੱਡ ਗਿਆ। ਇਹੋ ਹਾਲ ਸੁਲਤਾਨ ਮਹਿਮਤ-ਦੂਜੇ ਦਾ ਹੋਇਆ।

ਅਠਾਰ੍ਹਵੀਂ ਸਦੀ ਤੀਕ ਇਹ ਸਾਮਰਾਜ ਐਨਾ ਵੱਡਾ ਹੋ ਗਿਆ ਕਿ ਇਹਨੂੰ ਸਾਂਭਣਾ ਔਖਾ ਹੋ ਗਿਆ। ਇਸ ਸਾਮਰਾਜ ਵਿਚ ਮੁਸਲਮਾਨਾਂ ਤੋਂ ਬਿਨਾ ਇਸਾਈ, ਯਹੂਦੀ ਅਤੇ ਉਤਰੀ ਅਫਰੀਕਾ ਦੇ ਕਈ ਕਬੀਲੇ ਰਹਿੰਦੇ ਸਨ। ਤੁਰਕੀ ਦੇ ਸੁਲਤਾਨ ਇਸ ਨੂੰ ਕਿਸੇ ਸਾਂਝੇ ਮਿਸ਼ਨ ਵਿਚ ਇਕੱਠੇ ਨਾ ਕਰ ਸਕੇ। ਧੱਕੇ ਅਤੇ ਜ਼ੁਲਮ ਨਾਲ ਦੂਜੇ ਮਜ਼ਹਬਾਂ 'ਤੇ ਪਾਬੰਦੀਆਂ ਲਾ ਕੇ ਕੰਮ ਚਲਾਉਂਦੇ ਰਹੇ। ਇਸ ਕਰਕੇ ਜਿਵੇਂ ਰੋਮਨ ਸਾਮਰਾਜ ਦਾ ਹਸ਼ਰ ਹੋਇਆ, ਤਿਵੇਂ ਤੁਰਕ ਸਾਮਰਾਜ ਦਾ ਹੋਇਆ। ਇਨ੍ਹਾਂ ਵਖਰੇਵਿਆਂ ਤੇ ਵਿਰੋਧਾਂ ਕਰਕੇ, ਦੂਰ ਦੇਸ਼ਾਂ ਵਿਚ ਬਗਾਵਤਾਂ ਫੈਲ ਗਈਆਂ ਜਿਸ ਨਾਲ ਉਹ ਅੰਦਰੂਨੀ ਤੌਰ 'ਤੇ ਆਪਣੇ ਹੀ ਲੋਕਾਂ ਨਾਲ ਉਲਝ ਗਿਆ। 19ਵੀਂ ਸਦੀ ਤੀਕ ਮੁਲਕ ਦੀ ਹਾਲਤ ਬਹੁਤ ਡਾਵਾਂਡੋਲ ਹੋ ਗਈ। ਉਤਰ ਵਾਲੇ ਪਾਸਿਉਂ ਆਰਮੀਨੀਆ ਅਤੇ ਜੌਰਜੀਆ ਰੂਸ ਨੇ ਮੱਲ ਲਏ। ਹੇਠਾਂ ਦੱਖਣ ਵਿਚ ਮਿਸਰ ਨੇ ਬਗਾਵਤ ਕਰਕੇ ਆਜ਼ਾਦੀ ਦਾ ਐਲਾਨ ਕਰ ਦਿੱਤਾ। ਬਾਲਕਿਨ ਦੇਸ਼ਾਂ ਵਿਚੋਂ ਬੁਲਗਾਰੀਆ, ਬੋਸਨੀਆ ਅਤੇ ਸਰਬੀਆ ਬਾਗੀ ਹੋ ਗਏ। ਯੂਨਾਨ ਪਹਿਲਾਂ ਹੀ 1823 ਵਿਚ ਤੁਰਕੀ ਨਾਲ ਖੂਨੀ ਜੰਗ ਬਾਅਦ ਆਜ਼ਾਦ ਹੋ ਚੁਕਾ ਸੀ। ਆਰਥਕ ਤੌਰ 'ਤੇ ਇਹ ਜੰਗਾਂ ਲੜਦਾ ਤੁਰਕੀ ਦੀਵਾਲੀਆ ਹੋ ਚੁਕਾ ਸੀ। ਸਾਰੀ ਦੁਨੀਆਂ ਵਿਚ ਤੁਰਕੀ ਨੂੰ 'ਬਿਮਾਰ ਦੇਸ਼' (ਸਿੱਕ ਮੈਨ ਆਫ ਯੂਰਪ) ਕਹਿਣ ਲੱਗ ਪਏ ਸਨ। ਨਿਘਾਰ ਦੇ ਇਨ੍ਹਾਂ ਹਾਲਾਤ ਵਿਚ ਕਮਾਲ ਪਾਸ਼ਾ ਬਹਾਦਰੀ ਅਤੇ ਦੇਸ਼ਭਗਤੀ ਦਿਖਾ ਕੇ ਮੁਲਕ ਦਾ ਰਾਸ਼ਟਰਪਿਤਾ ਬਣ ਗਿਆ।

ਪਹਿਲੀ ਸੰਸਾਰ ਜੰਗ ਵਿਚ ਸੁਲਤਾਨ ਦਾ ਅਕਸ ਸਿਫਰ ਹੋ ਗਿਆ। ਆਪਣਾ ਤਖਤ ਜਾਂਦਾ ਦੇਖ ਕੇ ਉਹ ਮੁਲਕ ਦੇ ਸਭ ਤੋਂ ਵੱਡੇ 'ਦੁਸ਼ਮਣ' ਬਰਤਾਨੀਆ ਦੀ ਸ਼ਰਨ ਵਿਚ ਚਲਾ ਗਿਆ। ਇਕ ਦਿਨ ਮਹਿਲ ਦੇ ਪਿਛਲੇ ਪਾਸਿਉਂ ਐਂਬੂਲੈਂਸ ਵਿਚ ਬਹਿ ਕੇ ਬਰਤਾਨਵੀ ਜਹਾਜ ਰਾਹੀਂ ਮਾਲਟਾ ਭੱਜ ਗਿਆ। ਲੋਕਾਂ ਵਿਚ ਹਾਹਾਕਾਰ ਮੱਚ ਗਈ ਕਿ ਸੁਲਤਾਨ ਪਿੱਠ ਦਿਖਾ ਗਿਆ ਹੈ। ਲੋਕਾਂ ਦਾ ਗੁੱਸਾ ਤਾੜ ਕੇ ਕਮਾਲ ਪਾਸ਼ਾ ਨੇ ਸੁਲਤਾਨੀਅਤ ਖਤਮ ਕਰਕੇ ਦੇਸ਼ ਨੂੰ 'ਸੈਕੂਲਰ ਰਿਪਬਲਿਕ' ਵਿਚ ਤਬਦੀਲ ਕਰ ਦਿੱਤਾ। ਕੁਝ ਸਮੇਂ ਮਗਰੋਂ ਖਲੀਫੇ ਦਾ ਰੁਤਬਾ ਵੀ ਖਤਮ ਕਰ ਦਿੱਤਾ। ਸੁਲਤਾਨ ਦੇ ਭੱਜਣ ਮਗਰੋਂ ਲੋਕ ਸੁਲਤਾਨ ਨੂੰ 'ਗੱਦਾਰ' ਸਮਝਦੇ ਸਨ। ਇਨ੍ਹਾਂ ਹਾਲਾਤ ਵਿਚ ਲੋਕ ਅੱਤਾਤੁਰਕ ਦਾ ਸਭ ਕੁਝ ਕਿਹਾ-ਕੀਤਾ ਸਵੀਕਾਰ ਕਰਨ ਲੱਗ ਪਏ।

ਅੱਤਾਤੁਰਕ ਨੇ ਆਪਣਾ ਦਫਤਰ ਆਂਕਰਾ ਰੇਲਵੇ ਸਟੇਸ਼ਨ 'ਤੇ ਖੜ੍ਹੀ ਗੱਡੀ ਦੇ ਚਾਰ ਡੱਬਿਆਂ ਵਿਚ ਹੀ ਬਣਾਈ ਰੱਖਿਆ। ਤੁਰਕੀ ਦੀ ਭੈੜੀ ਹਾਲਤ ਦਾ ਉਹਦੇ ਮਨ 'ਤੇ ਬਹੁਤ ਗਹਿਰਾ ਸਦਮਾ ਸੀ। ਉਹਨੇ ਹਾਲੇ ਵਿਆਹ ਨਹੀਂ ਸੀ ਕਰਾਇਆ। ਇਕੱਲਾ ਰਹਿੰਦਾ ਰੇਲਗੱਡੀ ਦੇ ਡੱਬੇ ਵਿਚ ਆਪਣੇ ਦਫਤਰ, ਆਪਣੇ ਸੌਣ ਵਾਲੇ ਕਮਰੇ ਵਿਚ ਇਤਿਹਾਸ ਦੀਆਂ ਕਿਤਾਬਾਂ ਪੜ੍ਹਦਾ ਰਹਿੰਦਾ ਤਾਂ ਕਿ ਉਹਨੂੰ ਕੁਝ ਚਾਨਣ ਹੋ ਸਕੇ ਕਿ ਇਹ ਭਾਣਾ ਕਿਉਂ ਵਰਤ ਗਿਆ। ਤੁਰਕੀ ਦਾ ਐਡਾ ਵੱਡਾ ਸਾਮਰਾਜ ਕਿਉਂ ਡਿੱਗ ਪਿਆ? ਇਹਦੇ ਵਿਚ ਕੀ ਕਮੀਆਂ ਸਨ? ਅੱਗੇ ਭਵਿੱਖ ਲਈ ਉਹ ਦੇਸ਼ ਲਈ ਕਿਹੜਾ ਰਾਹ ਚੁਣੇ। ਉਹਦੇ ਨਾਲ ਦੇ ਫੌਜੀ ਅਫਸਰ ਉਹਨੂੰ ਮੌਜ-ਮੇਲੇ ਤੇ ਖਾਣ-ਪੀਣ ਲਈ ਉਤਸ਼ਾਹਿਤ ਕਰਦੇ ਪਰ ਉਹਦੇ ਲਈ ਇਕੋ ਹੀ ਚਿੰਤਾ ਸੀ: ਦੇਸ਼ ਨੂੰ ਇਸ ਜਿੱਲ੍ਹਣ ਵਿਚੋਂ ਕਿਵੇਂ ਕੱਢੇ?

ਉਹਦੀ ਪੜ੍ਹਾਈ ਅਤੇ ਸੋਚ ਨਾਲ ਉਹਦਾ ਦਿਲ-ਦਿਮਾਗ ਸਪਸ਼ਟ ਹੋਣਾ ਸ਼ੁਰੂ ਹੋ ਗਿਆ। ਤੁਰਕੀ ਦੇ ਇਤਿਹਾਸ ਦੇ ਉਤਰਾ-ਚੜ੍ਹਾ ਦੇ ਵਰਨਣ ਅਤੇ ਅੱਤਾਤੁਰਕ ਦੇ ਰੋਲ ਬਾਰੇ ਸਾਡੇ ਮਨ ਵਿਚ ਉਤਸੁਕਤਾ ਪੈਦਾ ਹੋਣੀ ਲਾਜ਼ਮੀ ਸੀ। ਅੱਤਾਤੁਰਕ ਦੇ ਸਮਾਰਕ ਮੂਹਰੇ ਸਿਰ ਝੁਕਾਇਆ। ਸਮਾਰਕ ਵਾਲੀ ਥਾਂ 'ਤੇ ਅਜਾਇਬਘਰ ਵੀ ਬਣਾਇਆ ਹੋਇਆ ਹੈ, ਜਿਥੇ ਅੱਤਾਤੁਰਕ ਦੇ ਜੀਵਨ ਅਤੇ ਕਾਰਨਾਮਿਆਂ ਬਾਰੇ ਪੱਕੀ ਨੁਮਾਇਸ਼ ਲੱਗੀ ਹੋਈ ਹੈ। ਸੈਲਾਨੀਆਂ ਨੂੰ ਉਹਦੇ ਜੀਵਨ ਅਤੇ ਫੌਜੀ ਜਿੱਤਾਂ ਬਾਰੇ ਫਿਲਮ ਵੀ ਦਿਖਾਈ ਜਾਂਦੀ ਹੈ। ਵੱਡੀ ਲਾਇਬ੍ਰੇਰੀ ਵੀ ਹੈ, ਜਿਥੇ ਉਹਦੇ ਜੀਵਨ ਬਾਰੇ ਕਈ ਪੁਸਤਕਾਂ ਅਤੇ ਰਿਸਰਚ ਪੇਪਰ ਮਿਲਦੇ ਹਨ। ਅਸੀਂ ਵੀ ਇਕ ਪੁਸਤਕ ਖਰੀਦੀ ਜਿਸ ਦਾ ਨਾਂ 'ਅੱਤਾਤੁਰਕ' ਸੀ ਅਤੇ ਇਹਦਾ ਲੇਖਕ ਸੀ-ਜਾਰਜ ਬਲੈਂਸੋ ਵਿਲਾਲਤਾ। ਇਹ ਪੁਸਤਕ ਮੂਲ ਰੂਪ ਵਿਚ ਸਪੇਨੀ ਭਾਸ਼ਾ ਵਿਚ ਲਿਖੀ ਗਈ ਸੀ ਅਤੇ ਅੰਗਰੇਜ਼ੀ ਵਿਚ ਅਨੁਵਾਦ ਵਿਲੀਅਮ ਕੈਂਪਬੈਲ ਨੇ ਕੀਤਾ।

ਪੁਸਤਕ ਪੜ੍ਹਨ ਨਾਲ ਅੱਤਾਤੁਰਕ ਦੇ ਜੀਵਨ ਅਤੇ ਉਹਦੇ ਮੰਤਵ ਬਾਰੇ ਖੂਬ ਜਾਣਕਾਰੀ ਮਿਲਦੀ ਹੈ। ਅੱਤਾਤੁਰਕ ਤੁਰਕਾਂ ਲਈ ਦੇਸ਼ ਦਾ ਰਾਖਾ, ਰਹਿਬਰ ਬਣ ਚੁਕਾ ਸੀ। ਇਸ ਕਰਕੇ ਦੇਸ਼ ਦੀ ਹਰ ਪਾਰਟੀ, ਹਰ ਧਾਰਮਿਕ ਸੰਸਥਾ ਨੇ ਉਹਨੂੰ ਬੇਨਤੀ ਕੀਤੀ ਕਿ ਉਹ ਤੁਰਕੀ ਦਾ ਨਵਾਂ ਸੁਲਤਾਨ ਅਤੇ ਖਲੀਫਾ ਬਣਨਾ ਪ੍ਰਵਾਨ ਕਰੇ। ਤੁਰਕੀ ਤੋਂ ਬਾਹਰਲੇ ਮੁਲਕਾਂ ਦੇ ਮੁਸਲਮਾਨਾਂ ਨੇ ਵੀ ਇਸ ਬੇਨਤੀ ਦੀ ਹਮਾਇਤ ਕੀਤੀ। ਭਾਰਤੀ ਮੁਸਲਮਾਨਾਂ ਦਾ ਵਫਦ ਵੀ ਤੁਰਕੀ ਗਿਆ ਅਤੇ ਇਹੋ ਬੇਨਤੀ ਕੀਤੀ ਪਰ ਅੱਤਾਤੁਰਕ ਨਾ ਮੰਨਿਆ।

ਅੱਤਾਤੁਰਕ ਸਿਰਫ ਫੌਜੀ ਜਰਨੈਲ ਨਹੀਂ ਸੀ, ਨਾ ਹੀ ਉਹ ਨਵੇਂ ਰਿਪਬਲਿਕ ਦਾ ਸਿਰਫ ਪ੍ਰਧਾਨ ਸੀ, ਉਹਦੇ ਜੀਵਨ ਦਾ ਮਨੋਰਥ ਹੁਣ ਇਹ ਸੀ ਕਿ ਉਹ ਤੁਰਕੀ ਦੇ ਤਨ, ਮਨ ਅਤੇ ਆਤਮਾ ਨੂੰ ਬੁਨਿਆਦੀ ਤੌਰ 'ਤੇ ਧੋ ਦੇਵੇ। ਨਵਾਂ ਦੇਸ਼ ਸਿਰਜੇ। ਉਹ ਵੱਡਾ ਸੁਧਾਰਕ ਸੀ। ਉਹਨੇ ਆਪਣੇ ਸਾਰੇ ਸੁਧਾਰਾਂ ਦੀ ਤਿਆਰੀ ਕੀਤੀ ਹੋਈ ਸੀ। ਉਹਨੇ ਰੂਸ ਦੇ ਜ਼ਾਰ ਬਾਦਸ਼ਾਹ ਪੀਟਰ ਦਿ ਗਰੇਟ ਅਤੇ ਕੈਥਰੀਨ ਦਿ ਗਰੇਟ ਦੀਆਂ ਜੀਵਨੀਆਂ ਪੜ੍ਹੀਆਂ ਹੋਈਆਂ ਸਨ। ਉਹਨੂੰ ਉਤਸ਼ਾਹ ਮਿਲਦਾ ਸੀ ਕਿ ਇਨ੍ਹਾਂ ਦੋਹਾਂ ਬਾਦਸ਼ਾਹਾਂ ਨੇ ਰੂਸ ਦੀ ਢਹਿੰਦੀ ਰਾਜਸੀ ਅਤੇ ਆਰਥਕ ਸ਼ਕਤੀ ਨੂੰ ਕਿਵੇਂ ਸੁਰਜੀਤ ਕੀਤਾ। ਮੁਲਕ ਦੀ ਵਿਦਿਆ ਅਤੇ ਸਭਿਆਚਾਰ ਦੀ ਕਿਵੇਂ ਮੁੜ ਉਸਾਰੀ ਕੀਤੀ।

ਤੁਰਕੀ ਵਿਚ ਸੁਧਾਰਾਂ ਬਾਰੇ ਉਹ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਜਾ ਕੇ ਤਕਰੀਰਾਂ ਕਰਦਾ। ਲੋਕਾਂ ਦੇ ਸਵਾਲਾਂ ਅਤੇ ਸ਼ੰਕਿਆਂ ਦਾ ਜਵਾਬ ਦਿੰਦਾ। ਅੱਤਾਤੁਰਕ ਹੁਣ ਲੋਕਾਂ ਦਾ ਅਧਿਆਪਕ (ਗਾਜ਼ੀ) ਵੀ ਬਣ ਚੁਕਾ ਸੀ। ਤਾਹੀਉਂ ਲੋਕ ਉਹਨੂੰ ਅੱਤਾਤੁਰਕ ਵੀ ਕਹਿੰਦੇ ਤੇ ਗਾਜ਼ੀ ਵੀ। ਉਹਦੀਆਂ ਤਕਰੀਰਾਂ ਦੀ ਪੁਸਤਕ ਲੱਖਾਂ ਦੀ ਗਿਣਤੀ ਵਿਚ ਛਾਪ ਕੇ ਲੋਕਾਂ ਵਿਚ ਵੰਡੀ ਗਈ। ਇਸ ਦਾ ਨਾਂ 'ਨੁਤੁਤ' (NUTUT) ਹੈ, ਇਸ ਦਾ ਮਤਲਬ ਹੈ, 'ਤਕਰੀਰ'। ਇਹਦਾ ਕਈ ਭਾਸ਼ਾਵਾਂ ਵਿਚ ਅਨੁਵਾਦ ਕੀਤਾ ਗਿਆ ਹੈ। ਇਸ ਪੁਸਤਕ ਵਿਚ ਉਹਨੇ ਤੁਰਕੀ ਦੇ ਪੁਰਾਤਨ ਇਤਿਹਾਸ ਤੋਂ ਲੈ ਕੇ ਆਧੁਨਿਕ ਸਮਿਆਂ ਦੀ ਗੱਲ ਕੀਤੀ ਹੈ। ਆਪਣੇ ਸੁਧਾਰਾਂ ਬਾਰੇ ਸਿਫਾਰਸ਼ਾਂ ਵੀ ਲੋਕਾਂ ਸਾਹਮਣੇ ਰੱਖੀਆਂ ਤਾਂ ਕਿ ਉਨ੍ਹਾਂ ਨੂੰ ਦੇਸ਼ ਦੇ ਨਵ-ਨਿਰਮਾਣ ਵਾਸਤੇ ਉਤਸ਼ਾਹਿਤ ਕਰ ਸਕੇ ਅਤੇ ਨਾਲ ਤੋਰ ਸਕੇ।

ਜਿੰਨਾ ਮੈਂ ਉਹਦੀ ਕਿਤਾਬ ਅਤੇ ਤਕਰੀਰਾਂ ਪੜ੍ਹਦਾ, ਮਹਿਸੂਸ ਹੁੰਦਾ ਕਿ ਇਹ ਸਿਰਫ ਤੁਰਕੀ ਦੇ ਲੋਕਾਂ ਲਈ ਹੀ ਨਹੀਂ। ਉਹਦੇ ਵਿਚਾਰਾਂ ਦੀ ਮਹੱਤਤਾ ਹਰ ਪਿਛੜੇ ਹੋਏ ਦੇਸ਼ ਵਾਸਤੇ ਓਨੀ ਹੀ ਹੈ, ਜਿਨ੍ਹਾਂ ਉਤੇ ਯੂਰਪੀਨਾਂ ਨੇ ਰਾਜ ਕਰਕੇ ਲੁੱਟਿਆ। ਇਹੋ ਜਿਹੇ ਲੁੱਟੇ ਹੰਭੇ ਦੇਸ਼ਾਂ ਵਿਚ ਆਜ਼ਾਦੀ ਸਿਰਫ ਯੂਰਪੀਨ ਤਾਕਤਾਂ ਨੂੰ ਬਾਹਰ ਕੱਢਣ ਨਾਲ ਨਹੀਂ ਆਉਣੀ। ਇਨ੍ਹਾਂ ਦੇਸ਼ਾਂ ਦੇ ਨਵ-ਨਿਰਮਾਣ ਵਾਸਤੇ ਜ਼ਰੂਰੀ ਹੈ ਕਿ ਸਦੀਆਂ ਪੁਰਾਣੇ ਬੋਡੇ ਹੋਏ ਸਿਆਸੀ, ਆਰਥਕ ਅਤੇ ਸਭਿਆਚਾਰਕ ਢਾਂਚੇ ਬਦਲੇ ਜਾਣ। ਰੂਸ ਦੇ ਜ਼ਾਰ ਬਾਦਸ਼ਾਹਾਂ ਦਾ ਵੀ ਇਹੀ ਫੈਸਲਾ ਸੀ। ਗਾਜ਼ੀ ਵੀ ਇਸ ਫੈਸਲੇ 'ਤੇ ਪਹੁੰਚਿਆ।

(ਚਲਦਾ)

# ਮਿਨੀ ਕਹਾਣੀਆਂ

## ਡਾਲਰ ਦੀ ਕੀਮਤ

ਘਰ ਦੇ ਸੋਗਮਈ ਮਾਹੌਲ ਅਤੇ ਆਏ-ਗਏ ਦੇ ਸਵਾਲਾਂ ਤੋਂ ਮਨ ਪਾਸੇ ਕਰਨ ਲਈ ਅਨਮੋਲ ਖੇਤਾਂ ਵੱਲ ਨੂੰ ਆ ਗਿਆ। ਖੇਤਾਂ ਦੀਆਂ ਵੱਟਾਂ ਤੋਂ ਤੁਰਦਿਆਂ-ਤੁਰਦਿਆਂ ਉਹ ਨਿੰਮ ਥੱਲੇ ਆ ਬੈਠਾ। ਉਸ ਨੂੰ ਯਾਦ ਆਇਆ ਕਿ ਕਿਵੇਂ ਉਸ ਦੇ ਪਿਤਾ ਨੈਬ ਸਿੰਘ ਨੇ ਇਹ ਖੇਤ ਗਹਿਣੇ ਰੱਖ ਉਸ ਨੂੰ ਕੈਨੇਡਾ ਤੋਰਿਆ ਸੀ। ਘਰ ਦੀ ਹਾਲਤ ਨਿਘਰਦੀ ਜਾ ਰਹੀ ਸੀ, ਬੀ. ਏ. ਕਰਨ ਪਿਛੋਂ ਕਿਸੇ ਨੌਕਰੀ ਦਾ ਤਾਂ ਕੋਈ ਮਤਲਬ ਹੀ ਨਹੀਂ ਸੀ, ਇੱਥੇ ਤਾਂ ਪੜ੍ਹੇ ਲਿਖਿਆਂ ਦੀ ਫੌਜ ਫਿਰਦੀ ਸੀ। ਆਖਰ ਦਿਲ 'ਤੇ ਪੱਥਰ ਰੱਖ ਜਮੀਨ ਗਹਿਣੇ ਪਾ ਉਸ ਨੂੰ ਕੈਨੇਡਾ ਤੋਰ ਦਿੱਤਾ ਸੀ।

ਅਨਮੋਲ ਨੇ ਵੀ ਦਿਲ ਲਾ ਕੇ ਮਿਹਨਤ ਕੀਤੀ। ਕੁਝ ਸਮੇਂ ਵਿਚ ਹੀ ਗਹਿਣੇ ਰੱਖੀ ਜਮੀਨ ਛੁਡਾ ਲਈ ਅਤੇ ਕੁਝ ਹੋਰ ਖਰੀਦ ਵੀ ਲਈ ਸੀ। ਉਸ ਦਾ ਪਿਉ ਨੈਬ ਸਿੰਘ ਆਪਣੇ ਆਪ ਨੂੰ ਭਾਗਾਂ ਵਾਲਾ ਸਮਝਦਾ ਜੋ ਪੁੱਤ ਨੇ ਵਸਣ ਜੋਗੇ ਕਰ ਦਿੱਤਾ ਸੀ। ਹਫਤਾ ਕੁ ਹੋਇਆ ਨੈਬ ਸਿੰਘ ਦੀ ਅਚਾਨਕ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ ਸੀ। ਅਨਮੋਲ ਪਰਸੋਂ ਹੀ ਭਾਰਤ ਆਇਆ ਸੀ, ਕੱਲ੍ਹ ਸਸਕਾਰ ਕੀਤਾ ਗਿਆ ਸੀ। ਅਨਮੋਲ ਨੂੰ ਬੈਠਿਆਂ-ਬੈਠਿਆਂ ਇੱਕ ਘਟਨਾ ਯਾਦ ਆ ਗਈ। ਉਹ ਅਜੇ ਛੇਵੀਂ-ਸੱਤਵੀਂ ਵਿਚ ਹੀ ਪੜ੍ਹਦਾ ਹੋਣਾ, ਉਸ ਦੇ ਪਿਉ ਨੇ ਇਹ ਨਿੰਮ ਸਮੇਤ ਗਾਚੀ ਕੱਢ ਕੇ ਕਿਤਿਓਂ ਲਿਆ ਕੇ ਲਾਈ ਸੀ। ਅਨਮੋਲ ਖੇਤ ਜਾਂਦਾ ਤਾਂ ਨਿੰਮ ਦੇ ਦੁਆਲੇ ਹੋਇਆ ਰਹਿੰਦਾ। ਪਾਣੀ ਪਾਉਂਦਾ, ਗੋਡੀ ਕਰਦਾ।

ਇੱਕ ਦਿਨ ਰੋਟੀ ਲੈ ਕੇ ਆਇਆ ਤਾਂ ਨਿੰਮ ਦੇ ਹੇਠਲੇ ਸਾਰੇ ਪੱਤੇ ਤੋੜ ਦਿੱਤੇ। ਜਦੋਂ ਨੈਬ ਨੇ ਆ ਕੇ ਵੇਖਿਆ ਤਾਂ ਪੁੱਛਿਆ, "ਇਹ ਕੀ ਕਰ'ਤਾ?" ਅਨਮੋਲ ਨੇ ਭੋਲੇਪਨ 'ਚ ਕਿਹਾ, "ਪਾਪਾ ਤੂੰ ਧੁੱਪੇ ਬੈਠ ਕੇ ਹੀ ਰੋਟੀ ਖਾਨਾਂ ਅਤੇ ਚਾਹ ਪੀਨਾਂ, ਮੈਂ ਪੱਤੇ ਤਾਂ ਤੋੜੇ ਆ ਤਾਂ ਜੋ ਨਿੰਮ



ਹੋਰ ਪੱਤੇ ਛੇਤੀ-ਛੇਤੀ ਕੱਢ ਕੇ ਵੱਡੀ ਹੋ ਜਾਵੇ ਤਾਂ ਜੋ ਤੈਨੂੰ ਧੁੱਪੇ ਨਾ ਬੈਠਣਾ ਪਵੇ।"

ਜਵਾਬ ਸੁਣ ਨੈਬ ਸਿੰਘ ਆਪਣੀ ਆਦਤ ਮੁਤਾਬਕ ਉੱਚੀ-ਉੱਚੀ ਹੱਸਿਆ। ਫੇਰ ਇਕਦਮ ਗੰਭੀਰ ਹੋ ਗਿਆ, "ਪੁੱਤ ਤੂੰ ਕਿੰਨਾ ਭੋਲਾ ਏਂ, ਮੈਨੂੰ ਫਿਕਰ ਰਹਿੰਦਾ ਮੇਰੇ ਬਾਅਦ ਤੇਰਾ ਕੀ ਬਣੂ, ਦੁਨੀਆਂ ਤਾਂ ਲੁੱਟਦੀ ਫਿਰਦੀ ਆ ਚੰਗੇ ਭਲਿਆਂ ਨੂੰ।"

ਅਨਮੋਲ ਨੂੰ ਆਪਣੀ ਬੁੱਕਲ ਵਿਚ ਲੈ ਲਿਆ। ਅਨਮੋਲ ਨੇ ਵੀ ਜਿਵੇਂ ਡਰ ਕੇ ਪਿਉ ਨੂੰ ਘੁੱਟ ਕੇ ਜੱਫੀ ਪਾ ਲਈ। ਨਿੰਮ ਨੂੰ ਜੱਫੀ ਪਾਈ ਕਦੋਂ ਦਾ ਖੜ੍ਹਾ ਸੀ, ਇਸ ਦਾ ਅਹਿਸਾਸ ਉਸ ਨੂੰ ਉਦੋਂ ਹੋਇਆ ਜਦੋਂ ਰਾਹ ਜਾਂਦੇ ਬੀਰੇ ਨੇ ਆਣ ਬੁਲਾਇਆ, "ਕਿਵੇਂ ਆ ਭਤੀਜ, ਤੇਰੇ ਪਿਉ ਆਲਾ ਤਾਂ ਬਹੁਤ ਮਾੜਾ ਹੋਇਆ।" ਬੀਰਾ ਉਸ ਦਾ ਮੋਢਾ ਪਲੋਸਦਾ ਬੋਲਿਆ।

"ਬਸ ਚਾਚਾ ਉਪਰ ਵਾਲੇ ਦੀ ਮਰਜੀ! ਕੀ ਕਰ ਸਕਦੇ ਆਂ।" ਅਨਮੋਲ ਨੇ ਮਸਾਂ ਹੀ ਜਵਾਬ ਦਿੱਤਾ। ਕੁਝ ਦੇਰ ਇਧਰ ਉਧਰ ਦੀਆਂ ਗੱਲਾਂ ਕਰਦੇ ਰਹੇ।

"ਸੱਚ ਭਤੀਜ ਮੈਂ ਟੈਲੀਵਿਜ਼ਨ 'ਤੇ ਸੁਣਿਆ ਸੀ ਕਿ ਡਾਲਰ ਬਹੁਤ ਮਹਿੰਗੇ ਹੁੰਦੇ ਆ। ਇੱਥੇ ਆ ਕੇ ਕਈ ਰੁਪਏ ਬਣ ਜਾਂਦੇ ਆ। ਤੈਨੂੰ ਤਾਂ ਪਤਾ ਹੋਊ।" ਬੀਰੇ ਨੇ ਗੱਲ ਬਦਲਣ ਲਈ ਪੁੱਛਿਆ।

"ਹਾਂ ਚਾਚਾ, ਮੈਨੂੰ ਤਾਂ ਚੰਗੀ ਤਰ੍ਹਾਂ ਪਤਾ ਡਾਲਰ ਦੀ ਕੀਮਤ। ਜਦੋਂ ਸਾਡੇ ਘਰ ਕੈਨੇਡਾ ਜਾਣ ਦੀ ਗੱਲ ਚੱਲੀ ਸੀ, ਸਾਰੇ ਰਿਸ਼ਤੇਦਾਰ ਮੂੰਹ ਮੋੜ ਗਏ ਸੀ, ਸ਼ਰੀਕਾਂ ਦੀਆਂ ਚੁਭਵੀਆਂ ਗੱਲਾਂ, ਕੈਨੇਡਾ ਜਾ ਕੇ ਦਿਨ ਰਾਤ ਖਾਧੇ ਧੱਕੇ, ਮਗਰੋਂ ਰੋ-ਰੋ ਮਾਂ ਦੀਆਂ ਗਾਲੀਆਂ ਅੱਖਾਂ, ਜਿਸ ਪਿਉ ਨੂੰ ਵੇਖਣ ਲਈ ਪਲ-ਪਲ ਤੜਫਦਾ ਸੀ, ਜੀ ਭਰ ਕੇ ਗੱਲਾਂ ਕਰਨ ਨੂੰ ਮਨ ਕਰਦਾ ਸੀ, ਅੱਜ ਜਦੋਂ ਆਇਆਂ ਤਾਂ ਸਾਹਮਣੇ ਉਸ ਦੀ ਮਿੱਟੀ, ਜਿਸ ਨੂੰ ਮੇਰੇ ਇੰਤਜ਼ਾਰ ਨੇ ਸਮੇਂ ਸਿਰ ਸਮੇਟਣ ਵੀ ਨਹੀਂ ਦਿੱਤਾ, ਮੁਰਦਾ ਘਰਾਂ ਵਿਚ ਰੋਲਿਆ, ਜਿਸ ਦੀ ਜੱਫੀ ਵਿਚ ਦੁਨੀਆਂ ਦਾ ਡਰ ਭੁੱਲ ਜਾਂਦਾ ਸੀ, ਅੱਜ ਹੱਥੀਂ ਸਸਕਾਰ ਕਰ ਦਿੱਤਾ। ਇਸ ਤੋਂ ਮਹਿੰਗਾ ਡਾਲਰ ਕੀ ਹੋ ਸਕਦਾ? ਬਹੁਤ ਮਹਿੰਗਾ ਏ ਡਾਲਰ, ਬਹੁਤ ਮਹਿੰਗਾ!" ਕਹਿੰਦਿਆਂ ਅਨਮੋਲ ਦਾ ਗਲਾ ਭਰ ਆਇਆ।

"ਚੰਗਾ ਭਤੀਜ ਤੇਰੀਆਂ ਪੜ੍ਹਿਆਂ ਲਿਖਿਆਂ ਵਾਲੀਆਂ ਗੱਲਾਂ ਮੇਰੀ ਸਮਝ ਤੋਂ ਬਾਹਰ ਆ, ਨਾਲੇ ਤੇਰਾ ਭਰਾ ਚਾਹ ਨੂੰ ਉਡੀਕਦਾ ਹੋਣਾ।" ਅਨਮੋਲ ਨਿੰਮ ਨੂੰ ਜੱਫੀ ਪਾਈ ਡਾਲਰ ਦੀ ਕੀਮਤ ਦਾ ਅੰਦਾਜ਼ਾ ਲਾਉਣ ਲੱਗਾ।

-ਗੁਰਮੀਤ ਸਿੰਘ ਮਰਾੜ੍ਹ
ਫੋਨ: 91-95014-00397

---

## ਜਗਸੀਰ

ਮਾਰਚ ਮਹੀਨੇ ਦਾ ਅਖੀਰ ਸੀ। ਦੋ-ਚਾਰ ਦਿਨਾਂ ਵਿਚ ਨਤੀਜਾ ਐਲਾਨ ਹੋਣ ਪਿੱਛੋਂ ਨਵਾਂ ਸੈਸ਼ਨ ਸ਼ੁਰੂ ਹੋਣ ਵਾਲਾ ਸੀ। ਮੇਰੇ ਕੋਲ ਜਗਸੀਰ ਨਾਂ ਦੇ ਮੁੰਡੇ ਦੀ ਮਾਂ ਅਤੇ ਭੈਣ ਆ ਕੇ ਗੱਲਾਂ ਕਰਨ ਲੱਗ ਪਈਆਂ।

ਜਗਸੀਰ ਗੋਰੇ ਰੰਗ ਦਾ, ਮੋਟੀਆਂ-ਮੋਟੀਆਂ ਅੱਖਾਂ ਵਾਲਾ, ਗਲ 'ਚ ਕਾਲੇ ਧਾਗੇ ਵਿਚ ਤਵੀਤ ਵਾਲਾ ਸਾਊ ਮੁੰਡਾ ਸੀ ਪਰ ਪੜ੍ਹਨ ਨੂੰ ਢਿੱਲਾ ਸੀ। ਉਸ ਦੀ ਭੈਣ ਨੇ ਦੱਸਿਆ, "ਅਸੀਂ ਆਪਣੇ ਭਰਾ ਦਾ ਮੂੰਹ ਮਸਾਂ ਪੰਜ ਭੈਣਾਂ ਬਾਅਦ ਦੇਖਿਆ। ਇਸ ਦਾ ਨਾਂ ਜਗਸੀਰ ਰੱਖਿਆ, ਸਾਡੀ ਵੀ ਜੱਗ 'ਚ ਸਾਂਝ ਬਣੀ।"

ਕਹਿਣ ਲੱਗੀ, "ਮੈਂ ਵਿਆਹ ਨਹੀਂ ਕਰਾਉਣਾ। ਆਪਣੇ ਭਰਾ ਨੂੰ ਪੜ੍ਹਾ-ਲਿਖਾ ਕੇ ਇਹਦਾ ਵਿਆਹ ਕਰੂੰ ਤੇ ਇਹਦੇ ਬੱਚਿਆਂ ਨੂੰ ਬਹੁਤ ਪੜ੍ਹਾਊਂਗੀ।"

ਮੈਂ ਉਸ ਦੀ ਗੱਲ ਟੋਕ ਕੇ ਕਿਹਾ, "ਬਈ ਤੈਨੂੰ ਆਪਣਾ ਵਿਆਹ ਕਰਵਾ ਲੈਣਾ ਚਾਹੀਦਾ। ਤੇਰਾ ਭਰਾ-ਭਰਜਾਈ ਆਪੇ ਆਪਣੇ ਬੱਚੇ ਪਾਲਣਗੇ, ਪੜ੍ਹਾਉਣਗੇ। ਜੇ ਤੈਨੂੰ ਲੱਗਿਆ ਕਿਸੇ ਮਦਦ ਦੀ ਲੋੜ ਹੈ ਤਾਂ ਕਰ ਦੇਵੀਂ।"

ਮੈਂ ਉਸ ਦੀ ਮਾਂ ਨੂੰ ਵੀ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਇਹ ਗਲਤੀ ਨਾ ਕਰਨ। ਉਹ ਕਹਿੰਦੀ, "ਇਹ ਮੰਨਦੀ ਨਹੀਂ, ਅਸੀਂ ਤਾਂ ਆਪ ਬਥੇਰਾ ਕਹਿ ਕੇ ਦੇਖ ਲਿਆ। ਤੇਈ ਸਾਲ ਦੀ ਹੋ'ਗੀ।"

ਮੈਂ ਉਨ੍ਹਾਂ ਦੇ ਪਿੰਡ ਦੀ ਹੀ ਇੱਕ ਹੋਰ ਔਰਤ ਬਾਰੇ ਦੱਸਿਆ ਕਿ ਉਸ ਦਾ ਹਾਲ ਦੇਖ, ਨਾਲੇ ਉਹ ਤਾਂ ਟੀਚਰ ਸੀ। ਪਰ ਕੁੜੀ ਤਾਂ ਭਰਾ ਦੇ ਪਿਆਰ ਵਿਚ ਪੈਰਾਂ ਤੋਂ ਸਿਰ ਤੱਕ ਡੁੱਬੀ, ਮੇਰੇ ਸਾਹਮਣੇ ਕੁਰਬਾਨੀ ਦੀ ਮੂਰਤ ਬਣੀ ਖੜ੍ਹੀ ਸੀ। ਮੈਂ ਅਵਾਕ ਉਸ ਦੇ ਮੂੰਹ ਵੱਲ ਦੇਖ ਦੇਖ ਹੈਰਾਨ ਹੋ ਰਹੀ ਸਾਂ। ਮੇਰੇ ਦਿਮਾਗ ਵਿਚ ਉਸ ਦੇ ਭਰਾ ਦਾ ਨਾਂ ਜਗਸੀਰ, ਜੋ ਰੋਜ ਹਾਜ਼ਰੀ ਵੇਲੇ ਮੈਂ ਬੋਲਦੀ ਸਾਂ, ਆਮ ਦੀ ਥਾਂ ਖਾਸ ਹੋ ਕੇ ਘੁੰਮਣ ਲੱਗਾ।

-ਦਵਿੰਦਰ ਕੌਰ

ਕਹਾਣੀ

# ਮੜ੍ਹੀਆਂ ਤੋਂ ਦੂਰ

*ਲੰਮਾ ਸਮਾਂ ਇੰਗਲੈਂਡ ਵਿਚ ਗੁਜ਼ਾਰਨ ਵਾਲੇ ਲੇਖਕ ਮਰਹੂਮ ਰਘੁਬੀਰ ਢੰਡ ਨੇ ਪੰਜਾਬੀ ਸਾਹਿਤ ਨੂੰ ਕਈ ਯਾਦਗਾਰੀ ਕਹਾਣੀਆਂ ਦਿੱਤੀਆਂ ਹਨ। ਇਹ ਕਹਾਣੀਆਂ ਉਸ ਦੇ ਆਪਣੇ ਸੁਭਾਅ ਵਾਂਗ ਹੀ ਬੜੀਆਂ ਦਾਨੀਆਂ-ਬੀਨੀਆਂ ਹਨ। 'ਮੜ੍ਹੀਆਂ ਤੋਂ ਦੂਰ' ਵਿਚ ਉਸ ਨੇ ਪਹਿਲਿਆਂ ਵਿਚ ਵਿਦੇਸ਼ ਗਏ ਪੰਜਾਬੀਆਂ ਦਾ ਨਕਸ਼ਾ ਖਿਚਿਆ ਹੈ। ਹੁਣ ਜਦੋਂ ਪੰਜਾਬ ਦਾ ਤਕਰੀਬਨ ਹਰ ਬਾਸ਼ਿੰਦਾ ਪਰਦੇਸੀ ਜੂਨੇ ਪੈਣ ਲਈ ਪਾਸਪੋਰਟ ਹੱਥਾਂ ਵਿਚ ਲਈ ਭੱਜ-ਨੱਠ ਕਰ ਰਿਹਾ ਹੈ ਤਾਂ ਅਜਿਹੀਆਂ ਰਚਨਾਵਾਂ ਪੜ੍ਹਨ-ਗੁੜਨ ਦਾ ਆਪਣਾ ਮੁੱਲ ਹੈ। ਇਸ ਕਹਾਣੀ ਵਿਚ ਲੇਖਕ ਨੇ ਪਰਦੇਸੀ ਹਾਲਾਤ ਦਾ ਚਿੱਤਰ ਪੂਰੀ ਰੂਹ ਨਾਲ ਖਿਚਿਆ ਹੈ। -ਸੰਪਾਦਕ*



**ਰਘਬੀਰ ਢੰਡ**

ਹਾਲੀਂ ਮਸਾਂ ਨੌਂ ਵੱਜੇ ਹੋਣਗੇ ਕਿ ਟੈਲੀਫੂਨ ਦੀ ਘੰਟੀ ਵੱਜਣ ਲੱਗੀ। ਇੰਨੇ ਸਵਖਤੇ!...ਹੌਲ ਜਿਹਾ ਪੈਣ ਲੱਗਾ। ਸੁੱਖ ਹੋਵੇ-ਪਤਨੀ, ਨੂੰਹ, ਪੁੱਤ, ਧੀ ਰਾਜ਼ੀ ਖੁਸ਼ੀ ਆਪੋ-ਆਪਣੇ ਕੰਮਾਂ 'ਤੇ ਪਹੁੰਚ ਗਏ ਹੋਣ। ਨਾਸਤਿਕ ਹਾਂ-ਚਾਰਵਾਕ। ਪੱਕਾ ਪਤਾ ਵੀ ਹੈ ਕਿ ਰੱਬ-ਰੁੱਬ ਕੁਝ ਨਹੀਂ ਹੈ। ਸਿਰਫ ਅਗਿਆਨ ਤੇ ਸਵੈ-ਵਿਸ਼ਵਾਸ ਦੀ ਥੁੜ ਵਿਚੋਂ ਪੈਦਾ ਹੋਇਆ ਨੁੰਮਣਾ ਹੈ। ਫਿਰ ਵੀ ਸੰਸਕਾਰਾਂ ਦੀ ਧੁੜ ਅਜੇ ਗਹਿਰ ਵਾਂਗ ਚੜ੍ਹੀ ਹੋਣ ਕਰਕੇ, ਟੈਲੀਫੂਨ ਚੁੱਕਣ ਤੋਂ ਪਹਿਲਾਂ ਮੈਂ ਆਖਿਆ: ਸੁੱਖ ਰੱਖੀਂ! ਤੇ ਟੈਲੀਫੂਨ ਚੁੱਕ, ਦੁਨੀਆਂ ਭਰ ਦਾ ਬੋਰ, ਪਰ ਪ੍ਰਚਲਿਤ ਸ਼ਬਦ ਬੋਲਿਆ, ਹੈਲੋ!

-ਬੇਟਾ ਮੈਂ ਮਾਸੀ ਆਂ। ਤੂੰ ਮੇਰੇ ਕੋਲ ਆ ਸਕਨੈਂ?

-ਕਿਉਂ ਨੀ ਮਾਸੀ ਜੀ? ਤੁਸੀਂ ਹੁਕਮ ਕਰੋ ਤੇ ਮੈਂ ਨਾ ਆਵਾਂ! ਉਂਜ ਸੁੱਖ ਤਾਂ ਹੈ?

-ਫਿਕਰ ਵਾਲੀ ਗੱਲ 'ਤੇ ਕੋਈ ਨਹੀਂ ਬੇਟਾ। ਮੈਂ ਬਹੁਤ ਉਦਾਸ ਆਂ।

-ਬੱਸ ਹੁਣੇ ਆਇਆ।

ਆਖ ਮੈਂ ਟੈਲੀਫੂਨ ਰੱਖ ਦਿੱਤਾ। ਫਿਕਰ ਵਾਲੀ ਗੱਲ ਤਾਂ ਕੋਈ ਨਹੀਂ! ਇਹ ਗੱਲ ਮਾਸੀ, ਤੂੰ ਖੂਬ ਕਹੀ। ਕੀ ਇੰਗਲੈਂਡ ਵਿਚ ਇਸ ਤੋਂ ਵੱਡੀ ਫਿਕਰ ਵਾਲੀ ਗੱਲ ਵੀ ਕੋਈ ਹੋ ਸਕਦੀ ਹੈ ਕਿ ਕੋਈ ਬੰਦਾ ਉਦਾਸ ਹੋਵੇ? ਇਹ ਤਾਂ ਬਿਲਕੁਲ ਅਜਿਹੀ ਗੱਲ ਹੈ ਜਿਵੇਂ ਇੰਡੀਆ ਵਿਚ ਕੋਈ ਤੁਹਾਨੂੰ ਟੈਲੀਫੂਨ ਕਰੇ ਕਿ ਜੇ ਤੂੰ ਨਾ ਆਇਆ ਤਾਂ ਸਾਡੇ ਰੋਟੀ ਨਹੀਂ ਪੱਕਣੀ। ਇਹ ਵੱਖਰੀ ਗੱਲ ਹੈ ਕਿ ਜਿਹਨੂੰ ਰੋਟੀ ਦਾ ਸੰਸਾ ਹੋਵੇ, ਟੈਲੀਫੂਨ ਉਹਦੀ ਮਾਰ ਵਿਚ ਨਹੀਂ ਹੁੰਦਾ। ਰੋਟੀ ਨਾ ਪੱਕਣ ਨਾਲ ਸਰੀਰ ਮਰ ਜਾਂਦਾ ਹੈ ਤੇ ਉਦਾਸੀ ਨਾਲ ਰੂਹ ਤੜਫ ਤੜਫ ਮਰ ਜਾਂਦੀ ਹੈ। ਮੈਂ ਨਹੀਂ ਸਾਂ ਚਾਹੁੰਦਾ ਕਿ ਮਾਸੀ ਪਹਿਲਾਂ ਉਦਾਸ ਰਹਿਣ ਲੱਗੇ, ਫਿਰ ਡਾਕਟਰ ਉਸ ਨੂੰ ਟ੍ਰੈਂਕਲਾਈਜ਼ਰ 'ਤੇ ਟ੍ਰੈਂਕਲਾਈਜ਼ਰ ਦੇਵੇ ਅਤੇ ਉਹ ਪਾਗਲਾਂ ਵਾਂਗ ਟਿਕਟਿਕੀ ਬੰਨ੍ਹ ਜਿਧਰ ਵੇਖਣਾ ਸ਼ੁਰੂ ਕਰੇ, ਵੇਖਦੀ ਹੀ ਤੁਰੀ ਜਾਵੇ...ਫਿਰ ਸੱਚੀਂ-ਮੁੱਚੀਂ ਹੀ ਪਾਗਲ ਹੋ ਜਾਵੇ ਅਤੇ ਉਸ ਦਾ ਸਕਾ ਪੁੱਤਰ ਤੇ ਨੂੰਹ ਆਪਣੇ ਕੀਮਤੀ ਵਕਤ 'ਚੋਂ ਦਸ ਮਿੰਟ ਕੱਢ ਮੰਦਿਰ ਜਾਣ ਤੇ ਮਾਤਾ ਦੀ ਮੂਰਤੀ ਮੂਹਰੇ ਡੰਡੌਤ ਕਰ ਸੁੱਖ ਸੁੱਖਣ: "ਹੇ ਮਾਤਾ! ਜੇ ਤੂੰ ਸਾਡੀ ਮਾਂ ਨੂੰ ਛੇਤੀ ਤੋਂ ਛੇਤੀ ਚੁੱਕ ਲਵੇਂ ਤਾਂ ਅਸੀਂ ਪੰਜ ਸੌ ਇਕ ਪੌਂਡ ਦਾ ਮੱਥਾ ਟੇਕੀਏ। ਜ਼ਰਾ ਹਿਸਾਬ ਵੀ ਲਾ ਲੈਣਾ, ਇਹ ਰਕਮ ਰੁਪਈਆਂ ਵਿਚ ਦਸ ਹਜ਼ਾਰ ਬਣਦੀ ਐ। (ਉਦੋਂ ਇਕ ਪੌਂਡ 20 ਰੁਪਏ ਦਾ ਸੀ) ਉਂਜ ਮਾਤਾ! ਅਸੀਂ ਰੋਟੀ ਤੇ ਆਰਤੀ ਵੀ ਕਰਵਾ ਸਕਦੇ ਹਾਂ। ਇਨ੍ਹਾਂ 'ਤੇ ਕਿਹੜਾ ਰੋਕੜੀਆਂ ਲਗਦੀਆਂ ਨੇ। ਪਰ ਮਾਤਾ, ਸਾਡੇ ਕੋਲ ਤਾਂ ਇਹ ਸੋਚਣ ਦਾ ਵੀ ਵਕਤ ਨੀ ਕਿ ਅਸੀਂ ਇਨਸਾਨ ਹਾਂ ਕਿ ਉੱਲੂ। ਉਹ ਜਾਣੇ, ਇਕ ਸੌ ਇਕ ਹੋਰ ਵੀ ਜਮ੍ਹਾਂ ਕਰ ਲੈ, ਆਰਤੀ ਰੋਟੀ ਦੇ ਸਮਝ ਕੇ। ਜਦੋਂ ਸਾਡੀ ਸੁੱਖ ਪੂਰੀ ਹੋ ਗਈ, ਉਦੋਂ ਵੀ ਪਿਛੇ ਨਹੀਂ ਹਟਾਂਗੇ। ਸ਼ੇਰਾਂ ਵਾਲੀ ਮਾਤਾ, ਤੇਰੀ ਸਦਾ ਹੀ ਜੈ!"

ਮੈਂ ਤੁਰਿਆ ਜਾਂਦਾ ਮਾਸੀ ਦੀ ਉਦਾਸੀ ਦੀ ਕਲਪਨਾ ਕਰਦਾ ਆਪ ਉਦਾਸ ਹੋ ਗਿਆ।

ਮਾਸੀ ਦਾ ਪੁੱਤ ਬਲਵੰਤ ਰਾਏ ਕੁਝ ਮਹੀਨੇ ਪਹਿਲਾਂ ਜਦੋਂ ਇੰਡੀਆ ਗਿਆ ਤਾਂ ਮਾਸੀ ਯਾਨਿ ਉਹਦੀ ਮਾਂ, ਉਸ ਨੂੰ ਤੱਤੀਆਂ-ਤੱਤੀਆਂ ਸੁਣਾਉਣ ਲੱਗੀ: "ਰੁੜ੍ਹ ਜਾਣਿਆਂ! ਤੈਨੂੰ ਪੱਚੀ ਸਾਲ ਹੋ ਗਏ ਵਲਾਇਤ ਰਹਿੰਦੇ ਨੂੰ। ਦੋਵੇਂ ਕੁੜੀਆਂ ਤੇ ਮੁੰਡਾ ਵੀ ਉਥੇ ਹੀ ਜੰਮੇ ਪਲੇ ਤੇ ਜਵਾਨ ਹੋਏ। ਰੰਨ ਦਾ ਹੀ ਬਣ ਕੇ ਰਹਿ ਗਿਆ ਏਂ ਨਾ। ਲੋਕਾਂ ਦੇ ਮੁੰਡਿਆਂ ਨੇ ਆਪਣੀਆਂ ਮਾਂਵਾਂ ਕਿੰਨੀ-ਕਿੰਨੀ ਵਾਰ ਬੁਲਾਈਆਂ। ਤੈਨੂੰ ਕੋਈ ਸ਼ਰਮ ਹਯਾ ਨੀ? ਆਂਢਣਾਂ-ਗੁਆਂਢਣਾਂ ਮੈਨੂੰ ਬੋਲੀ ਮਾਰਦੀਆਂ ਨੇ। ਕੀ ਮੂੰਹ ਵਿਖਾਵਾਂ ਉਨ੍ਹਾਂ ਨੂੰ? ਮਾਂਵਾਂ ਦਾ ਕੀਤਾ ਤਾਂ ਪੁੱਤ ਸਾਰੀ ਉਮਰ ਨੀਂ ਦੇ ਸਕਦੇ। ਨੌਂ ਮਹੀਨੇ ਤੇਰਾ ਭਾਰ ਚੁੱਕਿਆ, ਜਨਮ-ਪੀੜਾਂ ਸਹੀਆਂ, ਤੇਰਾ ਗੰਦ ਹੂੰਝਿਆ, ਆਪ ਗਿੱਲੇ ਥਾਂ ਪਈ, ਤੈਨੂੰ ਸੁੱਕੇ ਥਾਂ ਪਾਇਆ। ਪਰ ਤੂੰ ਮੈਨੂੰ ਇਕ ਵਾਰ ਵੀ ਇੰਗਲੈਂਡ ਨੀ ਵਿਖਾਇਆ। ਊਂ, ਊਂ, ਊਂ!" ਉਹ ਭੁੱਬਾਂ ਮਾਰਨ ਲੱਗ ਪਈ।

ਆਪਣੀ ਮਾਂ ਦੀ ਦਰਦਨਾਕ ਖਾਹਿਸ਼ ਸੁਣ ਬਲਵੰਤ ਰਾਏ ਉਹਦੇ ਨਾਲ ਲੱਗੇ ਮੰਜੇ 'ਤੇ ਬਹਿ ਗਿਆ। ਉਹਦੀਆਂ ਅੱਖਾਂ ਪੂੰਝੀਆਂ ਤੇ ਗਲਵਕੜੀ ਪਾ ਆਖਣ ਲੱਗਾ, "ਬੀਬੀ, ਤੁਹਾਨੂੰ ਹਿੰਦੋਸਤਾਨੀਆਂ ਨੂੰ ਸਿੱਧੀ ਤੇ ਸਪੱਸ਼ਟ ਗੱਲ ਕਰਨੀ ਪਤਾ ਨੀਂ ਕਦੋਂ ਆਊ। ਇੰਜ ਘੇਰ ਕੇ ਗੱਲ ਕਰਦੇ ਹੋ ਜਿਵੇਂ ਤਮਾਖੂ ਦੇ ਖੇਤ 'ਚੋਂ ਸਹਾ ਕੱਢਣਾ ਹੋਵੇ। ਤੂੰ ਇੰਗਲੈਂਡ ਜਾਣਾ ਈ? ਬੱਸ ਗੱਲ ਖਤਮ। ਤੈਨੂੰ ਮੈਂ ਨਾਲ ਲੈ ਜਾਊਂ।"

ਤੇ ਮਾਸੀ, ਯਾਨਿ ਬਲਵੰਤ ਰਾਏ ਦੀ ਮਾਂ ਇੰਗਲੈਂਡ ਆ ਗਈ। ਹਾਂ, ਉਸ ਨੇ ਇੰਗਲੈਂਡ ਆਉਣ ਤੋਂ ਪਹਿਲਾਂ ਆਪਣੀਆਂ ਸਹੇਲੀਆਂ ਕੋਲ ਦੋਹਰ-ਤਿਹਰ ਲਾ ਦੱਸਿਆ: "ਭੈਣੇਂ ਕਿਸੇ ਦਾ ਤਾਂ ਇਕ ਅੱਧਾ ਹੋਵੇਗਾ, ਮੇਰੇ ਤਾਂ ਸੁੱਖ ਨਾਲ ਪੰਜੇ ਸਰਵਣ ਨੇ।"

ਵਲਾਇਤ ਪੁਜਦਿਆਂ ਸਾਰ ਪਹਿਲੇ ਐਤਵਾਰ, ਅਸੀਂ ਬਲਵੰਤ ਰਾਏ ਤੇ ਉਹਦੀ ਪਤਨੀ ਬਿੰਦੂ, ਉਨ੍ਹਾਂ ਦੇ ਤਿੰਨ ਬੱਚਿਆਂ ਅਤੇ ਖਾਸ ਮਹਿਮਾਨ ਮਾਸੀ ਨੂੰ ਖਾਣੇ 'ਤੇ ਸੱਦਿਆ। ਕਿਆ ਬਾਤਾਂ ਸਨ, ਮਾਸੀ ਦੀਆਂ! ਏਨੀ ਸੋਹਣੀ ਔਰਤ! ਜੀਅ ਕੀਤਾ, ਬਲਵੰਤ ਨੂੰ ਆਖਾਂ: "ਤੂੰ ਬਈ ਕੀਹਦੇ 'ਤੇ ਗਿਐਂ? ਕਣਕ 'ਚ ਕੰਗਿਆਰੀ!"

ਮਾਸੀ ਕੀ ਸੀ, ਕਮਾਲ ਸੀ। ਪੰਜ ਫੁੱਟ ਚਾਰ ਇੰਚ ਲੰਮੀ। ਨਾ ਮੋਟੀ ਨਾ ਸੋਟੀ। ਵਾਲ ਬਹੁਤੇ ਚਿੱਟੇ ਪਰ ਏਨੇ ਕੂਲੇ ਤੇ ਚਮਕੀਲੇ ਜਿਵੇਂ ਨੀਗਰੋ ਮੁਟਿਆਰ ਦਾ ਪਿੰਡਾ ਹੋਵੇ। ਮੋਟੀਆਂ ਅੱਖਾਂ, ਤਿੱਖਾ ਨੱਕ ਤੇ ਦੰਦ ਵੀ ਨੀਗਰੋ ਮੁਟਿਆਰ ਵਰਗੇ। ਸਭ ਤੋਂ ਖੂਬਸੂਰਤ ਸਨ ਬੁੱਲ੍ਹ- ਪਤਲੇ ਮਹੀਨ ਤੇ ਕਲੇ ਜਿਵੇਂ ਸ਼ਹਿਦ ਮਲ-ਮਲ ਪਾਲੇ ਹੋਣ। ਮੈਂ ਪੈਰੀਂ ਹੱਥ ਲਾਏ ਤੇ ਮੇਰੀ ਪਤਨੀ ਨੇ ਹੱਥ ਜੋੜ ਨਮਸਤੇ ਬੁਲਾਈ। ਮਾਸੀ ਨੇ ਉਸ ਨੂੰ ਗਲਵਕੜੀ ਵਿਚ ਲਿਆ ਜਿਵੇਂ ਅਸੀਂ ਉਹਦੇ ਬਹੁਤ ਹੀ ਆਪਣੇ ਹੁੰਦੇ ਹਾਂ। ਮੈਂ ਉਨ੍ਹਾਂ ਨੂੰ ਬਿਠਾਉਂਦਿਆਂ ਆਖਿਆ, "ਬੀਬੀ ਜੀ, ਮੈਂ ਬੜਾ ਖੁਸ਼ ਆਂ ਕਿ ਆਪਣੇ ਮੁਲਕ ਵਿਚ ਅਜੇ ਤੁਹਾਡੇ ਵਰਗੇ ਮੋਹ ਕਰਨ ਵਾਲੇ ਲੋਕ ਜਿਉਂਦੇ ਨੇ। ਇਥੇ ਤਾਂ ਬੀ ਨਾਸ ਹੋ ਗਿਐ... ਬਲਵੰਤ ਯਾਰ, ਬੱਚਿਆਂ ਨੂੰ ਕਿਉਂ ਨੀਂ ਲਿਆਂਦਾ?" ਮੈਂ ਬੱਚੇ ਨਾਲ ਨਾ ਵੇਖ ਸਵਾਲ ਕੀਤਾ।

"ਉਹ ਯਾਰ, ਸਾਡੇ ਆਖੇ ਨੀ ਲਗਦੇ। ਆਏ ਨੀ।" ਬਲਵੰਤ ਨੇ ਜਵਾਬ ਦਿੱਤਾ। ਉਹ ਬੜਾ ਹੀ ਸੱਚਾ ਤੇ ਸਪਸ਼ਟ ਬੰਦਾ ਸੀ। ਫੜਾਕ ਮੂੰਹ 'ਤੇ ਗੱਲ ਮਾਰਦਾ।

"ਨਹੀਂ ਭਾਈ ਸਾਹਿਬ, ਇਨ੍ਹਾਂ ਦੀ ਤਾਂ ਮਜ਼ਾਕ ਕਰਨ ਦੀ ਆਦਤ ਏ। ਲੜਕਾ ਆਪਣੇ ਫਰੈਂਡਾਂ ਨਾਲ ਬਾਹਰ ਗਿਆ ਹੋਇਐ। ਲੜਕੀਆਂ ਨੂੰ ਆਪਣੀ ਬੋਲੀ ਨਹੀਂ ਆਂਦੀ। ਬੋਰ ਹੀ ਹੋਣਾ ਸੀ ਵਿਚਾਰੀਆਂ ਨੇ।" ਪਤਨੀ ਨੇ ਪੜਦਾ ਪਾਇਆ ਜਿਵੇਂ ਹਰ ਮਾਂ ਪਾਉਂਦੀ ਹੈ।

ਇਸੇ ਮਿਲਣੀ ਵਿਚ ਅਸੀਂ ਮਾਸੀ ਨੂੰ ਬੀਬੀ ਜੀ ਦੀ ਥਾਂ ਮਾਸੀ ਜੀ ਆਖਣ ਲੱਗ ਪਏ। ਦਰਅਸਲ ਉਹਦੇ ਇਕ ਦੋ ਸ਼ਬਦ- ਵੰਝਿਆ, ਡਿੰਗੀ ਆਦਿਕ ਮੇਰੀ ਪਤਨੀ ਨੇ ਨੋਟ ਕਰਦਿਆਂ ਆਖਿਆ: "ਤੁਸੀਂ ਤਾਂ ਉਧਰ ਪਾਕਿਸਤਾਨ ਤੋਂ ਆਏ ਲਗਦੇ ਹੋ।"

-ਹਾਂ ਧੀਏ, ਰਾਵਲਪਿੰਡੀਉਂ।

-ਮੇਰੇ ਮਾਤਾ ਜੀ ਵੀ ਰਾਵਲਪਿੰਡੀ ਦੇ ਨੇ।

-ਫਿਰ ਤੇ ਤੂੰ ਮੇਰੀ ਭਣੇਵੀਂ ਹੋਈ ਕਿ!

-ਹਾਂ, ਮਾਸੀ ਜੀ!

ਪਹਿਲੀ ਮਿਲਣੀ ਵਿਚ ਹੀ ਸਾਡਾ ਮਾਸੀ ਨਾਲ ਅੰਤਾਂ ਦਾ ਮੋਹ ਹੋ ਗਿਆ ਅਤੇ ਪਹਿਲੀ ਮਿਲਣੀ ਵਿਚ ਹੀ ਮਾਸੀ ਦੇ ਪੁੱਤ ਬਲਵੰਤ ਰਾਏ ਨੇ ਆਪਣੇ ਸਪਸ਼ਟ ਸੁਭਾਅ ਅਨੁਸਾਰ ਸਪਸ਼ਟ ਗੱਲ ਕਰ ਦਿੱਤੀ: "ਵੇਖੀਂ ਬੀਬੀ ਜੀ, ਅਸੀਂ ਤਾਂ ਕੁੱਤੇ ਦੀ ਮੌਤ ਮਰਨ ਵਾਲੇ ਲੋਕ ਆਂ। ਸਵੇਰੇ ਛੇ ਵਜੇ ਸ਼ੌਪ ਖੋਲ੍ਹਦੇ ਆਂ। ਸ਼ੌਪ ਦਾ ਮਤਲਬ ਏ ਦੁਕਾਨ। ਸ਼ਾਮ ਨੂੰ ਨੌਂ-ਦਸ ਵਜੇ ਬੰਦ ਕਰਦੇ ਆਂ। ਘਰ ਪਰਤ ਅੱਧ-ਸੁੱਤੇ ਹੀ ਰੋਟੀ ਖਾਂਦੇ ਆਂ। ਤੁਸੀਂ ਆਪਣਾ ਦਿਲ ਆਪ ਹੀ ਲਾਉਣਾ ਏ। ਜੇ ਕਦੀ ਉਦਾਸ ਹੋਵੋ ਤਾਂ ਇਨ੍ਹਾਂ ਨੂੰ ਫੋਨ ਕਰ ਲੈਣਾ। ਇਹ ਤੁਹਾਡੀ ਖਬਰ-ਸਾਰ ਲੈ ਲੈਣਗੇ। ਬੰਦੇ ਚੰਗੇ ਨੇ। ਨਾਲੇ ਇਨ੍ਹਾਂ ਕੋਲ ਵਕਤ ਏ।"

-ਕਿਉਂ ਪੁੱਤਰ, ਤੁਸੀਂ ਕੋਈ ਕੰਮ-ਧੰਦਾ ਨਹੀਂ ਕਰਦੇ? ਮਾਸੀ ਨੇ ਸਵਾਲ ਕੀਤਾ, ਜਿਸ ਦਾ ਸਾਡੀ ਥਾਂ ਉਹਦੇ ਪੁੱਤਰ ਨੇ ਹੀ ਜਵਾਬ ਦਿੱਤਾ: "ਕੰਮ ਤਾਂ ਕਰਦੇ ਨੇ। ਪਰ ਸਾਡੇ ਵਾਂਗ ਕੁੱਤੇ ਦੀ ਮੌਤ ਨੀ ਮਰਦੇ। ਨੌਕਰੀ ਪੇਸ਼ਾ ਲੋਕ ਨੇ। ਨੌਂ ਵਜੇ ਜਾਂਦੇ ਨੇ ਤੇ ਪੰਜ ਵਜੇ ਘਰ। ਸਨਿਚਰ-ਐਤ ਦੀਆਂ ਪੂਰੀਆਂ ਦੋ ਛੁੱਟੀਆਂ। ਇਹੋ ਜਿਹੇ ਲੋਕ ਸਾਡੇ ਲਈ ਤਾਂ ਵਿਹਲੇ ਹੀ ਹੁੰਦੇ ਨੇ।"

ਮਾਸੀ ਦਾ ਸੁਭਾਅ ਬਹੁਤ ਮਿਲਾਪੜਾ ਤੇ ਮਿੱਠਾ ਸੀ। ਅਸੀਂ ਤਾਂ ਉਸ ਨੇ ਮੁੱਲ ਹੀ ਲੈ ਲਏ। ਅਗਲਾ ਐਤਵਾਰ ਆਇਆ ਤਾਂ ਅਸੀਂ ਮਾਸੀ ਨੂੰ ਪੁੱਛਿਆ ਕਿ ਗੁਰਦਵਾਰੇ ਜਾਵੋਗੇ ਕਿ ਮੰਦਿਰ?

ਮਾਸੀ ਨੇ ਜਵਾਬ ਦਿੱਤਾ: "ਪੁੱਤਰ, ਕੋਈ ਫਰਕ ਨੀ ਦੋਵੇਂ ਥਾਂ ਚੱਲਾਂਗੇ। ਸਵੇਰੇ ਗੁਰਦਵਾਰੇ, ਸ਼ਾਮੀਂ ਮੰਦਿਰ।"



*ਇੰਗਲੈਂਡ ਦੀ ਰਾਜਧਾਨੀ ਲੰਡਨ ਵਿਚ ਸਿੱਖ ਬੱਚਿਆਂ ਦੀ ਇਕ ਤਸਵੀਰ। ਇਹ ਤਸਵੀਰ 1970 ਦੀ ਹੈ*

-ਮਾਸੀ ਜੀ, ਇਹੋ ਜਿਹੇ ਮਹਾਨ ਲੋਕ ਤਾਂ ਘੱਟ ਹੀ ਵੇਖੇ ਨੇ ਜਿਹੜੇ ਗੁਰਦਵਾਰੇ ਤੇ ਮੰਦਿਰ, ਦੋਹਾਂ ਥਾਂਵਾਂ 'ਤੇ ਜਾਣ। ਤੁਸੀਂ ਤਾਂ ਕਮਾਲ ਕਰ ਦਿੱਤੀ।

-ਨਹੀਂ ਬੇਟਾ, ਇਹ ਫਰਕ ਵਾਲੀ ਬੀਮਾਰੀ ਤਾਂ ਹੁਣੇ ਚੱਲੀ ਏ। ਉਧਰ ਸਾਡੇ ਪਾਕਿਸਤਾਨ ਵਿਚ ਤਾਂ ਹਿੰਦੂਆਂ ਨੂੰ ਗੁਰੂ ਨਾਲ ਬੜਾ ਪਿਆਰ ਸੀ। ਜੇ ਇਕ ਪੁੱਤਰ ਨੂੰ ਸਿੱਖ ਸਨ ਬਣਾਂਦੇ ਤਾਂ ਲੜਕੇ ਬਚਦੇ ਨਹੀਂ ਸਨ।

ਮੈਨੂੰ ਮਾਸੀ ਦੀ ਗੱਲ ਬਹੁਤ ਚੰਗੀ ਲੱਗੀ। ਮੈਂ ਇਸ ਦੇ ਵਿਗਿਆਨਕ ਆਧਾਰ ਨੂੰ ਨਹੀਂ ਪਰਖਿਆ, ਬਲਕਿ ਇਸ ਵਿਚ ਲੁਕੀ ਨੇਕ ਭਾਵਨਾ ਨੇ ਮੈਨੂੰ ਕੀਲ ਲਿਆ। ਬਗੀਚੀ ਵਿਚ ਭਾਂਤ-ਭਾਂਤ ਦੇ ਫੁੱਲ ਲਹਿਰਾ ਰਹੇ ਹੋਣ ਤਾਂ ਬਗੀਚੀ ਦੀ ਆਭਾ ਨੂੰ ਚਾਰ ਚੰਨ ਲੱਗ ਜਾਂਦੇ ਹਨ, ਮੈਂ ਸੋਚਿਆ।

ਮੈਂ ਤੇ ਮੇਰੀ ਪਤਨੀ ਮਾਸੀ ਨੂੰ ਗੁਰਦਵਾਰੇ ਤੇ ਮੰਦਿਰ ਲੈ ਕੇ ਜਾਣ ਲਈ ਤਿਆਰ ਹੋ ਗਏ। ਬਲਵੰਤ ਤੇ ਉਹਦੀ ਪਤਨੀ, ਉਨ੍ਹਾਂ ਦੇ ਲੜਕੇ ਤੇ ਦੋਹਾਂ ਧੀਆਂ ਨੂੰ ਆਖਿਆ: "ਬਈ ਮਾਂ ਤਾਂ ਤੁਹਾਡੀ ਐ। ਤੁਸੀਂ ਵੀ ਨਾਲ ਸੰਗਤ ਕਰੋ।" ਜਵਾਬ ਵਿਚ ਬਲਵੰਤ ਰਾਏ ਨੇ ਫਿਰ ਖਰੀ ਤੇ ਸਿੱਧੀ ਗੱਲ ਕੀਤੀ: "ਭਾਈ ਸਾਹਿਬ ਐਤਵਾਰ ਨੂੰ ਸਿਰਫ ਚਾਰ ਘੰਟੇ ਵਿਹਲੇ ਮਿਲਦੇ ਨੇ। ਉਹੀ ਸਮਾਂ ਸਾਡੀ ਜ਼ਿੰਦਗੀ ਦਾ ਸੁਰਗ ਹੁੰਦਾ ਏ ਜਿਸ 'ਚ ਅਸੀਂ ਨ੍ਹਾ-ਧੋ ਲੈਂਦੇ ਆਂ, ਮਨਮਰਜ਼ੀ ਦੀ ਤਾਜ਼ੀ ਰੋਟੀ ਖਾ ਲੈਂਦੇ ਆਂ ਤੇ ਸੌਂ ਲੈਂਦੇ ਆਂ। ਇਹ ਸੁਰਗ ਸਾਥੋਂ ਨਾ ਖੋਹੋ।"

-ਠੀਕ ਐ, ਨਹੀਂ ਖੋਂਹਦਾ। ਤੂੰ ਬਈ ਅਨੰਤ? ਚਲ ਮੰਦਿਰ ਗੁਰਦਵਾਰੇ ਯਾਰ, ਮਾੜੀ-ਮੋਟੀ ਆਪਣੀ ਸਭਿਅਤਾ ਦਾ ਪਤਾ ਲੱਗੇਗਾ। ਮੈਂ ਉਨ੍ਹਾਂ ਦੇ ਲੜਕੇ ਨੂੰ ਆਖਿਆ।

-ਸੌਰੀ ਅੰਕਲ ਜੀ, ਮੈਂ ਆਪਣੇ ਫਰੈਂਡਾਂ ਨਾਲ ਆਲਰੈਡੀ ਪ੍ਰੋਗਰਾਮ ਬਣਾਇਆ ਹੋਇਐ। ਉਂਜ ਵੀ ਮੈਨੂੰ ਸਮਝ ਨੀ ਪੈਂਦੀ ਕਿ ਉਥੇ ਕੀ ਕਹਿੰਦੇ ਨੇ। ਬਹੁਤ ਬੋਰ ਹੋ ਜਾਂਦਾ ਹਾਂ।

-ਤੂੰ ਭਾਈ ਅਨੀਤਾ?

-ਮੈਂ ਅੰਕਲ ਜੀ ਅੱਜ ਟੈਲੀ ਵੇਖਣੈ।

-ਤੂੰ ਭਾਈ ਮੀਰਾ? ਅਖੀਰ ਮੈਂ ਉਨ੍ਹਾਂ ਦੀ ਭਲੀਮਾਣਸ ਜਿਹੀ ਕੁੜੀ ਨੂੰ ਪੁੱਛਿਆ।

-ਮੈਂ ਅੰਕਲ ਜੀ, ਨਾ ਜਾਵਾਂ ਤਾਂ ਤੁਸੀਂ ਮਾਈਂਡ ਤਾਂ ਨਹੀਂ ਕਰੋਗੇ? ਮੈਨੂੰ ਮੰਦਿਰ ਗੁਰਦਵਾਰੇ ਜਾਣਾ ਚੰਗਾ ਨੀ ਲਗਦਾ। ਪਿਛਲੇ ਸਮੇਂ ਦੀਆਂ ਨਾ ਸਮਝ ਆਣ ਵਾਲੀਆਂ ਗੱਲਾਂ ਕਰਦੇ ਨੇ। ਘਰ ਹੀ ਰਹਾਂਗੀ ਤੇ ਮੰਮੀ ਦੀ ਹੈਲਪ ਕਰਾਂਗੀ। ਪਰ ਜੇ ਤੁਸੀਂ ਆਖੋ ਤਾਂ ਚਲੀ ਵੀ ਚਲਦੀ ਹਾਂ।

-ਨਹੀਂ ਬੇਟਾ, ਤੂੰ ਘਰ ਹੀ ਰਹਿ। ਮਾਂ ਦੀ ਸੇਵਾ ਕਰਮਾਂ ਨਾਲ ਹੀ ਮਿਲਦੀ ਐ। ਪਰ ਜਿਹੜੇ ਘਰ ਵਿਚ ਮਾਂ ਬਾਪ ਸਵੇਰੇ ਛੇ ਵਜੇ ਤੋਂ ਰਾਤ ਦੇ ਦਸ ਵਜੇ ਤੀਕ ਆਪਣੇ ਬੱਚਿਆਂ ਦਾ ਮੂੰਹ ਨਹੀਂ ਵੇਖਦੇ, ਉਥੇ ਖੈਰ ਕਰਮ ਤਾਂ ਕਿਸੇ ਦੇ ਕੀ ਚੰਗੇ ਹੋ ਸਕਦੇ ਨੇ। ਅੱਛਾ, ਸਾਸਰੀ ਕਾਲ ਤੇ ਨਮਸਤੇ... ਅਸੀਂ ਚੱਲੇ।

ਇਹ ਸਿਲਸਿਲਾ ਕਈ ਹਫਤੇ ਜਾਰੀ ਰਿਹਾ। ਮਾਸੀ ਪੁਰਾਣੇ ਵੇਲਿਆਂ ਦੀ ਔਰਤ ਸੀ। ਪੁਰਾਣੇ ਸਮਿਆਂ ਦੀਆਂ ਔਰਤਾਂ ਵਿਚ ਇਕ ਚੀਜ਼ ਤਾਂ ਸਾਂਝੀ ਹੁੰਦੀ ਹੈ ਕਿ ਉਹ ਕਰਮ ਕਰਦੀਆਂ ਹਨ, ਸੋਚਦੀਆਂ ਅਤੇ ਝੂਰਦੀਆਂ ਨਹੀਂ। ਮਨ ਵਿਚ ਵਿਚਾਰ ਆਇਆ ਨਹੀਂ ਤੇ ਉਹ ਉਠ ਕੇ ਤੁਰੀਆਂ ਨਹੀਂ। ਮਾਸੀ ਗੁਰਦਵਾਰੇ ਗਈ, ਮੱਥਾ ਟੇਕਿਆ, ਦੋ ਬੋਲ ਬਾਣੀ ਦੇ ਸੁਣੇ, ਮੁੜ ਮੱਥਾ ਟੇਕਿਆ ਤੇ ਮੇਰੀ ਪਤਨੀ ਨੂੰ ਪੁੱਛਣ ਲੱਗੀ: "ਲੰਗਰ ਕਿਧਰ ਐ ਧੀਏ?" ਮੇਰੀ ਪਤਨੀ ਉਸ ਨੂੰ ਲੰਗਰ ਵਿਚ ਲੈ ਗਈ। ਵੜਦਿਆਂ ਹੀ ਮਾਸੀ ਨੇ ਐਪ੍ਰਨ ਬੰਨ੍ਹਿਆ ਤੇ ਰੋਟੀਆਂ ਪਕਾਉਣ ਲੱਗ ਪਈ। ਇਸ ਕਰਮ ਦਾ ਅਸਰ ਆਮ ਸੇਵਕਾਂ 'ਤੇ ਤਾਂ ਪੈਣਾ ਹੀ ਸੀ, ਪ੍ਰਧਾਨ 'ਤੇ ਵੀ ਪਿਆ, ਹਾਲਾਂਕਿ ਧਾਰਮਿਕ ਅਦਾਰਿਆਂ ਦੇ ਪ੍ਰਧਾਨਾਂ 'ਤੇ ਆਮ ਸੇਵਕਾਂ ਵੱਲੋਂ ਕੀਤੇ ਚੰਗੇ ਕਰਮਾਂ ਦਾ ਅਸਰ ਘੱਟ ਹੀ ਪੈਂਦਾ ਹੈ। ਉਸ ਨੇ ਵੀ ਮੈਨੂੰ ਵਾਰ-ਵਾਰ ਕਿਹਾ ਕਿ ਮਾਤਾ ਜੀ ਨੂੰ ਲੈ ਕੇ ਆਇਆ ਕਰੋ। ਇਹੋ ਜਿਹੀ ਸੇਵਾ ਭਾਵਨਾ ਵਾਲੇ ਜਿਉੜਿਆਂ ਸਦਕਾ ਹੀ ਗੁਰੂ ਘਰ ਆਬਾਦ ਨੇ। ਆਪਣੀ ਘਰਵਾਲੀ ਨੂੰ ਤਾਂ ਮੈਂ ਜਦੋਂ ਵੀ ਲੰਗਰ ਦੀ ਸੇਵਾ ਲਈ ਆਖਦਾ, ਉਹਦੇ ਉੱਲਾਂ ਉਠ ਆਉਂਦੀਆਂ ਨੇ। ਪ੍ਰਧਾਨ ਵੀ ਬਲਵੰਤ ਰਾਏ ਵਾਂਗ ਸਪਸ਼ਟ ਬੰਦਾ ਜਾਪਦਾ ਸੀ।

ਇਸੇ ਤਰ੍ਹਾਂ ਮੰਦਿਰ ਵਿਚ ਮਾਸੀ ਨੇ ਭਜਨ ਗਾਏ ਤੇ ਧੂੜਾਂ ਪੱਟ ਦਿੱਤੀਆਂ। ਇਥੇ ਵੀ ਪ੍ਰਧਾਨ ਸਾਹਿਬ ਇੰਨੇ ਪ੍ਰਭਾਵਿਤ ਹੋਏ ਕਿ ਆਪ ਪੰਜਾਬੀ ਹੁੰਦਿਆਂ ਵੀ ਮੈਨੂੰ ਹਿੰਦੀ ਵਿਚ ਬੇਨਤੀ ਕੀਤੀ: "ਅਰੇ ਭਾਈ, ਮਾਤਾ ਜੀ ਕੋ ਹਰ ਵੀਕ ਲੇ ਕਰ ਆਇਆ ਕਰੋ। ਅੱਛੇ ਭਜਨ ਗਾਨੇ ਵਾਲੇ ਤੋ ਮਿਲਤੇ ਹੀ ਨਹੀਂ। ਗੁਰਦਾਸ ਮਾਨ ਕੀ ਤਰਜ਼ ਪਰ ਸਾਲੇ ਤਿਗੜਮ-ਤਿਗੜਮ ਕਰਤੇ ਰਹਿਤੇ ਹੈਂ।"

ਇਨ੍ਹਾਂ ਸਾਰੀਆਂ ਗੱਲਾਂ ਤੋਂ ਵੱਧ ਮਾਸੀ ਨੂੰ ਇੰਗਲੈਂਡ ਦੇ ਰਹਿਣ-ਸਹਿਣ ਨੇ ਪ੍ਰਭਾਵਿਤ ਕੀਤਾ। ਬੱਸ ਮਹਾਂ-ਪ੍ਰਸੰਨਤਾ ਦੇ ਵੇਗ ਵਿਚ ਇੰਗਲੈਂਡ ਦੀਆਂ ਸਿਫਤਾਂ ਤੇ ਇੰਡੀਆ ਦੀਆਂ ਕੁਸਿਫਤਾਂ ਕਰਦੀ ਰਹਿੰਦੀ: ਬੇਟਾ, ਵੇਖਣ ਤੇ ਸੁਣਨ 'ਚ ਬਹੁਤ ਫਰਕ ਐ। ਜੇ ਸੁਰਗ ਕਿਤੇ ਹੋਵੇਗਾ ਵੀ ਤਾਂ ਉਹ ਇੰਗਲੈਂਡ ਤੋਂ ਚੰਗੇਰਾ ਨਹੀਂ ਹੋਵੇਗਾ। ਏਅਰਪੋਰਟ 'ਤੇ ਉਤਰੀ ਤਾਂ ਏਨੇ ਗੋਰੇ ਚਿੱਟੇ ਲੋਕ ਤੇ ਏਨੀ ਸਫਾਈ ਵੇਖ ਮੇਰੀਆਂ ਤਾਂ ਅੱਖਾਂ ਚੁੰਧਿਆ ਗਈਆਂ। ਨੰਗੇਜ਼ ਜ਼ਰਾ ਵੱਧ ਏ। ਪਰ ਉਹ ਜਾਣੇ, ਇਹ ਤਾਂ ਆਪਣੇ-ਆਪਣੇ ਮੁਲਕ ਦੇ ਰਿਵਾਜ ਨੇ। ਏਨੀਆਂ ਚੌੜੀਆਂ ਤੇ ਸਾਫ-ਸੁਥਰੀਆਂ ਸੜਕਾਂ, ਭਾਵੇਂ ਜੀਭ ਨਾਲ ਚੱਟ ਲਵੋ। ਕੋਈ ਹਾਰਨ ਨਹੀਂ ਵਜਾਂਦਾ। ਇੰਡੀਆ 'ਚ ਤਾਂ ਬੱਸਾਂ ਟਰੱਕਾਂ ਵਾਲੇ ਕੰਨਾਂ ਦੇ ਪੜਦੇ ਪਾੜ ਦਿੰਦੇ ਨੇ।... ਤੇ ਗੰਦ? ਤੋਬਾ, ਤੋਬਾ! ਸਾਰਾ ਮੁਲਕ ਹੀ ਟੌਲਟ ਬਣਿਆ ਹੋਇਆ ਏ।

-ਅੱਜ ਮੇਰਾ ਬਲਵੰਤ ਦਸਦਾ ਸੀ ਕਿ ਇਨ੍ਹਾਂ ਮੁਲਕਾਂ ਤੋਂ ਮੱਖਣ, ਦੁੱਧ ਤੇ ਪਨੀਰ ਸੰਭਾਲਿਆ ਨਹੀਂ ਜਾ ਰਿਹਾ, ਇਸ ਲਈ ਮੁਫਤ ਵੰਡਿਆ ਜਾ ਰਿਹਾ ਏ। ਮੈਂ ਤਾਂ ਆਹਨੀ ਆਂ ਕਿ ਸੁਰਗ ਵਿਚ ਵੀ ਏਨੀਆਂ ਨੇਅਮਤਾਂ ਨਹੀਂ ਹੋ ਸਕਦੀਆਂ। ਨਾਲੇ ਪੁੱਤਰ, ਸੁਰਗ ਕਿਹੜਾ ਕਿਸੇ ਨੇ ਵੇਖਿਆ ਏ। ਵਾਹ-ਵਾਹ! ਅੰਗਰੇਜ਼ ਨੇ ਐਵੇਂ 'ਤੇ ਨਹੀਂ ਦੁਨੀਆਂ 'ਤੇ ਰਾਜ ਕੀਤਾ।

"ਪਰ ਮਾਸੀ ਜੀ, ਅਸੀਂ ਤਾਂ ਮੱਖਣ ਦੀ ਥਾਂ ਮਾਰਜਰੀਨ ਖਾਂਦੇ ਆਂ ਤਾਂ ਕਿ ਮੋਟੇ ਨਾ ਹੋ ਜਾਈਏ। ਦੁੱਧ ਵੀ ਬਹੁਤ ਚਰਬੀ ਵਧਾਉਂਦਾ ਏ। ਇਸੇ ਲਈ ਘੱਟ ਕਰੀਮ ਵਾਲਾ ਦੁੱਧ ਪੀਂਦੇ ਆਂ।" ਮੇਰੀ ਪਤਨੀ ਨੇ ਆਖਿਆ।

ਮਾਸੀ ਮੇਰੀ ਪਤਨੀ ਨੂੰ ਝਈ ਲੈ ਕੇ ਪਈ: "ਤਾਂਹੀਉਂ ਤਾਂ ਫਾਕਤ ਪਈ ਲਗਦੀ ਏਂ। ਦੁੱਧ ਮੱਖਣ ਤਾਂ ਰਿਸ਼ੀਆਂ ਮੁਨੀਆਂ ਤੇ ਮਹਾਰਾਜਿਆਂ ਦੀ ਖੁਰਾਕ ਸੀ ਜਿਹੜੇ ਵੇਦ ਗ੍ਰੰਥ ਲਿਖਦੇ ਸਨ ਤੇ ਯੁੱਧ ਕਰਦੇ ਸਨ। ਨਾ ਮੇਰੀ ਧੀ, ਖਾਇਆ ਪੀਆ ਕਰ। ਇਹ ਜਿਹਤੀਆਂ ਤੇਰੇ ਮੋਢਿਆਂ ਤੇ ਤ੍ਰਿੱਕਲ 'ਚ ਪੀੜਾਂ ਰਹਿੰਦੀਆਂ ਨੇ ਨਾ, ਜੇ ਦਿਨਾਂ ਵਿਚ ਨਾ ਚੱਕੀਆਂ ਜਾਣ ਤਾਂ ਮੈਨੂੰ ਫੜ ਲਵੀਂ।"

"ਉਹ ਤਾਂ ਠੀਕ ਐ ਮਾਸੀ ਜੀ, ਪਰ ਵੇਖੋ ਮੌਸਮ ਕਿੰਨਾ ਭੈੜਾ ਰਹਿੰਦੈ। ਸਾਰਾ ਦਿਨ ਕੈਦੀਆਂ ਵਾਂਗ ਅੰਦਰ ਤਾੜੇ ਰਹੀਦਾ ਏ।" ਮੈਂ ਆਖਿਆ।

ਮਾਸੀ ਨੂੰ ਮੇਰੀ ਗੱਲ ਬਹੁਤ ਬੁਰੀ ਲੱਗੀ। ਬੋਲੀ, "ਕੀ ਹੋਇਆ ਏ ਮੌਸਮ ਨੂੰ? ਗਰਮੀ ਦਾ ਤਾਂ ਨਾਂ-ਨਿਸ਼ਾਨ ਨਹੀਂ ਏਥੇ। ਇੰਡੀਆ ਦੀ ਗਰਮੀ ਸ਼ਾਇਦ ਤੁਸੀਂ ਭੁੱਲ ਗਏ ਹੋ। ਤੋਬਾ ਮੇਰੇ ਰਾਮ! ਇਨਸਾਨ ਸੁੱਕ ਕੇ ਕਾਲਾ ਭੂਤ ਬਣ ਜਾਂਦਾ ਏ। ਸਰਦੀਆਂ ਵਿਚ ਹਮੇਸ਼ਾ ਵਿਆਈਆਂ ਫਟੀਆਂ ਰਹਿੰਦੀਆਂ ਨੇ। ਅੱਧੀ ਰਾਤ ਤੀਕਰ ਚਿੱਡ 'ਚ ਗੋਡੇ ਲੈ ਕੇ ਪੈਂਦੇ ਆਂ ਤਾਂ ਕਿਤੇ ਜਾ ਕੇ ਪੈਰ ਜ਼ਰਾ ਗਰਮ ਹੁੰਦੇ ਨੇ। ਜ਼ਰਾ ਬਰਸਾਤਾਂ ਲੱਗ ਜਾਣ ਤਾਂ ਚਿੱਕੜ ਹੀ ਚਿੱਕੜ। ਮੱਛਰ ਏਨੇ ਕਿ ਹੁਣ ਇੰਡੀਆ ਵਿਚ ਘਰ-ਘਰ ਮਲੇਰੀਏ ਦੇ ਰੋਗੀ ਪਏ ਰਹਿੰਦੇ ਨੇ। ਅੰਦਰ ਕਿਉਂ ਤਾੜੇ ਰਹੋ? ਏਨੇ ਸੋਹਣੇ ਮਕਾਨ! ਗਲੀਚੇ। ਚੱਵੀ ਘੰਟੇ ਗਰਮ ਪਾਣੀ, ਭਾਵੇਂ ਚੁਬੱਚੇ ਭਰ-ਭਰ ਨਹਾਵੋ। ਗੈਸ ਦੇ ਹੀਟਰ ਤੇ ਕੁਕਰ। ਟੈਲੀਵਿਜ਼ਨ, ਵੀਡੀਓ ਤੇ ਕਮਰੇ-ਕਮਰੇ ਵਿਚ ਟੇਪ ਰਿਕਾਰਡਰਾਂ-ਕਾਰਾਂ। ਬਹਿਸ਼ਤ ਵਿਚ ਵੀ ਇਹੋ ਜਿਹੇ ਸੁਖ ਨਹੀਂ ਜੇ ਹੋਣੇ। ਸ਼ੁਕਰ ਕਰ ਪੁੱਤਰ ਸ਼ੁਕਰ! ਜੇ ਇੰਡੀਆ 'ਚ ਹੁੰਦਾ ਤਾਂ ਮਸਾਂ ਕਿਤੇ ਸਕੂਟਰੀ ਜੁੜਨੀ ਸੀ। ਉਹ ਵੀ ਜੇ ਦੋਵੇਂ ਕੰਮ ਕਰਦੇ ਹੁੰਦੇ।"

ਜਦੋਂ ਦੀ ਮਾਸੀ ਇੰਗਲੈਂਡ ਆਈ ਸੀ, ਬੱਸ ਹਰ ਸਮੇਂ ਘੋੜੇ 'ਤੇ ਸਵਾਰ ਰਹਿੰਦੀ ਸੀ। ਉਹ ਇੰਗਲੈਂਡ ਦੀ ਇਥੋਂ ਤੀਕ ਦੀਵਾਨੀ ਹੋ ਗਈ ਕਿ ਇਕ ਦਿਨ ਮੈਨੂੰ ਤੇ ਮੇਰੀ ਪਤਨੀ ਨੂੰ ਆਖਣ ਲੱਗੀ, "ਬੇਟਾ, ਮੈਂ ਤਾਂ ਬਲਵੰਤ ਨੂੰ ਆਖਣ ਲੱਗੀ ਜ਼ਰਾ ਝਿਜਕਦੀ ਆਂ। ਤੁਸੀ ਮੌਕਾ ਵੇਖ ਕੇ ਗੱਲ ਕਰਨਾ। ਜੇ ਉਹ ਪੱਕੇ ਤੌਰ 'ਤੇ ਇਥੇ ਰੱਖ ਲਵੇ ਤਾਂ ਮੇਰੀ ਵੀ ਅੰਤਲੀ ਉਮਰ ਸੁਰਗ ਵਿਚ ਕਟ ਜਾਵੇਗੀ। ਜਦੋਂ ਵਾਪਸ ਜਾਣ ਦਾ ਖਿਆਲ ਆਂਦਾ ਏ ਤਾਂ ਹੌਲ ਪੈਣ ਜਾਂਦਾ ਏ। ਫਿਰ ਹੌਲੀ-ਹੌਲੀ ਉਹਦੇ ਬਾਊ ਜੀ ਵੀ ਆ ਜਾਣਗੇ। ਸਾਡਾ ਦੋਹਾਂ ਦਾ ਜਹਾਨ 'ਤੇ

(ਬਾਕੀ ਅਗਲੇ ਸਫੇ 'ਤੇ)

# ਸਾਂਝ ਦੀ ਤੰਦ ਰੱਖੜੀ: ਭੈਣ-ਭਰਾ ਦਾ ਪਿਆਰਾ ਰਿਸ਼ਤਾ

ਸਮਾਜਕ-ਸਭਿਆਚਾਰਕ ਬਣਤਰ ਅਤੇ ਬੁਣਤਰ ਵਾਸਤੇ ਮਾਨਵੀ ਰਿਸ਼ਤਿਆਂ ਦੀ ਜੁਗਾੜਬੰਦੀ ਕਰਨਾ ਜ਼ਰੂਰੀ ਹੈ। ਇਸ ਜੁਗਾੜਬੰਦੀ ਦੀ ਧਰਾਤਲ-ਭੂਮੀ ਪਰਿਵਾਰ ਹੈ। ਪਰਿਵਾਰ ਵਿਚੋਂ ਹੀ ਵਿਭਿੰਨ ਕਿਸਮ ਦੇ ਰਿਸ਼ਤੇ ਪਨਪਦੇ, ਪਲਦੇ ਅਤੇ ਵਿਗਸਦੇ ਹਨ। ਪਰਿਵਾਰਕ ਰਿਸ਼ਤਿਆਂ ਦੀਆਂ ਤੰਦਾਂ ਹੋਰ ਸਬੰਧਾਂ ਦੇ ਟਾਕਰੇ ਵਧੇਰੇ ਪੱਕੀਆਂ ਹੁੰਦੀਆਂ ਹਨ। ਪਰਿਵਾਰਕ ਰਿਸ਼ਤੇ ਪਤੀ-ਪਤਨੀ, ਪਿਉ-ਪੁੱਤਰ, ਪਿਉ-ਧੀ, ਮਾਂ-ਪੁੱਤਰ, ਮਾਂ-ਧੀ, ਭਰਾ-ਭਰਾ, ਭੈਣ-ਭੈਣ ਅਤੇ ਭੈਣ-ਭਰਾ ਦੇ ਰੂਪ 'ਚ ਉਘੜਦੇ ਹਨ।



ਡਾ. ਜਗੀਰ ਸਿੰਘ ਨੂਰ
ਫੋਨ: 91-98142-09732

ਮਨੁੱਖ ਜਾਤੀ ਦੀ ਬਾਕੀ ਸਾਰੀ ਰਿਸ਼ਤੇਦਾਰੀ (ਸਾਕਾਚਾਰੀ) ਇਨ੍ਹਾਂ ਮੁੱਖ ਰਿਸ਼ਤਿਆਂ ਦੀਆਂ ਸਾਂਝੀਆਂ ਅਤੇ ਪਸਰੀਆਂ ਤੰਦ-ਤਾਣੀਆਂ ਉਪਰ ਹੀ ਸਿਰਜੀ ਹੋਈ (ਗਈ) ਹੈ। ਇਹ ਸਾਰੇ ਰਿਸ਼ਤੇ ਅਹਿਮ ਹਨ ਪਰ ਭੈਣ-ਭਰਾ ਦੇ ਰਿਸ਼ਤੇ ਦੀ ਸਮਾਜਕ, ਆਰਥਕ ਅਤੇ ਮਨੋਵਿਗਿਆਨਕ ਪੱਖੋਂ ਇਕ ਵੱਖਰੀ ਅਹਿਮੀਅਤ ਹੈ।

ਭੈਣ-ਭਰਾ ਦੀ ਮੁਢਲੀ ਮਾਨਸਿਕਤਾ, ਸਮਾਜਕਤਾ, ਆਰਥਕਤਾ, ਧਾਰਮਿਕਤਾ ਆਦਿ ਦਾ ਆਧਾਰ ਇਕ ਹੀ ਹੁੰਦਾ ਹੈ ਅਤੇ ਇਨ੍ਹਾਂ ਆਧਾਰਾਂ ਉਤੇ ਪਸਰਿਆ ਸਾਰਾ ਵਰਤਾਰਾ ਸ੍ਰੇਸ਼ਠ ਹੁੰਦਾ ਹੈ, ਜਿਸ ਵਿਚ ਭਾਵੇਂ ਸਮਾਜਕਤਾ ਦੀ ਬਹੁਲਤਾ ਹੁੰਦੀ ਹੈ ਪਰ ਪਵਿੱਤਰਤਾ ਤੇ ਉਚ-ਨੈਤਿਕਤਾ ਦੀਆਂ ਮੁਢਲੀਆਂ ਲੋੜਾਂ, ਹਮਦਰਦੀ, ਦਯਾ, ਨੇਹ, ਸਿਦਕ, ਤਿਆਗ, ਕੁਰਬਾਨੀ ਆਦਿ ਦੀ ਸਹਿਹੋਂਦ ਵੀ ਕਾਫੀ ਹੁੰਦੀ ਹੈ।

ਪੰਜਾਬੀ ਸਮਾਜਕ ਮਾਨਸਿਕਤਾ ਅਨੁਸਾਰ 'ਘਰ-ਗ੍ਰਿਹਸਥੀ-ਜੀਵਨ' ਉਨਾ ਚਿਰ ਸੰਪੂਰਨ ਨਹੀਂ ਮੰਨਿਆ ਜਾਂਦਾ, ਜਿੰਨਾ ਚਿਰ ਘਰ ਵਿਚ ਪੁੱਤਰ ਜਾਂ ਧੀ ਦੀ ਹੋਂਦ ਨਾ ਹੋਵੇ! ਪੁੱਤ ਨਾਲ ਪਰਿਵਾਰ ਵਧਦਾ ਹੈ ਅਤੇ ਧੀ ਨਾਲ ਸੰਸਾਰ ਨਾਲ ਸਾਂਝ ਪੈਂਦੀ ਹੈ।

ਭੈਣ-ਭਰਾ ਦੇ ਆਪਸੀ ਪਿਆਰ ਦਾ ਅਰੰਭ, ਭੈਣਾਂ-ਭਰਾਵਾਂ ਦੇ ਜਨਮ ਤੋਂ ਹੀ ਮੰਨਿਆ ਜਾਂਦਾ ਹੈ ਪਰ ਲੋਕ ਗੀਤ ਇਸ ਗੱਲ ਦੀ ਗਵਾਹੀ ਹਨ ਕਿ ਵੱਡੀ ਭੈਣ ਨੂੰ ਵੀਰ ਦੀ ਅਣਹੋਂਦ ਵੀਰ ਦੇ ਜਨਮ ਤੋਂ ਪਹਿਲਾਂ ਹੀ ਰੜਕਣ ਲੱਗ ਪੈਂਦੀ ਹੈ ਅਤੇ ਉਹ ਮਨ ਹੀ ਮਨ ਰੱਬ ਪਾਸ ਅਰਜੋਈਆਂ ਕਰਦੀ ਹੈ:

ਵੀਰਾਂ ਵਾਲੀਆਂ ਦੇ ਨਖਰੇ ਬਥੇਰੇ
ਇਕ ਵੀਰ ਦੇਈਂ ਵੇ ਰੱਬਾ।

ਦੋ ਵੀਰ ਦੇਈਂ ਵੇ ਰੱਬਾ
ਮੇਰੀ ਸਾਰੀ ਉਮਰ ਦੇ ਮਾਪੇ।

ਵੱਡੀਆਂ ਭੈਣਾਂ ਨਿੱਕੇ ਵੀਰਾਂ ਨੂੰ ਖਿਡਾਉਂਦੀਆਂ, ਵਰਾਉਂਦੀਆਂ, ਰੁੱਸੇ ਨੂੰ ਮਨਾਉਂਦੀਆਂ ਅਤੇ ਲੋਰੀਆਂ ਦਿੰਦੀਆਂ ਨਹੀਂ ਥੱਕਦੀਆਂ। ਖੇਡਾਂ ਖੇਡਦੀਆਂ ਜਾਂ ਹੋਰ ਕਾਰ-ਵਿਹਾਰ 'ਚ ਵਿਚਰਦਿਆਂ ਵੀ ਭੈਣਾਂ ਵੀਰ ਦੀ ਸ਼ੋਭਾ ਕਰਦੀਆਂ ਹਨ। ਇਸ ਦਾ ਜ਼ਿਕਰ ਬਾਲ-ਖੇਡਾਂ ਜਾਂ ਕਿੱਕਲੀ ਨਾਚ ਦੇ ਗੀਤਾਂ ਵਿਚ ਵੀ ਵੇਖਿਆ ਜਾ ਸਕਦਾ ਹੈ। ਪੰਜਾਬੀ ਸਭਿਆਚਾਰਕ ਕਦਰ-ਪ੍ਰਣਾਲੀ ਇਸ ਗੱਲ ਦੀ ਪੁਸ਼ਟੀ ਕਰਦੀ ਹੈ ਕਿ ਵੀਰ ਵੀ ਭੈਣਾਂ ਦਾ ਸਹਾਰਾ ਹੁੰਦੇ ਹਨ, ਕਿਉਂ ਜੋ ਮਾਂ-ਪਿਉ ਨੇ ਤਾਂ ਆਪਣੀ ਉਮਰ ਭੋਗ ਕੇ ਤੁਰ ਜਾਣਾ ਹੁੰਦਾ ਹੈ ਤੇ ਵੀਰ ਹੀ ਭੈਣਾਂ ਲਈ ਉਮਰ ਭਰ ਦੇ ਮਾਪੇ ਹੁੰਦੇ ਹਨ ਜੋ ਹਰ ਔਕੜ, ਸੰਕਟ ਅਤੇ ਖੁਸ਼ੀ ਦੇ ਕਾਰਜਾਂ ਉਤੇ ਸਹਾਈ ਹੋਣ ਲਈ ਆ ਅੱਪੜਦੇ ਹਨ।

ਭੈਣ ਦੀ ਲੋਚਾ ਹੁੰਦੀ ਹੈ ਕਿ ਉਸ ਦਾ ਵੀਰ ਮੁਰੱਬਿਆਂ ਦਾ ਮਾਲਕ, ਘਰ-ਬਾਹਰ 'ਚ ਸਰਦਾਰੀ ਵਾਲਾ, ਦਫਤਰ-ਕਚਹਿਰੀ-ਠਾਣਿਆਂ 'ਚ ਟੌਹਰ-ਟੱਪੇ ਵਾਲਾ ਬਣੇ, ਇਸ ਵਿਚ ਭੈਣ ਦੀ ਸ਼ਾਨ ਹੋਵੇਗੀ। ਇਹ ਲੋਕ ਬੋਲ ਵੀਰ ਦੀ ਬਹਾਦਰੀ ਅਤੇ ਦਲੇਰੀ ਦੇ ਸੂਚਕ ਹਨ:

ਥਾਣੇਦਾਰ ਦੇ ਬਰੋਬਰ ਡਹਿੰਦੀ
ਕੁਰਸੀ ਮੇਰੇ ਵੀਰ ਦੀ।

ਜਿੱਥੇ ਵੱਜਦੀ ਬੱਦਲ ਵਾਂਗੂ ਗੱਜਦੀ
ਕਾਲੀ ਡਾਂਗ ਮੇਰੇ ਵੀਰ ਦੀ।

ਹਰੇ ਹਰੇ ਘਾਹ ਉਤੇ ਉਡਣ ਭੰਬੀਰੀਆਂ
ਬਹੁੜੋ ਵੀਰੋ ਵੇ, ਭੈਣਾਂ ਮੰਗਣ ਜੰਜੀਰੀਆਂ।



'ਵੀਰ ਹੋਵੇ ਇਕ, ਭੈਣਾਂ ਹੋਣ ਕਿੰਨੀਆਂ, ਤਾਂ ਵੀ ਵੀਰ ਲੋਹੜੀ 'ਤੇ ਲਿਆਊ ਪਿੰਨੀਆਂ' ਵਰਗੇ ਬੋਲ ਆਰਥਕਤਾ, ਸਮਾਜਕ ਰਹੁ-ਰੀਤਾਂ ਅਤੇ ਮਨੋਵਿਗਿਆਨਕ ਸਰੋਕਾਰਾਂ ਦਾ ਤੱਥ-ਸੱਚ ਹਨ।

ਭੈਣ-ਭਰਾ ਦਾ ਪਿਆਰ ਸਮੁੰਦਰ ਵਾਂਗ ਹੈ, ਜਿਸ ਦਾ ਥਹੁ ਪਾਉਣਾ ਸੌਖਾ ਨਹੀਂ ਹੈ। ਵੀਰ ਦੀ ਮੰਗਣੀ ਜਾਂ ਉਸ ਦੇ ਵਿਆਹ ਸਮੇਂ ਸਭ ਤੋਂ ਵੱਧ ਚਾਅ ਭੈਣ ਨੂੰ ਹੁੰਦਾ ਹੈ। ਉਹ ਸਖੀਆਂ-ਸਹੇਲੀਆਂ ਨੂੰ ਸੱਦ ਕੇ ਖੁਸ਼ੀਆਂ ਚਾਅ ਸਾਂਝੇ ਕਰਦੀ ਘੋੜੀਆਂ ਗਾਉਂਦੀ ਹੈ, ਵਾਗਾਂ ਗੁੰਦਦੀ ਹੈ, ਸਿਹਰਾ ਸਜਾਉਂਦੀ ਹੈ ਅਤੇ ਭਾਬੋ ਦੇ ਆਉਣ ਦੀ ਖੁਸ਼ੀ 'ਚ ਫੁੱਲੀ ਨਹੀਂ ਸਮਾਉਂਦੀ।

ਜਿੱਥੇ ਭੈਣ ਦੀਆਂ ਵੀਰ ਵਾਸਤੇ ਇੰਨੀਆਂ ਸੱਧਰਾਂ, ਕਾਮਨਾਵਾਂ ਅਤੇ ਚਾਹਤਾਂ ਹਨ, ਉਥੇ ਭਰਾ ਵੀ ਭੈਣ ਦੀਆਂ ਸੱਧਰਾਂ, ਉਮੰਗਾਂ ਅਤੇ ਲੋੜਾਂ ਪੂਰੀਆਂ ਕਰਨ ਵਿਚ ਕੋਈ ਕਸਰ ਨਹੀਂ ਛੱਡਦਾ। ਸੁੱਖ-ਦੁੱਖ ਅਤੇ ਅਨੇਕ ਹੋਰ ਕਾਰਜਾਂ ਸਮੇਂ ਭਰਾ ਦਾ ਭੈਣ ਦੇ ਘਰ ਪੁੱਜਣਾ ਜ਼ਰੂਰੀ ਸਮਝਿਆ ਜਾਂਦਾ ਹੈ। ਸਹੁਰੇ ਵਸਦੀ ਭੈਣ ਨੂੰ ਵੀਰ ਕਈ ਬਹਾਨੇ ਬਣਾ ਕੇ ਮਿਲ ਆਉਂਦਾ ਹੈ। ਮੇਲੇ, ਤਿੱਥ ਤਿਉਹਾਰ ਅਤੇ ਜੰਮਣੇ-ਮਰਨੇ ਦੀਆਂ ਅਨੇਕ ਰਹੁ-ਰੀਤਾਂ ਦੇ ਮੌਕੇ ਭਰਾ, ਭੈਣ ਨੂੰ ਕਿੰਨਾ ਕੁਝ ਆਪੋ-ਆਪਣੇ ਰੁਤਬੇ ਅਤੇ ਆਰਥਕਤਾ ਅਨੁਸਾਰ ਦੇ ਕੇ ਖੁਸ਼ੀ ਮਹਿਸੂਸ ਕਰਦਾ ਹੈ।

ਪਹਿਲੀਆਂ 'ਚ ਜਦ ਕਿਤੇ ਭਰਾ ਕਿਸੇ ਰੁਝੇਵੇਂ ਜਾਂ ਗੁੱਸੇ-ਗਿਲੇ ਕਰਕੇ ਥੋੜ੍ਹੀ ਜਿਹੀ ਉਕਾਈ ਕਰ ਜਾਵੇ ਤਾਂ ਭੈਣ ਵਿਆਕੁਲ ਹੋਈ ਕਾਂਵਾਂ, ਕਬੂਤਰਾਂ ਜਾਂ ਚਿੱਠੀ ਰਾਹੀਂ ਮਿਲਣ ਦੀ ਤਾਂਘ ਪ੍ਰਗਟ ਕਰਦੀ ਹੋਈ ਸੁਨੇਹੇ ਭੇਜਦੀ ਸੀ। ਲੋਕ-ਵਾਣੀ ਹੈ:

ਵੀਰਾ ਆਵੀਂ ਵੇ ਭੈਣ ਦੇ ਵਿਹੜੇ
ਪੁੰਨਿਆਂ ਦਾ ਚੰਨ ਬਣ ਕੇ।

ਬੋਤੇ ਚਾਰਦੇ ਭੈਣਾਂ ਨੂੰ ਮਿਲ ਆਉਂਦੇ
ਸਰਵਣ ਵੀਰ ਕੁੜੀਓ।

ਭਰਾ ਕਦੇ ਵੀ ਖਾਲੀ ਹੱਥ ਭੈਣ ਨੂੰ ਮਿਲਣ ਨਹੀਂ ਜਾਂਦਾ, ਉਹ ਤਾਂ 'ਹੱਥ ਛੱਤਰੀ, ਝੋਲੇ ਵਿਚ ਸੇਵੀਆਂ, ਭੈਣ ਕੋਲ ਵੀਰ ਚੱਲਿਆ' ਦੇ ਦ੍ਰਿਸ਼ 'ਚ ਹੁੰਦਾ ਹੈ। ਭੈਣ ਘਰ ਪੁੱਜੇ ਵੀਰ ਦੀ ਸੇਵਾ ਵੀ ਖੂਬ ਕੀਤੀ ਜਾਂਦੀ ਹੈ, ਭਾਵੇਂ ਸੱਸ ਚੰਦਰੀ ਜਾਂ ਕੰਜੂਸ ਵੀ ਕਿਉਂ ਨਾ ਹੋਵੇ, ਤੇ ਉਹ ਵੀਰ ਦੇ ਤੁਰ ਜਾਣ ਮਗਰੋਂ ਉਸ ਨੂੰ ਤਾਹਨੇ-ਮਿਹਣੇ ਵੀ ਕਿਉਂ ਨਾ ਸੁਣਨੇ ਪੈਣ। ਭੈਣ-ਭਰਾ ਦੇ ਪਿਆਰ-ਪ੍ਰਗਟਾਵੇ ਦੇ ਸ਼ਿਰੋਮਣੀ ਮੌਕੇ ਰੱਖੜੀ ਦੇ ਤਿਓਹਾਰ ਸਮੇਂ ਭੈਣ ਦੇ ਮਨ ਦੀਆਂ ਲਹਿਰਾਉਂਦੀਆਂ ਤਰੰਗਾਂ ਨਜ਼ਰੀਂ ਪੈਂਦੀਆਂ ਹਨ। ਭੈਣ ਸਹਿਜ ਦੇਣੇ ਅਗੰਮੀ ਬੋਲ ਅਲਾਪਦੀ ਹੈ:

ਭੈਣ ਕੋਲੋਂ ਵੀਰ ਵੇ ਬੰਨ੍ਹਾ ਲੈ ਰੱਖੜੀ
ਸੁਹਣੇ ਜਿਹੇ ਗੁੱਟ 'ਤੇ ਸਜਾ ਲੈ ਰੱਖੜੀ।
ਇਹਦੇ ਵਿਚ ਮੇਰੀਆਂ ਮੁਰਾਦਾਂ ਵੀਰ ਵੇ
ਸ਼ਹਿਦ ਨਾਲੋਂ ਮਿੱਠੀਆਂ ਨੇ ਯਾਦਾਂ ਵੀਰ ਵੇ।
ਬੰਨ੍ਹ ਵੀਰਾ ਰੱਖੜੀ ਜਵਾਨੀ ਮਾਣ ਵੇ
ਭੈਣ ਨੂੰ ਹੈ ਤੇਰੇ ਉਤੇ ਮਾਣ-ਤਾਣ ਵੇ।

ਭਣੇਵੇਂ-ਭਣੇਵੀਆਂ ਦੇ ਵਿਆਹ ਕਾਰਜਾਂ ਮੌਕੇ ਭਰਾ ਮਾਮੇ ਦੇ ਰੂਪ ਅਨੇਕਾਂ ਸ਼ੁੱਭ ਸ਼ਗਨਾਂ ਅਤੇ ਰਹੁ-ਰੀਤਾਂ ਦਾ ਪਾਲਣ ਕਰਦਾ ਹੈ। ਭੈਣ ਦੇ ਸਹੁਰਿਆਂ ਵਿਚ ਕਿਸੇ ਦੁਖਦ ਸਮੇਂ ਵੀ ਭਰਾ ਬਹੁੜਦਾ ਹੈ। ਅਜਿਹੇ ਮੌਕਿਆਂ 'ਤੇ ਭੈਣਾਂ ਭਰਾਵਾਂ ਪਾਸੋਂ ਕੁਝ ਮੰਗ ਵੀ ਰੱਖ ਸਕਦੀਆਂ ਹਨ, ਜਿਨ੍ਹਾਂ ਦੀ ਪੂਰਤੀ ਭਰਾ ਆਪਣੀ ਸਮਰੱਥਾ ਮੁਜਬ ਕਰਦੇ ਹਨ। ਉਧਰ ਭੈਣ ਵੀ ਭਰਾ-ਭਾਬੋ ਦੀ ਖੁਸ਼ਹਾਲੀ ਵੇਖਣਾ ਲੋਚਦੀ ਕਹਿੰਦੀ ਹੈ:

ਤੈਨੂੰ ਨੱਤੀਆਂ, ਭਾਬੋ ਨੂੰ ਪਿੱਪਲ ਪੱਤੀਆਂ
ਵਿਆਹ ਕਰਵਾ ਵੀਰਨਾ।

ਜਦੋਂ ਭਰਾ ਦਾ ਘਰ ਪਰਿਵਾਰ ਵੱਧਦਾ ਹੈ ਤਾਂ ਉਦੋਂ ਵੀ ਭੈਣ ਖੁਸ਼ੀ ਖੇੜੇ 'ਚ ਕਹਿ ਉਠਦੀ ਹੈ:

ਚੰਨ ਚੜ੍ਹਿਆ ਬਾਪ ਦੇ ਵਿਹੜੇ
ਵੀਰ ਘਰ ਪੁੱਤ ਜੰਮਿਆ।
ਵੀਰ ਘਰ ਪੁੱਤ ਜੰਮਿਆ
ਨੀ ਮੈਂ ਭਰ ਕੇ ਸੰਦੂਕ ਲਿਆਵਾਂ।

ਨਿਰਸੰਦੇਹ ਭੈਣ-ਭਰਾ ਦੇ ਪਵਿੱਤਰ ਨਾਤੇ ਵਰਗਾ ਹੋਰ ਕੋਈ ਨਾਤਾ ਨਹੀਂ ਹੈ ਪਰ ਬਦਲਦੀਆਂ ਪਦਾਰਥਕ ਰੁਚੀਆਂ ਤੇ ਸੌੜੇ ਹਿੱਤਾਂ ਦੀ ਭਾਵਨਾ ਨੇ ਵਰਤਮਾਨ ਸਮੇਂ 'ਚ ਕਿਤੇ ਕਿਤੇ ਇਸ ਨਾਤੇ 'ਚ ਤਰੇੜਾਂ ਪਾ ਦਿੱਤੀਆਂ ਹਨ, ਜਿਨ੍ਹਾਂ ਨੂੰ ਵਿਸ਼ਾਲ ਹਿਰਦੇ ਨਾਲ ਜੋੜਿਆ ਜਾ ਸਕਦਾ ਹੈ ਅਤੇ ਇਸ ਨੂੰ ਸਦੀਵੀ ਬਣਾਇਆ ਜਾ ਸਕਦਾ ਹੈ।

---

# ਮੜ੍ਹੀਆਂ ਤੋਂ ਦੂਰ

*(ਪਿਛਲੇ ਸਫੇ ਦੀ ਬਾਕੀ)*

ਆਣਾ ਸਫਲਾ ਹੋ ਜਾਵੇਗਾ। ਪਰਮਾਤਮਾ ਤੁਹਾਨੂੰ ਭਾਗ ਲਾਵੇ।"

ਇਕ ਦਿਨ ਮੈਂ ਬਿਮਾਰ ਹੋ ਗਿਆ ਤੇ ਘਰ ਵਿਚ ਇਕੱਲਾ ਪਿਆ-ਪਿਆ ਅੱਕ ਗਿਆ। ਮਾਸੀ ਨੂੰ ਫੋਨ ਕੀਤਾ ਕਿ ਜੇ ਸੰਭਵ ਹੋਵੇ ਤਾਂ ਆ ਜਾਵੇ। ਪੁਰਾਣੀਆਂ ਔਰਤਾਂ ਵਿਚ ਕੰਮ ਆਉਣ ਦਾ ਚਾਅ ਤੇ ਮੋਹ ਹੀ ਇੰਨਾ ਹੁੰਦਾ ਹੈ ਕਿ ਮਾਸੀ ਜਿਥੇ ਖਲੋਤੀ ਸੀ, ਉਥੋਂ ਆ ਗਈ। ਬੜੇ ਫਿਕਰ ਨਾਲ ਪੁੱਛਣ ਲੱਗੀ: "ਕੀ ਗੱਲ ਬੇਟਾ ਠੀਕ ਤਾਂ ਹੋ?"

-ਮਾਸੀ ਜੀ, ਬੁਖਾਰ ਸੀ ਜ਼ਰਾ। ਮੈਂ ਆਖਿਆ ਚਲੋ ਛੁੱਟੀ ਹੀ ਲੈ ਲੈਂਦੇ ਆਂ। ਪਰ ਇਹ ਮੜ੍ਹੀਆਂ ਵਰਗੀ ਚੁੱਪ ਖਾਣ ਨੂੰ ਆਉਂਦੀ ਐ। ਕੀ ਜ਼ਿੰਦਗੀ ਐ ਸਾਲੀ? ਸੱਤ ਸਾਲ ਏਸ ਮਕਾਨ ਵਿਚ ਰਹਿੰਦਿਆਂ ਹੋ ਗਏ ਪਰ ਕਦੇ ਕੋਈ ਗੁਆਂਢੀ ਸਾਡੇ ਘਰ ਨੀ ਆਇਆ। ਉਸ ਮੁਲਕ ਵਿਚ ਰਹਿਣ ਦਾ ਕੀ ਹੱਜ ਐ ਜਿਥੇ ਸੌ 'ਚ ਪਚੰਨਵੇਂ ਬੰਦੇ ਤੁਹਾਨੂੰ ਜਾਣਦੇ ਹੀ ਨਾ ਹੋਣ।

ਜਾਹਰ ਹੈ ਕਿ ਮਾਸੀ ਨੂੰ ਮੇਰੀ ਗੱਲ ਪਸੰਦ ਨਹੀਂ ਸੀ ਆਉਣੀ, ਤੇ ਨਾ ਹੀ ਆਈ। ਬਹੁਤ ਪਿਆਰ ਪਰ ਬਹੁਤ ਹੀ ਦ੍ਰਿੜਤਾ ਨਾਲ ਬੋਲੀ: "ਵੇਖ ਬੇਟਾ, ਉਂਜ ਤਾਂ ਤੇਰੀ ਮਰਜ਼ੀ ਏ। ਪਰ ਤੂੰ ਮੜ੍ਹੀਆਂ-ਸਿਵਿਆਂ ਵਰਗੇ ਕੁਲਹਿਣੇ ਤੇ ਨਹਿਸ਼ ਬੋਲ ਨਾ ਬੋਲਿਆ ਕਰ। ਤੇਰੀ ਘਰਵਾਲੀ, ਤੇਰਾ ਪੁੱਤ, ਤੇਰੀ ਨੂੰਹ, ਤੇਰੀ ਧੀ- ਵੇਖ ਕਿੰਨਾ ਖੁਸ਼ ਪਰਿਵਾਰ ਏ ਤੇਰਾ। ਸਭ ਤੋਂ ਵੱਡੀ ਗੱਲ ਇਹ ਕਿ ਇੰਗਲੈਂਡ ਵਰਗੇ ਸੁਰਗ 'ਚ ਬੈਠਾ ਏਂ। ਸੌ ਵਾਰ ਧਰਤੀ ਨਮਸ਼ਕਾਰ ਪੁੱਤਰ! ਜਿਥੋਂ ਤੀਕ ਲੋਕਾਂ ਦੀ ਗੱਲ ਏ, ਇੰਡੀਆ ਵਿਚ ਵੀ ਲੋਕ ਹੁਣ ਪਹਿਲਾਂ ਵਾਂਗ ਮਿਲਣਸਾਰ ਨਹੀਂ ਰਹੇ। ਚੰਡੀਗੜ੍ਹ ਵਰਗੇ ਸ਼ਹਿਰਾਂ ਵਿਚ ਵੀ ਇਕ ਗੁਆਂਢੀ ਦੀ ਦੂਜੇ ਗੁਆਂਢੀ ਨਾਲ ਕੋਈ ਸਾਂਝ ਨਹੀਂ। ਸਾਰੇ ਅੱਗ ਲੱਗੀ ਵਾਂਗ ਫਿਰਦੇ ਨੇ। ਏਥੇ ਪੁੱਤਰ, ਬੜੀਆਂ ਬਹਾਰਾਂ ਨੇ। ਅਖਰੋਟ ਜੇਡੀ ਤਾਂ ਬਦਾਮ ਦੀ ਗਿਰੀ ਏ ਏਥੇ। ਕਾਜੂ, ਲੌਂਗ-ਲਾਚੀਆਂ ਕਿਵੇਂ ਰੁਲਦੇ ਫਿਰਦੇ ਨੇ। ਨਾ ਮੇਰਾ ਪੁੱਤਰ, ਮੜ੍ਹੀਆਂ ਵਰਗੇ ਬੋਲ ਨਾ ਬੋਲਿਆ ਕਰ।"

ਪਰ ਅੱਜ ਮਾਸੀ ਨੂੰ ਕੀ ਹੋ ਗਿਆ ਸੀ? ਉਹ ਤੇ ਉਦਾਸ!

ਮੈਂ ਹੁਣ ਤੁਰਿਆ ਜਾ ਰਿਹਾ ਸਾਂ ਅਤੇ ਮਾਸੀ ਦੇ ਘਰ ਤੋਂ ਬਹੁਤੀ ਦੂਰ ਨਹੀਂ ਸਾਂ। ਹਾਈ ਐਸ਼ ਵਿਚੋਂ ਲਿੰਟਨ ਰੋਡ 'ਤੇ ਪੈ ਗਿਆ ਸਾਂ। ਕਿਣ-ਮਿਣ ਹੋ ਰਹੀ ਸੀ। ਹਲਕੀ-ਹਲਕੀ ਧੁੰਦ ਦੀ ਚਾਦਰ ਦੀ ਝੁੰਬ ਮਾਰੀ ਮਕਾਨਾਂ ਦੀਆਂ ਕਤਾਰਾਂ ਇੰਜ ਖਲੋਤੀਆਂ ਸਨ, ਜਿਵੇਂ ਕਿਸੇ ਆਦਮਖੋਰ ਦਿਉ ਦਾ ਪਹਿਰਾ ਹੋਵੇ। ਸਿਰਫ ਘਰ ਖਲੋਤੇ ਸਨ, ਬੰਦੇ ਦੀ ਜ਼ਾਤ ਤੀਕ ਨਜ਼ਰ ਨਹੀਂ ਸੀ ਆ ਰਹੀ। ਇੰਨੇ ਸੋਹਣੇ ਘਰ ਬੰਦੇ ਦੀ ਜ਼ਾਤ ਬਿਨਾ ਕਿੰਨੇ ਭਿਆਨਕ ਲੱਗ ਰਹੇ ਸਨ। ਕਾਲੀ ਛੱਤ ਦੀ ਟੀਸੀ 'ਤੇ ਇਕ ਕਾਲੇ ਪੰਛੀ ਨੇ ਧੌਣ ਚੁੱਕੀ ਤੇ ਉਡ ਗਿਆ। ਚੁੱਪ ਹੋਰ ਵੀ ਭਿਆਨਕ ਹੋ ਗਈ।

ਮੈਂ ਘੰਟੀ ਵਜਾਈ ਤਾਂ ਮਾਸੀ ਨੇ ਇਕ ਦਮ ਬੂਹਾ ਖੋਲ੍ਹ ਦਿੱਤਾ, ਜਿਵੇਂ ਮੈਨੂੰ ਹੀ ਉਡੀਕ ਰਹੀ ਹੋਵੇ। ਮੈਂ ਪੈਰਾਂ ਵਲ ਝੁਕਿਆ ਤੇ ਉਸ ਨੇ ਮੇਰਾ ਸਿਰ ਪਲੋਸਿਆ। ਪਰ ਮੇਰੇ ਸਿਰ 'ਤੇ ਜਿਹੜਾ ਹੱਥ ਟਿਕਿਆ, ਉਸ ਵਿਚ ਨਾ ਹੀ ਪਹਿਲਾਂ ਵਰਗੀ ਜਾਨ ਸੀ, ਨਾ ਹੀ ਨਿੱਘ ਤੇ ਨਾ ਹੀ ਥਰਥਰਾਹਟ! ਬਿਲਕੁਲ ਜਿਵੇਂ ਕਿਸੇ ਨੇ ਕੋਈ ਮਰੀ ਹੋਈ ਚੀਜ਼ ਹੌਲੀ ਦੇਣੇ ਮੇਰੇ ਸਿਰ 'ਤੇ ਰੱਖ ਦਿੱਤੀ ਹੋਵੇ।

-ਮਾਸੀ ਜੀ, ਕੀ ਗੱਲ ਬੁਝੇ-ਬੁਝੇ ਲਗਦੇ ਹੋ?

ਬੱਸ ਉਸ ਦੇ ਦੀਦਿਆਂ ਨੂੰ ਜਿਵੇਂ ਬੋਲਾਂ ਦੀ ਉਡੀਕ ਸੀ। ਭੁੱਬਾਂ ਮਾਰ-ਮਾਰ ਰੋਣ ਲੱਗ ਪਈ।

ਮੈਂ ਨੇੜੇ ਹੋ ਗਲਵਕੜੀ ਪਾਂਦਿਆਂ ਆਖਿਆ, "ਮਾਸੀ ਜੀ, ਆਏਂ ਨਾ ਕਰੋ। ਮੈਨੂੰ ਦਸੋ ਕੀ ਗੱਲ ਐ। ਤੁਹਾਡੀ ਹਰ ਤਕਲੀਫ ਦੂਰ ਕਰਨ ਦੀ ਕੋਸ਼ਿਸ਼ ਕਰਾਂਗੇ।"

ਸੈੱਟੀ 'ਤੇ ਬਹਿ ਮਾਸੀ ਨੇ ਮੇਰੇ ਅੱਗੇ ਇੰਜ ਹੱਥ ਜੋੜੇ ਜਿਵੇਂ ਉਸ ਨੇ ਕੋਈ ਬਹੁਤ ਵੱਡੀ ਸੁੱਖ ਸੁੱਖਣੀ ਹੋਵੇ ਤੇ ਉਸ ਦੀ ਸੁੱਖ ਪੂਰੀ ਕਰ ਸਕਦਾ ਹੋਵਾਂ। ਮੈਂ ਬੜਾ ਸ਼ਰਮਿੰਦਾ ਹੋ ਉਸ ਦੇ ਜੁੜੇ ਹੋਏ ਹੱਥ ਖੋਲ੍ਹ ਦਿੱਤੇ। ਮਾਸੀ ਨੇ ਆਖਿਆ, "ਪੁੱਤਰ! ਤੂੰ ਰਹਿੰਦੀ ਦੁਨੀਆਂ ਤਕ ਜੀਵੇਂ, ਤੇਰੀ ਭਾਗਵਾਨ, ਤੇਰੇ ਬੱਚੇ ਜੀਣ! ਮੇਰੇ 'ਤੇ ਇਕ ਅਹਿਸਾਨ ਕਰ। ਬਲਵੰਤ ਨੂੰ ਆਖ ਕਿ ਮੈਨੂੰ ਛੇਤੀ ਤੋਂ ਛੇਤੀ ਇੰਡੀਆ ਭੇਜ ਦੇਵੇ।" ਇੰਜ ਆਖ ਮਾਸੀ ਮੁੜ ਜ਼ਾਰ-ਜ਼ਾਰ ਰੋਣ ਲੱਗ ਪਈ।

ਮੈਂ ਤਾਂ ਚਕਰਾ ਗਿਆ ਤੇ ਕਿਹਾ, "ਹੈਂ ਤੁਸੀਂ ਤੇ ਇੰਡੀਆ! ਤੁਸੀਂ ਤਾਂ ਇੰਗਲੈਂਡ ਦੀਆਂ ਦਾਤਾਂ ਦੇ ਗੁਣ ਗਾਉਂਦੇ ਨਹੀਂ ਸੀ ਥੱਕਦੇ। ਤੁਸੀਂ ਤਾਂ ਬਾਊ ਜੀ ਨੂੰ ਵੀ ਬੁਲਾ, ਪੱਕੇ ਤੌਰ 'ਤੇ ਇਥੇ ਰਹਿਣਾ ਚਾਹੁੰਦੇ ਸੀ। ਕੀ ਗੱਲ ਬਲਵੰਤ, ਤੁਹਾਡੀ ਨੂੰਹ ਜਾਂ ਬੱਚਿਆਂ ਨੇ ਤਾਂ ਨੀ ਕੁਝ ਆਖਿਆ ਤੁਹਾਨੂੰ?"

ਮਾਸੀ ਜ਼ਰਾ ਸੰਭਲੀ ਤੇ ਬੋਲੀ, "ਪੁੱਤਰ, ਦੁੱਖ ਤਾਂ ਇਹੀ ਏ ਕਿ ਇਥੇ ਕੋਈ ਕਿਸੇ ਨੂੰ ਕੁਝ ਨਹੀਂ ਕਹਿੰਦਾ। ਸਵੇਰੇ ਤਾਂ ਪਤਾ ਹੀ ਨਹੀਂ ਲਗਦਾ, ਉਹ ਕਦੋਂ ਚਲੇ ਜਾਂਦੇ ਨੇ। ਰਾਤ ਨੂੰ ਦਸ ਵਜੇ ਤੋਂ ਵੀ ਪਿੱਛੋਂ ਆਉਂਦੇ ਨੇ ਤੇ ਇੰਨੇ ਥੱਕੇ ਹੋਏ ਹੁੰਦੇ ਨੇ, ਜੇ ਮੈਂ ਕੋਈ ਗੱਲ ਕਰਾਂ, ਜਾਂ ਤਾਂ ਲਾਹ ਕੇ ਰੱਖ ਦਿੰਦੇ ਨੇ ਜਾਂ ਹਾਂ-ਹੂੰ ਕਰ ਛੱਡਦੇ ਨੇ। ਬਸ ਬੀਅਰ, ਦਾਰੂ ਪੀ, ਦੋ ਰੋਟੀਆਂ ਨਿਗਲ ਆਪਣੇ ਕਮਰੇ ਵੱਲ ਨੱਸ ਜਾਂਦੇ ਨੇ। ਮੈਂ ਆਖਨੀ ਆਂ- ਬੰਤ ਬੇਟਾ, ਆਹ ਇੰਡੀਆ ਤੋਂ ਤੇਰੇ ਬਾਊ ਜੀ ਦੀ ਚਿੱਠੀ ਆਈ ਹੈ, ਨਾਲੇ ਤੇਰੀ ਭੈਣ ਦੀ ਵੀ। ਬੱਸ ਬੇਦਿਲੀ ਜਿਹੀ ਨਾਲ ਆਖ ਦੇਵੇਗਾ- ਬੀਬੀ, ਤੂੰ ਹੀ ਜਵਾਬ ਦੇ ਦੇਵੀਂ। ਮੇਰੇ ਕੋਲ ਪੜ੍ਹਨ ਦਾ ਵਕਤ ਨਹੀਂ ਏ।"

"ਤੁਸੀਂ ਮਾਸੀ ਜੀ, ਆਪਣੀ ਨੂੰਹ ਨਾਲ ਗੱਲਬਾਤ ਕਰਿਆ ਕਰੋ। ਉਹਦੇ ਨਾਲ ਦੁਕਾਨ 'ਤੇ ਚਲੇ ਜਾਇਆ ਕਰੋ। ਔਰਤਾਂ ਨਾਲ ਔਰਤਾਂ ਦੀ ਬੜੀ ਸਾਂਝ ਹੁੰਦੀ ਐ।" ਮੈਂ ਮਾਸੀ ਨੂੰ ਇਸ ਭਵ-ਸਾਗਰ 'ਚੋਂ ਕੱਢਣ ਲਈ ਸੁਝਾਉ ਦਿੱਤਾ।

ਮਾਸੀ ਹੱਸੀ, ਉਦਾਸ ਤੇ ਵਿਅੰਗਮਈ ਹਾਸਾ! ਤੇ ਆਖਣ ਲੱਗੀ, "ਵੇਖ ਪੁੱਤਰ, ਗੱਲ ਕੀਤੀ ਦੂਰ ਚਲੀ ਜਾਂਦੀ ਏ। ਇਹ ਕੋਈ ਨੌਂਹ ਏ? ਇਸ ਦੀ ਸਿਰਫ ਸ਼ਕਲ ਹੀ ਇੰਡੀਅਨ ਏ, ਬਾਕੀ ਸਭ ਕੁਝ ਗੋਰੀਆਂ ਤੋਂ ਵੀ ਭੈੜਾ ਏ। ਏਹਨੇ ਕਦੀ ਮੇਰੇ ਪੈਰਾਂ ਨੂੰ ਹੱਥ ਨਹੀਂ ਲਾਇਆ। ਕਦੀ ਨੀ ਆਖਿਆ, ਬੀਬੀ ਕੋਈ ਆਪਣੀ ਸਭਿਅਤਾ ਜਾਂ ਮਾਣ-ਮਰਿਆਦਾ ਬਾਰੇ ਗੱਲ ਸੁਣਾਉ। ਇਕ ਦਿਨ ਕਹੇ-ਕਹਾਏ ਨੂੰ ਮੈਨੂੰ ਦੁਕਾਨ 'ਤੇ ਲੈ ਗਈ, ਪਰ ਪਿਛਲੇ ਪਾਸੇ ਇਕ ਖੁਰੇ ਜਿੰਨੀ ਥਾਂ ਸੀ ਜਿਥੇ ਮੈਨੂੰ ਪੰਦਰਾਂ ਘੰਟੇ ਤਾੜੀ ਰੱਖਿਆ। ਸਾਹ ਘੁਟ ਗਿਆ ਮੇਰਾ। ਔਤਰੀ ਕੈਦ ਵਿਚ ਪਤਾ ਨੀ ਲੋਕ ਕਿਵੇਂ ਰਹਿ ਲੈਂਦੇ ਨੇ ਭਾਈ।"

-ਤਾਂ ਫਿਰ ਪੋਤੇ ਪੋਤੀਆਂ ਨਾਲ ਦਿਲ ਪਰਚਾਇਆ ਕਰੋ। ਮੂਲ ਨਾਲੋਂ ਵਿਆਜ ਪਿਆਰਾ ਹੁੰਦੈ।

ਮਾਸੀ ਦੇ ਬੁਲ੍ਹਾਂ 'ਤੇ ਫਿਰ ਦੁਖ ਭਰੀ ਤੇ ਵਿਅੰਗਮਈ ਮੁਸਕਾਣ ਤੜਫੀ, "ਪੋਤੇ ਪੋਤੀਆਂ! ਮੁੰਡਾ ਤੇ ਕੁੜੀ ਤਾਂ ਉਂਜ ਹੀ ਇਨ੍ਹਾਂ ਦੇ ਕਹਿਣ 'ਚ ਨਹੀਂ। ਮੁੰਡਾ ਤਾਂ ਬਹੁਤਾ ਬਾਹਰ ਫਿਰਦਾ ਰਹਿੰਦਾ ਏ। ਜਦੋਂ ਘਰ ਹੋਵੇ ਤਾਂ ਟੈਲੀ ਦੁਆਲੇ ਜਾਂ ਆਪਣੇ ਕਮਰੇ ਵਿਚ ਕੰਨ-ਖਾਣੇ ਅੰਗਰੇਜ਼ੀ ਗਾਣੇ ਸੁਣਦਾ ਰਹਿੰਦਾ ਏ। ਛੋਟੀ ਕੁੜੀ ਦੇ ਮੈਨੂੰ ਉਂਜ ਹੀ ਲੱਛਣ ਚੰਗੇ ਨੀ ਜਾਪਦੇ। ਕਈ ਵਾਰ ਤਾਂ ਮੈਂ ਇਕ ਭੈੜੇ ਜਿਹੇ ਵਾਲਾਂ ਵਾਲੇ ਮੁੰਡੇ ਨੂੰ ਉਹਦੇ ਨਾਲ ਗੇਟ ਤੀਕ ਆਉਂਦਾ ਵੇਖਿਆ। ਮੈਂ ਬਲਵੰਤ ਨਾਲ ਗੱਲ ਕਰਨੀ ਤਾਂ ਠੀਕ ਨੀ ਸਮਝੀ ਕਿ ਕੁੜੀ ਨੂੰ ਧੌਲ-ਧੱਫਾ ਨਾ ਕਰੇ। ਨੂੰਹ ਨਾਲ ਗੱਲ ਕੀਤੀ ਸੀ। ਪਤਾ ਈ ਉਸ ਨੇ ਕੀ ਜਵਾਬ ਦਿੱਤਾ?"

-ਕੀ ਜਵਾਬ ਦਿੱਤਾ?

-ਆਖਣ ਲੱਗੀ, 'ਬੀਬੀ, ਇੰਡੀਆ ਦਾ ਮੁੰਡਾ ਤਾਂ ਸਾਡੀਆਂ ਕੁੜੀਆਂ ਨੇ ਲੈਣਾ ਨਹੀਂ। ਸਾਡੇ ਕੋਲ ਮੁੰਡੇ ਲੱਭਣ ਦਾ ਵਕਤ ਨਹੀਂ। ਸਗੋਂ ਚੰਗਾ ਹੈ ਕਿ ਆਪੇ ਲੱਭ ਲੈਣਗੀਆਂ।' ਕੀ ਆਖਦੀ ਮੈਂ? ਮੈਂ ਚੁਪਚਾਪ ਸੁਣ ਲਈ ਤੇ ਪੀ ਗਈ। ਪਰ ਸਾਰੀ ਰਾਤ ਆਪਣੇ ਆਪ ਵਿਚ ਰਿਝਦੀ ਰਹੀ। ਹੇ ਭਗਵਾਨ! ਏਥੇ ਵਸਦੇ ਲੋਕਾਂ ਦਾ ਕੀ ਬਣੇਗਾ?

ਮੈਂ ਮਾਸੀ ਨੂੰ ਜ਼ਰਾ ਰੰਗ ਵਿਚ ਲਿਆਉਣ ਲਈ ਆਖਿਆ, "ਤੁਸੀਂ ਕੋਈ ਫਿਕਰ ਨਾ ਕਰੋ। ਇਨ੍ਹਾਂ ਕੋਲ ਪੈਸੇ ਬਥੇਰੇ ਨੇ। ਇਨ੍ਹਾਂ ਦੇ ਬਹੁਤ ਸੋਹਣੇ ਬਕਸੇ ਬਣਨਗੇ। ਨਾ ਕਿਸੇ ਨੂੰ ਫੁੱਲ ਚੁੱਗਣੇ ਪੈਣਗੇ ਤੇ ਨਾ ਹਰਦਵਾਰ ਜਾਣਾ ਪਵੇਗਾ। ਇਹ ਲੋਕ ਬੇਹੱਦ ਖੁਸ਼ ਨੇ, ਆਪਣੀ ਉੱਲੂਆਂ ਦੀ ਦੁਨੀਆਂ ਵਿਚ। ਇਹ ਬਿਲਕੁਲ ਪਸੰਦ ਨੀ ਕਰਦੇ ਕਿ ਕੋਈ ਇਨ੍ਹਾਂ ਲਈ ਚਿੰਤਾ ਕਰੇ। ਬੜੀ ਕੁੜੀ ਤਾਂ ਬੜੀ ਚੰਗੀ ਏ। ਉਹਦੇ ਨਾਲ ਗੱਲਬਾਤ ਕਰਿਆ ਕਰੋ।

-ਚੰਗੀ ਤਾਂ ਸ਼ਾਇਦ ਹੋਵੇ। ਪਰ ਬੋਲੀ ਦੀ ਕੋਈ ਸਾਂਝ ਨਹੀਂ। ਬੱਸ ਹੈਲੋ ਤੇ ਗੁਡ ਨੈਟ ਕਰਨ ਲੱਗੀ ਮੈਨੂੰ ਚੁੰਮ ਜ਼ਰੂਰ ਲੈਂਦੀ ਏ। ਘੜੀ ਕੁ ਕਾਲਜੇ ਵਿਚ ਠੰਢ ਪੈ ਜਾਂਦੀ ਏ। ਬੱਸ ਮੁੜ ਉਹੀ ਚੁਪ ਤੇ ਉਦਾਸੀ ਜਿਹੜੀ ਘੰਟਿਆਂ ਬੱਧੀ ਨਹੀਂ ਟੁਟਦੀ।

ਮਾਸੀ ਦੀਆਂ ਗੱਲਾਂ ਤੋਂ ਮੈਂ ਉਸ ਦੀ ਹਾਲਤ ਦਾ ਅੰਦਾਜ਼ਾ ਲਾ ਬੜਾ ਫਿਕਰਮੰਦ ਹੁੰਦਾ ਜਾ ਰਿਹਾ ਸਾਂ। ਕੋਈ ਨਾ ਕੋਈ ਤਾਂ ਰੁਝੇਵਾਂ ਚਾਹੀਦਾ ਹੈ। ਇੰਜ ਤਾਂ ਪਾਗਲ ਹੋ ਜਾਵੇਗੀ ਵਿਚਾਰੀ। ਇਸੇ ਹਾਲਤ ਦੇ ਹੱਲ ਲਈ ਮੈਂ ਕੁਝ ਨਾ ਕੁਝ ਪੁਛੀ-ਦੱਸੀ ਜਾ ਰਿਹਾ ਸਾਂ।

-ਬੱਚਿਆਂ ਲਈ ਖਾਣਾ ਬਣਾਇਆ ਕਰੋ। ਨਾਲੇ ਇਹ ਸੁਆਦ ਲੈਣਗੇ, ਨਾਲੇ ਤੁਹਾਡਾ ਵਕਤ ਕਟ ਜਾਇਆ ਕਰੇਗਾ।

ਮਾਸੀ ਡਾਢੇ ਦੁੱਖ ਨਾਲ ਬੋਲੀ, "ਪੰਜੇ ਜਣਿਆਂ ਦੇ ਪੰਜਾਹ ਰਾਹ ਨੇ। ਕੋਈ ਕਿਸੇ ਨੂੰ ਖੇਚਲ ਹੀ ਨਹੀਂ ਦਿੰਦਾ। ਇੰਡੀਆ ਵਿਚ ਸਵੇਰੇ-ਸ਼ਾਮ ਨਿਆਣਿਆਂ ਨੇ ਅਸਮਾਨ ਸਿਰ 'ਤੇ ਚੁਕਿਆ ਹੁੰਦਾ ਏ: ਮਾਤਾ ਜੀ, ਮੈਂ ਪਰੌਂਠੀ ਖਾਣੀ ਏ। ਮਾਤਾ ਜੀ, ਮੈਂ ਗੋਭੀ ਨਾਲ ਫੁਲਕਾ ਖਾਣਾ ਏ। ਮਾਤਾ ਜੀ, ਮੈਂ ਚਾਹ ਪੀਣੀ ਏ। ਮਾਤਾ ਜੀ, ਮੈਂ ਦੁੱਧ ਵਿਚ ਪੱਤੀ ਪਾ ਕੇ ਪੀਣੀ ਏ। ਪਰ ਏਥੇ ਕਿਚਨ ਵਿਚ ਵੜਦੇ ਨੇ, ਤੇ ਡੱਬਿਆਂ 'ਚੋਂ ਕਾਰਨਫਲੇਕਸ ਪਲੇਟ ਵਿਚ ਪਾ, ਵਿਚ ਦੁੱਧ ਦੀ ਬੋਤਲ ਉਲੱਦ, ਖਾ ਕੇ ਅਹੁ ਜਾਂਦੇ ਨੇ। ਜਾਂ ਮਾਸ ਮੱਛੀ ਤਲ-ਤਲ ਖਾਈ ਜਾਂਦੇ ਨੇ। ਮੇਰਾ ਤਾਂ ਪੁੱਤਰ ਧਰਮ ਭ੍ਰਿਸ਼ਟ ਕਰ ਛੱਡਿਆ ਸੂ। ਇੰਡੀਆ ਜਾਂਦੀ ਹੀ ਪਹਿਲਾਂ ਹਰਦਵਾਰ ਨ੍ਹਾ ਕੇ ਹੀ ਘਰ ਵੜਾਂਗੀ।"

"ਨਾ ਮਾਸੀ ਜੀ, ਜਿਉਂਦੇ ਜੀਅ ਹਰਦਵਾਰ ਨਾ ਜਾਣਾ।" ਮੈਂ ਮਜ਼ਾਕ ਕੀਤਾ।

ਪਰ ਮਾਸੀ ਤਾਂ ਹੋਰ ਵੀ ਗੰਭੀਰ ਹੋ ਗਈ। ਅਤਿ ਨਿਮਰਤਾ ਨਾਲ ਬੋਲੀ, "ਪੁੱਤਰ, ਜੇ ਤੂੰ ਮੈਨੂੰ ਇੰਡੀਆ ਘਲਾਉਣ ਵਿਚ ਮੇਰੀ ਮਦਦ ਕਰੇਂ ਤਾਂ ਮੈਂ ਤੇਰਾ ਅਹਿਸਾਨ ਉਮਰ ਭਰ ਨਹੀਂ ਭੁਲਾਂਗੀ। ਨਹੀ ਤਾਂ ਮੈਂ ਘੁਟ-ਘੁਟ ਕੇ ਮਰ ਜਾਵਾਂਗੀ।" ਆਖ ਉਹ ਮੁੜ ਜ਼ਾਰ-ਜ਼ਾਰ ਰੋਣ ਲੱਗ ਪਈ।

ਮੈਂ ਮਾਸੀ ਦੀਆਂ ਅੱਖਾਂ ਪੂੰਝੀਆਂ। ਉਹਦੀਆਂ ਅੱਖਾਂ ਵਿਚ ਸੂਰਜ ਮਰਿਆ ਪਿਆ ਸੀ। ਮੇਰੀਆਂ ਆਪਣੀਆਂ ਅੱਖਾਂ ਭਰ ਆਈਆਂ। ਤਸੱਲੀ ਦਿੰਦਿਆਂ ਆਖਿਆ, "ਮਾਸੀ ਜੀ, ਕੋਈ ਫਿਕਰ ਨਾ ਕਰੋ। ਹੁਣ ਤੁਹਾਨੂੰ ਇੰਡੀਆ ਜਾਣਾ ਚਾਹੀਦੈ। ਨਹੀਂ ਤਾਂ ਤੁਹਾਨੂੰ ਇਹ ਮੜ੍ਹੀਆਂ ਵਰਗੀ ਇਕੱਲ ਨਿਗਲ ਜਾਵੇਗੀ।"

ਮੈਂ ਮਾਸੀ ਨੂੰ ਅੱਖਾਂ ਪੂੰਝਣ ਲਈ ਟਿਸ਼ੂ ਫੜਾਇਆ। ਮੇਰੇ ਵਲੋਂ ਦਰਸਾਈ ਹਮਦਰਦੀ 'ਤੇ ਤਸੱਲੀ ਨਾਲ ਮਾਸੀ ਜ਼ਰਾ ਸੰਭਲ ਗਈ ਤੇ ਆਪਣੇ ਆਪੇ ਵਿਚ ਆਉਂਦੀ ਆਖਣ ਲੱਗੀ, "ਪੁੱਤਰ, ਮੈਂ ਤਾਂ ਆਪ ਮਰ ਕੇ ਵੇਖ ਲਿਆ ਏ। ਇਹ ਤਾਂ ਮੜ੍ਹੀਆਂ ਤੋਂ ਵੀ ਦੂਰ ਦੀ ਕੋਈ ਸ਼ੈਅ ਏ। ਮੜ੍ਹੀਆਂ ਵਿਚ ਤਾਂ ਫਿਰ ਚੜ੍ਹਦੀ ਧੁਪ ਆਂਦੀ ਏ। ਵਾ ਵਗਦੀ ਏ। ਪੰਛੀ ਚਹਿਕਦੇ ਨੇ...।"

# ਅੱਥਰੂ-ਅਰਦਾਸ

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਹ ਸ਼ਬਦਾਂ ਦੀ ਅਜਿਹੀ ਜੁਗਤ ਬੰਨਦੇ ਹਨ ਕਿ ਪਾਠਕ ਦੇ ਮੂੰਹੋਂ ਸੁਤੇ ਸਿਧ ਨਿਕਲ ਜਾਂਦਾ ਹੈ, ਕਿਆ ਬਾਤ ਹੈ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਬੰਦੇ ਸਿਰ ਮਾਪਿਆਂ ਦੇ ਓਟ ਆਸਰੇ ਦੀ ਗੱਲ ਕਰਦਿਆਂ ਕਿਹਾ ਸੀ, "ਮਾਪਿਆਂ ਦੀ ਛਾਂ ਹੇਠ ਤੁਰਨ ਵਾਲੇ ਅਤੇ ਇਸ ਛਾਂ ਨੂੰ ਆਪਣੇ ਅੰਤਰੀਵ ਵਿਚ ਸਮਾਉਣ ਵਾਲੇ ਲੋਕ ਹੀ ਛਾਂ ਦੀ ਅਹਿਮੀਅਤ ਨੂੰ ਸਮਝ ਸਕਦੇ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਅੱਥਰੂਆਂ ਯਾਨਿ ਹੰਝੂਆਂ ਦੀ ਤਾਸੀਰ ਬਿਆਨੀ ਹੈ। ਉਹ ਕਹਿੰਦੇ ਹਨ, "ਅੱਥਰੂ, ਖਾਰਾ ਪਾਣੀ, ਅੱਖਾਂ ਨੂੰ ਧੋਂਦਾ, ਨੈਣ-ਜੂਹ ਵਿਚ ਤਰਲਤਾ ਧਰਦਾ ਅਤੇ ਇਸ ਵਿਚੋਂ ਮੂਕ ਨਕਸ਼ਾਂ ਦੀ ਨਿਸ਼ਾਨਦੇਹੀ ਕਰਦਾ।...ਅੱਥਰੂ, ਕਦੇ ਖੁਸ਼ੀ ਦਾ ਰੰਗ ਲੈ ਕੇ ਆਵੇ ਅਤੇ ਕਦੇ ਮਾਯੂਸੀ ਦਾ ਆਲਮ ਉਪਜਾਵੇ। ਕਦੇ ਮਨ-ਤਹਿਆਂ ਵਿਚ ਤਰੰਗਤਾ ਭਰ ਜਾਵੇ ਅਤੇ ਕਦੇ ਮਾਨਸਿਕ ਸੰਵੇਦਨਾ ਵਿਚ ਚੁੱਪ ਦੀ ਡਫਲੀ ਵਜਾਵੇ।" -ਸੰਪਾਦਕ***

## ਨਿਆਮਤਾਂ



**ਡਾ. ਗੁਰਬਖਸ਼ ਸਿੰਘ ਭੰਡਾਲ**
**ਫੋਨ: 216-556-2080**

ਅੱਥਰੂ, ਮੂਕ ਭਾਵਨਾਵਾਂ ਦਾ ਦੀਦਿਆਂ ਥੀਂ ਵਹਿਣਾ, ਅਬੋਲ ਰਹਿ ਕੇ ਬਹੁਤ ਕੁਝ ਕਹਿਣਾ, ਦਰਦ ਨੂੰ ਅੰਤਰੀਵ 'ਚ ਸਹਿਣਾ ਅਤੇ ਦਰਦ-ਗੰਗਾ ਦੇ ਵਹਿਣਾਂ ਵਿਚ ਵਹਿਣਾ।

ਅੱਥਰੂ, ਬਿਨ-ਅਵਾਜ਼, ਬਿਨ-ਆਹਟ, ਬਿਨ-ਸ਼ੋਰ, ਬਿਨ-ਪੈੜਚਾਲ ਅਤੇ ਬਿਨ-ਦਸਤਕ ਨੈਣਾਂ ਦਾ ਦਰ ਖੋਲ੍ਹਦੇ ਅਤੇ ਦਰਦ-ਕਹਾਣੀ ਦੇ ਚੀਥੜੇ ਫਰੋਲਦੇ।

ਅੱਥਰੂ, ਖਾਰਾ ਪਾਣੀ, ਅੱਖਾਂ ਨੂੰ ਧੋਂਦਾ, ਨੈਣ-ਜੂਹ ਵਿਚ ਤਰਲਤਾ ਧਰਦਾ ਅਤੇ ਇਸ ਵਿਚੋਂ ਮੂਕ ਨਕਸ਼ਾਂ ਦੀ ਨਿਸ਼ਾਨਦੇਹੀ ਕਰਦਾ।

ਅੱਥਰੂ, ਸੂਖਮ ਭਾਵਨਾਵਾਂ 'ਤੇ ਵੱਜੀ ਸੱਟ ਦਾ ਨਿਸ਼ਾਨ, ਸੰਵੇਦਨਾ ਨੂੰ ਝੰਜੋੜਦਾ ਫੁਰਮਾਨ। ਮੂਕ ਸੋਚ-ਸਾਹ ਨੂੰ ਮਿਲੀ ਪਰਵਾਜ਼ ਅਤੇ ਸਵੈ-ਪ੍ਰਗਟਾਵੇ ਦਾ ਨਿਵੇਕਲਾ ਅੰਦਾਜ਼।

ਅੱਥਰੂ, ਕਈ ਪਰਤਾਂ ਵਿਚ ਮਨੁੱਖੀ ਸੰਵੇਦਨਾ ਨੂੰ ਹੰਗਾਲਦੇ। ਮਨ-ਮੰਦਿਰ ਦੀ ਜੂਹ 'ਤੇ ਸਤਰੰਗੀ ਦਾ ਨਾਮਕਰਨ ਬਣ, ਮਨੁੱਖ ਨੂੰ ਪ੍ਰਭਾਸ਼ਿਤ ਕਰਦੇ।

ਅੱਥਰੂ, ਮਨ ਦਾ ਹਲਕਾ ਹੋਣ, ਮਾਨਸਿਕ ਬੋਝ ਤੋਂ ਛੁਟਕਾਰਾ। ਅੱਥਰੂ ਨਾ ਆਉਣ ਤਾਂ ਗਮ ਦਾ ਗੋਲਾ ਮਨੁੱਖੀ ਮੌਤ ਦਾ ਪੈਗਾਮ ਬਣਦਾ।

ਅੱਥਰੂਆਂ ਦੀਆਂ ਤਿੰਨ ਕਿਸਮਾਂ ਅਤੇ ਵੱਖੋ ਵੱਖ ਰਸਾਇਣਕ ਬਣਤਰ। ਇਕ ਅੱਥਰੂ ਖੁਸ਼ੀ ਜਾਂ ਗਮ ਦੇ, ਦੂਸਰੇ ਅੱਥਰੂ ਧੂੰਆਂ, ਗੈਸ, ਪਿਆਜ਼ ਆਦਿ ਦੀ ਗੰਧ ਕਾਰਨ ਪੈਦਾ ਹੋਣ ਵਾਲੇ ਅਤੇ ਤੀਸਰੇ ਅੱਖ ਵਿਚ ਕੁਝ ਪੈਣ ਕਾਰਨ, ਅੱਖ 'ਤੇ ਮਾਰੇ ਘਸੁੰਨ/ਮੁੱਕੇ ਜਾਂ ਸੱਟ ਲੱਗਣ ਕਾਰਨ ਰਿੱਸਦੇ।

ਅੱਥਰੂ, ਮਾਨਸਿਕ ਸਿਹਤ ਅਤੇ ਅੱਖਾਂ ਦੀ ਸਿਹਤਯਾਬੀ ਲਈ ਜਰੂਰੀ। ਇਸੇ ਲਈ ਖੁਸ਼ਕ ਅੱਖਾਂ ਲਈ ਡਾਕਟਰਾਂ ਵਲੋਂ ਨਕਲੀ ਅੱਥਰੂਆਂ ਦਾ ਦਾਰੂ ਦਿੱਤਾ ਜਾਂਦਾ ਤਾਂ ਜੋ ਅੱਖਾਂ ਤਰ ਰਹਿਣ। ਜ਼ਿਆਦਾ ਭਾਵੁਕ ਹੋਣ ਕਾਰਨ ਔਰਤਾਂ, ਮਰਦਾਂ ਨਾਲੋਂ ਜਲਦੀ ਅਤੇ ਜ਼ਿਆਦਾ ਅੱਥਰੂਆਂ ਦਾ ਸਾਥ ਮਾਣਦੀਆਂ।

ਅੱਥਰੂ, ਆਹਾਂ ਦੇ ਅੰਗੀਕਾਰ, ਟੁੱਟਦੇ ਸਾਹਾਂ ਵਿਚਲੀ ਤਿੜਕਣ, ਸਾਹਾਂ ਵਿਚ ਉਗਿਆ ਸੇਕ, ਸਰੋਕਾਰਾਂ 'ਤੇ ਹੋਈ ਗੜ੍ਹੇਮਾਰੀ ਅਤੇ ਖੁਦ ਵਿਚੋਂ ਮਨਫੀ ਹੋਈ ਖੁਦਦਾਰੀ।

ਅੱਥਰੂ, ਚਿੱਟੀ ਚੁੰਨੀ ਦਾ ਰੁਦਨ, ਵਿਯੋਗੀ ਰੂਹ ਦਾ ਰਾਗ, ਚੌਂਕੇ ਬੈਠੀ ਪਤਨੀ ਵਲੋਂ ਮਾਹੀ ਦੇ ਉਡੀਕ 'ਚ ਸੁੱਕ ਰਹੇ ਸਾਹਾਂ ਦਾ ਸੰਤਾਪ, ਦਰਾਂ 'ਤੇ ਬੈਠੀ ਮਾਂ ਦੀ ਸਿਮਟ ਰਹੀ ਉਡੀਕ ਦਾ ਵਾਸਤਾ ਅਤੇ ਬਾਪ ਦੀਆਂ ਜਟੂਰੀਆਂ ਵਿਚੋਂ ਝਾਕਦੀ ਬੇਵਸੀ ਦੀ ਤਵਾਰੀਖ।

ਅੱਥਰੂ ਜਦ ਖੇਤਾਂ ਦੀ ਫਸਲ ਬਣ ਜਾਵੇ, ਬਸਤੀ ਵਿਚ ਉਗ ਰਹੀ ਬੇਰੁਜਗਾਰੀ ਦਾ ਨਾਮਕਰਨ ਹੋਵੇ ਜਾਂ ਵਿਹੜੇ ਵਿਚ ਧਮੱਚੜ ਪਾਉਂਦੀ ਗਰੀਬੀ ਹੋਵੇ ਤਾਂ ਅੱਥਰੂ ਦੀ ਇਬਾਦਤ ਪੜ੍ਹਨਾ ਸਭ ਤੋਂ ਅਸਾਨ ਵੀ ਤੇ ਕਠਿਨ ਵੀ।

ਅੱਥਰੂ ਜਦ ਕਾਨਿਆਂ ਦੀ ਕੁੱਲੀ, ਕੱਖਾਂ ਦੇ ਢਾਰੇ ਜਾਂ ਖੇਤ ਵਿਚ ਉਜੜੀ ਛੰਨ ਦਾ ਸਾਥ ਬਣ ਜਾਵੇ ਤਾਂ ਅੱਥਰੂ ਦਾ ਰੰਗ ਪਿਲੱਤਣਾਂ ਦੀ ਜੂਨ ਹੰਢਾਵੇ।

ਅੱਥਰੂ ਵੱਖ-ਵੱਖ ਸਮਿਆਂ, ਸਥਾਨਾਂ ਅਤੇ ਸਰੋਕਾਰਾਂ ਵਿਚ ਵਿਭਿੰਨ ਸੰਵੇਦਨਾ ਦਾ ਰੂਹ-ਰਾਗ ਪੈਦਾ ਕਰਦੇ ਜਿਨ੍ਹਾਂ ਦੀ ਅਰਥੀਂ ਸੰਵੇਦਨਾ ਨੂੰ ਅੰਤਰੀਵ ਵਿਚ ਉਤਾਰਨਾ, ਹਰੇਕ ਦੇ ਵੱਸ ਨਹੀਂ ਹੁੰਦਾ। ਅੱਥਰੂ, ਕਦੇ ਖੁਸ਼ੀ ਦਾ ਰੰਗ ਲੈ ਕੇ ਆਵੇ ਅਤੇ ਕਦੇ ਮਾਯੂਸੀ ਦਾ ਆਲਮ ਉਪਜਾਵੇ। ਕਦੇ ਮਨ-ਤਹਿਆਂ ਵਿਚ ਤਰੰਗਤਾ ਭਰ ਜਾਵੇ ਅਤੇ ਕਦੇ ਮਾਨਸਿਕ ਸੰਵੇਦਨਾ ਵਿਚ ਚੁੱਪ ਦੀ ਡਫਲੀ ਵਜਾਵੇ।

ਅੱਥਰੂ, ਕੋਮਲ ਭਾਵੀ ਮਨੁੱਖਾਂ ਦੀ ਅਮਾਨਤ, ਸੂਹਜ ਸੰਗ ਲਬਰੇਜ਼ ਬਿਰਤੀ ਦਾ ਹਾਸਲ, ਸੂਖਮ ਤੇ ਸਕੂਨ ਲੋਚਦੇ ਮਨਾਂ ਦੀ ਇਬਾਦਤ ਅਤੇ ਸੁੱਚਮ-ਰੰਗਤਾ ਵਿਚ ਭਿੱਜੀਆਂ ਰੂਹਾਂ ਦੀ ਇਬਾਰਤ।

ਅੱਥਰੂ, ਕਦੇ ਮਗਰਮੱਛੀ ਹੁੰਦੇ ਜੋ ਲੋਕ ਦਿਖਾਵੇ ਤੀਕ ਸੀਮਤ ਹੋ, ਮੌਤ, ਸਦਮਾ ਜਾਂ ਪੀੜਤ ਪਲਾਂ ਵਿਚ ਮਖੌਟਾ ਬਣਦੇ ਤਾਂ ਅੱਥਰੂਆਂ ਦੀ ਅੱਖ ਵਿਚ ਇਕ ਹਉਕਾ ਧਰਿਆ ਜਾਂਦਾ। ਦੁੱਖ ਇਸ ਗੱਲ ਦਾ ਹੈ ਕਿ ਅੱਜ ਕਲ ਮਗਰਮੱਛੀ ਅੱਥਰੂਆਂ ਦੀ ਸਲਤਨਤ ਹਰ ਥਾਂ 'ਤੇ ਹਾਵੀ ਜੋ ਵਰਤਾਉਂਦੀ ਮਾਸੂਮੀਅਤ 'ਤੇ ਕੁਹਜ-ਭਾਵੀ।

ਅੱਥਰੂ, ਖੁਸ਼ੀ ਦਾ ਪਹਿਰਾਵਾ ਪਾਉਂਦੇ ਤਾਂ ਇਸ ਵਿਚੋਂ ਮਨ-ਬਸੰਤਰੀ ਸੁਰ ਪੈਦਾ ਹੁੰਦੀ, ਮਨ-ਵਿਹੜੇ ਵਿਚ ਬਹਾਰਾਂ ਦੀ ਆਮਦ। ਕਾਇਨਾਤ ਅਜਿਹੇ ਪਲਾਂ ਦੇ ਬਲਿਹਾਰੇ ਜਾਂਦੀ, ਮਨੁੱਖਤਾ ਦਾ ਸੁੱਚਾ ਹਾਸਲ ਬਣਦੀ।

ਅੱਥਰੂ, ਲਿਫਾਫੇ ਚੁੱਗਦੇ ਬੱਚਿਆਂ ਦੀਆਂ ਘਰਾਲਾਂ, ਟੁੱਕ ਮਘਦੇ ਲਾਚਾਰਾਂ ਦੀ ਲਾਚਾਰਗੀ ਜਾਂ ਅੱਖਰ-ਚਿਰਾਗ ਲੋਚਦੇ ਬਾਲਾਂ ਦਾ ਜੂਠੇ ਭਾਂਡੇ ਮਾਂਜਣ ਤੀਕ ਦਾ ਸਫਰ, ਵਕਤ ਦੇ ਵਰਕੇ 'ਤੇ ਉਕਰਨਾ ਸ਼ੁਰੂ ਕਰਦੇ ਤਾਂ ਕਈ ਵਾਰ ਇਹ ਅੱਥਰੂ ਅੰਗਿਆਰ ਵੀ ਬਣ ਜਾਂਦੇ।

ਅੱਥਰੂ ਜਦ ਕਿਸੇ ਅਬਲਾ ਦੇ ਸੰਗੀ ਹੋਣ, ਕਿਸੇ ਨਿਰਦੋਸ਼ ਦੇ ਖੂਨ ਵਿਚ ਰਚ ਜਾਣ ਜਾਂ ਕਿਸੇ ਕੌਮ ਦੀਆਂ ਨਸਲਾਂ ਦੇ ਨੈਣਾਂ ਵਿਚ ਸਿੰਮਣੇ ਸ਼ੁਰੂ ਹੋ ਜਾਣ ਤਾਂ ਤਹਿਰੀਕ ਦੇ ਵਰਕਿਆਂ ਨੂੰ ਨਵੀਂ ਤਫਸੀਲ ਮਿਲਦੀ ਜੋ ਇਕ ਚਾਨਣ-ਕਾਤਰ ਬਣ ਨਵੀਂ ਤਹਿਜ਼ੀਬ ਦਾ ਸਬੱਬ ਬਣਦੇ।



*ਤੈਨੂੰ ਦਿਆਂ ਹੰਝੂਆਂ ਦਾ ਭਾੜਾ, ਨੀ ਪੀੜਾਂ ਦਾ ਪਰਾਗਾ ਭੁੰਨ ਦੇ...*

ਅੱਥਰੂ ਜਦ ਹੰਗਾਲੇ ਜਾਂਦੇ ਤਾਂ ਇਸ ਦੀ ਤਾਸੀਰ ਅਤੇ ਤਾਬੀਰ ਵਿਚੋਂ ਅਜਿਹੇ ਸੋਚ-ਵਿਚਾਰਾਂ ਦੀਆਂ ਕਲਮਾਂ ਉਗਦੀਆਂ ਜੋ ਚਾਨਣ-ਕਰੂੰਬਲਾਂ ਬਣ, ਹਨੇਰਿਆਂ ਨੂੰ ਬੇਦਖਲ ਕਰ ਦਿੰਦੀਆਂ।

ਅੱਥਰੂ, ਹਵਾ ਵਿਚ ਰਲ ਕੇ ਹਵਾ ਨੂੰ ਵੀ ਸਲੂਣੀ ਬਣਾ ਦਿੰਦੇ। ਅਜਿਹੀ ਪੌਣ ਵਿਚ ਸਾਹ ਲੈਣ ਵਾਲੇ ਜਦ ਨਮਕ-ਹਰਾਮੀ ਬਣ ਜਾਣ ਤਾਂ ਸਮੇਂ ਦੀ ਹਿੱਕ 'ਚ ਸਦੀਵੀ ਹਉਕਾ ਧਰਿਆ ਜਾਂਦਾ।

ਅੱਥਰੂ, ਜਦ ਇਕ ਪੀੜ੍ਹੀ ਆਪਣੀ ਅਗਲੀ ਪੀੜ੍ਹੀ ਨੂੰ ਵਿਰਾਸਤ ਵਿਚ ਦੇਣ ਲਈ ਮਜਬੂਰ ਹੋ ਜਾਵੇ ਤਾਂ ਨਸਲਾਂ ਮਰਨਹਾਰੀਆਂ ਹੋ ਜਾਂਦੀਆਂ ਅਤੇ ਫਿਰ ਅਨਿਆਂ-ਦੌਰ ਵਿਚੋਂ ਕੋਈ ਸੂਰਮਾ ਪੈਦਾ ਹੋ, ਨਵੀਂ ਪੀੜ੍ਹੀ ਲਈ ਰਾਹ-ਦਸੇਰਾ ਬਣਦਾ।

ਅੱਥਰੂ, ਅਵਾਰਗੀ ਦੀ ਆਵਾਗਵਣ, ਅਲਾਹੁਣੀਆਂ ਦਾ ਆਗਮਨ, ਆਤਮਾ ਦਾ ਅੰਤਰੀਵ 'ਚ ਉਤਰਨਾ ਅਤੇ ਅਮਾਨਵੀ ਵਰਤਾਰਿਆਂ ਦੀ ਅੱਖ-ਚੁੱਭਣਾ।

ਅੱਥਰੂ, ਅਰਦਾਸ ਦਾ ਰੁਤਬਾ ਬਣਦੇ ਜਦ ਅਸੀਂ ਕਿਸੇ ਦੇ ਦਰਦ ਨੂੰ ਮਹਿਸੂਸਦੇ, ਪੀੜਾ ਨੂੰ ਖੁਦ ਦੀ ਪੀੜਾ ਸਮਝਦੇ ਜਾਂ ਪਰਾਈ ਵੇਦਨਾ ਵਿਚੋਂ ਖੁਦ ਨੂੰ ਪ੍ਰਗਟ ਕਰਦੇ, ਦਰਦ-ਨਿਵਾਰਨ ਦੀ ਦਵਾ ਅਤੇ ਦੁਆ ਬਣਦੇ।

ਅੱਥਰੂ, ਅੰਬਰ ਦੀ ਅੱਖ ਵਿਚੋਂ ਕਿਰਦੇ ਤਾਂ ਧਰਤੀ ਸਰਸ਼ਾਰ ਹੁੰਦੀ, ਬਨਸਪਤੀ ਮੌਲਦੀ, ਬਿਰਖਾਂ ਨੂੰ ਬੂਰ ਪੈਂਦਾ ਅਤੇ ਔੜ-ਹਥੇਲੀ 'ਤੇ ਸ਼ਗਨਾਂ ਦੀ ਮਹਿੰਦੀ ਲੱਗਦੀ।

ਅੱਥਰੂ, ਹਵਾ ਦੇ ਦੀਦਿਆਂ ਵਿਚੋਂ ਸਿੰਮਦੇ ਤਾਂ ਪੌਣ ਹਟਕੋਰਾ ਬਣਦੀ, ਰੁਮਕਣੀ ਵਿਚ ਰੋਸਿਆਂ ਦੀ ਰਾਗਣੀ ਮਚਲਦੀ ਅਤੇ ਪੌਣ-ਪਿੰਡੇ 'ਤੇ ਹਉਕਿਆਂ ਦੀ ਕਲਾ-ਨਕਾਸ਼ੀ ਹੁੰਦੀ।

ਅੱਥਰੂ, ਰੂਹ ਵਿਚੋਂ ਰਿਸਦੇ ਤਾਂ ਇਹ ਕੋੜੀਆਂ ਕੁੱਲਾਂ ਗਾਲਦੇ, ਕੂੜ-ਕੁਸੱਤ ਨੂੰ ਸਾੜਦੇ ਅਤੇ ਕੁਰਕਮਾਂ ਦੇ ਗਰਭ ਵਿਚ ਸ਼ੁਭ-ਕਰਮਨ ਦੀ ਗਾਚੀ ਲਾਉਂਦੇ।

ਅੱਥਰੂ, ਤਾਰੇ ਦੇ ਕੋਇਆਂ ਵਿਚ ਰਿੱਸਣ ਲੱਗ ਪੈਣ ਤਾਂ ਰੋਸ਼ਨ-ਅੰਬਰ ਧੁੰਧਲਕੇ ਦਾ ਸ਼ਿਕਾਰ ਹੋ ਜਾਂਦਾ, ਚਾਨਣ ਦੇ ਪੈਰਾਂ ਵਿਚ ਜੰਜੀਰਾਂ ਪੈ ਜਾਂਦੀਆਂ ਅਤੇ ਕਿਰਨਾਂ ਨੂੰ ਕੋਹ ਕੋਹ ਕੇ ਮਾਰਨ ਦੀ ਸਜ਼ਾ ਮਿਲਦੀ। ਪਰ ਚਾਨਣ ਸਦਾ ਚਿਰੰਜੀਵ ਅਤੇ ਮਰ ਕੇ ਵੀ ਜਿਉਣ ਦਾ ਧਰਮ ਨਿਭਾਉਂਦਾ।

ਅੱਥਰੂ ਜਦ ਸ਼ਬਦਾਂ ਦੀ ਜੂਹ ਆਉਂਦੇ, ਅਰਥਾਂ ਨੂੰ ਬੁਸਕਣ ਲਾਉਂਦੇ ਅਤੇ ਸਫਿਆਂ ਨੂੰ ਹੰਝੂ ਭਿੱਜੇ ਹੋਣ ਦਾ ਸਰਾਪ ਦਿੰਦੇ ਤਾਂ ਹਰਫੀ-ਇਬਾਰਤ ਵਿਚੋਂ ਇਨਾਇਤਾਂ ਦੀ ਛਹਿਬਰ ਹੁੰਦੀ ਜੋ ਰੱਕੜ-ਰੂਹਾਂ ਵਿਚ ਨਿਰਮਲਤਾ ਦਾ ਨਗਮਾ ਗੁਣਗਣਾਉਂਦੀ।

ਅੱਥਰੂ, ਸਮਿਆਂ ਦੀ ਤਸ਼ਬੀਹ, ਘਰਾਂ ਦਾ ਚਿਤਰਨ, ਸਮਾਜਕ ਵਰਤਾਰਿਆਂ ਦਾ ਵਰਣਨ ਅਤੇ ਸਬੰਧਾਂ ਵਿਚ ਉਗੀਆਂ ਤਰੇੜਾਂ ਤੇ ਪੀਢੀਆਂ ਗੰਢਾਂ ਦਾ ਝਲਕਾਰਾ।

ਅੱਥਰੂ, ਹਰ ਰੰਗ ਅਤੇ ਰੂਪ ਵਿਚ ਨਿਵੇਕਲੀ, ਨਰੋਈ ਤੇ ਅਨੂਠੀ ਰੰਗਤ ਸੰਗ ਹਰ ਵਿਅਕਤੀ ਦੇ ਦਰ 'ਤੇ ਦਸਤਕ ਦਿੰਦੇ। ਪਰ ਇਸ ਦਾ ਹੁੰਗਾਰਾ ਕੌਣ, ਕਿਸ ਰੂਪ ਅਤੇ ਕਿਸ ਲਹਿਜੇ ਵਿਚ ਭਰਦਾ, ਇਹ ਮਨੁੱਖੀ ਸ਼ਖਸੀਅਤ 'ਤੇ ਨਿਰਭਰ।

ਅੱਥਰੂ, ਆਹਾਂ ਦਾ ਤਪਦਾ ਤੰਦੂਰ, ਧਰਵਾਸਿਆਂ ਦੀ ਧੁਖਦੀ ਧੂਣੀ, ਕੰਧਾਂ 'ਤੇ ਮਾਰੀਆਂ ਉਡੀਕ-ਲੀਕਾਂ ਦਾ ਰੋਸਾ, ਤਿੜਕੇ ਸੁਪਨਿਆਂ ਦੀਆਂ ਛਿੱਲਤਰਾਂ ਅਤੇ ਊਂਘਦੀਆਂ ਰਾਤਾਂ ਦਾ ਵਿਰਲਾਪ।

ਅੱਥਰੂ, ਸ਼ਬਦ-ਸੁਗੰਧੀ, ਅਰਥ-ਬੁਲੰਦੀ, ਬੋਲ-ਪਾਬੰਦੀ ਅਤੇ ਸੁੱਚ-ਸਬੰਧੀ। ਅੱਥਰੂ, ਆਹ-ਅਰਦਾਸ, ਗਮ-ਪਰਵਾਸ, ਚੀਖ-ਧਰਵਾਸ ਅਤੇ ਸੁਖਨ-ਆਸ।

ਅੱਥਰੂ, ਅਦ੍ਰਿਸ਼ਟ ਗਮਖਾਰ, ਅਦਿੱਖ ਪਾਸਾਰ, ਅਰੰਗੀ ਸੰਸਾਰ ਅਤੇ ਅਸਾਧ ਖੁਮਾਰ। ਅੱਥਰੂ, ਸੰਵੇਦਨਾ 'ਚ ਭਿੱਜੇ, ਪੀੜਾ 'ਚ ਰਿੱਝੇ, ਲਹੂ 'ਚ ਮਿੱਝੇ ਅਤੇ ਕਾਇਆ ਨੂੰ ਛਿੱਜੇ।

ਅੱਥਰੂ, ਮੱਲੋਜੋਰੀ ਜਦ ਕਿਸੇ ਨੂੰ ਵਰੋਸਾਏ ਜਾਣ ਤਾਂ ਅੱਥਰੂਆਂ ਦਾ ਦਰਦ ਕੋਈ ਨਾ ਜਾਣੇ। ਅਜਿਹੇ ਹੰਝੂ ਬੇ-ਗੈਰਤੀ ਅਤੇ ਬੇਗਾਨਗੀ ਨਾਲ ਹੀ ਜੀਵਨ-ਪੈਂਡਾ ਖੋਟਾ ਕਰ ਜਾਂਦੇ।

ਅੱਥਰੂ, ਚੁੱਲ੍ਹੇ ਸਾਹਵੇਂ ਬੈਠੀ ਨਾਰ ਦਾ ਨੈਣ-ਪਰਾਗਾ, ਦੱਬੇ ਦਰਦਾਂ ਦਾ ਗੁੰਗਾਪਣ, ਮੋਈਆਂ ਸੱਧਰਾਂ ਦੀ ਹੂਕ ਅਤੇ ਮਨ-ਬੇਲੇ ਵਿਚ ਖਪਾਈ ਕੂਕ।

ਅੱਥਰੂ, ਪਾਣੀ ਵਿਚ ਘੁਲੀ ਆਹਟ, ਮਾਨਸਿਕ ਧਰਾਤਲ 'ਤੇ ਪੀੜਾ ਪੀੜਾ ਹੋਈ ਸਰਸਰਾਹਟ ਅਤੇ ਮਿੱਠਤ 'ਚ ਲਪੇਟੀ ਜੀਵਨੀ-ਕੜਵਾਹਟ।

ਅੱਥਰੂ, ਮਨੁੱਖ ਦੇ ਸਭ ਤੋਂ ਕਰੀਬ, ਅਜੀਜ਼ ਅਤੇ ਅਦੀਬ। ਇਨ੍ਹਾਂ ਦੀ ਬੁੱਕਲ ਵਿਚ ਬਹਿ ਕੇ ਦੁਖ-ਸੁੱਖ ਸਾਂਝਾ ਕਰੋਗੇ ਤਾਂ ਕਿਸੇ ਨੂੰ ਕੋਈ ਕਨਸੋਅ ਵੀ ਨਹੀਂ ਮਿਲੇਗੀ।

ਅੱਥਰੂ, ਮਨੁੱਖੀ ਭਾਵਨਾਵਾਂ ਦਾ ਚਿੱਤਰਪਟ, ਸਾਹ-ਸੰਗੀਤ ਦੀ ਤਰੰਗ-ਕੰਬਣੀ ਅਤੇ ਸਰੀਰਕ ਕ੍ਰਿਆਵਾਂ ਵਿਚ ਪੈਦਾ ਹੋਇਆ ਅਸਾਵਾਂਪਣ।

ਅੱਥਰੂ, ਮਨੁੱਖ ਦਾ ਖੁਦ ਸੰਗ ਸੰਵਾਦ, ਖੁਦ ਵਿਚੋਂ ਖੁਦ ਦਾ ਵਿਕਾਸ ਅਤੇ ਖੁਦ ਰਾਹੀਂ ਨਵੇਂ ਰਾਹ-ਸਫਰ ਦਾ ਵਿਸਥਾਰ।

ਅੱਥਰੂ ਜਦ ਕਿਸੇ ਅਵੱਗਿਆ, ਅਲਾਮਤ, ਆਤੰਕ, ਅੱਕੜ, ਔਖਿਆਈ, ਅਹੰਕਾਰ ਅਤੇ ਅੰਧਕਾਰ ਦੀ ਧਰਾਤਲ ਵਿਚੋਂ ਉਗਮਦੇ ਤਾਂ ਸਰਘੀ ਦਾ ਸੁਨੇਹਾ ਅਚੇਤ ਰੂਪ ਵਿਚ ਦਿੰਦੇ।

ਅੱਥਰੂ ਜਦ ਮਿਲਾਪ, ਮੌਤ, ਮੁਹਲਤ, ਮਿਸ਼ਨ-ਪੂਰਨਤਾ ਅਤੇ ਮਮਤਾ ਵਿਚੋਂ ਪ੍ਰਗਟ ਹੁੰਦੇ ਤਾਂ ਇਸ ਦੀ ਲਿਸ਼ਕੋਰ ਵਿਚੋਂ ਸੁਖਨ-ਸਤਰੰਗੀ ਝਲਕਦੀ।

ਅੱਥਰੂ ਜਦ ਕਿਤਾਬਾਂ ਵਿਚੋਂ ਝਲਕਣ, ਕਲਾ-ਕਿਰਤੀ ਵਿਚੋਂ ਦ੍ਰਿਸ਼ਟਮਾਨ ਹੋਣ ਜਾਂ ਕਿਸੇ ਰੋਹ/ਰੋਸ ਵਿਚੋਂ ਆਪਣਾ ਆਕਾਰ ਸਿਰਜਣ ਲੱਗ ਪੈਣ ਤਾਂ ਅੱਥਰੂਆਂ ਦੀ ਆਮਦ, ਨੀਂਹਾਂ ਨੂੰ ਵੀ ਕੰਬਣ ਲਾ ਦਿੰਦੀ।

ਅੱਥਰੂ ਪੂੰਝਣਾ ਸਭ ਤੋਂ ਪਾਕ ਕਾਰਜ। ਕਿਸੇ ਬੱਚੇ ਦੀਆਂ ਗੱਲਾਂ 'ਤੇ ਜੰਮ ਚੁਕੇ ਅੱਥਰੂਆਂ ਨੂੰ ਪੂੰਝਣਾ, ਤੁਹਾਨੂੰ ਇਲਾਹੀ ਅਹਿਸਾਸ ਹੋਵੇਗਾ। ਕਿਸੇ ਨਿਰਬਲ, ਗਰੀਬ ਜਾਂ ਰੋਟੀਓਂ ਆਤੁਰ ਸ਼ਖਸ ਲਈ ਟੁੱਕ ਬਣਨਾ, ਤੁਹਾਨੂੰ ਅੱਥਰੂਆਂ ਦੀ ਇਬਾਰਤ ਪੜ੍ਹਨ ਦੀ ਜਾਚ ਆ ਜਾਵੇਗੀ। ਪਰ ਕਿਸੇ ਦੇ ਅੱਥਰੂਆਂ ਨੂੰ ਪੜ੍ਹਨ ਵੇਲੇ ਖੁਦ ਦੇ ਨੀਂਵੇਂ ਨੈਣਾਂ ਵਿਚ ਅੱਥਰੂਆਂ ਦੀ ਝੜੀ ਜਰੂਰ ਲਾਉਣਾ ਤਾਂ ਕਿ ਤੁਹਾਡੇ ਮਨ ਵਿਚ ਦਾਨੀ ਹੋਣ ਦਾ ਅਹਿਸਾਸ ਨਾ ਉਪਜੇ।

ਅੱਥਰੂਆਂ ਦੀ ਅੱਖਰ-ਬਾਣੀ ਪੜ੍ਹਨ ਵਾਲੇ ਸਿਰਾਂ ਦੀ ਸ਼ਹਾਦਤ ਦਿੰਦੇ। ਇਹ ਭਾਵੇਂ ਕਸ਼ਮੀਰੀ ਪੰਡਿਤਾਂ ਦੇ ਨੈਣਾਂ ਵਿਚ ਹੋਣ, ਜੁਲਮਾਂ ਨਾਲ ਸਤਾਈ ਲੋਕਾਈ ਦਾ ਰੋਣਾ ਹੋਵੇ ਜਾਂ ਕੁੱਲੀ, ਗੁੱਲੀ ਅਤੇ ਜੁੱਲੀ ਦੀ ਜਦੋਜਹਿਦ ਵਿਚ ਉਲਝੇ ਮਨੁੱਖਾਂ ਦੀ ਹੋਣੀ ਹੋਵੇ।

ਅੱਥਰੂ 'ਚ ਸਮੋਈ ਹੁੰਦੀ ਏ ਕਹਾਣੀ। ਜਦ ਕੋਈ ਇਸ ਦਾ ਹੁੰਗਾਰਾ ਭਰਨ ਤੋਂ ਇਨਕਾਰੀ ਹੋ ਜਾਵੇ ਤਾਂ ਅੱਥਰੂ ਆਪਣੀ ਬੇਇਜਤੀ ਨਾ ਸਹਾਰਦੇ ਹੋਏ ਕਈ ਵਾਰ ਖੁਦਕੁਸ਼ੀ ਕਰ ਲੈਂਦੇ ਜਾਂ ਨਵੇਂ ਇਤਿਹਾਸ ਦਾ ਵਰਕਾ ਬਣਦੇ। ਇਹ ਅੱਥਰੂਆਂ ਦੇ ਵਣਜਾਰੇ 'ਤੇ ਨਿਰਭਰ।

ਅੱਥਰੂ, ਬਰਸਾਤਾਂ ਨਾ ਬਣਨ ਅਤੇ ਨਾ ਹੀ ਅਣਹੋਣੇ ਵਰਤਾਰਿਆਂ ਨੂੰ ਅਣਗੌਲਿਆ ਕਰਨ।

***ਅੱਥਰੂ ਪੂੰਝਣਾ ਸਭ ਤੋਂ ਪਾਕ ਕਾਰਜ। ਕਿਸੇ ਬੱਚੇ ਦੀਆਂ ਗੱਲਾਂ 'ਤੇ ਜੰਮ ਚੁਕੇ ਅੱਥਰੂਆਂ ਨੂੰ ਪੂੰਝਣਾ, ਤੁਹਾਨੂੰ ਇਲਾਹੀ ਅਹਿਸਾਸ ਹੋਵੇਗਾ। ਕਿਸੇ ਨਿਰਬਲ, ਗਰੀਬ ਜਾਂ ਰੋਟੀਓਂ ਆਤੁਰ ਸ਼ਖਸ ਲਈ ਟੁੱਕ ਬਣਨਾ, ਤੁਹਾਨੂੰ ਅੱਥਰੂਆਂ ਦੀ ਇਬਾਰਤ ਪੜ੍ਹਨ ਦੀ ਜਾਚ ਆ ਜਾਵੇਗੀ। ਪਰ ਕਿਸੇ ਦੇ ਅੱਥਰੂਆਂ ਨੂੰ ਪੜ੍ਹਨ ਵੇਲੇ ਖੁਦ ਦੇ ਨੀਂਵੇਂ ਨੈਣਾਂ ਵਿਚ ਅੱਥਰੂਆਂ ਦੀ ਝੜੀ ਜਰੂਰ ਲਾਉਣਾ ਤਾਂ ਕਿ ਤੁਹਾਡੇ ਮਨ ਵਿਚ ਦਾਨੀ ਹੋਣ ਦਾ ਅਹਿਸਾਸ ਨਾ ਉਪਜੇ।***

ਬਹੁਤਾਤ ਹਮੇਸ਼ਾ ਮਾੜੀ ਹੁੰਦੀ ਜੋ ਮਾਰੂ ਪਲਾਂ ਦਾ ਪਹਿਰ ਬਣਦੀ।

ਅੱਥਰੂ ਤੁਹਾਡੇ ਅੰਦਰ ਵੱਸਦੇ ਮਨੁੱਖ ਦਾ ਬਿੰਬ, ਸੂਖਮ ਅਤੇ ਸੁਹਜਮਈ ਅਹਿਸਾਸਾਂ ਦੀ ਤਰਤੀਬ ਅਤੇ ਇਨਸਾਨ ਹੋਣ ਦਾ ਐਲਾਨਨਾਮਾ।

ਅੱਥਰੂ, ਅਜਿਹੇ ਬੋਲ ਜਿਨ੍ਹਾਂ ਨੂੰ ਹੋਠਾਂ ਦੀ ਲੋੜ ਨਹੀਂ, ਅਜਿਹੇ ਸ਼ਬਦ ਜਿਹੜੇ ਕਿਸੇ ਕਲਮ ਦਾ ਅਹਿਸਾਨ ਨਹੀਂ ਲੈਂਦੇ, ਅਜਿਹੀ ਪਰਵਾਜ਼ ਦਾ ਉਲੇਖ ਜਿਨ੍ਹਾਂ ਨੂੰ ਪਰਾਂ ਦੀ ਲੋੜ ਨਹੀਂ ਅਤੇ ਅਜਿਹੀ ਦ੍ਰਿਸ਼ਟੀ ਜਿਨ੍ਹਾਂ ਨੂੰ ਦੀਦਿਆਂ ਦੇ ਰਹਿਮੋ-ਕਰਮ ਦੀ ਅਧੀਨਗੀ ਮਨਜੂਰ ਨਹੀਂ।

ਅੱਥਰੂਆਂ ਦੀ ਇਬਾਦਤ ਪੜ੍ਹਨਾ ਸਭ ਤੋਂ ਔਖਾ। ਇਸ ਦੇ ਅਬੋਲਾਂ ਨੂੰ ਸਮਝਣਾ ਸਭ ਤੋਂ ਵੱਡਾ ਜੋਖਮ ਅਤੇ ਇਸ ਦੀ ਤਾਸੀਰ ਨੂੰ ਪਰਖਣਾ ਸਭ ਤੋਂ ਔਖਾ।

ਅੱਥਰੂ, ਉਨ੍ਹਾਂ ਬੋਲਾਂ ਅਤੇ ਅਹਿਸਾਸਾਂ ਨੂੰ ਦਿਤੀ ਜ਼ੁਬਾਨ ਅਤੇ ਗਮਾਂ ਦੀ ਪੰਡ ਜਿਸ ਨੂੰ ਬੋਲ ਜਾਂ ਸ਼ਬਦ ਬਿਆਨਣ ਤੋਂ ਆਕੀ।

ਅੱਥਰੂ, ਕੁਦਰਤ ਦਾ ਇਨਾਇਤੀ ਤੇ ਸਦੀਵੀ ਸਾਥ। ਦੁਨਿਆਵੀ ਸਾਂਝਾਂ-ਸਾਥਾਂ ਨਾਲੋਂ ਅਜ਼ੀਮ। ਜੀਵਨ ਭਰ ਸਾਥ ਨਿਭਾਉਂਦੇ ਅਤੇ ਸਰਬ-ਸੁਖਨਤਾ ਜਿੰਦ ਦੀ ਝੋਲੀ ਪਾਉਂਦੇ।

ਅੱਥਰੂ ਜੋ ਲਹੂ ਪੀਂਦੇ, ਆਪਣੇ ਨਹੀਂ ਦਿੰਦੇ। ਜੋ ਅੱਖੀਆਂ ਵਿਚ ਖਾਰੇ ਅੱਥਰੂ ਧਰਦੇ, ਉਹ ਆਪਣੇ ਨਹੀਂ ਹੁੰਦੇ।

ਅੱਥਰੂ, ਧੂੰਏਂ ਦਾ ਪੱਜ, ਸੱਜਣ ਦਾ ਹੱਜ, ਸੁਪਨੇ ਦੀ ਲੱਜ ਅਤੇ ਅੰਤਰੀਵੀ ਰੱਜ। ਅੱਥਰੂ, ਸਾਹ-ਟਕੋਰ, ਜ਼ਖਮ-ਲੋਰ, ਸੋਚ-ਸ਼ੋਰ ਅਤੇ ਚਾਅ-ਚਕੋਰ।

ਅੱਥਰੂ ਅਕਾਰਨ ਨਹੀਂ ਨੈਣਾਂ ਦਾ ਬੂਹਾ ਮੱਲਦੇ। ਅੱਥਰੂ ਉਦੋਂ ਹੀ ਨੈਣ-ਦਹਿਲੀਜ਼ ਤੋਂ ਬਾਹਰ ਪੈਰ ਧਰਦੇ ਜਦ ਕੁਝ ਅਜਿਹਾ ਹੁੰਦਾ ਜਿਸ ਦਾ ਬੋਝ ਰੂਹ ਨਹੀਂ ਝੱਲ ਸਕਦੀ ਅਤੇ ਫਿਰ ਰੂਹ-ਰੱਤ ਬਾਹਰ ਨੂੰ ਉਛਲਦੀ।

ਅੱਥਰੂ, ਉਲਝੀ ਤਾਣੀ, ਅਕੱਥ ਕਹਾਣੀ, ਮੂਕ ਸਣੌਣੀ ਅਤੇ ਸਾਹੀਂ ਰਚਾਣੀ। ਅੱਥਰੂ ਦਾ ਨੈਣ-ਬਸੇਰਾ, ਪਲਕ ਬਨੇਰਾ, ਕੋਈ ਡੇਰਾ ਅਤੇ ਸੁੰਨ ਸਵੇਰਾ।

ਅੱਥਰੂਆਂ ਦੀ ਭਾਸ਼ਾ ਸਮਝਣ ਵਾਲੇ ਸਾਥੀ ਹੀ ਅਸਲ ਦੋਸਤ ਹੁੰਦੇ। ਤੁਹਾਡੀ ਮੁਸਕਰਾਹਟ 'ਤੇ ਹੀ ਮਰ ਮਿੱਟਣ ਵਾਲੇ ਤਾਂ ਥੋੜ੍ਹ-ਚਿਰੇ ਸਬੰਧਾਂ ਦਾ ਬੁਲਬੁਲਾ ਹੁੰਦੇ।

ਅੱਥਰੂ ਕਿਸੇ ਲਈ ਖਾਰਾ ਪਾਣੀ ਪਰ ਕਈਆਂ ਲਈ ਸੁੱਚੇ ਮੋਤੀ। ਕਿਸੇ ਲਈ ਖੁਦ ਨੂੰ ਗਾਲਣ ਦਾ ਸਬੱਬ ਪਰ ਕਿਸੇ ਲਈ ਜੀਵਨ-ਦਾਨ।

ਅੱਥਰੂ, ਹਾਕ ਤੇ ਹੁੰਗਾਰਾ, ਮਰਹਮ ਤੇ ਦਰਦ-ਕੁੰਵਾਰਾ, ਮਿਲਣਾ ਤੇ ਮਿਲਣ-ਲਾਰਾ, ਆਸ ਤੇ ਆਸ-ਹੁਲਾਰਾ, ਹਾਂ ਤੇ ਮੁਨਕਰੀ-ਇਸ਼ਾਰਾ, ਮਿੱਠੜਾ ਤੇ ਖਾਰਾ, ਜੁਗਨੂੰ ਤੇ ਟੁੱਟਿਆ ਤਾਰਾ ਅਤੇ ਧੂੰਆਂ-ਧੁਖਧੁਖੀ ਤੇ ਚੰਨ-ਲਿਸ਼ਕਾਰਾ।

ਅੱਥਰੂ-ਅਰਦਾਸ ਜਦ ਖੁਦਾ ਦੇ ਦਰੀਂ ਨਤਮਸਤਕ ਹੁੰਦੀ ਤਾਂ ਅਬੋਲ ਹੰਝੂਆਂ ਦੀ ਹਰ ਇੱਛਾ ਕਬੂਲ ਹੁੰਦੀ ਅਤੇ ਮਨ-ਮੁਰਾਦਾਂ ਦੀ ਪੂਰਤੀ ਜੀਵਨ-ਹਾਸਲ ਬਣਦੀ।

ਅੱਥਰੂ ਦੀ ਅਰਜੋਈ ਸੁਣੋ ਜੋ ਚਾਹੁੰਦੇ ਨੇ ਕਿ ਕੋਈ ਵੀ ਅੱਖ ਖਾਰੇ ਪਾਣੀ ਦੀ ਹੋਣੀ ਨਾ ਹੰਢਾਵੇ, ਕਿਸੇ ਦੇ ਭਾਗੀਂ ਹਰ ਪਲ ਮਰਦਿਆਂ ਜਿਉਣ ਦੀ ਮਜਬੂਰੀ ਨਾ ਹੋਵੇ ਅਤੇ ਕਿਸੇ ਵੀ ਖੂੰਜੇ ਨੂੰ ਹਨੇਰੇ ਹੰਢਾਉਣ ਦੀ ਤ੍ਰਾਸਦੀ ਨਾ ਸਹਿਣੀ ਪਵੇ। ਕਿਸੇ ਬਾਪ ਨੂੰ ਆਪਣੇ ਲਾਡਲੇ ਦੀ ਅਰਥੀ ਨੂੰ ਮੋਢਾ ਨਾ ਦੇਣਾ ਪਵੇ ਅਤੇ ਨਾ ਹੀ ਕੋਈ ਮਮਤਾਈ ਲੋਰ ਹਿਚਕੀਆਂ ਦੀ ਲੋਰੀ ਸੁਣਦਿਆਂ ਸਦੀਵੀ ਸੌਂ ਜਾਵੇ। ਅੱਥਰੂ ਤਾਂ ਖੁਸ਼ੀਆਂ ਖੇੜਿਆਂ ਦੀ ਨਗਰੀ ਦੇ ਵਾਸੀ ਬਣ ਕੇ ਹੋਰ ਬਹੁਤਾ ਖਿੜਦੇ।

ਅੱਥਰੂਆਂ ਦੀ ਅਰਜੋਈ ਤੁਹਾਡੀ ਅੰਤਰੀਵ-ਆਤਮਾ ਦੀ ਦਸਤਕ ਜਰੂਰ ਬਣੇ, ਅਜਿਹੀ ਕਾਮਨਾ ਹਰਫ ਸੰਵੇਦਨਾ ਦੀ ਹੈ।

# ਮੈਦਾਨ-ਏ-ਜੰਗ ਵੱਲ ਕੂਚ

*ਕੈਂਸਰ ਅਜਿਹਾ ਭਿਆਨਕ ਰੋਗ ਹੈ ਕਿ ਇਸ ਦਾ ਨਾਂ ਸੁਣਦਿਆਂ ਹੀ ਬੰਦੇ ਦਾ ਤ੍ਰਾਹ ਨਿੱਕਲ ਜਾਂਦਾ ਹੈ। ਪ੍ਰੋ. ਲਖਬੀਰ ਸਿੰਘ ਨੇ ਜਿੰਨੇ ਦਿਲ ਜਿਗਰੇ ਨਾਲ ਇਸ ਦਾ ਮੁਕਾਬਲਾ ਕੀਤਾ, ਉਹ ਆਪਣੇ ਆਪ ਵਿਚ ਇਕ ਮਿਸਾਲ ਹੈ। ਅਸੀਂ ਉਨ੍ਹਾਂ ਦੀ ਇਹ ਲਿਖਤ ਕਿਸ਼ਤਾਂ ਵਿਚ ਇਸ ਆਸ ਨਾਲ ਛਾਪ ਰਹੇ ਹਾਂ ਕਿ ਸ਼ਾਇਦ ਕਿਸੇ ਨੂੰ ਅਜਿਹੀ ਮੁਸੀਬਤ ਦਾ ਸਾਹਮਣਾ ਕਰਨ ਲਈ ਹਿੰਮਤ ਬੱਝੇ। -ਸੰਪਾਦਕ*

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਡਾ. ਚਰਨਜੀਤ ਪਰੁਥੀ, ਮੈਨੇਜਿੰਗ ਡਾਇਰੈਕਟਰ ਬੀ. ਬੀ. ਸੀ. ਹਾਰਟ ਕੇਅਰ ਪਰੁਥੀ ਹਸਪਤਾਲ ਕੋਲ ਵੱਡੀ ਐਂਬੂਲੈਂਸ ਸੀ। ਡਾ. ਪਰੁਥੀ ਦਾ ਫੋਨ ਮਿਲਾਇਆ ਤੇ ਐਂਬੂਲੈਂਸ ਬਾਰੇ ਪੁੱਛਿਆ। ਕਹਿੰਦੇ, "ਕਿਸ ਲਈ ਚਾਹੀਦੀ ਹੈ?" ਮੈਂ ਕਿਹਾ, "ਮੇਰੇ ਲਈ।" ਕਹਿੰਦੇ, "ਹਾਂ! ਪਰ ਕਿਸ ਨੂੰ ਲੈ ਕੇ ਜਾਣਾ?" ਮੈਂ ਕਿਹਾ, "ਮੈਨੂੰ।" ਹੈਰਾਨ ਪ੍ਰੇਸ਼ਾਨ ਹੋਏ ਪੁਛਦੇ, "ਕੀ ਹੋਇਆ?" ਮੈਂ ਜੁਆਬ ਦਿੱਤਾ, "ਕੈਂਸਰ।" ਬਸ ਜ਼ੁਬਾਨ ਬੰਦ ਹੋ ਗਈ ਤੇ ਚੰਦ ਮਿੰਟਾਂ ਬਾਅਦ ਬੋਲੇ, "ਮੇਰੇ ਵੀਰ ਪੁੱਛਣ ਦੀ ਕੀ ਲੋੜ ਹੈ, ਐਂਬੂਲੈਂਸ ਲੈ ਜਾਓ।" ਐਂਬੂਲੈਂਸ ਦਾ ਪ੍ਰਬੰਧ ਹੋ ਗਿਆ। ਫਿਰ ਸੁਆਲ ਸੀ, ਨਾਲ ਕੌਣ ਜਾਊ? ਸੋਚਿਆ, ਡਾਕਟਰਾਂ ਨਾਲ ਗੱਲ ਕਰਨ ਵਾਲਾ ਪੜ੍ਹਿਆ ਲਿਖਿਆ, ਸੁਝਵਾਨ ਬੰਦਾ ਹੋਣਾ ਚਾਹੀਦਾ ਹੈ। ਸਮਾਂ ਮਿਥ



**ਪ੍ਰੋ. ਲਖਬੀਰ ਸਿੰਘ**
ਫੋਨ: 91-98148-66230

ਕੇ, ਰਾਹ ਦੇ ਇੰਤਜ਼ਾਮ ਤੇ ਹੋਰ ਤਿਆਰੀਆਂ ਸ਼ੁਰੂ ਹੋ ਗਈਆਂ। ਚਾਚੀ ਸੁਰਿੰਦਰ ਕੌਰ, ਜਿਗਰੀ ਦੋਸਤ ਡਾ. ਅਸ਼ਵਨੀ ਕੁਮਾਰ ਤੇ ਹਰਵਿੰਦਰ ਕੌਰ ਦਾ ਨਾਲ ਜਾਣਾ ਤੈਅ ਹੋਇਆ। ਚੋਰਾਂ ਵਾਂਗ ਦਿਨ ਦੇ ਪਹਿਲੇ ਪਹਿਰ ਦਿੱਲੀ ਨੂੰ ਕੂਚ ਕਰਨ ਦਾ ਪ੍ਰੋਗਰਾਮ ਬਣਿਆ। ਸ਼ਾਮੀਂ 4 ਕੁ ਵਜੇ ਕਈ ਨਜ਼ਦੀਕੀਆਂ ਤੇ ਦੋਸਤਾਂ ਨੂੰ ਖਬਰ ਪਹੁੰਚ ਗਈ। 29 ਨਵੰਬਰ ਸ਼ਾਮ 4 ਵਜੇ ਤੋਂ ਢੀਂਗਰਾ ਹਸਪਤਾਲ 'ਚ ਮਿਲਣ ਵਾਲਿਆਂ ਦਾ ਤਾਂਤਾ ਬੱਝ ਗਿਆ। ਉਠ ਕੇ ਮਿਲ ਨਹੀਂ ਸਾਂ ਸਕਦਾ। ਸਭ ਹੰਝੂਆਂ ਦੇ ਫੁੱਲ ਮੇਰੇ 'ਤੇ ਕੇਰਦੇ ਰਹੇ। ਜਿਵੇਂ ਸਾਰੇ ਮੇਰੇ ਗਿਰੇਬਾਨ ਅੰਦਰ ਛੁਪੀ ਮੌਤ ਵੱਲ ਝਾਕ ਕੇ ਖੌਫਨਾਕ ਮਰਹਲਾ ਦੇਖ ਕੇ ਕੁਰਲਾ ਰਹੇ ਹੋਣ। ਅਹਿਸਾਸ ਹੋ ਰਿਹਾ ਸੀ ਕਿ ਇਹ ਸਾਰੇ ਅੰਦਰੋਂ ਬੇਹੱਦ ਡਰੇ ਹੋਏ, ਮੈਨੂੰ ਆਖਰੀ ਵਿਦਾਇਗੀ ਦੇ ਰਹੇ ਹਨ। ਇਹ ਮੈਨੂੰ ਠੀਕ ਕਰਨ ਵਾਲੀ ਕੋਈ ਜਾਦੂ ਦੀ ਜੱਫੀ ਨਹੀਂ, ਮੋਹ ਤੋੜਨ ਦੀ ਜੱਫੀ ਹੈ। ਮੇਰੇ ਮਨੋਜਗਤ ਵਿਚ ਬੜੀ ਅਜੀਬ ਕਸ਼ਮਕਸ਼ ਚੱਲ ਰਹੀ ਸੀ। ਇਕ ਪਾਸੇ ਬੜੇ ਹਿੰਮਤ ਹੌਸਲੇ ਨਾਲ ਇਲਾਜ ਵਾਸਤੇ ਚੱਲਣ ਦੀ ਤਿਆਰੀ ਤੇ ਦੂਜੇ ਪਾਸੇ ਸੱਜਣਾਂ ਵਲੋਂ ਮੋਹ ਭੰਗ ਕਰ ਆਖਰੀ ਵਿਦਾਇਗੀ ਦਾ ਅਹਿਸਾਸ। ਬਥੇਰਾ ਕਹਾਂ ਕਿ ਮੈਂ ਖੜ੍ਹਾ ਹੋ ਕੇ ਆਵਾਂਗਾ ਤੇ ਘੁੱਟ-ਘੁੱਟ ਜੱਫੀਆਂ ਪਾਊਂ, ਪਰ ਕਿੱਥੇ! ਸਭ ਨੂੰ ਮੇਰੇ ਬੋਲਾਂ ਤੋਂ ਵੱਧ ਮੇਰੇ ਅੰਦਰ ਹਾਜ਼ਰ ਚੁੱਪ-ਚਪੀਤੇ ਡਾਕਾ ਮਾਰੀ ਬੈਠੇ ਅਜਿਹੇ ਡਾਕੂ ਕੈਂਸਰ ਦਾ ਡਰ ਸੀ, ਜੋ ਕਿਸੇ ਨੂੰ ਬਖਸ਼ਦਾ ਹੀ ਨਹੀਂ। ਇਕੋ ਇਕ ਸ਼ਖਸ ਹਰਵਿੰਦਰ ਹੀ ਇੰਨੀ ਆਸਵੰਦ ਸੀ, ਜਿਸ ਨੇ ਕੈਂਸਰ ਨਾਲੋਂ ਵੱਧ ਮੇਰੇ 'ਤੇ ਭਰੋਸਾ ਕਰਨ 'ਚ ਭਲਾ ਸਮਝਿਆ।

30 ਨਵੰਬਰ ਪਹਿਲੇ ਪਹਿਰ ਦੇ ਤੜਕੇ ਦੋ ਵਜੇ ਡੀ. ਐਮ. ਸੀ. ਹਸਪਤਾਲ ਵਿਚੋਂ ਸਟਰੈਚਰ ਉਠਿਆ ਤੇ ਮੈਨੂੰ ਹੂਟਰ ਮਾਰਦੀ ਵੱਡੀ ਐਂਬੂਲੈਂਸ ਦੇ ਸਟਰੈਚਰ 'ਤੇ ਉਲਟਾ ਦਿੱਤਾ ਗਿਆ। ਇਕ ਮਾਂ ਦਾ ਪੁੱਤਰ, ਇਕ ਨਾਰ ਦਾ ਪਤੀ, ਬਾਲਾਂ ਦਾ ਪਿਓ, ਭੈਣਾਂ ਦਾ ਭਰਾ, ਭਰਾਵਾਂ ਦੀਆਂ ਬਾਹਾਂ ਅਤੇ ਮਾਪਿਆਂ ਦੀਆਂ ਅੱਖਾਂ ਦਾ ਤਾਰਾ ਲਖਬੀਰ, ਇਕ ਅਣਕਿਆਸੀ ਜੰਗ ਲੜਨ ਤੁਰ ਪਿਆ। ਮੇਰੀ ਆਖਰੀ ਵਿਦਾਇਗੀ-ਮਿਲਣੀ ਪੁੱਤਰਾਂ ਨਾਲ ਹੋਈ, ਜਿਨ੍ਹਾਂ ਨੂੰ ਕੈਂਸਰ ਬਾਰੇ ਕੋਈ ਪਤਾ ਨਹੀਂ ਸੀ। ਆਪਣੇ ਛੋਟੇ ਬੇਟੇ ਬਾਗੇਸ਼ਵਰ ਨਾਲੋਂ ਜੁਦਾ ਹੋਣਾ ਔਖਾ ਕੰਮ ਸੀ, ਜੋ ਬੜਾ ਅਸੁਰੱਖਿਅਤ, ਮਾਂ ਦੀ ਉਂਗਲ ਕਦੀ ਛੱਡਦਾ ਹੀ ਨਹੀਂ ਸੀ। ਅਕਸਰ ਬਾਹਰ ਗਈ ਚੰਦ ਮਿੰਟ ਲੇਟ ਹੋ ਜਾਵੇ ਤਾਂ ਸਜ਼ਾ ਦੇਣ ਤੱਕ ਜਾਂਦਾ ਸੀ। ਅੱਜ ਮਾਂ, ਉਸ ਨੂੰ ਅਣਦੱਸੇ ਸਮੇਂ ਲਈ ਛੱਡ ਕੇ ਜਾ ਰਹੀ ਸੀ ਤੇ ਪਿਓ ਅਜੀਬ ਆਲਮ ਆਪਣੇ ਅੰਦਰ ਲੈ ਕੇ ਦਿੱਲੀ ਵੱਲ ਕੈਂਸਰ ਨਾਲ ਜੰਗ ਕਰਨ ਲਈ ਪੈਂਤੜਾ ਲੈ ਕੇ ਘਰੋਂ ਤੁਰ ਪਿਆ ਸੀ। ਭਾਵੇਂ ਜਿੱਤ ਕੇ ਆਉਣ ਦੀ ਸ਼ਤਪ੍ਰਤੀਸ਼ਤ ਉਮੀਦ ਨਾਲ ਤੁਰ ਰਿਹਾ ਸੀ ਪ੍ਰੰਤੂ ਜੰਗ ਤਾਂ ਕੈਂਸਰ ਨਾਲ ਸੀ। ਐਂਬੂਲੈਂਸ ਦੀ ਖਿੜਕੀ ਵਿਚੋਂ ਮੇਰੇ ਵੱਲ ਕਿਸੇ ਨੇ ਛੋਟੇ ਬੇਟੇ ਨੂੰ ਵਧਾਇਆ। ਸ਼ਾਇਦ ਇਸ ਮੌਕੇ ਸਿਰ ਉਤੇ ਹੱਥ ਰੱਖਣਾ ਵੀ ਗਵਾਰਾ ਨਹੀਂ ਸੀ, ਲੇਕਿਨ ਉਸ ਦੇ ਰੋਣ ਦੀਆਂ ਡਾਂਡਾਂ ਨੇ ਅਸਮਾਨ ਕੰਬਾ ਦਿੱਤਾ ਅਤੇ ਨਾਲ ਜਾਣ ਦੀ ਜ਼ਿਦ ਨੇ ਮੈਨੂੰ ਅੰਦਰੋਂ ਹਿਲਾ ਦਿੱਤਾ, ਲੇਕਿਨ ਸਭ ਕੁਝ ਛੱਡਣਾ ਅਤੇ ਜਿਗਰ ਦੇ ਟੋਟਿਆਂ ਨੂੰ ਵਕਤੀ ਤੌਰ 'ਤੇ ਛੱਡ ਕੇ ਨਿਕਲਣਾ ਹੀ ਪੈਣਾ ਸੀ। ਮੇਰੀ ਜੀਣ ਦੀ ਇੱਛਾ, ਸੋਚ ਦੀ ਬੁਲੰਦੀ, ਜਾਗਦੀ ਉਮੀਦ, ਸ਼ਤਪ੍ਰਤੀਸ਼ਤ ਠੀਕ ਹੋਣ ਦੀ ਸ਼ਰਤ, ਇੰਨ ਬਿੰਨ ਕਾਇਮ ਸੀ। ਕੈਂਸਰ ਦਾ ਕੋਈ ਘੱਟ ਡਰ ਨਹੀਂ ਸੀ। ਹਾਂ! ਕੈਂਸਰ ਤੋਂ ਮੁਕਤ ਹੋਣ ਦੀ ਦ੍ਰਿੜਤਾ ਉਸ ਤੋਂ ਵੱਧ ਜ਼ਰੂਰ ਸੀ। ਪਹਿਲੀ ਨਜ਼ਰ ਜਦ ਆਪਣੇ ਅੰਦਰ ਕੈਂਸਰ ਦੀ ਹੋਂਦ ਦਾ ਪਤਾ ਲੱਗਾ ਤਾਂ ਬੜਾ ਵੱਡਾ ਝਟਕਾ ਲੱਗਾ ਸੀ। ਪਿੱਛੋਂ ਭਾਵੇਂ ਬੜੇ ਡਰਾਉਣੇ ਤੇ ਖੌਫਨਾਕ ਇਲਾਜ 'ਚੋਂ ਲੰਘਣਾ ਪਿਆ, ਜ਼ਰਾ ਵੀ ਨਾ ਡਰਿਆ।

ਅਸੀਂ ਜੀ. ਟੀ. ਰੋਡ 'ਤੇ ਦਿੱਲੀ ਜਾ ਰਹੇ ਸਾਂ ਕਿ ਡਾ. ਅਸ਼ਵਨੀ ਸ਼ਰਮਾ ਨੂੰ ਫੋਨ ਆਇਆ, ਸਾਡੇ ਕਾਲਜ ਦੇ ਸਾਥੀ ਡਾ. ਰਾਮ ਅਵਤਾਰ ਦਾ। ਮੇਰੇ ਸਾਥੀ ਸਾਰੇ ਸੁਸਤਾ ਤੇ ਉਂਘਲਾ ਰਹੇ ਸਨ। ਮੈਂ ਖੁਦ ਹੱਥ ਪਿੱਛੇ ਕੀਤਾ ਅਤੇ ਫੋਨ ਚੁੱਕ ਲਿਆ। ਅਵਾਜ਼ ਆਈ, "ਹੈਲੋ ਸ਼ਰਮਾ ਜੀ ਕੀ ਹਾਲ ਹੈ, ਪ੍ਰੋ. ਲਖਬੀਰ ਸਿੰਘ ਦਾ?" ਮੈਂ ਕਿਹਾ, "ਸ਼ਰਮਾ ਜੀ ਨਹੀਂ! ਮੈਂ ਲਖਬੀਰ ਸਿੰਘ ਹੀ ਬੋਲ ਰਿਹਾ ਹਾਂ।" ਇਕ ਦਮ ਚੁੱਪ ਹੋ ਗਏ ਅਤੇ ਚੰਦ ਸਕਿੰਟਾਂ ਬਾਅਦ ਬੋਲੇ, "ਅਰੇ ਆਪ ਤੋ ਅੱਛੇ ਭਲੇ ਬੋਲਤੇ ਔਰ ਖੂਬ ਲਗਤੇ ਹੋ।" "ਜੀ ਡਾ. ਸਾਹਿਬ ਮੈਂ ਅੱਛਾ ਹੀ ਰਹਾਂਗਾ ਤੇ ਬੇਖੌਫ ਹੋ ਕੇ ਕੈਂਸਰ ਨਾਲ ਲੜਾਂਗਾ। ਚੜ੍ਹਦੀ ਕਲ੍ਹਾ ਮੇਰਾ ਨਾਅਰਾ ਰਹੇਗਾ।" ਫੋਨ ਬੰਦ ਹੋ ਗਿਆ ਤੇ ਐਂਬੂਲੈਂਸ ਅੱਗੇ ਚਲਦੀ ਰਹੀ। ਜਾਣਕਾਰਾਂ ਨੂੰ ਇਹ ਖਦਸ਼ਾ ਸੀ ਕਿ ਕਿਤੇ ਸਪਾਈਨਲ ਕਾਰਡ 'ਤੇ ਅਸਰ ਨਾ ਹੋ ਗਿਆ ਹੋਵੇ।

ਸਵੇਰੇ ਨੌਂ ਵਜੇ ਅਸੀਂ ਦਿੱਲੀ ਸਾਕੇਤ ਪਹੁੰਚ ਗਏ। ਮੈਕਸ ਹੈਲਥ ਕੇਅਰ ਹਸਪਤਾਲ ਦੇ ਨਿਊਰੋ ਸਰਜਨ ਵਿਗਿਆਨੀ ਡਾ. ਵਾਲੀਆ ਨੂੰ ਮਿਲੇ ਤਾਂ ਕਿ ਸਪਾਈਨਲ ਕਾਰਡ ਦੀ ਜਾਂਚ ਕਰਕੇ ਤੰਤੂਆਂ ਦੀ ਜਾਂਚ ਕਰ ਲਈ ਜਾਵੇ। ਪੈਰਾ ਮੈਡੀਕਲ ਸਟਾਫ ਨੇ ਐਮਰਜੈਂਸੀ ਸਪਾਈਨਲ ਬੋਰਡ ਸਕਿੰਟਾਂ ਮਿੰਟਾਂ ਵਿਚ ਬੈਲਟ ਕਰਕੇ, ਪੱਲੇਦਾਰਾਂ ਦੇ ਕਣਕ ਦੀ ਬੋਰੀ ਟਰੱਕ 'ਚੋਂ ਲਾਹੁਣ ਵਾਂਗ ਮੈਨੂੰ ਬੇਖੌਫ ਚੁੱਕ ਲਿਆ ਤੇ ਅੱਧੇ ਘੰਟੇ 'ਚ ਪੂਰਨ ਸੁਰੱਖਿਆ ਨਾਲ ਸਪਾਈਨਲ ਕਾਰਡ ਬਚੀ ਹੋਣ ਦਾ ਦੱਸ ਕੇ ਸਾਨੂੰ ਫਾਰਗ ਕਰ ਦਿੱਤਾ। ਉਥੋਂ ਅਸੀਂ ਰੋਹਿਣੀ ਵੱਲ ਰਾਜੀਵ ਗਾਂਧੀ ਹਸਪਤਾਲ ਪਹੁੰਚ ਗਏ। ਸਟਰੈਚਰ 'ਤੇ ਪਾ ਕੇ ਮੈਨੂੰ ਰੇੜ੍ਹ ਕੇ ਅਗਾਂਹ ਕਰ ਦਿੱਤਾ, ਜਿਥੇ ਕੈਂਸਰ ਰੋਗੀਆਂ ਦੇ ਅਨੇਕ ਸਟਰੈਚਰ ਕਤਾਰ ਵਿਚ ਲੱਗੇ ਹੋਏ ਸਨ। ਜਦੋਂ ਵਾਰੀ ਆਈ ਤਾਂ ਕਈ ਡਾਕਟਰ ਆਏ। ਪਿੱਠ 'ਤੇ ਨਿਰਦਈ ਢੰਗ ਨਾਲ ਇੰਜ ਮੁੱਕੇ ਮਾਰਨ, ਜਿਵੇਂ ਮੈਂ ਰਬੜ ਦਾ ਬੇਜਾਨ ਬਾਵਾ ਹੋਵਾਂ। ਅਖੀਰ ਮੇਰੀ ਡਾ. ਅਸ਼ੋਕ ਵੈਦ, ਮੈਡੀਕਲ ਅੰਕੋਲੋਜਿਸਟ, ਕੋਲ ਵਾਰੀ ਆਈ। ਉਹ ਆਪਣੀ ਸੀਟ ਤੋਂ ਉਠੇ ਨਬਜ਼, ਹੱਡੀਆਂ ਟੋਂਹਦਿਆਂ, ਉਨ੍ਹਾਂ ਵੀ ਕੁਝ ਘਸੁੰਨ ਪਿੱਠ 'ਚ ਕੱਢ ਮਾਰੇ ਤੇ ਮੇਰੇ ਦਾਖਲੇ ਲਈ ਇਕ ਲੰਬਾ ਹਦਾਇਤਨਾਮਾ ਲਿਖ ਕੇ ਪੈਰਾ ਮੈਡੀਕਲ ਸਟਾਫ ਨੂੰ ਫੜ੍ਹਾ ਦਿੱਤਾ। ਕੋਈ ਦਵਾਈ ਨਹੀਂ ਲਿਖੀ। ਮੈਨੂੰ ਪ੍ਰਾਈਵੇਟ ਕਮਰੇ ਦੀ ਥਾਂ ਇਕ ਵੱਡੇ ਕੈਂਸਰ ਵਾਰਡ ਵਿਚ ਭੇਜ ਦਿੱਤਾ ਗਿਆ।

**ਜਿਨ੍ਹਾਂ ਰਾਹਾਂ ਦੀ ਮੈਂ ਸਾਰ ਨਾ ਜਾਣਾ:** 30 ਨਵੰਬਰ 2006 ਨੂੰ ਕਰੀਬ 5 ਵਜੇ ਰਾਜੀਵ ਗਾਂਧੀ ਕੈਂਸਰ ਹਸਪਤਾਲ ਅਤੇ ਖੋਜ ਕੇਂਦਰ ਵਿਚ ਦਾਖਲ ਹੋ ਗਿਆ। ਜਦ ਨਿੱਜੀ ਕਮਰੇ ਦੀ ਮੰਗ ਕੀਤੀ ਤਾਂ ਪਤਾ ਲੱਗਾ ਕਿ ਕੈਂਸਰ ਮਰੀਜ਼ਾਂ ਦੀ ਭੀੜ ਕਰਕੇ ਕੋਈ ਕਮਰਾ ਖਾਲੀ ਨਹੀਂ ਸੀ।




ਸ਼ਾਮ ਵੇਲੇ ਮੇਰਾ ਸਟਰੈਚਰ ਖਚਾਖੱਚ ਮਰੀਜ਼ਾਂ ਨਾਲ ਭਰੀ ਕੈਂਸਰ ਵਾਰਡ ਵੱਲ ਸਰਕਾਉਂਦਿਆਂ, ਪੂਰੇ ਬੈਡ ਦੀ ਥਾਂ ਨਾ ਹੋਣ ਕਰਕੇ ਸਾਰੇ ਬੈਡ ਇਧਰ-ਉਧਰ ਸਰਕਾ ਕੇ ਮੇਰੇ ਬੈਡ ਦੀ ਥਾਂ ਬਣਾਈ ਗਈ। ਕੈਂਸਰਗ੍ਰਸਤ ਹਰ ਬੰਦਾ ਵੱਖਰਾ ਹੀ ਹੁੰਦਾ ਹੈ। ਦਰਦਾਂ ਕਰਕੇ ਕੁਰਲਾਉਣਾ, ਗਾਲਾਂ ਕੱਢਣੀਆਂ, ਗੁੱਸਾ ਦਿਖਾਉਣਾ-ਜ਼ਿਆਦਾ ਕੈਂਸਰ ਮਰੀਜ਼ਾਂ ਦੀ ਇਹੀ ਹਾਲਤ ਹੁੰਦੀ ਹੈ।

ਕਰੀਬ 400 ਕਿਲੋਮੀਟਰ ਦਾ ਸਫਰ ਕਦੇ ਐਂਬੂਲੈਂਸ 'ਤੇ, ਕਦੇ ਲਿਫਟਾਂ ਰਾਹੀਂ ਜਦ ਹਸਪਤਾਲ ਦੀ ਤੀਜੀ ਮੰਜ਼ਿਲ ਦੇ ਵਾਰਡ ਵਿਚ ਪਹੁੰਚ ਕੇ ਪੂਰਾ ਹੋਇਆ ਤਾਂ ਥਿਆਨ ਹਮਸਫਰ ਹਰਵਿੰਦਰ ਦੀ ਖੱਜਲ ਖੁਆਰੀ ਤੇ ਮਾਨਸਿਕ ਬੇਚੈਨੀ ਵੱਲ ਗਿਆ। ਹਰ ਥਾਂ ਕਾਗਜ਼ੀ ਕਾਰਵਾਈ ਲਈ ਦੌੜ-ਭੱਜ ਦਾ ਖਿਆਲ ਕਰਦਿਆਂ ਲੂੰ ਕੰਬਣੀ ਛਿੜ ਗਈ। ਕਿਹੜਾ ਫਾਰਮ ਭਰਨਾ, ਕਿੱਥੇ ਪੈਸੇ ਜਮ੍ਹਾਂ ਕਰਾਉਣੇ, ਸਾਰੀ ਦੌੜ-ਭੱਜ ਕਰਦਿਆਂ ਖਿਆਲ ਆਪਣੇ ਮਰੀਜ਼ 'ਚ ਲਾਈ ਰੱਖਣਾ, ਕੋਈ ਸੌਖਾ ਕੰਮ ਨਹੀਂ ਸੀ। ਜਦੋਂ ਉਸ ਦੇ ਆਰਾਮ ਦਾ ਖਿਆਲ ਕੀਤਾ ਤਾਂ ਦੇਖਿਆ ਕਿ ਨੱਕੋ ਨੱਕ ਭਰੇ ਵਾਰਡ ਦੇ ਬੈਡਾਂ ਦੇ ਆਸ-ਪਾਸ ਇਕ ਫੁੱਟ ਦਾ ਸਟੂਲ ਰੱਖਣ ਤੋਂ ਸਿਵਾ ਕੋਈ ਥਾਂ ਨਹੀਂ ਸੀ। ਜੋ ਗੰਭੀਰ ਮਨੋਂ ਕਸ਼ਮਕਸ਼, ਸਰੀਰਕ ਦੌੜ-ਭੱਜ ਵਿਚੋਂ ਗੁਜ਼ਰਿਆ ਹੋਵੇ ਅਤੇ ਅੰਤ ਨੂੰ ਸਰੀਰ ਸਿੱਧਾ ਕਰਨ ਲਈ ਬਿਸਤਰ ਤਾਂ ਕੀ ਬੈਠਣ ਲਈ ਸਟੂਲ ਵੀ ਖੁਲ੍ਹਾ ਨਸੀਬ ਨਾ ਹੋਵੇ ਤਾਂ ਇਸ ਦਾ ਅੰਦਾਜ਼ਾ ਉਹੀ ਲਾ ਸਕਦਾ ਹੈ, ਜਿਸ ਦੇ ਤਨ-ਮਨ 'ਤੇ ਬਣੀ ਹੋਵੇ। ਇਹ ਘਾਲਣਾ ਦੀ ਘੜੀ ਹਰਵਿੰਦਰ ਨੇ ਅੱਧੇ ਸਟੂਲ 'ਤੇ ਬੈਠ ਕੇ ਕੱਟੀ। ਮੈਨੂੰ ਇੰਜ ਵੀ ਲੱਗਾ ਕਿ ਕਿੰਨਾ ਚੰਗਾ ਹੋਇਆ, ਖੌਫਨਾਕ ਸੁਪਨਿਆਂ ਦੇ ਆਲਮ 'ਚ ਬੀਤਣ ਵਾਲੀ ਰਾਤ ਨੀਂਦ ਹੀ ਨਸੀਬ ਨਹੀਂ ਹੋਈ ਅਤੇ ਸੁਪਨੇ 'ਚ ਮੌਤ ਦੀ ਥਾਂ, ਜਾਗ ਕੇ ਆਪਣੇ ਅਸਮਾਨ ਦਾ ਚੰਦ ਤੱਕਿਆ ਤੇ ਆਸ-ਪਾਸ ਪਏ ਹੋਰ ਮਰੀਜ਼ਾਂ ਦੇ ਆਸਵੰਦ ਦਿਲਾਂ ਦੀ ਸ਼ਾਹਦੀ ਭਰੀ।

ਦਿਨ ਚੜ੍ਹਿਆ, ਸਟਰੈਚਰ ਆਇਆ, ਵਾਰਡ ਬੁਆਏ, ਮੈਨੂੰ ਚੁੱਕਿਆ। ਮੈਂ ਬੇਸਮੈਂਟ ਵਿਚ ਚਲਾ ਗਿਆ, ਜਿੱਥੇ ਮੇਰੇ ਸਰੀਰ ਦੀਆਂ 206 ਹੱਡੀਆਂ ਦੇ ਐਕਸਰੇ ਹੋਣੇ ਸਨ। ਸਿਲਸਿਲਾ ਸ਼ੁਰੂ ਹੋਇਆ ਸਿਰ ਵਾਲੇ ਪਾਸਿਓਂ, ਤਕਨੀਸ਼ੀਅਨ ਆਪਣੀ ਮਸ਼ੀਨ ਦੀ ਲੋੜ ਮੁਤਾਬਕ ਮੇਰੇ ਅੰਗਾਂ ਨੂੰ ਦਰਦਾਂ ਦਾ ਖਿਆਲ ਕੀਤੇ ਬਗੈਰ ਖਿੱਚ-ਧੂਹ ਇਧਰ-ਉਧਰ ਕਰਦਿਆਂ ਮੇਰੀਆਂ ਹੱਡੀਆਂ ਦੀਆਂ ਅਜੀਬ ਅਕ੍ਰਿਤੀਆਂ ਬਣਾਉਂਦਿਆਂ ਚਿਤਰਕਾਰੀ ਕਰੀ ਜਾਵੇ ਤੇ ਵਿਚ ਬੋਲੀ ਜਾਵੇ, "ਸਾਹ ਅੰਦਰ ਭਰੋ, ਰੋਕੋ! ਹਾਂ ਜੀ ਸਾਹ ਲੈ ਲਓ।" ਇੰਜ ਇਕ ਐਲਬਮ ਬਣੀ 206 ਹੱਡੀਆਂ ਤੇ ਜੋੜਾਂ ਦੇ ਕੋਲਾਜ਼ ਦੀ। ਜੋੜ ਮਰੋੜਨ ਦੇ ਸੰਘਰਸ਼ ਬਾਅਦ ਸਟਰੈਚਰ ਐਮ. ਆਰ. ਆਈ. ਮਸ਼ੀਨ ਵਾਲੇ ਹਾਲ ਵਿਚ ਪਹੁੰਚ ਗਿਆ। ਉਥੇ ਮੈਨੂੰ ਇਕ ਤਹਿਖਾਨੇ ਵਾਲੇ ਕਮਰੇ 'ਚ ਵਾੜ ਦਿੱਤਾ, ਜਿਥੇ ਇਕ ਦਿਓ ਕੱਦ ਮਸ਼ੀਨ ਆਪਣਾ ਖੌਫਨਾਕ ਮੋਘਾ ਖੋਲ੍ਹੀ ਲਿਸ਼ਕ ਰਹੀ ਸੀ। ਸਭ ਦਰਵਾਜ਼ੇ ਬੰਦ ਕਰਨ ਪਿਛੋਂ ਮਸ਼ੀਨ ਨੇ ਪਹਿਲੀ ਕਾਰਵਾਈ ਮੈਨੂੰ ਸਬੂਤਾ ਨਿਗਲਣ ਦੀ ਸ਼ੁਰੂ ਕੀਤੀ, ਪ੍ਰੰਤੂ ਸਾਰਾ ਡਕਾਰਨ ਦੀ ਥਾਂ ਪਹਿਲਾਂ ਸਿਰ ਅੰਦਰ ਬਾਹਰ ਦਾ ਪੂਰਾ ਸਫਰ ਕੀਤਾ, ਫਿਰ ਸਰੀਰ ਦੇ ਇਕ ਪਾਸਿਓਂ ਆਪਣੀ ਕਾਰਵਾਈ ਪਾਉਣੀ ਸ਼ੁਰੂ ਕੀਤੀ। ਸਰੀਰ ਦੇ ਇਕ ਨਿਸ਼ਚਿਤ ਹਿੱਸੇ ਨੂੰ ਧਿਆਨ 'ਚ ਕਰਕੇ ਰੁਕਦੀ ਤੇ ਅਨੇਤ ਭਾਂਤ ਦੀਆਂ ਵੰਨ ਸੁਵੰਨੀਆਂ ਅਵਾਜ਼ਾਂ ਕੱਢਦੀ ਜਿਵੇਂ ਹਤੰਬਾ ਦੇਵੀ ਹੱਥ ਵਿਚ ਖੂਨ ਨਾਲ ਲਿਬੜਿਆ ਸ਼ਸਤਰ ਚੁੱਕ ਕੇ ਨੱਚਦੀ ਹੋਵੇ। ਘੰਟੇ ਪਿਛੋਂ ਮੈਂ ਅਜੀਬੋ-ਗਰੀਬ ਅਵਾਜ਼ਾਂ ਦੇ ਸੰਘਰਸ਼ 'ਚੋਂ ਵਿਦਾ ਹੋਇਆ।

ਬਾਹਰ ਨਿਕਲਦਿਆਂ ਹਰਵਿੰਦਰ ਨੇ ਪੁੱਛਿਆ, "ਠੀਕ ਹੋ ਨਾ?" ਮੈਂ 'ਠੀਕ ਹਾਂ' ਕਿਹਾ, "ਭਲੀਏ ਲੋਕੇ ਜੇ ਠੀਕ ਹੁੰਦਾ ਤਾਂ ਹਸਪਤਾਲ ਨਾ ਆਉਂਦਾ।" ਖੈਰ, ਮੈਨੂੰ ਉਸ ਨੇ ਖਬਰ ਦਿੱਤੀ ਕਿ ਆਪਾਂ ਨੂੰ ਪ੍ਰਾਈਵੇਟ ਕਮਰਾ ਮਿਲ ਗਿਆ ਹੈ। ਮੈਨੂੰ ਸੁੱਖ ਦਾ ਸਾਹ ਆਇਆ, ਜਿਵੇਂ ਰਾਖਵੇਂ ਕੋਟੇ 'ਚ ਵੱਡੀ ਨੌਕਰੀ ਮਿਲ ਗਈ ਹੋਵੇ। ਆਖਿਰ ਪਹਿਲੀ ਦਸੰਬਰ ਤੀਜੀ ਮੰਜ਼ਿਲ ਦਾ ਇਕ ਕਮਰਾ ਵਕਤੀ ਤੌਰ 'ਤੇ ਸਾਡੀ ਛੱਤ ਬਣ ਗਿਆ। ਘਰੋਂ ਕੋਈ 4000 ਵਰਗ ਫੁੱਟ ਦੇ ਘਰ ਵਿਚੋਂ ਸਵੇਰ ਦੀ ਸੈਰ ਲਈ ਬਾਹਰ ਨਿਕਲਿਆਂ ਚੌਦਵੇਂ ਦਿਨ ਦੀ ਇਸ ਸ਼ਾਮ ਅਸੀਂ ਦੋਵੇਂ 8 ਜਰਬ 10 ਫੁੱਟ ਦੇ ਕਮਰੇ ਬਾਰੇ ਕਹਿ ਰਹੇ ਸਾਂ, "ਬਸ ਬੰਦੇ ਦੀ ਲੋੜ ਤਾਂ ਇੰਨੀ ਕੁ ਈ ਏ।" ਮੈਨੂੰ ਸਕੂਨ ਮਿਲਿਆ ਕਿ ਪ੍ਰਾਈਵੇਟ ਕਮਰੇ 'ਚ ਹਰਵਿੰਦਰ ਨੂੰ ਕਿਸੇ ਨਾ ਕਿਸੇ ਵਕਤ ਅਰਾਮ ਦੀ ਸਹੂਲਤ ਤਾਂ ਮਿਲ ਗਈ। ਹਸਪਤਾਲ ਦਾ ਗਾਊਨ, ਹਸਪਤਾਲ ਦਾ ਹੀ ਸ਼ਡਿਊਲ, ਗਲ 'ਚ ਪਿਆ ਪੇਸ਼ੈਂਟ ਟੈਗ ਤੇ ਬੈਡ ਨਾਲ ਜੁੜੀ ਫਾਈਲ, ਮੇਰੇ ਆਧਾਰ ਪਛਾਣ ਚਿੰਨ੍ਹ ਬਣ ਗਏ ਸਨ।

ਸਵੇਰੇ ਉਠੇ, ਹਰਵਿੰਦਰ ਨੇ ਮੇਰੀਆਂ ਸਾਰੀਆਂ ਕ੍ਰਿਆਵਾਂ ਸੁਚਾਰੂ ਕਰਾਈਆਂ, ਕਿਉਂਕਿ ਮੈਂ ਤਾਂ ਲੱਕੜ ਦੀ ਗੇਲੀ ਵਾਂਗ ਪਿਆ ਸਿਰਫ ਵਾਰਡ ਬੁਆਏ, ਸਟਰੈਚਰਾਂ ਦਾ ਮੁਥਾਜ ਸਾਂ। ਨਾਸ਼ਤੇ ਉਪਰੰਤ ਚਿੱਟੇ ਚੋਲਿਆਂ, ਕਾਲੀਆਂ ਸਟੈਥੋਸਕੋਪਾਂ ਦੀ ਟੀਮ ਤੇ ਨਾਲ ਡਾਇਰੀਆਂ ਫੜ੍ਹੀ ਕੁਝ ਸਿਖਾਂਦਰੂਆਂ ਦੀ ਟੀਮ ਕਮਰੇ ਵਿਚ ਦਾਖਲ ਹੋਈ। ਮੁੱਖ ਡਾਕਟਰ ਨੇ ਕਈ ਤਰ੍ਹਾਂ ਦੀ ਪੁੱਛਗਿੱਛ ਕਰਕੇ ਕੁਝ ਹਦਾਇਤਾਂ ਤੇ ਉਸ ਵਕਤ ਹੋਣ ਵਾਲੇ ਟੈਸਟਾਂ ਲਈ ਪੈਰਾ ਮੈਡੀਕਲ ਸਟਾਫ ਨੂੰ ਸੂਚਿਤ ਕੀਤਾ।

ਸਟਰੈਚਰ ਆਇਆ ਤੇ ਵਾਰੀ ਆ ਗਈ ਇਕ ਵਾਰ ਫਿਰ ਤੋਂ 206 ਹੱਡੀਆਂ ਦੇ ਢਾਂਚੇ ਨੂੰ ਸੂਖਮ ਟਿਸ਼ੂ ਪੱਧਰ 'ਤੇ ਜਾਂਚਣ ਦੀ। ਮੈਨੂੰ ਅਲੱਗ ਤਰ੍ਹਾਂ ਦੇ ਧਾਤ ਰਹਿਤ ਵਸਤਰ ਪਹਿਨਾ ਕੇ ਮੇਰੀਆਂ ਰਗਾਂ ਵਿਚ ਰੇਡੀਓ ਆਈਸੋਟੋਪ ਇਨਜੈਕਟ ਕਰ ਦਿੱਤੇ ਗਏ। ਚੰਦ ਮਿੰਟਾਂ ਪਿਛੋਂ ਇਕ ਵਾਰ ਫਿਰ ਦੈਂਤ-ਨੁਮਾ ਮਸ਼ੀਨ ਉਤੇ ਬੈਲਟ ਨਾਲ ਬੰਨ੍ਹ ਦਿਤਾ ਗਿਆ ਅਤੇ ਮਸ਼ੀਨ ਚੱਲ ਪਈ। ਮਸ਼ੀਨ ਮੈਨੂੰ ਬੜੀ ਸਬਰ ਸੰਤੋਖ ਵਾਲੀ ਜਾਪੀ, ਕੋਈ ਕਾਹਲੀ ਨਹੀਂ, ਬੜੇ ਸਹਿਜ ਨਾਲ ਆਪਣੀ ਇਕ ਘੂਕਰ ਛੱਡੇ ਤੇ ਮੈਨੂੰ ਪੰਘੂੜੇ 'ਚ ਪਏ ਬਾਲ ਵਾਂਗ ਇਕ ਤੋਂ ਦੂਜੇ ਪਾਸੇ ਵੱਲ ਝੁਟਾਵੇ। ਮਸ਼ੀਨ ਨੇ ਲੰਬਾ ਸਮਾਂ ਲਾ ਕੇ ਮੇਰੀਆਂ ਹੱਡੀਆਂ ਦੀਆਂ ਪਾਰਦਰਸ਼ੀ ਫੋਟੋਆਂ ਦੀ ਇਕ ਹੋਰ ਐਲਬਮ ਤਿਆਰ ਕਰ ਦਿੱਤੀ। ਇਹ ਸੀ ਮੇਰੀਆਂ ਹੱਡੀਆਂ ਦੀ ਬੋਨ ਸਕੈਨ ਰਿਪੋਰਟ। ਫਿਰ ਰੰਗਦਾਰ ਈਕੋਕਾਰਡੀਓਗ੍ਰਾਫੀ ਜਾਂਚ ਕੇਂਦਰ ਜਾ ਕੇ ਦਿਲ ਦੀ ਰਿਪੋਰਟ ਤਿਆਰ ਕੀਤੀ ਗਈ। ਇਨ੍ਹਾਂ ਜਾਂਚਾਂ ਨਾਲ ਇਸ ਦਿਨ ਦੀ ਖੱਟੀ-ਕਮਾਈ ਪੂਰੀ ਹੋਈ। ਇਸ ਦਿਨ ਤੱਕ ਇਕ ਸ਼ਡਿਊਲ ਬਣ ਚੁਕਾ ਸੀ। ਅਗਲੇ ਦਿਨ ਬੋਨ ਬਾਇਓਪਸੀ ਤੇ ਬੋਨਮੈਰੋ ਬਾਇਓਪਸੀ ਲਈ ਮੈਨੂੰ ਮਾਈਨਰ ਓ. ਟੀ. ਵਿਚ ਲੈ ਗਏ ਜਿਥੇ ਹੱਡੀ ਦਾ ਸੂਖਮ ਜਿਹਾ ਟੋਟਾ ਤੇ ਲੱਕ ਦੀ ਹੱਡੀ ਦੇ ਇਕ ਕੋਨੇ ਉਤੇ ਬਿਨਾ ਸੁੰਨ ਕੀਤਿਆਂ ਡਾਕਟਰ ਨੇ ਇਹ ਕਹਿ ਕੇ ਕਿ ਥੋੜ੍ਹਾ ਜਿਹਾ ਦਰਦ ਹੋਵੇਗਾ, ਇਕ ਡਰਿਲ ਚਲਾਈ ਜੋ ਮੇਰੀ ਹੱਡੀ ਨੂੰ ਚੀਰਦੀ ਜੀਵਨ-ਸਾਗਰ ਬੋਨਮੈਰੋ ਤੱਕ ਪਹੁੰਚ ਗਈ ਅਤੇ ਅੱਖ ਝਪਕਦੇ ਹੀ ਡਾਕਟਰ ਨੇ ਦੂਸਰੀ ਸਰਿੰਜ ਉਸ ਡਰਿਲ ਦੇ ਦਰਮਿਆਨ ਅੰਦਰ ਭੇਜ ਕੇ ਬੋਨਮੈਰੋ ਦੀ ਪਿਚਕਾਰੀ ਭਰ ਲਈ ਅਤੇ ਇਕ ਪੇਚ ਲਾ ਕੇ ਸਾਰੀਆਂ ਮੋਰੀਆਂ ਬੰਦ ਕਰ ਦਿੱਤੀਆਂ। ਇਨ੍ਹਾਂ ਦਿਨਾਂ 'ਚ ਮੇਰੀਆਂ ਹੱਡੀਆਂ ਤੋਂ ਲੈ ਕੇ ਸੂਖਮ ਸੈਲਾਂ ਤੱਕ ਦੇ ਹਰ ਤਰ੍ਹਾਂ ਦੇ ਨਮੂਨੇ ਰਾਜੀਵ ਗਾਂਧੀ ਕੈਂਸਰ ਹਸਪਤਾਲ ਦੇ ਖੋਜ-ਕੇਂਦਰ ਵਿਚ ਖੋਜ-ਮੁੱਦਾ ਬਣ ਗਏ। ਇਕ-ਦੋ ਦਿਨ 'ਚ ਰਿਪੋਰਟ ਤਿਆਰ ਹੋਣ ਦੀ ਉਮੀਦ ਦੱਸੀ ਗਈ।


*(ਚਲਦਾ)*

## ਫਿਰਦੌਸੀ

*(ਸ਼ਾਹਨਾਮਾ ਦਾ ਲਿਖਾਰੀ)*

ਫਿਰਦੌਸੀ ਨੂੰ ਇਰਾਨ ਦੇ ਬਾਦਸ਼ਾਹ ਨੇ ਕਿਹਾ ਕਿ ਮੈਨੂੰ ਸਾਰੀ ਦੁਨੀਆਂ ਦੇ ਬਾਦਸ਼ਾਹਾਂ ਦੇ ਰਾਜਿਆਂ ਬਾਰੇ ਲਿਖ ਕੇ ਦੇਹ। ਉਸ ਨੇ ਦੋ ਸਾਲ ਮਿਹਨਤ ਕਰ ਕੇ 10 ਪੋਥੀਆਂ ਵਿਚ ਕਲਮਬੰਦ ਕੀਤਾ ਅਤੇ ਆਪਣੇ ਇਕ ਸੇਵਕ ਨੂੰ ਨਾਲ ਲੈ ਕੇ ਪੋਥੀਆਂ ਸਣੇ ਬਾਦਸ਼ਾਹ ਦੇ ਹਜ਼ੂਰ ਹਾਜ਼ਰ ਹੋਇਆ। ਦੇਖ ਕੇ ਬਾਦਸ਼ਾਹ ਬੋਲਿਆ, "ਐਨੀਆਂ ਪੋਥੀਆਂ? ਇਨ੍ਹਾਂ ਨੂੰ ਸੰਖੇਪ ਵਿਚ ਲਿਖ ਕੇ ਲਿਆ।"

ਦੋ ਸਾਲ ਬਾਅਦ ਉਹ ਇਸ ਨੂੰ ਸੰਖੇਪ ਕਰਕੇ ਚਾਰ ਪੋਥੀਆਂ ਬਣਾ ਕੇ ਫਿਰ ਬਾਦਸ਼ਾਹ ਦੇ ਪੇਸ਼ ਹੋਇਆ। ਬਾਦਸ਼ਾਹ ਬੋਲਿਆ, "ਤੈਨੂੰ ਪਤਾ ਨਹੀਂ, ਬਾਦਸ਼ਾਹਾਂ ਪਾਸ ਚਾਰ ਪੋਥੀਆਂ ਪੜ੍ਹਨ ਦਾ ਸਮਾਂ ਕਿੱਥੇ! ਜਾਹ ਇਕ ਪੋਥੀ ਬਣਾ ਕੇ



ਲਿਆਈਂ।"

ਫਿਰਦੌਸੀ ਨੇ ਕਾਂਟ-ਛਾਂਟ ਕਰ ਕੇ ਇਕ ਪੋਥੀ ਤਿਆਰ ਕੀਤੀ ਅਤੇ ਬਾਦਸ਼ਾਹ ਕੋਲ ਜਦੋਂ ਪਹੁੰਚਿਆ ਤਾਂ ਬਾਦਸ਼ਾਹ ਮਰਨ ਕਿਨਾਰੇ ਪਿਆ ਸੀ। ਇਕ ਪੋਥੀ ਦੇਖ ਕੇ ਬਾਦਸ਼ਾਹ ਬੋਲਿਆ, "ਹੁਣ ਤਾਂ ਮੈਂ ਕੁਝ ਪਲਾਂ ਦਾ ਮਹਿਮਾਨ ਹਾਂ। ਬਸ ਕੁਝ ਪਲਾਂ ਵਿਚ ਇਸ ਸਾਰੇ ਇਤਿਹਾਸ ਦਾ ਜੋੜ ਮੈਨੂੰ ਸੁਣਾ ਦੇਹ।"

ਫਿਰਦੌਸੀ ਨੇ ਕਿਹਾ, "ਬੰਦਾ ਜੰਮਦਾ ਹੈ, ਰਾਜ ਕਰਦਾ ਹੈ ਅਤੇ ਫਿਰ ਮਰ ਜਾਂਦਾ ਹੈ। ਬਸ ਇਹੀ ਹੈ ਦੁਨੀਆਂ ਦਾ ਇਤਿਹਾਸ।" ਇਹ ਸੁਣ ਕੇ ਬਾਦਸ਼ਾਹ ਦੇ ਪ੍ਰਾਣ ਨਿਕਲ ਗਏ। ਫਿਰ ਫਿਰਦੌਸੀ ਨੂੰ ਇਨਾਮ ਕਿਸ ਨੇ ਦੇਣਾ ਸੀ!

*-ਵਾਸਦੇਵ ਸਿੰਘ ਪਰਹਾਰ*
*ਫੋਨ: 206-434-1155*

## ਮਾਂ

ਸੱਤਰ ਸਾਲ ਦੀ ਡਰੀ ਡਰੀ
ਸਹਿਮੀ ਸਹਿਮੀ ਜਿਹੀ ਮਾਂ ਵੇਖੀ
ਧੁਪ ਦੇ ਵਿਚ ਪਈ ਸੜੇ
ਸਰਕਦੀ ਉਸ ਦੇ ਸਿਰ ਤੋਂ ਛਾਂ ਵੇਖੀ।
ਉਹ ਅੰਮੜੀ ਔਲਾਦ ਲਈ
ਜਿਨ ਸਭ ਸੁਖ ਆਪਣੇ ਵਾਰ ਦਿੱਤੇ
ਉਸ ਮਾਂ ਨੂੰ ਅੱਜ ਆਪਣੇ ਹੀ
ਘਰ ਵਿਚ ਨਾ ਮਿਲਦੀ ਥਾਂ ਵੇਖੀ।
ਮਤਲਬ ਦੇ ਰਿਸ਼ਤੇ ਨਾਤੇ
ਧੀਆਂ-ਪੁੱਤਰ ਸਭ ਮਤਲਬ ਦੇ
ਵਿਚ ਬੁਢਾਪੇ ਧੀ-ਪੁੱਤਰਾਂ
ਛੱਡ ਦਿੱਤੀ ਉਸ ਦੀ ਬਾਂਹ ਵੇਖੀ।
ਆਪਣੇ ਹਿੱਸੇ ਦੀ ਰੋਟੀ ਜੋ
ਬੱਚਿਆਂ ਤਾਈਂ ਖੁਆਉਂਦੀ ਰਹੀ
ਉਸ ਮਾਂ ਨੂੰ ਘਰ ਰੱਖਣ ਲਈ
ਔਲਾਦ ਕਰਦਿਆਂ ਨਾਂਹ ਵੇਖੀ।
ਬੈਡ ਸਮੇਲ ਬੁਢਾਪੇ ਤੋਂ ਆਵੇ,
ਪੋਤੇ-ਪੋਤੀਆਂ ਕਹਿੰਦੇ ਨੇ
ਜਿਨ੍ਹਾਂ ਦੇ ਲਈ ਬੁੱਢੜੀ ਨੂੰ
ਹਰ ਰੋਜ਼ ਉਡਾਉਂਦਿਆਂ ਕਾਂ ਵੇਖੀ।

ਟਾਕੀਆਂ ਲਾ ਲਾ ਫਟੇ ਪੁਰਾਣੇ
ਕੱਪੜਿਆਂ ਵਿਚ ਤਨ ਢਕਦੀ ਰਹੀ
ਪਿਛਲੇ ਜ਼ਖਮ ਲੁਕੋ ਕੇ ਉਸ ਨੂੰ
ਤੁਰਦੀ ਸਦਾ ਅਗਾਂਹ ਵੇਖੀ।
ਧੀਆਂ-ਪੁੱਤਰ, ਪੋਤੇ ਉਸ ਨੂੰ
ਅਨਪੜ੍ਹ ਮੂਰਖ ਕਹਿੰਦੇ ਨੇ
ਦਿਲ 'ਤੇ ਪੱਥਰ ਧਰ ਕੇ
ਹਾਏ ਮੁਸਕਾਉਂਦੀ ਇਨਸਾਂ ਵੇਖੀ।
ਧਰਤੀ ਕੰਬੀ ਆਸਮਾਨ ਨੇ
ਟਿਪ ਟਿਪ ਅੱਥਰੂ ਕੇਰੇ ਨੇ
ਓਹਿਓ ਮਾਂ 'ਸੁਰਜੀਤ' ਜਦੋਂ
ਪੁੱਤ ਦੇ ਲਈ ਦਿੰਦੀ ਜਾਂ ਵੇਖੀ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

# ਵਕਤ ਦੀਆਂ ਪੈੜਾਂ 'ਚ ਗੁਆਚਿਆ ਗੀਤਕਾਰ ਤਾਰੀ ਜੈਤੋ ਵਾਲਾ


ਤਵਿਆਂ ਵੇਲੇ ਦੀ ਗਾਇਕੀ ਦੀ ਗੱਲ ਕਰੀਏ ਤਾਂ ਵਿਆਹ ਸਮਾਗਮਾਂ 'ਤੇ ਸਪੀਕਰ ਹੀ ਇੱਕੋ ਇੱਕ ਮਨੋਰੰਜਨ ਦਾ ਜ਼ਰੀਆ ਹੁੰਦਾ ਸੀ। ਵਿਆਹ ਵਾਲੇ ਘਰ ਦੋ ਤਿੰਨ ਦਿਨ ਪਹਿਲਾਂ ਹੀ ਲਾਊਡ ਸਪੀਕਰ 'ਤੇ ਵੱਜਦੇ ਗੀਤ ਪਿੰਡਾਂ ਦੀਆਂ ਪੌਣਾਂ ਵਿਚ ਸੰਗੀਤਕ ਰਸ ਘੋਲਣ ਲੱਗਦੇ। ਇਸੇ ਦੌਰ ਵਿਚ ਗਾਉਣ ਵਾਲਿਆਂ ਦੇ ਅਖਾੜੇ ਲੱਗਣ ਦਾ ਵੀ ਰਿਵਾਜ਼ ਸਿਖਰਾਂ 'ਤੇ ਰਿਹਾ। ਤਾਰੀ ਜੈਤੋ ਵਾਲਾ ਉਸੇ ਦੌਰ ਦੀ ਉਪਜ ਹੈ। ਦੋ ਮੰਜੇ ਜੋੜ ਕੇ ਲਾਏ ਜਾਂਦੇ ਸਪੀਕਰਾਂ ਦੀ ਗਾਇਕੀ ਦੇ ਦੌਰ ਨਾਲ ਇੱਕ-ਮਿੱਕ ਹੋ ਕੇ ਤੁਰਨ ਵਾਲਾ ਜੈਤੋ ਵਾਲਾ ਤਾਰੀ ਬਹੁਤ ਕੁਝ ਆਪਣੀਆਂ ਯਾਦਾਂ 'ਚ ਸਮੋਈ ਬੈਠਾ ਹੈ।

ਸੁਰਜੀਤ ਜੱਸਲ
ਫੋਨ: 91-98146-07737

ਗਾਇਕੀ ਦੀਆਂ ਉਹ ਪੈੜਾਂ, ਜਿਨ੍ਹਾਂ ਦਾ ਹਰ ਕਿਸੇ ਨੂੰ ਨਹੀਂ ਪਤਾ, ਉਹ ਤਾਰੀ ਦੇ ਗਿਆਨ ਭੰਡਾਰ ਵਿਚ ਪਈਆਂ ਹਨ, ਪਰ ਅਫਸੋਸ! ਇਸ ਅਣਮੁੱਲੇ ਗਿਆਨ ਨੂੰ ਲੱਗੇ ਜਿੰਦਰੇ ਦੀ ਚਾਬੀ ਨੂੰ ਜੰਗਾਲ ਖਾ ਗਿਆ ਹੈ। ਤਾਰੀ ਦੀ ਹੁਣ ਉਹ ਯਾਦ ਸ਼ਕਤੀ ਨਹੀਂ ਰਹੀ ਕਿ ਉਹ ਸਾਰਾ ਕੁਝ ਘੰਟਿਆਂ-ਬੱਧੀ ਤੁਹਾਨੂੰ ਪਹਿਲਾਂ ਵਾਂਗ ਦੱਸ ਸਕੇ। ਦੋ ਕੁ ਸਾਲ ਪਹਿਲਾਂ ਇੱਕ ਸੜਕ ਹਾਦਸੇ ਦੌਰਾਨ ਉਸ ਦੇ ਸਿਰ ਵਿਚ ਐਸੀ ਸੱਟ ਲੱਗੀ ਕਿ ਉਹ ਮੌਤ ਦੇ ਮੂੰਹੋਂ ਮਸਾਂ ਬਚਿਆ। ਇਸ ਹਾਦਸੇ ਵਿਚ ਉਸ ਦੀ ਯਾਦ ਸ਼ਕਤੀ ਮੱਧਮ ਪੈ ਗਈ। ਨਵੇਂ ਘਰ ਦੀ ਉਸਾਰੀ ਲਈ ਸਾਲਾਂ ਬੱਧੀ ਮਿਹਨਤ ਕਰਕੇ ਜੋੜਿਆ ਪੈਸਾ ਤਾਸ਼ ਦੇ ਪੱਤਿਆਂ ਵਾਂਗ ਖਿੰਡ ਗਿਆ।

ਤਾਰੀ ਦੀ ਜ਼ਿੰਦਗੀਨਾਮੇ ਬਾਰੇ ਕਈ ਸਾਲ ਪਹਿਲਾਂ 1993 ਵਿਚ ਇੱਕ ਆਮ ਜਿਹਾ ਲੇਖ 'ਪੰਜਾਬੀ ਟ੍ਰਿਬਿਊਨ' ਵਿਚ ਲਿਖਿਆ ਸੀ। ਬੀਤੇ ਦਿਨੀਂ ਤਾਰੀ ਦੇ ਮੌਜੂਦਾ ਹਾਲਾਤ ਬਾਰੇ ਪਤਾ ਲੱਗਾ, ਜੋ ਪਾਠਕਾਂ ਨਾਲ ਸਾਂਝੇ ਕਰ ਰਹੇ ਹਾਂ। ਜੈਤੋ ਮੰਡੀ ਦਾ ਇੱਕ ਆਮ ਬੰਦਾ ਤਾਰੀ, ਜਿਸ ਦਾ ਸਾਊਂਡ ਦਾ ਕੰਮ ਸੀ ਪਰ ਗਾਉਣ ਵਾਲਿਆਂ ਨਾਲ ਨੇੜਤਾ, ਪਿਆਰ ਸਤਿਕਾਰ ਨੇ ਉਸ ਨੂੰ ਆਮ ਤੋਂ ਖਾਸ ਬਣਾ ਦਿੱਤਾ। ਗੀਤਾਂ ਵਿਚ ਜ਼ਿਕਰ ਹੋਣ ਦਾ ਕਾਰਨ ਉਸ ਦੇ ਮਿਲਾਪੜੇ ਸੁਭਾਅ, ਆਦਰ ਸਤਿਕਾਰ 'ਚ ਪੁੱਜ ਕੇ ਅਮੀਰ ਹੋਣਾ ਹੈ। ਤਾਰੀ ਪੰਜਾਬੀ ਗਾਇਕੀ ਦੇ ਇਤਿਹਾਸ ਦਾ ਇੱਕ ਉਹ ਪਾਤਰ ਹੈ, ਜਿਸ ਦਾ ਜ਼ਿਕਰ ਵੱਖ ਵੱਖ ਗਾਇਕਾਂ ਦੇ ਗੀਤਾਂ ਵਿਚ ਹੁੰਦਾ ਰਿਹਾ ਹੈ। ਅਵਤਾਰ ਸਿੰਘ ਤਾਰੀ ਕਰੀਬ ਦੋ ਦਹਾਕੇ ਪੰਜਾਬੀ ਗਾਇਕਾਂ ਨਾਲ ਰਿਹਾ।

ਮਾਲਵੇ ਵਿਚ ਲੱਗਣ ਵਾਲੇ ਹਰੇਕ ਨਾਮੀ



*ਤਾਰੀ ਜੈਤੋ ਵਾਲਾ*

ਗਾਇਕ ਦੇ ਅਖਾੜੇ 'ਤੇ ਤਾਰੀ ਦਾ ਸਾਊਂਡ ਹੀ ਲੱਗਦਾ। ਸਦੀਕ, ਦੀਦਾਰ, ਰਮਲਾ ਤੋਂ ਲੈ ਕੇ ਚਮਕੀਲੇ ਤੱਕ ਤਾਰੀ ਦੀ ਗੀਤਾਂ ਵਿਚ ਸਰਦਾਰੀ ਰਹੀ। ਸੁਰਿੰਦਰ ਛਿੰਦੇ ਦੇ 'ਜੰਞ ਚੜ੍ਹੀ ਅਮਲੀ ਦੀ' ਦੇ ਉਪੇਰੇ ਵਿਚ ਉਹ ਆਪਣੇ ਅਸਲ 'ਸਪੀਕਰ ਵਾਲੇ' ਕਿਰਦਾਰ ਵਿਚ ਪੇਸ਼ ਹੋਇਆ ਤੇ ਅਮਲੀ ਦਾ ਵਿਆਹ ਹੋਣ ਦੀ ਖੁਸ਼ੀ 'ਚ ਲੋਕਾਂ ਦੀ ਫਰਮਾਇਸ਼ 'ਤੇ ਗੀਤ ਵਜਾਉਂਦਾ।

ਅਵਤਾਰ ਤਾਰੀ ਦਾ ਜਨਮ ਪਾਕਿਸਤਾਨ ਦੇ ਜਿਲ੍ਹਾ ਮੀਆਂਵਾਲੀ ਦੇ ਪਿੰਡ ਗਾਂਵਰਵਾਲਾ (ਨੇੜੇ ਬਖਰ ਸ਼ਹਿਰ) 'ਚ ਪਿਤਾ ਚਰਨ ਸਿੰਘ ਤੇ ਮਾਤਾ ਬਲਵੰਤ ਕੌਰ ਦੇ ਘਰ ਹੋਇਆ। ਪੰਜਾਬ ਦੀ ਵੰਡ ਵੇਲੇ ਉਹ 9 ਸਾਲ ਦਾ ਸੀ ਜਦੋਂ ਉਸ ਦਾ ਪਰਿਵਾਰ ਪੰਜਾਬ ਦੇ ਸ਼ਹਿਰ ਜੈਤੋ ਆ ਵਸਿਆ। ਜ਼ਿੰਦਗੀ ਦੀ ਨਵੇਂ ਸਿਰਿਓਂ ਸ਼ੁਰੂਆਤ ਕਰਨ ਲਈ ਪਰਿਵਾਰ ਨੇ ਬਹੁਤ ਪਾਪੜ ਵੇਲੇ। ਤਾਰੀ ਨੇ ਉਸ ਵੇਲੇ ਦੇ ਹਾਲਾਤ ਆਪਣੇ ਪਿੰਡੇ 'ਤੇ ਝੱਲੇ ਤੇ ਮਿਹਨਤ ਦਾ ਪੱਲਾ ਫੜ੍ਹ ਕੇ ਨੇੜਲੇ ਪਿੰਡ ਗੁੰਮਟੀ ਸਪੀਕਰਾਂ ਦਾ ਕੰਮ ਸਿੱਖਣਾ ਸ਼ੁਰੂ ਕਰ ਦਿੱਤਾ। ਪਿੰਡ ਸੇਵੇਵਾਲ ਦੇ ਉਸਤਾਦ ਸੂਰਜ ਭਾਨ, ਦੀਵਾਨ ਚੰਦ ਨਾਲ ਉਸ ਨੇ ਕਈ ਸਾਲ ਕੰਮ ਕੀਤਾ ਤੇ ਹੌਲੀ ਹੌਲੀ ਆਪਣਾ ਸਪੀਕਰ ਸੈਟ ਬਣਾ ਲਿਆ। ਇਲਾਕੇ ਵਿਚ ਵਧੀਆ ਸਾਊਂਡ ਸਰਵਿਸ ਹੋਣ ਕਰਕੇ ਤਾਰੀ ਮਕਬੂਲ ਹੋ ਗਿਆ। ਇਸੇ ਮਕਬੂਲੀਅਤ ਸਦਕਾ ਗਾਉਣ ਵਾਲਿਆਂ ਦੇ ਅਖਾੜਿਆਂ ਵਿਚ ਤਾਰੀ ਦੇ ਸਪੀਕਰ ਦੀ ਚਰਚਾ ਹੋਣ ਲੱਗੀ। ਇਲਾਕੇ ਵਿਚ ਜਦ ਵੀ ਕਿਸੇ ਗਾਇਕ ਦਾ ਅਖਾੜਾ ਆਉਂਦਾ ਤਾਂ ਸਾਊਂਡ ਤਾਰੀ ਦਾ ਹੀ ਲੱਗਦਾ। ਸੰਗੀਤਕਾਰ ਜਸਵੰਤ ਭੰਵਰਾ ਨਾਲ ਚੰਗਾ ਸਹਿਚਾਰ ਹੋਣ ਕਰਕੇ ਤਾਰੀ ਦੀ ਗਾਉਣ ਤੇ ਲਿਖਣ ਵਾਲਿਆਂ ਨਾਲ ਮਿੱਤਰਤਾ ਬਣ ਗਈ। ਇਲਾਕੇ ਵਿਚ ਗਾਇਕੀ ਦੇ ਅਖਾੜਿਆਂ ਦੀ ਬੁਕਿੰਗ ਵੀ ਉਸ ਰਾਹੀਂ ਹੋਣ ਲੱਗੀ ਤੇ ਉਸ ਦੇ ਪੈਰ ਲੱਗ ਗਏ।

ਬਾਬੂ ਸਿੰਘ ਮਾਨ ਮਰਾੜਾਂ ਵਾਲੇ ਨਾਲ ਤਾਰੀ ਦੀ ਪਰਿਵਾਰਕ ਸਾਂਝ ਰਹੀ। ਪਹਿਲੀ ਵਾਰ ਆਪਣੇ ਗੀਤਾਂ 'ਚ ਤਾਰੀ ਦਾ ਜ਼ਿਕਰ ਬਾਬੂ ਸਿੰਘ ਮਾਨ ਨੇ ਹੀ ਕੀਤਾ। ਫਿਰ ਗਾਇਕਾ ਸਵਰਨ ਲਤਾ ਨੇ ਤਾਰੀ ਦੇ ਸਾਊਂਡ ਦੀ ਆਪਣੇ ਗੀਤਾਂ ਵਿਚ ਖੂਬ ਚਰਚਾ ਕੀਤੀ। ਤਾਰੀ ਦਾ ਨਾਂ ਹੁਣ ਤੱਕ 60-70 ਗੀਤਾਂ ਵਿਚ ਸ਼ਾਮਿਲ ਹੋਇਆ ਹੈ। ਜਿਨ੍ਹਾਂ ਗੀਤਕਾਰਾਂ ਨੇ ਉਸ ਦਾ ਨਾਂ ਗੀਤਾਂ ਵਿਚ ਸ਼ਾਮਿਲ ਕੀਤਾ ਹੈ, ਉਨ੍ਹਾਂ ਵਿਚ ਬਾਬੂ ਸਿੰਘ ਮਾਨ, ਦੀਦਾਰ ਸੰਧੂ, ਸਾਜਨ ਰਾਏਕੋਟੀ, ਸ਼ਮਸ਼ੇਰ ਸੰਧੂ, ਗਿੱਲ ਨੱਥੋਹੇੜੀ, ਦੇਵ ਥਰੀਕਿਆਂ ਵਾਲਾ, ਬੰਤ ਰਾਮਪੁਰੇ ਵਾਲਾ, ਅਮਰ ਸਿੰਘ ਚਮਕੀਲਾ, ਜਸਵੰਤ ਸੰਦੀਲਾ ਆਦਿ ਹਨ। ਇਨ੍ਹਾਂ ਗੀਤਾਂ ਨੂੰ ਮੁਹੰਮਦ ਸਦੀਕ-ਰਣਜੀਤ ਕੌਰ, ਦੀਦਾਰ ਸੰਧੂ-ਸੁਨੇਹ ਲਤਾ, ਅਮਰ ਚਮਕੀਲਾ-ਅਮਰਜੋਤ, ਸੁਰਿੰਦਰ ਛਿੰਦਾ, ਸਰਦੂਲ ਸਿਕੰਦਰ-ਅਮਰ ਨੂਰੀ, ਅਜੈਬ ਰਾਏ, ਹਾਕਮ ਬਖਤੜੀਵਾਲਾ, ਕਰਤਾਰ ਰਮਲਾ, ਸੁਖਵੰਤ ਸੁੱਖੀ, ਗੁਰਚਰਨ ਪੋਹਲੀ ਆਦਿ ਨੇ ਗਾਇਆ ਹੈ। ਇਹ ਗੀਤ ਹਨ:

-ਹੁਣ ਬੰਦ ਪਿਆ ਦਰਵਾਜਾ, ਜਿਉਂ ਫਾਟਕ ਕੋਟਕਪੂਰੇ ਦਾ (ਦੀਦਾਰ ਸੰਧੂ-ਅਮਰ ਨੂਰੀ)

-ਭਲਿਆ ਲੋਕਾ ਪਿੰਡ ਆਪਣੇ ਵਿਚ ਵਾਕਾ ਹੋ ਗਿਆ ਵੇ (ਮੁਹੰਮਦ ਸਦੀਕ-ਰਣਜੀਤ ਕੌਰ)

-ਔਤ ਕਲੋਂ ਭਾਲਦੀ ਜਵਾਕ ਗੋਰੀਏ (ਕਰਤਾਰ ਰਮਲਾ-ਸੁਖਵੰਤ ਸੁੱਖੀ)

-ਮੈਨੂੰ ਕੁੜੀਆਂ ਕਹਿੰਦੀਆਂ (ਕਰਤਾਰ ਰਮਲਾ-ਸੁਖਵੰਤ ਸੁੱਖੀ)

-ਉਮਰ ਨਿਆਣੀ ਵਿਚ ਵਿਆਹ ਕਰਵਾ ਕੇ (ਅਮਰ ਸਿੰਘ ਚਮਕੀਲਾ-ਅਮਰਜੋਤ)

-ਕੱਚ ਵਰਗੀ ਮੁਟਿਆਰ (ਕੁਲਦੀਪ ਪਾਰਸ-ਗੁਲਸ਼ਨ ਕੋਮਲ)

-ਸੋਹਣਿਆ ਤੂੰ ਢੋਲਾ, ਕੱਲ੍ਹ ਕਿਉਂ ਨਾ ਆਇਆ (ਅਜੈਬ ਰਾਏ-ਸੁਖਵੰਤ ਸੁੱਖੀ)

ਦੀਦਾਰ ਸੰਧੂ ਦੇ ਗੀਤਾਂ ਵਿਚ ਉਸ ਦਾ ਜ਼ਿਕਰ ਇਸ ਤਰ੍ਹਾਂ ਹੈ:

-ਤੈਨੂੰ ਤਾਂ ਦੀਦਾਰ ਮੈਂ ਹਮੇਸ਼ਾ ਰਹਿੰਦੀ ਟੋਲਦੀ
ਤਾਰੀ ਜੈਤੋ ਵਾਲੇ ਨਾਲ ਬੁਲਾਈ ਵੀ ਨਾ ਬੋਲਦੀ।

-ਇਹ ਜੈਤੋ ਵਾਲੇ ਤਾਰੀ ਵਾਂਗੂੰ
ਮਾਂ ਆਪਣੀ ਨੂੰ ਕਹਿੰਦਾ ਸੀ,
ਜੈ-ਵੱਧੀ ਦਾ ਦਾਰੂ ਪੀ ਕੇ
ਧਰਮਰਾਜ ਬਣ ਬਹਿੰਦਾ ਸੀ।

ਅੱਜ ਤਾਰੀ ਜੈਤੋ ਸ਼ਹਿਰ ਵਿਚ ਗੁੰਮਨਾਮ ਜ਼ਿੰਦਗੀ ਜੀਅ ਰਿਹਾ ਹੈ। ਤਾਰੀ ਸਾਊਂਡ ਵਾਲੀ ਦੁਕਾਨ ਕਦੇ ਗਾਉਣ ਵਾਲਿਆਂ ਦਾ ਦਫਤਰ ਹੀ ਹੁੰਦੀ ਸੀ। ਹੁਣ ਇਸ ਦੁਕਾਨ ਦਾ ਕੰਮ ਉਸ ਦਾ ਬੇਟਾ ਸੰਭਾਲਦਾ ਹੈ। ਉਹ ਆਪਣੇ ਪਿਤਾ ਤਾਰੀ ਨੂੰ ਦੁਕਾਨ 'ਤੇ ਲੈ ਆਉਂਦਾ ਹੈ, ਜਿਸ ਨਾਲ ਉਸ ਦਾ ਮਨ ਉਦਾਸ ਨਹੀਂ ਰਹਿੰਦਾ। ਵਕਤ ਦੀਆਂ ਗੱਲਾਂ ਨੇ, ਗਾਉਣ ਵਾਲਿਆਂ 'ਚੋਂ ਤਾਰੀ ਨਾਲ ਪੁਰਾਣੀ ਯਾਰੀ ਕਿਸੇ ਟਾਵੇਂ-ਟੱਲੇ ਨੇ ਹੀ ਪੁਗਾਈ।

ਸ਼ਾਇਦ ਤਾਰੀ ਜੈਤੋ ਵਾਲੇ ਦਾ ਹਾਲ ਜਾਣ ਕੇ ਕੋਈ ਜੈਤੋ ਦਾ ਰਾਹ ਵੇਖ ਲਵੇ! ਤਾਰੀ ਨੂੰ ਉਡੀਕ ਹੈ, ਆਪਣੇ ਪੁਰਾਣੇ ਹਮਦਰਦ ਸੱਜਣਾਂ ਦੀ। ਸੰਗੀਤਕ ਪ੍ਰੇਮੀ ਤਾਰੀ ਦਾ ਹਾਲ ਚਾਲ ਪੁੱਛਣ



*ਮੁਹੰਮਦ ਸਦੀਕ ਨਾਲ ਤਾਰੀ ਜੈਤੋ ਵਾਲਾ*

ਅਕਸਰ ਆਉਂਦੇ ਹਨ। ਮੁਹੰਮਦ ਸਦੀਕ ਉਸ ਨੂੰ ਮਿਲੇ ਬਗੈਰ ਨਹੀਂ ਲੰਘਦਾ। ਸਭਿਆਚਾਰਕ ਸੰਸਥਾਵਾਂ ਨੂੰ ਚਾਹੀਦਾ ਹੈ ਕਿ ਸੰਗੀਤ ਵਿਰਾਸਤ ਦੇ ਯੁੱਗ ਪੁਰਸ਼ ਦੇ ਹੌਂਸਲੇ ਲਈ ਅੱਗੇ ਆਇਆ ਜਾਵੇ ਤਾਂ ਜੋ ਇੱਕ ਇਤਿਹਾਸ ਦੇ ਅਣਭੋਲੇ ਵਰਕਿਆਂ ਨੂੰ ਸੰਭਾਲਿਆ ਜਾ ਸਕੇ।

# ਜਦੋਂ ਮੈਂ ਨਵਾਂ ਨਵਾਂ ਸਿੱਖ ਬਣਿਆ

ਮੈਂ ਇਕ 'ਘਟਨਾ' ਦਾ ਜ਼ਿਕਰ ਕਰ ਰਿਹਾ ਹਾਂ। ਉਦੋਂ ਮੈਂ ਨਵਾਂ ਨਵਾਂ ਸਿੱਖ ਬਣਿਆ ਸਾਂ। ਮਜ਼੍ਹਬ ਦੀ ਤਬਦੀਲੀ ਨੇ ਮੇਰੇ ਅੰਦਰ ਅੰਨ੍ਹਾ ਤੇ ਬੇਪਨਾਹ ਜੋਸ਼ ਭਰ ਦਿੱਤਾ ਸੀ ਅਤੇ ਇਸ ਜੋਸ਼ ਦੇ ਪ੍ਰਗਟਾਓ ਲਈ ਮੈਂ ਆਪਣੀ ਇਕ ਜੋਸ਼ੀਲੀ ਪਾਰਟੀ ਦਾ ਮੋਢੀ ਬਣ ਗਿਆ ਸਾਂ। ਜਿਸ ਮਹਾਂਪੁਰਸ਼ ਦੇ ਪ੍ਰਭਾਵ ਨੇ ਮੇਰੇ ਅੰਦਰ ਸਭ ਤੋਂ ਪਹਿਲਾਂ ਸਿੱਖ ਧਰਮ ਲਈ ਪਿਆਰ ਜਗਾਇਆ ਸੀ, ਉਸ ਪਾਸੋਂ ਮੈਂ ਇਨ੍ਹੀਂ ਦਿਨੀਂ ਲਗਦੀ ਵਾਹ ਦੂਰ ਦੂਰ ਰਹਿਣ ਦੀ ਕੋਸ਼ਿਸ਼ ਕਰਦਾ ਸਾਂ। ਸ਼ਾਇਦ ਇਸ ਲਈ ਕਿ ਉਸ ਬਜ਼ੁਰਗ ਵਿਚ ਮੈਨੂੰ ਸਿੱਖ ਸਪਿਰਟ ਦੀ ਘਾਟ ਜਾਪਣ ਲੱਗ ਪਈ ਸੀ। ਮੈਂ ਤੇ ਮੇਰੇ ਸਾਥੀ ਜਿਨ੍ਹਾਂ ਕੰਮਾਂ ਵਿਚ ਸਰਗਰਮ ਹਿੱਸਾ ਲੈ ਰਹੇ ਸਾਂ, ਉਹ ਕੰਮ ਉਸ ਨੂੰ ਪਸੰਦ ਨਹੀਂ ਸਨ ਜਿਨ੍ਹਾਂ ਬਾਰੇ ਕਦੀ

ਨਾਨਕ ਸਿੰਘ

ਕਦੀ ਉਹ ਸਾਨੂੰ ਰੋਕਣ-ਵਰਜਣ ਦੇ ਯਤਨ ਵੀ ਕਰਦਾ ਰਹਿੰਦਾ।

ਘਟਨਾ ਇੰਜ ਹੋਈ ਕਿ ਸਿਆਲ ਦੀ ਇਕ ਰਾਤ ਜਦੋਂ ਮੈਂ ਕੁਝ ਸਾਥੀਆਂ ਸਮੇਤ ਆਪਣੇ ਮਕਾਨ 'ਤੇ ਬੈਠਾ ਕਿਸੇ ਵਿਸ਼ੇਸ਼ ਗੋਸ਼ਟੀ ਵਿਚ ਰੁਝਾ ਹੋਇਆ ਸਾਂ ਤਾਂ ਅਚਾਨਕ ਸਾਡਾ ਸਭਨਾਂ ਦਾ ਧਿਆਨ ਇਕ ਹੋਰ ਪਾਸੇ ਖਿਚਿਆ ਗਿਆ। ਰਾਤ ਹਨੇਰੀ ਸੀ, ਬਾਰਾਂ-ਸਾਢੇ ਬਾਰਾਂ ਦਾ ਵਕਤ ਹੋਵੇਗਾ। ਮੀਂਹ ਵਰ੍ਹ ਰਿਹਾ ਸੀ, ਤੇ ਸਰਦੀ ਖੂਬ ਕੜਾਕੇ ਦੀ ਪੈ ਰਹੀ ਸੀ। ਅਸੀਂ ਸਭੋ ਪੰਜ-ਛੇ ਬੰਦੇ ਅੱਗ ਸੇਕਦੇ ਹੋਏ ਆਪਣੇ ਕਿਸੇ ਪ੍ਰੋਗਰਾਮ ਦੀ ਵੰਡ ਵੇਤਰ ਵਿਚ ਲੱਗੇ ਹੋਏ ਸਾਂ ਕਿ ਸਾਹਮਣੀ ਸੜਕ 'ਤੇ ਕੋਈ ਹਿੰਦੂ ਨੌਜਵਾਨ ਤੁਰਿਆ ਜਾਂਦਾ ਸਾਡੀ ਨਜ਼ਰੀਂ ਪੈ ਗਿਆ, ਛੋਟਾ ਜਿਹਾ ਬਿਸਤਰਾ ਉਸ ਕੱਛੇ ਮਾਰਿਆ ਹੋਇਆ ਸੀ- ਸ਼ਾਇਦ ਉਹ ਸਾਢੇ ਯਾਰਾਂ ਵਾਲੀ ਗੱਡੀ ਤੋਂ ਉਤਰਿਆ ਸੀ ਅਤੇ ਰਸਤਾ ਭੁੱਲ ਕੇ ਏਧਰ ਆ ਨਿਕਲਿਆ ਸੀ।

ਮੇਰੀ ਬੈਠਕ ਅੱਗੇ ਉਹ ਗੱਭਰੂ ਰੁਕਿਆ ਤੇ ਸਾਨੂੰ ਸੰਬੋਧਨ ਕਰ ਕੇ ਉਸ ਨੇ ਕਿਸੇ ਬਾਜ਼ਾਰ ਜਾਂ ਮੁਹੱਲੇ ਦਾ ਪਤਾ ਪੁੱਛਿਆ। ਤੇ ਬਜਾਏ ਇਸ ਦੇ ਕਿ ਸਾਡੇ ਵਿਚੋਂ ਕੋਈ ਉਸ ਨੂੰ ਰਾਹੇ ਪਾਣ ਦਾ ਯਤਨ ਕਰਦਾ, ਅਸੀਂ ਸਾਰੇ ਦੇ ਸਾਰੇ ਉਸ ਉਤੇ ਟੁੱਟ ਕੇ ਪੈ ਗਏ। ਅਸਾਂ ਵਿਚੋਂ ਇਕ ਪਾਸ ਛਤਰੀ ਸੀ ਤੇ ਇਕ ਹੋਰ ਪਾਸ ਮੋਟੀ ਸਾਰੀ ਸੋਟੀ। ਮੈਨੂੰ ਜਦ ਹੋਰ ਕੁਝ ਨਾ ਲੱਭਾ ਤਾਂ ਨੁੱਕਰ ਵਿਚ ਪਿਆ ਲੋਹੇ ਦਾ ਸਰੀਆ ਹੀ ਚੁੱਕ ਲਿਆ।

ਸਾਰਾ ਕੰਮ ਇਤਨੀ ਫੁਰਤੀ ਨਾਲ ਹੋਇਆ ਕਿ ਪੰਜਾਂ ਹੀ ਮਿੰਟਾਂ ਬਾਅਦ ਅਸੀਂ ਉਸ ਗੱਭਰੂ ਨੂੰ ਲਹੂ ਵਿਚ ਲੱਥ ਪੱਥ ਵੇਖਿਆ ਜਿਹੜਾ ਸੜਕ ਦੇ ਵਿਚਕਾਰ ਚੁਫਾਲ ਡਿੱਗਾ ਪਿਆ ਸੀ। ਫੜੇ ਜਾਣ ਦੇ ਡਰੋਂ ਅਸਾਂ ਸਭਨਾਂ ਨੇ ਉਸ ਨੂੰ ਘਸੀਟ ਕੇ ਪਿਛਵਾੜੇ ਦੇ ਇਕ ਖੋਲੇ ਵਿਚ ਜਾ ਸੁੱਟਿਆ।

ਇਸ ਕੰਮੋਂ ਵਿਹਲੇ ਹੋ ਕੇ ਅਸੀਂ ਸਾਰੇ ਖਿੰਡ ਪੁੰਡ ਗਏ।

ਮੈਂ ਆਪਣੇ ਇਸ 'ਕਾਰਨਾਮੇ' ਉਤੇ ਗਰਵ ਕਰਦਾ ਹੋਇਆ ਅੰਦਰ ਜਾ ਕੇ ਬਿਸਤਰੇ ਵਿਚ ਲੇਟ ਗਿਆ।


ਪਰਭਾਤ ਵੇਲੇ ਮਸਾਂ ਕਿਤੇ ਜਾ ਕੇ ਮੇਰੀ ਅੱਖ ਲੱਗੀ।

ਅਜੇ ਝਪਕੀ ਹੀ ਆਈ ਸੀ ਕਿ ਬਾਹਰੋਂ ਕਿਸੇ ਨੇ ਬੂਹਾ ਖੜਕਾਇਆ। ਡਰ ਨਾਲ ਮੇਰੇ ਸੋਤਰ ਸੁੱਕਣ ਲੱਗੇ ਕਿ ਪੁਲਿਸ ਆ ਗਈ ਹੈ ਪਰ ਬੂਹਾ ਖੋਲ੍ਹਣ 'ਤੇ ਮੇਰਾ ਡਰ ਦੂਰ ਹੋ ਗਿਆ, ਜਦ ਸਾਹਮਣੇ ਮੈਂ ਗੁਰਦੁਆਰੇ ਦੇ ਗ੍ਰੰਥੀ, ਓਸੇ ਮਹਾਂਪੁਰਸ਼ ਦੇ ਸੇਵਾਦਾਰ ਨੂੰ ਖੜ੍ਹਾ ਤੱਕਿਆ ਜਿਹੜਾ ਸਖਤ ਘਬਰਾਇਆ ਹੋਇਆ, ਤੇ ਬੜੀ ਕਾਹਲੀ ਵਿਚ ਜਾਪਦਾ ਸੀ।

"ਬਾਬਾ ਜੀ ਨੇ ਕਿਹਾ ਹੈ, ਛੇਤੀ ਨਾਲ ਜਾ ਕੇ ਕਿਸੇ ਡਾਕਟਰ ਨੂੰ ਸੱਦ ਲਿਆਵੋ। ਕਹਿਣਾ, ਮਲ੍ਹਮ ਪੱਟੀ ਦਾ ਸਾਮਾਨ ਨਾਲ ਲੈ ਕੇ ਆਵੇ।" ਇਤਨਾ ਕਹਿੰਦਾ ਹੋਇਆ ਉਹ ਸੱਜਣ ਪਿਛਲੇ ਪੈਰੀਂ ਮੁੜ ਗਿਆ। ਕੁਝ ਪੁੱਛਣ ਗਿੱਛਣ ਦਾ ਉਸ ਮੈਨੂੰ ਮੌਕਾ ਹੀ ਨਾ ਦਿੱਤਾ।

ਮੈਂ ਸੋਚੀਂ ਪੈ ਗਿਆ, 'ਕੀ ਬਾਬਾ ਜੀ ਕਿਤੇ ਡਿਗ ਢੱਠ ਪਏ ਨੇ?'

ਨਿੱਘੀ ਰਜਾਈ 'ਚੋਂ ਉਠ ਕੇ ਏਡੀ ਸਰਦੀ ਤੇ ਮੀਂਹ ਵਿਚ ਬਾਹਰ ਨਿਕਲਣਾ ਬੜਾ ਮੁਸ਼ਕਿਲ ਸੀ ਪਰ ਬਾਬਾ ਜੀ ਦਾ ਹੁਕਮ ਵੀ ਤਾਂ ਟਾਲਿਆ



ਨਹੀਂ ਸੀ ਜਾ ਸਕਦਾ। ਮੰਨਿਆ ਕਿ ਪਿਛਲੇ ਕੁਝ ਚਿਰ ਤੋਂ ਮੈਂ ਉਨ੍ਹਾਂ ਨਾਲ ਕਾਫੀ ਵੱਟਿਆ ਹੋਇਆਂ ਸਾਂ, ਪਰ ਉਹ ਇਕ ਤਾਂ 'ਅਸੂਲੀ' ਮੱਤਭੇਦ ਸੀ ਨਾ! ਕੀ ਏਡਾ ਅਕ੍ਰਿਤਘਣ ਵੀ ਹੋ ਸਕਦਾ ਸਾਂ ਕਿ ਕਿਸੇ 'ਮਤਭੇਦ' ਬਦਲੇ ਉਨ੍ਹਾਂ ਦੇ ਉਪਕਾਰਾਂ ਨੂੰ ਵਿਸਾਰ ਦੇਂਦਾ ਜਿਹੜੇ ਉਨ੍ਹਾਂ ਮੇਰੇ ਉਤੇ ਕੀਤੇ ਸਨ?

ਕੱਪੜਾ ਲੱਤਾ ਪਹਿਨ ਕੇ, ਤੇ ਛੱਤਰੀ ਤਾਣ ਕੇ ਮੈਂ ਘਰੋਂ ਨਿਕਲਿਆ। 'ਡਾਕਟਰ ਵੱਲ ਜਾਣ ਤੋਂ ਪਹਿਲਾਂ ਇਕ ਵਾਰੀ ਬਾਬਾ ਜੀ ਨੂੰ ਵੇਖਦਾ ਚੱਲਾਂ', ਸੋਚ ਕੇ ਮੈਂ ਗੁਰਦੁਆਰੇ ਵੱਲ ਰੁਖ ਕੀਤਾ। ਕੋਲ ਹੀ ਤਾਂ ਗੁਰਦੁਆਰਾ ਸੀ, ਕੁੱਲ ਪੰਦਰਾਂ ਵੀਹਾਂ ਕਦਮਾਂ ਦੀ ਵਾਟ 'ਤੇ।

ਸੋਚਦਾ ਜਾਂਦਾ ਸਾਂ, 'ਪਤਾ ਨਹੀਂ ਕਿਤੇ ਤਿਲਕ ਪਏ ਹੋਣ, ਜਾਂ ਹਨੇਰੇ ਵਿਚ ਚੜ੍ਹਦਿਆਂ ਉਤਰਦਿਆਂ ਪੌੜੀਆਂ ਤੋਂ ਡਿੱਗ ਪਏ ਹੋਣ। ਸੱਟਾਂ ਜ਼ਿਆਦਾ ਹੀ ਲੱਗੀਆਂ ਹੋਣਗੀਆਂ। ਮਾੜੀ ਮੋਟੀ ਮਲ੍ਹਮ ਪੱਟੀ ਤਾਂ ਉਹ ਆਪ ਵੀ ਕਰ ਸਕਦੇ ਸਨ।'

ਪਰ ਓਥੇ ਜਾ ਕੇ ਮੈਂ ਜੋ ਕੁਝ ਤੱਕਿਆ, ਇਸ ਨਾਲ ਮੇਰੇ ਅਸਚਰਜ ਦਾ ਕੋਈ ਠਿਕਾਣਾ ਨਾ ਰਿਹਾ। ਓਹੀ ਹਿੰਦੂ ਗੱਭਰੂ, ਜਿਸ ਨੂੰ ਮੈਂ ਤੇ ਮੇਰੇ ਸਾਥੀ ਫੇਹ ਕੇ ਖੋਲੇ ਵਿਚ ਸੁੱਟ ਆਏ ਸਾਂ, ਮੰਜੇ 'ਤੇ ਫੈਲਿਆ ਹੋਇਆ ਸੀ। ਬੇਮਲੂਮੀ ਜਿਹੀ ਹੋਸ਼ ਸੀ ਉਸ ਨੂੰ। ਕਈ ਅੰਗਾਂ 'ਤੇ ਪੱਟੀਆਂ ਬੰਨ੍ਹੀਆਂ ਹੋਈਆਂ ਸਨ ਤੇ ਉਨ੍ਹਾਂ ਦੇ ਉਤੋਂ ਲਹੂ ਸਿੰਮ ਰਿਹਾ ਸੀ, ਖਾਸ ਕਰ ਕੇ ਮੱਥੇ ਦੀ ਪੱਟੀ ਤੋਂ।

"ਆਇਆ ਡਾਕਟਰ?" ਬਾਬਾ ਜੀ ਨੇ ਬੜਾ ਕਾਹਲਾ ਅਤੇ ਬੇਸਬਰ ਸਵਾਲ ਕੀਤਾ ਮੇਰੇ ਉਤੇ। ਤੇ "ਹੁਣੇ ਲਿਆਇਆ ਜੀ" ਕਹਿ ਕੇ ਮੈਂ ਪਿਛਲੇ ਪੈਰੀਂ ਦੌੜਿਆ ਗਿਆ ਡਾਕਟਰ ਵੱਲ।

ਇਸ ਤੋਂ ਅਗਲੀ ਵਾਰਤਾ ਕੋਈ ਮਹੱਤਵ ਭਰੀ ਨਹੀਂ, ਸਾਧਾਰਨ ਹੀ ਸਮਝੋ। ਡਾਕਟਰ ਆਇਆ, ਮਲ੍ਹਮ ਪੱਟੀ ਨਵੇਂ ਸਿਰੇ ਤੋਂ ਹੋਈ, ਪੀਣ ਨੂੰ ਤਾਕਤ ਦੀ ਦਵਾਈ ਦਿੱਤੀ (ਟੀਕੇ ਦਾ ਰਿਵਾਜ ਉਦੋਂ ਨਹੀਂ ਸੀ), ਥੋੜ੍ਹੀ ਕੁ ਮਰੀਜ਼ ਨੂੰ ਹੋਸ਼ ਆ ਗਈ, ਤੇ ਉਸ ਤੋਂ ਬਾਅਦ ਕੁਝ ਦਿਨਾਂ ਤੀਕ ਇਹੋ ਦਵਾ-ਦਾਰੂ ਤੇ ਮਲ੍ਹਮ-ਪੱਟੀ ਦਾ ਕ੍ਰਮ ਜਾਰੀ ਰਿਹਾ। ਛੇਕੜ ਮਰੀਜ਼ ਤੰਦਰੁਸਤ ਹੋ ਕੇ ਆਪੇ ਚਲਾ ਗਿਆ, ਜਾਂ ਉਸ ਦਾ ਕੋਈ ਸੰਬੰਧੀ ਆ ਕੇ ਉਸ ਨੂੰ ਲੈ ਗਿਆ? ਇਹ ਮੈਨੂੰ ਯਾਦ ਨਹੀਂ।

ਸਾਧਾਰਨ ਨਜ਼ਰੇ ਦੇਖਿਆਂ ਇਸ ਵਿਚ 'ਘਟਨਾ' ਵਾਲੀ ਐਸੀ ਕੋਈ ਵੀ ਗੱਲ ਨਹੀਂ ਜਾਪੇਗੀ, ਫਿਰ ਮੇਰੇ ਲਈ ਜਿਸ ਨੇ ਆਪ ਹੀ ਇਹ ਕਾਰਾ ਕੀਤਾ ਹੋਵੇ ਪਰ ਜਿਹੜੀ ਗੱਲ ਨੇ ਮੇਰੇ ਲਈ ਇਸ ਨੂੰ 'ਘਟਨਾ' ਦਾ ਦਰਜਾ ਦੇ ਦਿੱਤਾ, ਉਹ ਇਕ ਹੋਰ ਹੀ ਸੀ।

ਮੇਰੇ ਪਹੁੰਚਣ 'ਤੇ ਜਿਸ ਵੇਲੇ ਬਾਬਾ ਜੀ ਨੇ ਮਰੀਜ਼ ਵੱਲੋਂ ਧਿਆਨ ਮੋੜ ਕੇ ਮੇਰੇ ਵੱਲ ਤੱਕਦਿਆਂ ਪੁੱਛਿਆ ਸੀ, "ਆਇਆ ਡਾਕਟਰ?" ਉਸ ਵੇਲੇ ਮੇਰੀ ਨਜ਼ਰ ਉਨ੍ਹਾਂ ਦੀਆਂ ਅੱਖਾਂ ਉਤੇ ਸੀ, ਜਿਨ੍ਹਾਂ ਵਿਚੋਂ ਉਸ ਤੋਂ ਪਹਿਲਾਂ ਕਦੀ ਵੀ ਮੈਂ ਨਮੀ ਨਹੀਂ ਸੀ ਤੱਕੀ, ਇਥੋਂ ਤੱਕ ਕਿ ਕੁਝ ਸਾਲ ਪਹਿਲਾਂ ਜਦ ਮੇਰੀ ਸਭ ਤੋਂ ਪਿਆਰੀ ਚੀਜ਼ ਇਸ ਦੁਨੀਆਂ ਤੋਂ ਚਲੀ ਗਈ ਸੀ, ਮੇਰੀ ਮਾਂ... ਤੇ ਜਦ ਮੈਂ ਏਸੇ ਬਿਰਧ ਦੇ ਸਾਹਮਣੇ ਬੈਠਾਂ ਭੁੱਬੀਂ ਰੋ ਰਿਹਾ ਸਾਂ, ਤਾਂ ਉਨ੍ਹਾਂ ਇਹ ਆਖ ਕੇ ਮੈਨੂੰ ਧਰਵਾਸ ਦੇਣ ਦਾ ਯਤਨ ਕੀਤਾ ਸੀ, "ਹਿਸ਼! ਏਡੇ ਸਿਆਣੇ ਹੋ ਕੇ ਅੱਥਰੂ? ਮੇਰੇ ਅਣਗਿਣਤ ਰਿਸ਼ਤੇਦਾਰ ਚਲੇ ਗਏ, ਪੁੱਤਰ ਤੱਕ ਵੀ, ਪਰ ਮੈਂ ਕਦੀ ਨਹੀਂ ਰੋਇਆ।" ਪਰ ਉਸ ਵੇਲੇ ਮੈਂ ਓਸ ਬਾਬੇ ਨੂੰ ਅੱਖਾਂ ਵਿਚੋਂ ਗੰਗਾ ਜਮਨਾ ਵਹਾਉਂਦਿਆਂ ਤੱਕਿਆ।

ਬਸ ਇਹੋ ਸਨ ਖਾਰੇ ਪਾਣੀ ਦੇ ਕੁਝ ਤੁਪਕੇ, ਜਿਨ੍ਹਾਂ ਨੇ ਓਸ ਵਾਕੇ ਨੂੰ ਮੇਰੇ ਲਈ 'ਘਟਨਾ' ਬਣਾ ਦਿੱਤਾ।

ਕੀਕਰ ਕਰਾਂ ਓਸ ਅਸਰ ਦੀ ਵਿਆਖਿਆ, ਜਿਹੜਾ ਓਸ ਵੇਲੇ ਮੇਰੇ ਉਤੇ ਹੋਇਆ। ਕੋਈ ਸ਼ਿਕਵਾ ਕਰਦੇ, ਮੇਰੀ ਹਿਮਾਕਤ ਤੋਂ ਨਾਰਾਜ਼ ਹੋ ਕੇ ਕੁਝ ਕੌੜੀਆਂ ਕਸੈਲੀਆਂ ਸੁਣਾ ਦੇਂਦੇ, ਅਥਵਾ ਮੇਰੇ ਮੂੰਹ 'ਤੇ ਦੋ ਚਾਰ ਚਪੇੜਾਂ ਜੜ ਦੇਂਦੇ, ਤਾਂ ਸ਼ਾਇਦ ਮੇਰਾ ਮਨ ਇਤਨਾ ਦ੍ਰਵੀਭੂਤ ਨਾ ਹੁੰਦਾ ਪਰ ਉਨ੍ਹਾਂ ਮੈਨੂੰ ਇਸ ਮਾਮਲੇ ਬਾਰੇ ਅਲਫੋਂ ਬੇ ਤੱਕ ਨਾ ਕਿਹਾ, ਛੁੱਟ ਕਰੁਣਾ ਭਰੀ ਤੱਕਣੀ ਤੋਂ, ਤੇ ਛੁੱਟ ਉਨ੍ਹਾਂ ਅੱਥਰੂਆਂ ਤੋਂ ਜਿਹੜੇ ਮੈਂ ਜਾਣਦਾ ਸਾਂ ਕੇਵਲ ਮੇਰੀ ਹੀ ਕਾਲੀ ਕਰਤੂਤ ਨੇ ਉਨ੍ਹਾਂ ਦੀਆਂ ਅੱਖਾਂ ਵਿਚ ਲਿਆਂਦੇ ਸਨ। ਉਨ੍ਹਾਂ ਅੱਖਾਂ ਵਿਚ, ਜਿਹੜੀਆਂ ਪੁੱਤਰ ਦੀ ਮੌਤ ਵੇਲੇ ਵੀ ਨਹੀਂ ਸਨ ਭਿੱਜੀਆਂ।

###

# ਸ਼ੇਰ-ਏ-ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ (ਮਿਡਵੈਸਟ)

## ਸ਼ਿਕਾਗੋ ਕਬੱਡੀ ਕੱਪ-2018 ਅਤੇ ਵਾਲੀਬਾਲ ਮੁਕਾਬਲੇ

Busse Wood
Forest Preserve South,
Elk Grove Village, IL

**2 ਸਤੰਬਰ 2018**

ਪਰਿਵਾਰ ਸਮੇਤ ਆਓ ਅਤੇ ਖੇਡਾਂ, ਖਾਣੇ ਤੇ ਮਨੋਰੰਜਨ ਦਾ ਅਨੰਦ ਮਾਣੋ; ਦਾਖਲਾ ਤੇ ਪਾਰਕਿੰਗ ਲਈ ਕੋਈ ਚਾਰਜ ਨਹੀਂ

ਮੁੱਖ ਮਹਿਮਾਨ | ਚੇਅਰਮੈਨ | ਪ੍ਰਧਾਨ | ਮੀਤ ਪ੍ਰਧਾਨ | ਪਹਿਲੇ ਇਨਾਮ ਦੇ ਸਪਾਂਸਰ | ਦੂਜੇ ਇਨਾਮ ਦੇ ਸਪਾਂਸਰ



ਡਾ. ਭੁਪਿੰਦਰ ਸਿੰਘ ਸੈਣੀ | ਅਮਰਜੀਤ ਸਿੰਘ ਢੀਂਡਸਾ | ਦਰਸ਼ਨ ਸਿੰਘ ਪੰਮਾ | ਜਿੰਦਰ ਸਿੰਘ ਬੈਨੀਪਾਲ | ਅੰਮ੍ਰਿਤਪਾਲ ਸਿੰਘ ਗਿੱਲ | ਜਸਵਿੰਦਰ ਸਿੰਘ ਗਿੱਲ | ਨਾਜਰ ਸਿੰਘ ਗਿੱਲ



ਵਾਲੀਬਾਲ ਦਾ ਇਨਾਮ ਲੱਖੀ ਢੀਂਡਸਾ ਤੇ ਦੀਦਾਰ ਸਿੰਘ ਧਨੋਆ ਵਲੋਂ ਸਵਰਗੀ ਮਿਹਰ ਸਿੰਘ ਢੀਂਡਸਾ ਦੀ ਯਾਦ 'ਚ

### ਵਿਸ਼ੇਸ਼ ਮਹਿਮਾਨ



Mohinder Singh Gill
Triple Jumper Arjan Awardi and Olympian Athlete



ਗਾਇਕਾ ਸੋਨਾ ਵਾਲੀਆ ਗਾਇਕ ਜੀਤਾ ਗਿੱਲ



ਪਹਿਲੀ ਵਾਰੀ ਮਿਡਵੈਸਟ ਵਿਚ ਅਮਰੀਕਾ ਤੇ ਮੈਕਸੀਕੋ ਦੀਆਂ ਕੁੜੀਆਂ ਦੀ ਕਬੱਡੀ ਦਾ ਸਪੈਸ਼ਲ ਸ਼ੋਅ ਮੈਚ



ਕਬੱਡੀ ਕੁਮੈਂਟੇਟਰ ਮੱਖਣ ਅਲੀ

### ਕਬੱਡੀ ਟੀਮਾਂ ਦੇ ਸਪਾਂਸਰ



ਮਨਮੋਹਨ ਗਰੇਵਾਲ | ਬਰੈਟੀ ਗਿੱਲ | ਤਰਲੋਚਨ ਲੱਛਰ | ਪਾਲ ਸਿੰਘ ਖਲੀਲ

ਪੰਜਾਬ ਸਪੋਰਟਸ ਕਬੱਡੀ ਕਲੱਬ ਸਿਆਟਲ; ਸ਼ੇਰੇ ਪੰਜਾਬ ਸਪੋਰਟਸ ਕਲੱਬ ਲਾਸ ਬੈਨੋਸ, ਕੈਲੀਫੋਰਨੀਆ, ਸ਼ੇਰੇ ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਅਤੇ ਸੰਤ ਬਾਬਾ ਪ੍ਰੇਮ ਸਿੰਘ ਸਪੋਰਟਸ ਕਲੱਬ ਸਾਊਥਬੈਂਡ ਇੰਡੀਆਨਾ ਦੀਆਂ ਕਬੱਡੀ ਟੀਮਾਂ ਭਾਗ ਲੈਣਗੀਆਂ

ਮੇਲਾ ਮਿਡਵੈਸਟ ਦੀਆਂ ਸਮੂਹ ਸੰਸਥਾਵਾਂ ਅਤੇ ਸਮਰਥਕਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ

**ਸਭ ਨੂੰ ਖੁੱਲ੍ਹਾ ਸੱਦਾ**

### ------- ਗੈਸਟ ਆਫ ਆਨਰ -------



ਜਥੇਦਾਰ ਤਾਰਾ ਸਿੰਘ ਸੱਲ੍ਹਾਂ | ਗੁਰਚਰਨ ਸਿੰਘ ਝੱਜ | ਹਰਕਿਸ਼ਨ ਸਿੰਘ ਭੱਟੀ | ਸੁੱਖੀ ਘੁੰਮਣ ਕੈਲੀਫੋਰਨੀਆ | ਸੁਖਵੀਰ ਸਿੰਘ ਨਾਰੀਕੇ | ਜੇ ਪੀ ਐਸ ਖਹਿਰਾ | ਜਸਜੀਤ ਸਿੰਘ ਸਿੱਧੂ | ਹਰਪਾਲ ਸਿੰਘ ਟਾਂਡਾ | ਨਰਿੰਦਰ ਸਿੰਘ ਮੁੰਦਰ | ਜੈਦੇਵ ਸਿੰਘ ਭੱਠਲ | ਰਵੀ ਹੰਝਰਾ | ਸੁਖਦੇਵ ਸਮਰਾ | ਲਵ ਮਿਨਹਾਸ | ਹਰਦੀਪ ਸਿੰਘ ਭੱਟੀ

### ਸਾਬਕਾ ਚੇਅਰਮੈਨ




ਮੁਖਤਿਆਰ ਸਿੰਘ ਨੰਦੜਾ | ਗੁਰਬਚਨ ਸਿੰਘ ਪੱਪੂ | ਪਰਮਿੰਦਰ ਸਿੰਘ ਗਰੇਵਾਲ | ਰਵਿੰਦਰਪਾਲ ਸਿੰਘ ਨੰਦੜਾ | ਹਰਇੰਦਰਜੀਤ ਧਾਲੀਵਾਲ | ਬਲਦੇਵ ਸਿੰਘ ਸੱਲ੍ਹਾਂ | ਗੁਰਮੀਤ ਸਿੰਘ ਸੱਲ੍ਹਾਂ | ਸਰਬਜੀਤ ਸਿੰਘ ਸੱਲ੍ਹਾਂ | ਦੀਦਾਰ ਸਿੰਘ ਧਨੋਆ

### ਸਾਬਕਾ ਪ੍ਰਧਾਨ



ਪਰਮਿੰਦਰ ਸਿੰਘ ਵਾਲੀਆ | ਜਿੰਦੀ ਖੰਗੂੜਾ | ਅਮਰਦੇਵ ਸਿੰਘ ਬੰਦੇਸ਼ਾ | ਰਛਪਾਲ ਸਿੰਘ ਖੰਗੂੜਾ | ਅੰਮ੍ਰਿਤਪਾਲ ਸਿੰਘ ਗਿੱਲ | ਹਰਦੀਪ ਸਿੰਘ ਬੰਦੇਸ਼ਾ | ਜਸਵਿੰਦਰ ਸਿੰਘ ਗਿੱਲ | ਗੁਰਦੇਵ ਸਿੰਘ ਗਿੱਲ | ਬਲਵਿੰਦਰ ਸਿੰਘ ਚੱਠਾ

### ਪ੍ਰਬੰਧਕੀ ਕਮੇਟੀ



ਜਸਵਿੰਦਰ ਸਿੰਘ ਗਿੱਲ | ਨਾਜਰ ਸਿੰਘ ਗਿੱਲ | ਲਖਵਿੰਦਰ ਬਿਹਾਰੀਪੁਰ | ਬੱਬੀ ਬਾਠ | ਬਲਜੀਤ ਮੰਗੀ | ਕਾਬਲ ਸਿੰਘ ਭੁੱਲਰ | ਅਜੈਬ ਸਿੰਘ ਲੱਖਣ | ਸੰਤੋਖ ਸਿੰਘ ਡੀ ਸੀ | ਅਜਮੇਰ ਸਿੰਘ ਪੰਨੂ | ਸੁਰਿੰਦਰ ਭੱਟੀ | ਧਰਮਿੰਦਰ ਜਸਵਾਲ | ਹਰਬੰਤ ਗਰੇਵਾਲ | ਜੱਸੀ ਸਹੋਤਾ | ਡੀ. ਛੀਨਾ | ਵਿੱਕੀ ਸ਼ੰਮੀਪੁਰੀਆ ਸਪੋਰਟਸ ਇੰਚਾਰਜ | ਜੋਧ ਸਿੰਘ ਸਿੱਧੂ | ਗੁਰਮੀਤ ਧਲੀਵਾਲ ਖਜਾਨਚੀ | ਲਖਵਿੰਦਰ ਸਿੰਘ | ਸੁਖਰਾਜ ਸਿੰਘ ਤੱਖਰ | ਜਸਰੂਪ ਸਿੰਘ ਮੀਡੀਆ ਸਲਾਹਕਾਰ | ਪਰਵਿੰਦਰ ਸਿੰਘ ਔਜਲਾ

sling™
TELEVISION
POWERED BY dish

ENJOY THE BEST IN PUNJABI TV




7-DAY FREE TRIAL | PUNJABI PACK | STARTING AT $15 A MONTH

etc ਪੰਜਾਬੀ · PTC PUNJABI · jus punjabi · NEWS18 + more

Sling.com/Punjabi | 1-855-321-3949

Promotional Offers: Available to new customers upon account activation. Must provide email address and credit card. Billing and Cancellation: After 7 days your credit card will be charged monthly for applicable subscription until you cancel your service. Cancel on sling.com or by calling 1(877) 811-4788. Programming fees are charged monthly in advance and no credits or refunds will be issued for partial months after cancellation. Equipment Requirements: Requires Internet-connected compatible device. Compatible devices include: PC or Mac, Roku, iOS 7.0 and higher, Android 4.0.3, Amazon Fire TV, Amazon Fire Stick, Google Nexus and Xbox One. Miscellaneous: Access on one device is included in the monthly programming package price except HBO (3 devices at a time). A $5/mo. fee will apply for additional International streams. Limit three International streams per account. Certain programs may be unavailable due to programmer restrictions or blackouts. Only available within the United States. State and local taxes apply. All prices, packages, programming and offers subject to change without notice. Other restrictions may apply. See sling.com website for details. Offer ends 12/31/18. ©2018 Sling TV L.L.C. All rights reserved.